ੴ ਸਤਿਗੁਰ ਪ੍ਰਸਾਦਿ ॥

ਕਰਮ ਸਿੰਘ ਹਿਸਟੋਰੀਅਨ

ਦੀ

# ਇਤਿਹਾਸਕ ਖੋਜ

( ਸਿੱਖ ਰਾਜ ਪੂਰਬਲਾ ਸਮਾਂ )

## ਭਾਗ ਦੂਜਾ

ਸੰਪਾਦਕ
ਹੀਰਾ ਸਿੰਘ 'ਦਰਦ'

ਪ੍ਰਕਾਸ਼ਕ
ਸਿੱਖ ਇਤਿਹਾਸ ਰੀਸਰਚ ਬੋਰਡ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ।

ਭੇਟਾ 25/- ਰੁਪਏ


www.sikhbookclub.com

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰ. ਕਰਮ ਸਿੰਘ ਹਿਸਟੋਰੀਅਨ

ਦੀ

# ਇਤਿਹਾਸਕ ਖੋਜ

(ਸਿੱਖ ਰਾਜ ਦਾ ਪੂਰਬਲਾ ਸਮਾਂ)

## ਭਾਗ ੨

SIKHBOOKCLUB.COM

ਸੰਪਾਦਕ

ਹੀਰਾ ਸਿੰਘ 'ਦਰਦ'

ਸਿੱਖ ਇਤਿਹਾਸ ਰੀਸਰਚ ਬੋਰਡ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ:-
ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।

ਅਕਤੂਬਰ ੨੦੦੫ ੫੦੦੦

SIKHBOOKCLUB.COM

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

 www.sikhbookclub.com

# ਤ ਤ ਕ ਰਾ


(ੳ) ਚੌਥੇ ਸੰਸਕਰਣ ਦੀ ਆਰੰਭਿਕਾ ੬
੧. ਲੇਖਾਂ ਦੀ ਵੰਡ ੯
੨. ਲਾਹੌਰ ਦਰਬਾਰ ਦਾ ਗੁਪਤ ਇਤਿਹਾਸ ੧੨
੩. ਬਿਰਧਾਂ ਦੇ ਬਿਆਨਾਂ ਦੀ ਮਹਾਨਤਾ ੨੧
੪. ਕਿਨ੍ਹਾਂ ਬਿਰਧ ਪੁਰਸ਼ਾਂ ਤੋਂ ਬਿਆਨ ਲਏ ਗਏ ੨੨
੫. ਮੇਰਾ ਪਹਿਲਾ ਯਤਨ ੨੪
੬. ਬਾਬਾ ਨਰੈਣ ਸਿੰਘ ਦਾ ਬਿਆਨ ੨੮
ੳ) ਜਵਾਹਰ ਸਿੰਘ ਦੀ ਵਜ਼ੀਰੀ ੨੮
ਅ) ਜਵਾਹਰ ਸਿੰਘ ਦਾ ਕਤਲ ੨੯
ੲ) ਅੰਗਰੇਜ਼ਾਂ ਦੀ ਲੜਾਈ ੩੧
ਸ) ਮੁਲਤਾਨ ਦੀ ਲੜਾਈ ੩੪
੭. ਬਾਬਾ ਮਸਤਾਨ ਸਿੰਘ ਜੈਲਦਾਰ ਜੀ ਮੁਦਕੀ ਦਾ ਬਿਆਨ ੩੫
ੳ) ਮੁਦਕੀ ਦੀ ਲੜਾਈ ੩੫
ਅ) ਚੇਲੀਆਂ ਵਾਲੀ ਦੀ ਲੜਾਈ ੩੯
੮. ਬਾਬਾ ਸ਼ਾਮ ਸਿੰਘ ਆਸਲਾ ਦਾ ਬਿਆਨ ੪੧
ੳ) ਸਿੱਖ ਦਰਬਾਰ ਵਿਚ ਫੁੱਟ ੪੧
ਅ) ਸ਼ੇਰ ਸਿੰਘ ਸੰਧਾਵਾਲੀਆਂ ਦੇ ਹੱਥੋਂ ਕਤਲ ੪੧
ੲ) ਹੀਰਾ ਸਿੰਘ ਦਾ ਕਤਲ ੪੩
ਸ) ਅੰਗਰੇਜ਼ਾਂ ਨਾਲ ਲੜਾਈ ੪੪
ਹ) ਮੂਲ ਰਾਜ ਨਾਲ ਲੜਾਈ ੪੫
੯. ਬਾਬਾ ਖੜਕ ਸਿੰਘ ਦਾ ਬਿਆਨ ੪੯
ੳ) ਸ਼ੇਰ ਸਿੰਘ ਦਾ ਲਾਹੌਰ ਉੱਤੇ ਕਬਜ਼ਾ ੪੯
ਅ) ਸ਼ੇਰ ਸਿੰਘ ਦਾ ਮਾਰਿਆ ਜਾਣਾ ੪੯
ੲ) ਅੰਗਰੇਜ਼ਾਂ ਨਾਲ ਲੜਾਈ ੫੦
ਸ) ਅੰਗਰੇਜ਼ਾਂ ਨਾਲ ਅਹਿਦਨਾਮਾ ੫੦
ਹ) ਅੰਗਰੇਜ਼ਾਂ ਦਾ ਲਾਹੌਰ ਦਾਖਲ ਹੋਣਾ ੫੧
ਕ) ਜਿੰਦ ਕੌਰ ਦਾ ਰਾਜ ੫੧
ਖ) ਮੁਲਤਾਨ ਦੀ ਲੜਾਈ ੫੨


SIKHBOOKCLUB.COM

ਗ) ਚੇਲੀਆਂ ਵਾਲੀ ਦੀ ਲੜਾਈ ੫੨
ਘ) ਗੁਜਰਾਤ ਦੀ ਲੜਾਈ ੫੪
ਙ) ਰਾਵਲ ਪਿੰਡੀ ਹਥਿਆਰ ਦੇਣੇ ੫੫
੧੦. ਨਿਹੰਗ ਹਰਦਿੱਤ ਸਿੰਘ ਕੈਰੋਂ ਦੀ ਜੁਬਾਨੀ ੫੭
ੳ) ਅਟਕ ਪਾਰ ਕਰਨੀ ੫੭
ਅ) ਮਹਾਰਾਜਾ ਸ਼ੇਰ ਸਿੰਘ ਦਾ ਸਮਾਂ ੫੭
ੲ) ਇਕ ਪਹਾੜੀ ਲੜਾਈ ਦਾ ਹਾਲ ੫੯
ਸ) ਅੰਗਰੇਜ਼ਾਂ ਨਾਲ ਦੂਜੀ ਲੜਾਈ ੬੨
੧੧. ਬਾਬਾ ਹਸਨ ਕੁਲੀ ਬੇਗ ਮੁਗਲ ਦਾ ਬਿਆਨ ੬੬
ੳ) ਸ਼ੇਰ ਸਿੰਘ ਦਾ ਕਤਲ ੬੬
ਅ) ਅੰਗਰੇਜ਼ਾਂ ਨਾਲ ਲੜਾਈ ੬੭
੧੨. ਬਾਬਾ ਗੰਗਾ ਰਾਮ ਦਾ ਬਿਆਨ ੭੦
ੳ) ਮੁਲਤਾਨ ਵਿਚ ਅੰਗਰੇਜ਼ਾਂ ਦਾ ਕਤਲ ੭੩
੧੩. ਮਾਈ ਸਤਨਾਮੋ ਦਾ ਬਿਆਨ ੭੪
੧੪. ਰੁਲਦੂ ਰਾਮ ਝਬਾਲੀਏ ਦਾ ਬਿਆਨ ੭੮
੧੫. ਇਕ ਮੁਸਲਮਾਨ ਪਿੰਡ ਅਕਾਲ ਗੜ੍ਹ ਦਾ ਬਿਆਨ ੭੬
੧੬. ਰਾਮ ਸਿੰਘ ਚੋਪੜਾ ਦਾ ਬਿਆਨ ੭੯
ਬਿਰਧਾਂ ਦੇ ਬਿਆਨ ਨੰਬਰ ੫
੧੭. ਬਾਬਾ ਦੇਵਾ ਸਿੰਘ ਦਾ ਬਿਆਨ ੮੨
ੳ) ਅੰਗਰੇਜ਼ਾਂ ਨਾਲ ਲੜਾਈ ੮੪
ਅ) ਹਜਾਰੇ ਵਿਚ ਲੜਾਈ ੮੮
੧੮. ਬਿਆਨ ਬਾਬਾ ਜਵਾਲਾ ਸਿੰਘ ੯੦
੧੯. ਗੁਜਰਾਤ ਦੀ ਲੜਾਈ ੯੩
੨੦. ਬਿਆਨ ਬਾਬਾ ਅਮੀਰ ਸਿੰਘ ਜੀ (ਪਿੰਡ ਘੁੰਮਣ) ੯੫
ਜਵਾਹਰ ਸਿੰਘ ਵਜੀਰ ਦਾ ਕਤਲ ੯੬
੨੧. ਬਿਆਨ ਬਾਬਾ ਜਵਾਹਰ ਸਿੰਘ (ਪਿੰਡ ਕੁਮਾਹਾਂ) ੯੮
੨੨. ਬੂਟਾ ਸਿੰਘ ਦਾ ਬਿਆਨ ੧੦੧
ਕਈ ਆਦਮੀ ਲੋਹਾਮਾਂ ਦੇ ੧੦੧
੨੩. ਬਿਆਨ ਅਤਰ ਸਿੰਘ ਫੇਰੂ ਸ਼ਹਿਰ ਦਾ ੧੦੩
੨੪. ਮੋਹਰ ਸਿੰਘ ਦਾ ਬਿਆਨ ੧੦੫
੨੫. ਜਗਤ ਸਿੰਘ ਗੁੰਬੀ ਦੇ ਬਿਆਨ ੧੦੯

## ਲਾਹੌਰ ਦਰਬਾਰ ਦੇ ਰੋਜ਼ਨਾਮਚੇ ਦੇ ਚਿੱਠੀਆਂ ਤੇ ਖਬਰਾਂ


੨੬. ਖਬਰਾਂ ਮੰਗਵਾਉਣ ਦਾ ਪ੍ਰਬੰਧ ੧੧੯
੨੭. ਮੈਂ ਇਹ ਮਸਾਲਾ ਇਕੱਠਾ ਕਿਵੇਂ ਕੀਤਾ ? ੧੨੧
੨੮. ਅਖਬਾਰ ਲੁਧਿਆਣਾ ੧੨੫
**(ਸਿੱਖ ਦਰਬਾਰ ਦੇ ਰੋਜ਼ਨਾਮਚੇ ਤੇ ਚਿੱਠੀਆ ਪੱਤਰ)**
੨੯. ਮਹਾਰਾਜਾ ਸ਼ੇਰ ਸਿੰਘ ਜੀ ਦੇ ਪਹਿਲੇ ਦਿਨਾਂ ਦਾ ਹਾਲ ੧੨੭
੩੦. ਧੰਨਾ ਸਿੰਘ ਮੌੜ ਦੀ ਚਿੱਠੀ ੧੩੧
੩੧. ਲਾਹੌਰ ਦਰਬਾਰ ਦੀਆਂ ਖਬਰਾਂ ੧੩੨
੩੨. ਰਾਣੀ ਗਿਲਵਾਲਣ ੧੩੫
੩੩. ਲਾਹੌਰ ਦੇ ਹਾਲ ੧੩੬
੩੪. ਜਰਨੈਲ ਮੀਹਾਂ ਸਿੰਘ ਦਾ ਮਾਰਿਆ ਜਾਣਾ। ੧੩੮
੩੫. ਰੋਜ਼ਨਾਮਚਾ ਲਾਹੌਰ ੧੩੯
੩੬. ਲਾਹੌਰ ਦੀਆਂ ਖਬਰਾਂ ੧੪੧
੩੭. ਲਾਹੌਰ ਦੀਆਂ ਖਬਰਾਂ ੧੪੩
੩੮. ਲਾਹੌਰ ਦਰਬਾਰ ਦੇ ਰੋਜ਼ਨਾਮਚੇ ੧੪੭
(ਯੂਸਫਜ਼ਈਆ ਦਾ ਸਿਰ ਚੁੱਕਣਾ)


SIKHBOOKCLUB.COM


੩੯. ਲਦਾਖ ਦੀ ਮੁਹਿੰਮ ੧੫੦
੪੦. ਰਾਣੀ ਚੰਦ ਕੌਰ ਦਾ ਚਲਾਣਾ ੧੫੬
੪੧. ਅਜੋੜ ਦਾ ਮੁੱਢ ੧੫੮
੪੨. ਸੰਧਾਵਾਲੀਏ ੧੬੦
੪੩. ਸਿੱਖ ਰਾਜ ਦੇ ਰੋਜ਼ਨਾਮਚੇ ੧੬੮
(ਰਾਜਾ ਹੀਰਾ ਸਿੰਘ ਦੇ ਅੰਤਲੇ ਦਿਨ)
੪੪. ਰੋਜ਼ਨਾਮਚੇ ਡਿਊਢੀ ਮਹਾਰਾਜਾ ਦਲੀਪ ਸਿੰਘ ਸਾਹਿਬ ੧੮੩
੪੫. ਰਾਮ ਨਗਰ ਦੀ ਲੜਾਈ ਤੇ ਇਲਾਕੇ ਦੇ ਹੋਰ ਹਾਲ(੨) ੧੮੯
੪੫. ਰਾਮ ਨਗਰ ਦੀ ਲੜਾਈ ਦਾ ਸਵਿਸਥਾਰ ਹਾਲ(੨) ੧੯੮
੪੬. ਲਾਹੌਰ ਤੇ ਮੁਲਤਾਨ ਦਾ ਹਾਲ ੧ ੨੦੨
(ਚਤਰ ਸਿੰਘ ਦੀ ਅੰਗਰੇਜ਼ਾਂ ਨਾਲ ਲੜਾਈ) (੨)
੪੬. ਮੁਲਤਾਨ ਦੀ ਇਕ ਲੜਾਈ ਦਾ ਹਾਲ (੨) ੨੦੬
(ਇਕ ਚਿੱਠੀ ਕਿਸੇ ਫੀਰੋਜਪੁਰੋਂ ਲਿਖੀ)

# ਚੌਥੇ ਸੰਸਕਰਣ ਦੀ ਆਰੰਭਿਕਾ

ਸ੍ਰ: ਕਰਮ ਸਿੰਘ ਹਿਸਟੋਰੀਅਨ ਦੀ ਰਚਨਾ 'ਇਤਿਹਾਸਕ ਖੋਜ' ਚਿਰੋਕਣੀ 'ਕਲਾਸਿਕ ਦਾ ਦਰਜਾ ਲੈ ਚੁੱਕੀ ਹੈ। ਇਸ ਦੇ ਤਿੰਨ ਸੰਸਕਰਣ ਪਾਠਕਾਂ ਅਤੇ ਵਿਦਵਾਨਾਂ ਵੱਲੋਂ ਖੂਬ ਸਲਾਹੇ ਗਏ ਹਨ। ਹੁਣ ਜਦ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ ਇਤਿਹਾਸ ਪੜ੍ਹਨ-ਪੜ੍ਹਾਉਣ ਦਾ ਮਾਧਿਅਮ ਪੰਜਾਬੀ ਭਾਸ਼ਾ ਪਰਵਾਣਿਤ ਹੋ ਚੁੱਕਾ ਹੈ। ਅਗਲਾ ਸੰਸਕਰਣ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਸ ਮੁੱਦੇ ਨੂੰ ਧਿਆਨ ਵਿਚ ਰੱਖ ਕੇ ਸਾਰੀ ਪੋਥੀ ਨੂੰ ਤਿੰਨ ਨਿੱਖੜਵੇਂ ਹਿੱਸਿਆਂ ਵਿਚ ਤਰਤੀਬ ਦਿੱਤਾ ਗਿਆ ਹੈ। ਅਜਿਹਾ ਕਰਦੇ ਸਮੇਂ ਮੂਲ-ਪਾਠ ਨੂੰ ਬਰਕਰਾਰ ਰੱਖਦੇ ਹੋਏ, ਸਾਰੀ ਸਮੱਗਰੀ ਨੂੰ ਇਸ ਤਰ੍ਹਾਂ ਤਰਤੀਬ ਦਿੱਤਾ ਗਿਆ ਹੈ ਕਿ ਪਹਿਲੇ ਭਾਗ ਵਿਚ 'ਸਿੱਖ ਰਾਜ ਪੂਰਬਲੀਆਂ ਘਟਨਾਵਾਂ ਆ ਜਾਣ, ਦੂਜੇ ਭਾਗ ਵਿਚ 'ਸਿੱਖ ਰਾਜ ਸਮੇਂ ਦੀਆਂ, ਘਟਨਾਵਾਂ ਬਾਰੇ ਵਾਕਫੀ ਅਤੇ ਤੀਜੇ ਭਾਗ ਵਿਚ ਸ੍ਰ: ਕਰਮ ਸਿੰਘ ਦੇ ਫੁਟਕਲ ਲੇਖ ਸਮੋ ਲਏ ਗਏ ਹਨ। ਅਜਿਹਾ ਕਰਦਿਆਂ ਕੁਝ ਥਾਵਾਂ 'ਤੇ ਲਿਖਤ ਨੂੰ ਕਾਲ ਕ੍ਰਮ ਦੇ ਅਨੁਕੂਲ ਅਗੇਤ-ਪਿਛੇਤ ਦੇਣੀ ਪਈ ਹੈ। ਦੋ ਨਵੇਂ ਲੇਖ ਵੀ ਜੋ ਸਰਦਾਰ ਜੀ ਦੇ ਲਿਖੇ ਹੱਥ ਆਏ, ਪ੍ਰਸੰਗ ਅਨੁਕੂਲ ਜੋੜ ਲਏ ਗਏ ਹਨ।

ਆਸ ਹੈ, ਇਸ ਨਵੇਂ ਸਰੂਪ ਵਿਚ ਇਹ ਰਚਨਾ ਪਾਠਕਾਂ ਅਤੇ ਖੋਜੀਆਂ ਨੂੰ ਪਸੰਦ ਆਏਗੀ।

**ਦੇਵਿੰਦਰ ਸਿੰਘ ਵਿਦਿਆਰਥੀ**

ਇੰਚਾਰਜ,

ਸਿੱਖ ਇਤਿਹਾਸ ਰੀਸਰਚ ਬੋਰਡ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

 www.sikhbookclub.com

# ਚੌਥੇ ਸੰਸਕਰਣ ਦੀ ਭੂਮਿਕਾ

ਸ੍ਰ: ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਇਤਿਹਾਸਕ ਖੋਜਾਂ ਤਿੰਨ ਜਨਮ ਹੰਢਾ ਚੁੱਕੀ ਹੈ। ਇਸ ਦੌਰਾਨ ਇਸ ਨੂੰ ਲੋਕ ਪ੍ਰਵਾਨਗੀ ਵੱਲੋਂ 'ਕਲਾਸਿਕ' ਦਾ ਦਰਜਾ ਪ੍ਰਾਪਤ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਹੁਣ ਇਤਿਹਾਸ ਦਾ ਵਿਸ਼ਾ ਪੰਜਾਬੀ ਵਿਚ ਪੜ੍ਹਾਇਆ ਜਾਣ ਲੱਗਾ ਹੈ। ਇਸ ਲਈ ਅੱਜ ਦੇ ਸੁਘੜ ਵਿਦਿਆਰਥੀਆਂ ਅਤੇ ਖੋਜੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਚੌਥੇ ਸੰਸਕਰਣ ਦੀ ਲੋੜ ਕਾਫੀ ਦਿਨਾਂ ਤੋਂ ਪ੍ਰਤੀਤ ਹੋ ਰਹੀ ਸੀ। ਸਿੱਖ ਇਤਿਹਾਸ ਰੀਸਰਚ ਬੋਰਡ ਦੀ ਸਿਫਾਰਸ਼ ਅਤੇ ਸਰਦਾਰ ਮਨਜੀਤ ਸਿੰਘ ਜੀ ਕਲਕੱਤਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ) ਦੀ ਲਗਨ ਅਤੇ ਸਰਪ੍ਰਸਤੀ ਸਦਕਾ ਇਹ ਚੌਥਾ ਸੰਸਕਰਣ ਵਿਦਵਾਨਾਂ, ਪਾਠਕਾਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਤਿੰਨ ਵੱਖ-ਵੱਖ ਭਾਗਾਂ ਵਿਚ ਤਰਤੀਬ ਦੇ ਕੇ ਛਾਪਿਆ ਜਾ ਰਿਹਾ ਹੈ। ਨਵੀਂ ਤਰਤੀਬ ਅਨੁਸਾਰ ਤਿੰਨਾਂ ਭਾਗਾਂ ਵਿਚ ਮੂਲ ਸਮਗਰੀ ਨੂੰ ਵੰਡਦੇ ਸਮੇਂ ਅਸਲ ਟੈਕਸਟ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਪਹਿਲੇ ਭਾਗ ਵਿਚ ਸਿੱਖ ਰਾਜ ਪੂਰਬਲੇ ਕਾਲ ਨਾਲ ਸੰਬੰਧਿਤ ਲੇਖ ਹਨ। ਦੂਜੇ ਭਾਗ ਵਿਚ ਸਿੱਖ ਰਾਜ-ਕਾਲ ਨਾਲ ਸੰਬੰਧਿਤ ਸਮਗਰੀ ਇਕ ਥਾਂ ਕਰ ਦਿੱਤੀ ਹੈ, ਜਦ ਕਿ ਸਾਰੇ ਫੁਟਕਲ ਲੇਖ ਤੀਜੇ ਭਾਗ ਵਿਚ ਸਮੋ ਲਏ ਗਏ ਹਨ।

ਪੁਰਾਣੇ ਸੰਸਕਰਣਾਂ ਸਮੇਂ ਪਾਠ ਵਿਚ ਆ ਗਈਆਂ ਭੁਲਾਂ ਨੂੰ ਵੀ ਸੋਧਣ ਦਾ ਜਤਨ ਕੀਤਾ ਗਿਆ ਹੈ।

ਪੁਰਾਣੇ ਸੰਸਕਰਣਾਂ ਦਾ ਤਤਕਰਾ ਵੀ 'ਅੰਤਿਕਾ' ਦੇ ਰੂਪ ਵਿਚ ਲਾ ਦਿੱਤਾ ਗਿਆ ਹੈ।

ਆਸ ਹੈ ਨਵੇਂ ਸੰਸਕਰਣ ਵਿਚ ਇਹ ਪੁਸਤਕ ਹੋਰ ਵੀ ਲਾਭਦਾਇਕ ਹੋਵੇਗੀ।

**ਦੇਵਿੰਦਰ ਸਿੰਘ 'ਵਿਦਿਆਰਥੀ'**

ਐਮ. ਏ. ਪੀ. ਐਚ. ਡੀ. (ਹਿੰਦੀ)

ਇੰਚਾਰਜ, ਸਿੱਖ ਇਤਿਹਾਸ ਰੀਸਰਚ ਬੋਰਡ,

ਸ੍ਰੀ ਅੰਮ੍ਰਿਤਸਰ।

## ੧

# ਲੇਖਾਂ ਦੀ ਵੰਡ

ਖਿਆਲ ਤਾਂ ਇਹ ਸੀ ਕਿ ਇਸ ਇਤਿਹਾਸਕ ਭਾਗ ਵਿਚ ਸਾਰੇ ਸਿੱਖ ਇਤਿਹਾਸ ਦੀਆਂ ਚੁਣਵੀਆਂ ਚੁਣਵੀਆਂ ਵੰਨਗੀਆਂ ਦਿੱਤੀਆਂ ਜਾਣਗੀਆਂ ਅਤੇ ਇਸੇ ਭਾਵ ਦੇ ਐਲਾਨ ਪਹਿਲਾਂ ਕੱਢੇ ਜਾ ਚੁੱਕੇ ਸਨ। ਪ੍ਰਬੰਧਕਾਂ ਦੀ ਇਹ ਇੱਛਾ ਵੀ ਸੀ ਕਿ ਇਸ ਭਾਗ ਵਿਚ ਐਸੇ ਲੇਖ ਦਿੱਤੇ ਜਾਣ; ਜੋ ਇਸ ਤੋਂ ਪਹਿਲਾਂ ਕਿਸੇ ਕਿਤਾਬ ਵਿਚ ਨਹੀਂ ਆਏ, ਤਾਂ ਜੁ ਇਹ ਹਿਸਾ ਇਤਿਹਾਸ-ਖੋਜੀਆਂ ਲਈ ਵਧੇਰੇ ਲਾਭਦਾਇਕ ਹੋ ਸਕੇ। ਮੈਂ ਇਸ ਤੋਂ ਵੀ ਇਕ ਕਦਮ ਅੱਗੇ ਵਧਿਆ ਅਤੇ ਸੋਚਿਆ ਕਿ ਜੋ ਕੁਝ ਦਿੱਤਾ ਜਾਵੇ ਉਹ ਇਤਿਹਾਸਕ ਮਸਾਲਾ ਹੋਵੇ, ਉਸ ਵਿਚ ਆਪਣੀ ਵਲੋਂ ਕੁਝ ਨਾ ਲਿਖਿਆ ਯਾ ਦੱਸਿਆ ਹੋਵੇ, ਉਹੋ ਕੁਝ ਛਪਵਾ ਦਿੱਤਾ ਜਾਵੇ, ਤਾਂ ਜੁ ਇਤਿਹਾਸ-ਖੋਜੀਆਂ ਨੂੰ ਉਹ ਹਾਲ ਆਪਣੇ ਅਸਲੇ ਰੰਗ ਵਿਚ ਮਾਲੂਮ ਹੋਣ, ਲੇਖਕ ਵਲੋਂ ਉਹਨਾਂ ਹਾਲਾਂ ਦੀ ਪੋਚਾ-ਪੋਚੀ ਨਾ ਕੀਤੀ ਹੋਵੇ।

SIKHBOOKCLUB.COM

ਇਸ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਮੈਂ ਇਤਿਹਾਸਕ ਮਸਾਲੇ ਦੀ ਚੋਣ ਕੀਤੀ। ਸ੍ਰੀ ਗੁਰੂ ਸਾਹਿਬਾਂ ਦੇ ਸਮੇਂ ਦੀਆਂ ਮੈਂ ਕਈ ਸਾਖੀਆਂ ਇਕੱਠੀਆਂ ਕੀਤੀਆਂ ਹੋਈਆਂ ਸਨ, ਜੋ ਅੱਗੇ ਕਿਸੇ ਇਤਿਹਾਸ ਵਿਚ ਨਹੀਂ ਆਈਆਂ ਸਨ। ਸਤਿਗੁਰਾਂ ਜੀ ਦੇ ਸਮੇਂ ਦੇ ਕੁਝ ਕੁ ਪ੍ਰਸਿੱਧ ਸਿੱਖਾਂ ਦੇ ਹਾਲ ਵੀ ਮੈਂ ਇਕੱਠੇ ਕੀਤੇ ਹੋਏ ਸਨ, ਕੁਝ ਕੁ ਪੁਰਾਣੀਆਂ ਲਿਖਤਾਂ ਤੇ ਹੁਕਮਨਾਮਿਆਂ ਦੇ ਉਤਾਰੇ ਵੀ ਮੇਰੇ ਪਾਸ ਸਨ। ਇਸ ਸਭ ਕੁਝ ਨਵਾਂ ਮਸਾਲਾ ਸੀ ਜੋ ਅੱਜ ਤੀਕ ਸਾਡੇ ਇਤਿਹਾਸਾਂ ਵਿਚ ਨਹੀਂ ਆਇਆ ਸੀ।

ਬੰਦਾ ਬਹਾਦਰ ਦੇ ਸਮੇਂ ਸੰਬੰਧੀ ਮੇਰੀ ਇਹ ਸਲਾਹ ਸੀ ਕਿ ਬੰਦਾ ਬਹਾਦਰ ਦੇ ਸਮਕਾਲੀ ਇਤਿਹਾਸਕਾਰਾਂ ਨੇ ਜੋ ਕੁਝ ਬੰਦਾ ਬਹਾਦਰ ਸੰਬੰਧੀ ਆਪਣੇ ਇਤਿਹਾਸਾਂ ਵਿਚ ਲਿਖਿਆ ਹੈ, ਉਸ ਦਾ ਉਲਥਾ ਕਰ ਕੇ ਦਰਜ ਕਰ ਦਿੱਤਾ ਜਾਵੇ। ਇਹ ਸਾਰੇ ਹਾਲ ਬੜੇ ਹੀ ਸਵਾਦਲੇ ਸਨ ਅਤੇ ਸਾਡੇ ਇਤਿਹਾਸਾਂ ਵਿਚ ਇਹਨਾਂ ਦਾ ਪ੍ਰਸੰਗ ਵੀ ਨਹੀਂ ਸੀ।

ਮਿਸਲਾਂ ਦੇ ਸਮੇਂ ਬਾਬਤ ਮੇਰੀ ਸਲਾਹ ਇਹ ਸੀ ਕਿ ਇਸ ਬਾਬਤ ਵੀ ਕੇਵਲ ਉਹੋ ਹਾਲ ਦਿੱਤੇ ਜਾਣ, ਜੋ ਸਮਕਾਲੀ ਮੁਸਲਮਾਨੀ ਇਤਿਹਾਸਕਾਰਾਂ ਨੇ ਲਿਖੇ ਹਨ ਅਤੇ ਸੰਮਤ ਵਾਰ ਸੌ ਸਾਲ ਦੇ ਹਾਲਾਂ ਦੀਆਂ ਸੁਰਖੀਆਂ ਦੇ ਦਿੱਤੀਆਂ ਜਾਣ, ਜਿਸ

 www.sikhbookclub.com

ਤੋਂ ਇਤਿਹਾਸ ਖੋਜੀਆਂ ਨੂੰ ਇਸ ਸਮੇਂ ਦੇ ਹਾਲਾਂ ਨੂੰ ਤਰਤੀਬ ਦੇਣਾ ਸੌਖਾ ਹੋ ਜਾਵੇ।

ਮਹਾਰਾਜਾ ਰਣਜੀਤ ਸਿੰਘ ਜੀ ਬਾਬਤ ਤੇ ਆਪ ਤੋਂ ਪਿੱਛੋਂ ਦੇ ਲਾਹੌਰ ਦਰਬਾਰ ਬਾਬਤ ਮੇਰੇ ਪਾਸ ਬਹੁਤ ਸਾਰਾ ਮਸਾਲਾ ਪਿਆ ਸੀ। ਸਲਾਹ ਸੀ ਕਿ ਇਸ ਦਾ ਅੱਧ-ਪਚੱਧ ਜਾਂ ਤਿਹਾਈ ਚੁਥਾਈ ਇਨ-ਬਿਨ ਛਪਵਾ ਦਿੱਤਾ ਜਾਵੇ, ਤਾਂ ਜੁ ਇਸ ਸਮੇਂ ਦੇ ਹਾਲ ਲਿਖਣ ਵਾਲਿਆਂ ਨੂੰ ਕੁਝ ਸਹਾਇਤਾ ਹੋ ਸਕੇ।

ਇਹ ਮੇਰੇ ਖਿਆਲ ਹੀ ਖਿਆਲ ਸਨ, ਜਿਨ੍ਹਾਂ ਬਾਬਤ ਗਹੁ ਕਰਕੇ ਮੈਂ ਅਜੇ ਸੋਚਿਆ ਕੁਝ ਨਹੀਂ ਸੀ। ਪ੍ਰਬੰਧਕਾਂ ਵਲੋਂ ਤਕੀਦੀ ਚਿੱਠੀਆਂ ਆਉਂਦੀਆਂ ਸਨ ਕਿ ਮੈਂ ਛੇਤੀ ਸ੍ਰੀ ਅੰਮ੍ਰਿਤਸਰ ਜੀ ਪੁੱਜਾਂ। ਪਰ ਏਧਰ ਮੇਰੀ ਕਣਕ ਦੀ ਬਿਜਾਈ ਦੇ ਦਿਨ ਸਨ, ਮੈਂ ਬਿਜਾਈ ਛੱਡ ਕੇ ਆਪਣਾ ਵਰ੍ਹਾ ਕੀਕੂੰ ਮਾਰ ਸਕਦਾ ਸਾਂ ? ਮੈਂ ਅੰਤ ਨੂੰ ਉਹਨਾਂ ਨੂੰ ਲਿਖਿਆ ਕਿ ਤੁਸੀਂ ਲੇਖਾਂ ਦਾ ਕੋਈ ਫਿਕਰ ਨਾ ਕਰੋ, ਬਿਜਾਈ ਤੋਂ ਵਿਹਲਾ ਹੁੰਦਾ ਹੀ ਮੈਂ ਸ੍ਰੀ ਅੰਮ੍ਰਿਤਸਰ ਜੀ ਪੁੱਜ ਪਵਾਂਗਾ। ਨਾਲ ਹੀ ਪੁੱਛਿਆ ਕਿ ਮੈਨੂੰ ਕਿਤਨੇ ਕੁ ਸਫਿਆਂ ਦੇ ਲੇਖਾਂ ਦਾ ਮਸਾਲਾ ਲਈ ਆਉਣਾ ਚਾਹੀਦਾ ਹੈ। ਹੁਣ ਮੈਂ ਰਤਾ ਕੁ ਗਹੁ ਕੀਤਾ ਕਿ ਮੈਂ ਲੇਖਾਂ ਦੀ ਜੋ ਵੰਡ ਧਾਰੀ ਬੈਠਾ ਹਾਂ, ਉਸ ਅਨੁਸਾਰ ਤਾਂ ਇਹੋ ਜਿਹੇ ਪੰਜ ਛੇ ਖੰਡ ਚਾਹੀਦੇ ਹਨ। ਇਕ ਖੰਡ ਵਿਚ ਤਾਂ ਵੰਨਗੀਆਂ ਵੀ ਨਹੀਂ ਦਿੱਤੀਆਂ ਜਾ ਸਕਦੀਆਂ। ਸੋ ਇਸ ਕਰਕੇ ਮੈਂ ਹੋਰ ਸਾਰੀਆਂ ਵੰਡਾਂ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਨੂੰ ਵੀ ਛੱਡ ਦਿੱਤਾ ਅਤੇ ਆਪ ਤੋਂ ਪਿੱਛੋਂ ਦੇ ਸਮੇਂ ਵਿਚੋਂ ਵੀ ਮੈਂ ਕੇਵਲ ਮਹਾਰਾਜਾ ਸ਼ੇਰ ਸਿੰਘ ਜੀ ਦਾ ਸਮਾਂ ਹੀ ਲਿਆ, ਜਿਸ ਬਾਬਤ ਕੁਝ ਵੰਨਗੀਆਂ ਦਿੱਤੀਆਂ ਹਨ। ਏਸੇ ਤਰ੍ਹਾਂ ਮੂਲ ਰਾਜ ਦੀਆਂ ਲੜਾਈਆਂ ਨੂੰ ਛੱਡ ਕੇ ਮੈਂ ਕੇਵਲ ਉਸ ਸਮੇਂ ਦੀ ਦੇਸ਼ ਦੀ ਮਹੀਨੇ ਡੇਢ ਮਹੀਨੇ ਦੀ ਅਵਸਥਾ ਦਾ ਹੀ ਵਰਣਨ ਕੀਤਾ ਹੈ। ਰਾਜਾ ਸ਼ੇਰ ਸਿੰਘ ਜੀ ਦੀਆਂ ਲੜਾਈਆਂ ਦਾ ਹਾਲ ਵੀ ਮੈਂ ਨਹੀਂ ਦੇ ਸਕਿਆ। ਮੇਰਾ ਭਾਵ ਇਹ ਸੀ ਕਿ ਘੱਟੋ ਘੱਟ ਇਤਨਾ ਕੁਝ ਜ਼ਰੂਰ ਦਿੱਤਾ ਜਾਵੇ, ਜਿਸ ਤੋਂ ਪਾਠਕ ਕੁਝ ਲਾਭ ਉਠਾ ਸਕਣ, ਐਵੇਂ ਨਾਮ ਮਾਤਰ ਥੋਹੜਾ ਥੋਹੜਾ ਹਾਲ ਦੇਣ ਨਾਲੋਂ ਨਾ ਦੇਣਾ ਹੀ ਚੰਗਾ ਹੈ।

ਸੱਚ ਇਹ ਹੈ ਕਿ ਜੇਕਰ ਮੈਂ ਆਪਣੀ ਮਰਜ਼ੀ ਅਨੁਸਾਰ ਕੇਵਲ ਲਾਹੌਰ ਦਰਬਾਰ ਦੇ ਹਾਲ ਹੀ ਦੇਂਦਾ, ਤਾਂ ਵੀ ਇਸ ਤੋਂ ਡਿਉਢੇ ਸਫੇ ਮੇਰੇ ਲਈ ਹੋਰ ਚਾਹੀਦੇ ਸਨ। ਸਫੇ ਸਨ ਗਿਣੇ ਮਿਣੇ, ਇਸ ਲਈ ਉਹਨਾਂ ਵਿਚ ਹੀ ਗੁਜ਼ਾਰਾ ਕਰਨਾ ਸੀ। ਸੋ ਆਪਣੀ ਕਾਂਟ-ਛਾਂਟ ਕਰ ਕੇ ਇਤਨਾ ਕੁ ਮਸਾਲਾ ਹੀ ਦਿੱਤਾ ਜਾ ਸਕਿਆ ਹੈ, ਜਿਤਨਾ ਕੁ ਕਿ ਮੇਰੇ ਨਮਿੱਤ ਛੱਡੇ ਸਫਿਆਂ ਵਿਚ ਆ ਸਕਦਾ ਸੀ।

ਇਹ ਜੋ ਕੁਝ ਲਿਖਿਆ ਗਿਆ ਹੈ, ਬੜੀ ਕਾਹਲੀ ਵਿਚ ਲਿਖਿਆ ਗਿਆ ਹੈ। ਪਾਠਕਾਂ ਨੂੰ ਮੇਰੀਆਂ ਲਿਖਣ ਦੀਆਂ ਭੁੱਲਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ, ਮੈਂ ਕੁਝ ਸੋਧ ਬਣਾ ਕੇ ਨਹੀਂ ਲਿਖਿਆ, ਛੇਤੀ ਛੇਤੀ ਪੁਰਾਣੀਆਂ ਲਿਖਤਾਂ ਦੇ ਉਲਥੇ

ਕਰਦਾ ਚਲਾ ਗਿਆ ਹਾਂ।

ਮੈਂ ਆਪਣੇ ਲੇਖਾਂ ਵਿਚ ਲਿਖਤਾਂ ਦੀਆਂ ਭੁੱਲਾਂ ਵੱਲ ਕਦੇ ਧਿਆਨ ਨਹੀਂ ਦਿੱਤਾ, ਮੇਰਾ ਭਾਵ ਸਦਾ ਇਹ ਰਿਹਾ ਹੈ ਕਿ ਪਾਠਕਾਂ ਨੂੰ ਇਤਿਹਾਸਕ ਹਾਲਾਂ ਦੀ ਵਾਕਫੀ ਕਰਵਾਈ ਜਾਵੇ, ਲਿਖਤ ਨੂੰ ਮਾਂਜਣਾ ਤੇ ਲਿਸ਼ਕਾਉਣਾ ਵਿਹਲ ਵੇਲੇ ਦੀਆਂ ਗੱਲਾਂ ਸਨ, ਜੋ ਮੇਰੇ ਜਿਹੇ ਹਲ ਵਾਹੁਣ ਵਾਲੇ ਨੂੰ ਪ੍ਰਾਪਤ ਨਹੀਂ ਹੋ ਸਕਦੀਆਂ। ਸੂਰਜ ਚੜ੍ਹਦੇ ਤੋਂ ਸਿਖਰ ਦੁਪਹਿਰ ਤੀਕ ਹਲ ਵਾਹ ਕੇ ਜਦ ਬੰਦਾ ਘਰ ਆਵੇ ਅਤੇ ਕਲਮ ਫੜ ਕੇ ਲੇਖ ਲਿਖਣ ਲੱਗੇ ਤਾਂ ਅਜਿਹੇ ਲੇਖ ਲਿਖਤ ਦੀਆਂ ਭੁੱਲਾਂ ਦਾ ਰਹਿ ਜਾਣਾ ਕੋਈ ਅਣਹੋਣੀ ਗੱਲ ਨਹੀਂ।

SIKHBOOKCLUB.COM

## ੨

# ਲਾਹੌਰ ਦਰਬਾਰ ਦਾ ਗੁਪਤ ਇਤਿਹਾਸ[1]

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਕੁਝ ਵਰ੍ਹੇ ਪਹਿਲਾਂ ਯਾ ਜਿਸ ਦਿਨ ਤੋਂ ਹੀਰਾ ਸਿੰਘ ਪੈਦਾ ਹੋਇਆ, ਉਸ ਦਿਨ ਤੋਂ ਰਾਜਾ ਧਿਆਨ ਸਿੰਘ ਨੇ ਆਪਣੀ ਸੁਭਾਵਕ ਚਾਲ ਨਾਲ ਮਹਾਰਾਜੇ ਨੂੰ ਐਸਾ ਹੱਥਾਂ ਉਤੇ ਪਾ ਲਿਆ ਸੀ ਕਿ ਇਕ ਤਰ੍ਹਾਂ ਨਾਲ ਸਾਰੀ ਸ਼ਾਹੀ ਦੀਆਂ ਵਾਗਾਂ ਹੀ ਉਹਦੇ ਹੱਥ ਆ ਗਈਆਂ ਸਨ। ਇਸ ਤਰ੍ਹਾਂ ਮਹਾਰਾਜੇ ਦਾ ਇਕੱਲਾ ਯਾ ਚੁਣਵਾਂ ਮੂੰਹ ਲਗਾਵਾਂ ਬਣ ਕੇ ਉਸ ਨੇ ਪੁਰਾਣੇ ਸਿੱਖ ਸਰਦਾਰਾਂ ਦੀ ਤਾਕਤ ਤੋੜਨ ਲਈ ਐਨੀ ਦਿਲ ਲਾ ਕੇ ਲਗਾਤਾਰ ਕੋਸ਼ਿਸ਼ ਕੀਤੀ ਕਿ ਉਹਨਾਂ ਸਾਰਿਆਂ ਵਿਚੋਂ ਇਕ ਵੀ ਐਸਾ ਸਰਦਾਰ ਨਾ ਰਿਹਾ, ਜੋ ਉਸ ਦੀ ਕਿਸੇ ਇਕ ਮਰਜ਼ੀ ਦੀ ਮੁਖ਼ਾਲਫਤ ਕਰਨ ਦੀ ਤਾਕਤ ਯਾ ਦਲੇਰੀ ਰੱਖਦਾ ਹੋਵੇ। ਉਸ ਨੇ ਆਪਣਾ ਰਸੂਖ ਇਥੋਂ ਤੀਕ ਵਧਾ ਲਿਆ ਕਿ ਕੋਈ ਸਰਦਾਰ ਭਾਵੇਂ ਉਹ ਕੇਡਾ ਹੀ ਵੱਡਾ ਹੋਵੇ ਐਥੋਂ ਤੀਕ ਕਿ ਭਾਵੇਂ ਉਹ ਮਹਾਰਾਜੇ ਦਾ ਪੁੱਤਰ ਹੀ ਹੋਵੇ ਇਸ ਵਜ਼ੀਰ ਦੀ ਆਗਿਆ ਲਏ ਤੋਂ ਬਿਨਾਂ ਮਹਾਰਾਜੇ ਦੇ ਹਜ਼ੂਰ ਨਹੀਂ ਜਾ ਸਕਦਾ ਸੀ।

ਕਈ ਵਾਰ ਐਸਾ ਹੋਇਆ ਕਿ ਖੜਗ ਸਿੰਘ ਅਤੇ ਸ਼ੇਰ ਸਿੰਘ ਕਈ ਕਈ ਘੰਟੇ ਉਡੀਕ ਵਿਚ ਖਲੋਤੇ ਰਹੇ ਅਤੇ ਮਹਾਰਾਜੇ ਪਾਸ ਜਾਣ ਦੀ ਆਗਿਆ ਲੈਣ ਲਈ ਡਿਉੜ੍ਹੀ ਦੇ ਦਰਬਾਨਾਂ ਅਤੇ ਕਚਹਿਰੀ ਦੇ ਨੌਕਰਾਂ ਨੂੰ ਰਿਸ਼ਵਤ ਦੇਣੀ ਪਈ। ਇਸ ਸਮੇਂ ਉਸ ਨੇ ਮਹਾਰਾਜੇ ਦੇ ਦਿਲ ਉਤੇ ਇਹ ਬਿਠਾ ਦਿੱਤਾ ਕਿ ਆਪ ਦੇ ਪੁੱਤਰ ਖੜਗ ਸਿੰਘ ਦਾ ਦਿਮਾਗ ਠੀਕ ਨਹੀਂ, ਇਸ ਲਈ ਜੈਸੀ ਕਿ ਉਸ ਤੋਂ ਉਮੀਦ ਕੀਤੀ ਜਾਂਦੀ ਹੈ ਵੈਸੀ ਹਕੂਮਤ ਕਰਨ ਦੇ ਉਹ ਲਾਇਕ ਨਹੀਂ। ਇਸ ਗੱਲ ਦੇ ਸਿੱਧ ਕਰਨ ਲਈ ਖਾਸ ਧਿਆਨ ਰੱਖਿਆ ਜਾਂਦਾ ਸੀ ਕਿ ਜਿਸ ਮੁਹਿੰਮ ਉਤੇ ਸ਼ਾਹਜ਼ਾਦਾ ਖੜਗ ਸਿੰਘ ਜਾਂਦਾ ਉਸ ਦਾ ਸਾਮਾਨ ਇਸ ਤਰ੍ਹਾਂ ਘਟਾ ਵਧਾ ਦਿੱਤਾ ਜਾਂਦਾ, ਯਾ ਤਾਂ ਉਹ ਮੁਹਿੰਮ ਮੂਲੋਂ ਹੀ ਅਧੂਰੀ ਰਹਿ ਜਾਂਦੀ ਯਾ ਉਸ ਦਾ ਇਕ ਹਿੱਸਾ ਹੀ ਸਿਰੇ ਚੜ੍ਹਦਾ, ਇਸ ਤਰ੍ਹਾਂ ਨਾਲ ਉਹ ਕਮਾਨ ਕਰਨ ਦੇ ਨਾ-ਕਾਬਲ ਸਮਝਿਆ ਜਾਣ ਲੱਗ ਪਿਆ, ਪਰ ਕੀ ਇਸ ਗੱਲ ਨੂੰ ਸਾਰੇ ਆਦਮੀ ਮੰਨ ਲੈਣਗੇ ਜੋ ਸ਼ਾਹਜ਼ਾਦਾ ਖੜਗ

---

*੧ ਰਸਾਲਾ ਫੁਲਵਾੜੀ, ਜੁਲਾਈ ੧੯੩੪ ਈਸਵੀ।*

 www.sikhbookclub.com

ਸਿੰਘ ਨੂੰ ਰਤਾ ਵੀ ਜਾਣਦੇ ਹਨ ਕਿ ਪਹਿਲਿਆਂ ਦਿਨਾਂ ਵਿਚ ਉਸ ਵਿਚ ਉਹ ਸਾਰੇ ਗੁਣ ਸਨ ਜੋ ਪੰਜਾਬ ਦੇ ਮਹਾਰਾਜੇ ਲਈ ਲੋੜੀਂਦੇ ਸਨ, ਨਾਲ ਹੀ ਇਹ ਗੱਲ ਵੀ ਸੀ ਕਿ ਸ਼ਾਹਜ਼ਾਦਾ ਇਸ ਵਜ਼ੀਰ ਵਰਗਾ ਚਾਲਬਾਜ਼ ਨਹੀਂ ਸੀ ਅਤੇ ਹਕੂਮਤ ਦੀ ਖਾਹਿਸ਼ ਵਜ਼ੀਰ ਨਾਲੋਂ ਉਸ ਨੂੰ ਬਹੁਤ ਘੱਟ ਸੀ, ਉਸ ਦਾ ਮਨ ਧਰਮ (ਅਨੁਸਾਰੀ ਸੀ) ਅਤੇ ਝਗੜੇ ਝਾਂਝੇ ਤੋਂ ਇਕ ਪਾਸੇ ਰਹਿਣ ਵੱਲ ਝੁਕਿਆ ਹੋਇਆ ਸੀ। ਭਾਵੇਂ ਉਹ ਝਗੜੇ ਝਾਂਜੇ ਤੋਂ ਅਲੱਗ ਰਹਿੰਦਾ ਪਰ ਜਦ ਕਿਸੇ ਮੁਹਿੰਮ ਲਈ ਤਿਆਰ ਹੁੰਦਾ ਤਦ ਬਹਾਦਰੀ, ਚੁਸਤੀ ਅਤੇ ਦ੍ਰਿੜ੍ਹਤਾ ਵਿਚ ਕਿਸੇ ਨਾਲੋਂ ਘੱਟ ਨਹੀਂ ਸੀ।

ਇਹ ਗੱਲ ਮੰਨਣੀ ਪਊ ਕਿ ਮਹਾਰਾਜੇ ਦੇ ਪਿਛਲੇ ਦਿਨਾਂ ਵਿਚ ਜਦ ਫਰੇਬੀ ਵਜ਼ੀਰ ਦੀਆਂ ਚਾਲਾਂ ਦੇ ਕਾਰਨ ਸ਼ਾਹਜ਼ਾਦੇ ਖੜਗ ਸਿੰਘ ਨਾਲ ਉਸ ਦਾ ਪਿਤਾ ਹੀ ਐਸਾ ਸਲੂਕ ਕਰਨ ਲੱਗ ਪਿਆ ਸੀ, ਜਿਸ ਤੋਂ ਉਹ ਪਾਗਲ ਜਿਹਾ ਅਤੇ ਹਕੂਮਤ ਦੇ ਨਾ-ਕਾਬਲ ਸਮਝਿਆ ਜਾਵੇ ਅਤੇ ਜਦ ਮੁੜ ਕੇ ਮੂੰਹ ਲੱਗਣ ਦੀਆਂ ਸਭ ਆਸਾਂ ਉਤੇ ਪਾਣੀ ਫਿਰ ਚੁਕਾ ਤਾਂ ਸ਼ਾਹਜ਼ਾਦੇ ਦਾ ਮਨ ਹੌਲੀ ਹੌਲੀ ਉਦਾਸ ਜਿਹਾ ਰਹਿਣ ਲੱਗ ਪਿਆ। ਇਸ ਗੱਲ ਤੋਂ ਵਜ਼ੀਰ ਨੇ ਇਹ ਸਿੱਧ ਕਰ ਦਿੱਤਾ ਕਿ ਇਹ ਬੇਅਕਲ ਜਿਹਾ ਅਤੇ ਹਕੂਮਤ ਕਰਨ ਦੇ ਗੁਣਾਂ ਤੋਂ ਹੀਣਾ ਹੈ। ਇਹ ਸਾਰੀਆਂ ਵਧੀਕੀਆਂ ਸ਼ਾਹਜ਼ਾਦੇ ਨੇ ਧਾਰਮਿਕ ਨਿੰਮਰਤਾ ਅਤੇ ਅਡੋਲ ਸ਼ਾਂਤੀ ਨਾਲ ਸਹਾਰ ਲਈਆਂ।

ਸ਼ਾਹਜ਼ਾਦੇ ਸ਼ੇਰ ਸਿੰਘ ਨਾਲ ਮਹਾਰਾਜੇ ਦਾ ਮੁੱਢ ਤੋਂ ਮੋਹ ਨਹੀਂ ਪਿਆ ਸੀ, ਉਸ ਨੂੰ ਜਗੀਰ ਦੇ ਛੱਡੀ ਸੀ, ਜਿਥੇ ਰਹਿ ਕੇ ਉਹ ਆਪਣਾ ਸਮਾਂ ਗੁਜ਼ਾਰਦਾ ਜਾਂ ਕਦੀ-ਕਦਾਈਂ ਕਿਸੇ ਮੁਹਿੰਮ ਉਤੇ ਘੱਲ ਦਿੱਤਾ ਜਾਂਦਾ ਜਿਸ ਤਰ੍ਹਾਂ ਕਿ ਦੂਜੇ ਸਰਦਾਰਾਂ ਨੂੰ ਘੱਲ ਦਿੱਤਾ ਜਾਂਦਾ ਸੀ।

ਇਸ ਸਮੇਂ ਸ਼ਾਹਜ਼ਾਦਾ ਖੜਗ ਸਿੰਘ ਅਤੇ ਸ਼ੇਰ ਸਿੰਘ ਵਿਸ਼ੇਸ਼ ਕਰ ਕੇ ਸ਼ਾਹਜ਼ਾਦਾ ਖੜਗ ਸਿੰਘ ਨੂੰ ਕਿਸੇ ਊਟ-ਪਟਾਂਗ ਯਾ ਨਿਕੰਮੇ ਜਿਹੇ ਬਹਾਨੇ ਨਾਲ ਦੂਰ-ਦੁਰਾਡੇ ਸਰਹੱਦੀ ਇਲਾਕੇ ਵੱਲ ਘੱਲ ਦਿੱਤਾ ਜਾਂਦਾ ਸੀ, ਤਾਂ ਕਿ ਉਹ ਦਰਬਾਰ ਵਿਚ ਹਾਜ਼ਰ ਹੋਣਾ ਤਾਂ ਕਿਤੇ ਰਿਹਾ, ਦਰਬਾਰ ਦੇ ਲਾਗੇ ਚਾਗੇ ਵੀ ਨਾ ਰਹੇ ਅਤੇ ਜਦ ਕਿ ਟਿੱਕੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਸੀ, ਰਾਜਾ ਧਿਆਨ ਸਿੰਘ ਦਾ ਵੱਡਾ ਪੁੱਤਰ ਰਾਜਾ ਹੀਰਾ ਸਿੰਘ ਉਸ ਦੇ ਮਕਰ ਤੇ ਜ਼ਨਾਨੀਆਂ ਦੀ ਚਾਲ ਨਾਲ, ਇਸ ਤਰ੍ਹਾਂ ਪਾਲਿਆ ਪੋਸਿਆ ਜਾਂਦਾ ਸੀ ਕਿ ਉਹ ਮਹਾਰਾਜੇ ਦਾ ਮੂੰਹ ਲਗਵਾਂ ਅਤੇ ਪਾਲਕ ਪੁੱਤਰ ਸਮਝਿਆ ਜਾਣ ਲੱਗ ਪਿਆ ਸੀ ਅਤੇ ਮਹਾਰਾਜਾ ਉਸ ਨੂੰ ਹਰ ਵੇਲੇ 'ਮੇਰੀ ਬੱਚੜੀ, ਮੇਰੀ ਬੱਚੜੀ' ਆਖਿਆ ਕਰੇ। ਮਹਾਰਾਜੇ ਦਾ ਮਨ ਐਸਾ ਕਾਬੂ ਕਰ ਲਿਆ ਗਿਆ ਸੀ ਕਿ ਹੀਰਾ ਸਿੰਘ ਤੋਂ ਬਿਨਾਂ ਨਾ ਉਸ ਨੂੰ ਨੀਂਦ ਆਉਂਦੀ ਅਤੇ ਨਾ ਹੀ ਚੈਨ ਆਉਂਦਾ। ਕੇਵਲ ਇਕ ਹੀਰਾ ਸਿੰਘ ਹੀ ਸੀ ਜੋ ਬੁੱਢੇ ਸ਼ੇਰ ਨੂੰ ਥਾਪੜ ਕੇ ਸੁਆ ਸਕਦਾ। ਜਦ ਤੀਕ ਹੀਰਾ ਸਿੰਘ ਪਾਲਕੀ ਵਿਚ ਨਾ ਬੈਠਦਾ, ਮਹਾਰਾਜਾ ਹਵਾ ਖੋਰੀ ਨੂੰ ਨਾ ਜਾਂਦਾ।

ਮੁੱਕਦੀ ਗੱਲ ਇਹ ਕਿ ਜਦ ਹੀਰਾ ਸਿੰਘ ਮਹਾਰਾਜੇ ਪਾਸ ਨਾ ਹੁੰਦਾ, ਮਹਾਰਾਜਾ ਬੇਚੈਨ, ਚਿੜਚਿੜਾ ਅਤੇ ਤੰਗ ਜਿਹਾ ਹੋ ਜਾਂਦਾ ਅਤੇ ਉਸ ਦੇ ਮੁੜ ਆਉਣ ਲਈ ਬੜੀ ਚਾਹ ਪ੍ਰਗਟ ਕਰਦਾ। ਹਰ ਰਾਤ ਪੰਜ ਸੌ ਯਾ ਕਦੀ ਇਸ ਤੋਂ ਵਧੀਕ ਰੁਪਿਆਂ ਦੀ ਥੈਲੀ ਸ਼ਾਹੀ ਹੁਕਮ ਨਾਲ ਹੀਰਾ ਸਿੰਘ ਦੇ ਸਰਹਾਣੇ ਰੱਖੀ ਜਾਂਦੀ ਕਿ ਸਵੇਰੇ ਸਿਰ ਉਤੋਂ ਵਾਰ ਕੇ ਗਰੀਬਾਂ ਵਿਚ ਵੰਡ ਦਿੱਤੀ ਜਾਵੇ ਪਰ ਇਸ ਰਕਮ ਵਿਚੋਂ ਦਸ ਰੁਪਏ ਵੀ ਕਦੀ ਪੁੰਨ ਖਾਤੇ ਖਰਚ ਨਹੀਂ ਕੀਤੇ ਜਾਂਦੇ ਸਨ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਖਾਸ ਹੁਕਮ ਨਾਲ ਜੱਲ੍ਹਾ ਪੰਡਤ, ਹੀਰਾ ਸਿੰਘ ਦਾ ਅਧਿਆਪਕ ਅਤੇ ਰਾਖਾ ਮੁਕਰਰ ਕੀਤਾ ਗਿਆ। ਹੀਰਾ ਸਿੰਘ ਦੀ ਮਾਤਾ ੧੮੩੨ ਈਸਵੀ ਵਿਚ ਗੁਜ਼ਰ ਗਈ ਸੀ।

ਰਾਜਾ ਧਿਆਨ ਸਿੰਘ ਨੂੰ ਹਰ ਵੇਲੇ ਮਹਾਰਾਜੇ ਦੇ ਜ਼ਨਾਨਖਾਨੇ ਵਿਚ ਜਾਣ ਦੀ ਖੁੱਲ੍ਹੀ ਆਗਿਆ ਸੀ ਅਤੇ ਇਸ ਕਰਕੇ ਹੀ ਇਹ ਆਪਣੀਆਂ ਤਦਬੀਰਾਂ ਅਤੇ ਚਾਲਾਂ ਨੂੰ ਪੂਰਾ ਕਰ ਸਕਦਾ ਸੀ। ਜ਼ਨਾਨਖਾਨੇ ਦੀਆਂ ਤ੍ਰੀਮਤਾਂ ਇਸ ਦੇ ਹੁਕਮ ਅੰਦਰ ਸਨ ਕਿਉਂਕਿ ਉਹ ਆਪਣੇ ਮਾਲਕ ਨਾਲੋਂ ਇਸ ਪਾਸੋਂ ਬਹੁਤਾ ਖੌਫ ਖਾਂਦੀਆਂ ਸਨ। ਹੀਰਾ ਸਿੰਘ ਸਦਾ ਉਥੇ ਰਹਿੰਦਾ ਅਤੇ ਭਾਵੇਂ ਉਹ ਛੋਟਾ ਹੀ ਸੀ ਪਰ ਉਸ ਨੂੰ ਚੰਗੀ ਤਰ੍ਹਾਂ ਸਿਖਾਇਆ ਹੋਇਆ ਸੀ ਕਿ ਸਮੇਂ ਅਨੁਸਾਰ ਕਿਸ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ। ਇਸ ਦੀ ਰਾਹੀਂ ਮਹਾਰਾਜੇ ਦੀਆਂ ਗੁਪਤ ਗੱਲਾਂ ਦਾ ਪਤਾ ਵਜ਼ੀਰ ਅਤੇ ਉਸ ਦੀ ਪਾਰਟੀ ਦੇ ਆਦਮੀਆਂ ਨੂੰ ਹੋ ਜਾਂਦਾ ਸੀ। ਇਸ ਤਰ੍ਹਾਂ ਉਹ ਦਰਬਾਰ ਦੇ ਅੰਦਰ ਬਾਹਰ ਦੀ ਹਰ ਇਕ ਗੱਲ ਦੇ ਭੇਤੂ ਸਨ ਅਤੇ ਮਹਾਰਾਜੇ ਦੀ ਖਾਸ ਆਪਣੀ ਕੋਠੜੀ ਦੀ ਲੁਕਵੀਂ ਨੁੱਕਰ ਵਿਚ ਹੋਈ ਗੱਲ ਦਾ ਵੀ ਇਹਨਾਂ ਨੂੰ ਸਾਰਾ ਪਤਾ ਮਿਲ ਜਾਂਦਾ ਸੀ। ਇਸ ਤਰ੍ਹਾਂ ਡੋਗਰਾ ਪਾਰਟੀ ਦੀ ਗੁੱਡੀ ਚੜ੍ਹਦੀ ਗਈ, ਜਦ ਤੀਕ ਕਿ ਮਹਾਰਾਜੇ ਦੇ ਚਲਾਣੇ ਦਾ ਸਮਾਂ ਨਾ ਆ ਗਿਆ। ਉਸ ਵੇਲੇ ਅਤੇ ਕੇਵਲ ਉਸ ਵੇਲੇ ਸ਼ਾਹਜ਼ਾਦਾ ਖੜਗ ਸਿੰਘ ਆਪਣੇ ਮਰਨ ਲੱਗੇ ਪਿਤਾ ਦੇ ਸਾਹਮਣੇ ਲਿਆਂਦਾ ਗਿਆ ਜਿਸ ਨੇ ਉਸ ਦਾ ਹੱਥ ਧਿਆਨ ਸਿੰਘ ਦੇ ਹੱਥ ਉਤੇ ਰੱਖ ਕੇ ਆਪਣੇ ਪੁੱਤਰ ਅਤੇ ਟਿੱਕੇ ਦੀ ਸੌਂਪਣਾ ਆਪਣੇ ਮੂੰਹ ਲਗਵੇਂ ਵਜ਼ੀਰ ਨੂੰ ਕਰ ਦਿੱਤੀ। ਉਸ ਨੇ ਧਿਆਨ ਸਿੰਘ ਨੂੰ ਕਿਹਾ ਕਿ ਖੜਗ ਸਿੰਘ ਨੂੰ ਤਖ਼ਤ ਉਤੇ ਬਿਠਾ ਦੇਣਾ, ਉਸ ਦਾ ਰਾਖਾ ਅਤੇ ਸਹਾਇਕ ਬਣ ਕੇ ਰਹਿਣਾ, ਉਸ ਨੂੰ ਮੇਰਾ ਵਾਰਸ ਅਤੇ ਪੁੱਤਰ ਸਮਝ ਕੇ ਯਥਾ ਯੋਗ ਸਨਮਾਨ ਕਰਨਾ ਅਤੇ ਮੇਰੀਆਂ ਮੇਹਰਬਾਨੀਆਂ ਦਾ ਇਹੋ ਅਜ਼ਰ ਦੇਣਾ ਕਿ ਖੜਗ ਸਿੰਘ ਦਾ ਚੰਗਾ ਨਮਕ ਹਲਾਲ ਅਤੇ ਵਫਾਦਾਰ ਵਜ਼ੀਰ ਅਤੇ ਨੌਕਰ ਬਣ ਕੇ ਰਹਿਣਾ। ਇਸ ਤਰ੍ਹਾਂ ਕਹਿ ਕੇ ਮਹਾਰਾਜਾ ਤਾਂ ਚੜ੍ਹ ਗਿਆ[੨] ਅਤੇ

*੨ ਇਸ ਸਮੇਂ ਰਾਜਾ ਧਿਆਨ ਸਿੰਘ ਨੇ ਝੂਠ ਮੂਠ ਦੇ ਹੰਝੂ ਹੀ ਨਹੀਂ ਕੇਰੇ ਸਨ, ਬਲਕਿ ਲੋਕਾਂ ਨੂੰ ਵਿਖਾਉਣ ਲਈ ਦੋ ਤਿੰਨ ਵਾਰ ਮਹਾਰਾਜੇ ਨਾਲ ਸਤੀ ਹੋਣ ਦੀ ਵੀ ਕੋਸ਼ਿਸ਼ ਕੀਤੀ ਸੀ।*

 www.sikhbookclub.com

ਸ਼ਾਹਜ਼ਾਦਾ ਖੜਗ ਸਿੰਘ ਗੱਦੀ ਉਤੇ ਬਿਠਾਇਆ ਗਿਆ।

ਨਵੇਂ ਮਹਾਰਾਜੇ ਨੂੰ ਚੰਗੀ ਤਰ੍ਹਾਂ ਖਬਰ ਸੀ ਕਿ ਇਸ ਵਜ਼ੀਰ ਨੇ ਹਰ ਗੱਲੋਂ ਪਿਤਾ ਜੀ ਨੂੰ ਕਿਸ ਤਰ੍ਹਾਂ ਟਪਲਾ ਲਾ ਛੱਡਿਆ ਸੀ। ਇਸ ਲਈ ਉਹਨਾਂ ਨੇ ਪਹਿਲਾ ਹੁਕਮ ਇਹ ਦਿੱਤਾ ਕਿ ਭਾਵੇਂ ਰਾਜਾ ਧਿਆਨ ਸਿੰਘ ਹਰ ਗੱਲੋਂ ਚੰਗਾ ਸਲਾਹਕਾਰ ਤੇ ਵਜ਼ੀਰ ਸਮਝਿਆ ਜਾਏਗਾ, ਪਰ ਸ਼ਾਹੀ ਜ਼ਨਾਨਖਾਨੇ ਵਿਚ ਬਿਨਾਂ ਰੋਕ ਟੋਕ ਦੇ ਉਸ ਦਾ ਤੇ ਉਸ ਦੇ ਪੁੱਤਰ ਦਾ ਚਲੇ ਜਾਣਾ ਅੱਗੇ ਲਈ ਬੰਦ ਕੀਤਾ ਜਾਏਗਾ। ਮਹਾਰਾਜੇ ਨੇ ਵਜ਼ੀਰ ਨੂੰ ਨਵੇਕਲਿਆਂ ਬੁਲਾ ਹਲੀਮੀ ਨਾਲ ਸਮਝਾਇਆ ਕਿ ਇਸ ਹੁਕਮ ਨਾਲ ਉਸ ਦੀ ਤਾਕਤ ਵਿਚ ਕੋਈ ਫਰਕ ਨਹੀਂ ਆਵੇਗਾ ਅਤੇ ਨਾ ਹੀ ਉਸ ਦੀ ਵਜ਼ਾਰਤ ਅਤੇ ਅਖਤਿਆਰ ਘੱਟ ਕੀਤੇ ਜਾਣਗੇ ਬਲਕਿ ਮੈਂ ਹੁਣ ਅੰਦਰ ਆਉਣ ਦੀ ਕੋਈ ਲੋੜ ਨਹੀਂ ਸਮਝਦਾ।

ਧਿਆਨ ਸਿੰਘ ਨੇ ਉੱਤਰ ਦਿੱਤਾ ਕਿ ਇਸ ਆਗਿਆ ਤੋਂ ਬਿਨਾਂ ਮੈਂ ਆਪਣੀ ਮਰਜ਼ੀ ਦਾ ਕੰਮ ਨਹੀਂ ਕਰ ਸਕਦਾ। ਬਸ ਇਸ ਸਮੇਂ ਤੋਂ ਮਹਾਰਾਜੇ ਤੇ ਵਜ਼ੀਰ ਵਿਚ ਵਿਰੋਧ ਪੈ ਗਿਆ ਅਤੇ ਧਿਆਨ ਸਿੰਘ, ਮਹਾਰਾਜਾ ਤੇ ਉਸ ਦੇ ਸਲਾਹਕਾਰਾਂ ਤੇ ਪੁਰਾਣੇ ਨੌਕਰਾਂ ਨੂੰ ਘ੍ਰਿਣਾ ਭਰੀ ਨਿਗਾਹ ਨਾਲ ਵੇਖਣ ਲੱਗ ਪਿਆ।

ਮਹਾਰਾਜੇ ਦੇ ਇਸ ਹੁਕਮ ਨੂੰ ਬਹੁਤ ਸਾਰੇ ਸਰਦਾਰਾਂ ਨੇ ਪਸੰਦ ਕੀਤਾ, ਜਿਹਨਾਂ ਨੂੰ ਉਮੀਦ ਸੀ ਕਿ ਇਸ ਹੁਕਮ ਨਾਲ ਜ਼ਰੂਰ ਹੀ ਕੁਝ ਭਲੀ ਗੱਲ ਨਿਕਲ ਆਵੇਗੀ। ਉਹਨਾਂ ਸਰਦਾਰਾਂ ਵਿਚੋਂ ਇਕ ਸਰਦਾਰ ਚੇਤ ਸਿੰਘ ਸੀ। ਇਸ ਨੇ ਮਹਾਰਾਜੇ ਨੂੰ ਕਿਹਾ ਕਿ ਰਾਜਾ ਧਿਆਨ ਸਿੰਘ ਆਖਦਾ ਹੈ ਕਿ ਜੇ ਮਹਾਰਾਜਾ ਮੇਰਾ ਅਨੁਸਾਰੀ ਹੋ ਕੇ ਨਹੀਂ ਰਹੇਗਾ ਅਤੇ ਮੈਨੂੰ ਪਿਛਲੇ ਮਹਾਰਾਜੇ ਦੇ ਸਮੇਂ ਵਰਗੇ ਖੁੱਲ੍ਹੇ ਅਖਤਿਆਰ ਨਹੀਂ ਦਏਗਾ ਤਦ ਉਸ ਨੂੰ ਮੈਂ ਤਖਤ ਉਤੇ ਬੈਠਣ ਨਹੀਂ ਦਿਆਂਗਾ ਅਤੇ ਉਸ ਦੀ ਥਾਂ ਕਿਸੇ ਹੋਰਸ ਨੂੰ ਮਹਾਰਾਜਾ ਬਣਾ ਦਿਆਂਗੇ ਜੋ ਪੂਰਾ ਪੂਰਾ ਅਨੁਸਾਰੀ ਹੋ ਕੇ ਰਹੇਗਾ। ਵਜ਼ੀਰ ਨੇ ਤੜੱਕ ਤਾੜ ਲਿਆ ਕਿ ਕੁਝ ਕਰਨ ਦਾ ਵੇਲਾ ਹੈ ਅਤੇ ਉਸ ਦੇ ਮਕਾਰ ਤੇ ਫਰੇਬੀ ਮਨ ਨੇ ਬੜੀ ਡੂੰਘੀ ਚਾਲ ਦੀ ਗੋਂਦ ਗੁੰਦੀ। ਉਸ ਨੇ ਇਹ ਗੱਲ ਉਡਾ ਦਿੱਤੀ ਕਿ ਮਹਾਰਾਜਾ, ਸਣੇ ਸਰਦਾਰ ਚੇਤ ਸਿੰਘ ਅਤੇ ਹੋਰ ਮੂੰਹ ਲਗਦਿਆਂ ਦੇ, ਫਰੰਗੀ ਨਾਲ ਮਿਲ ਗਿਆ ਹੈ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਮਤੈਹਿਤ ਕਰ ਕੇ ਉਨ੍ਹਾਂ ਦੀ ਖੇਚਲ ਵਜੋਂ ਰੁਪਏ ਵਿਚੋਂ ਛਿਆਨੀ ਉਨ੍ਹਾਂ ਨੂੰ ਕਰ ਦੇਣ ਵਾਲਾ ਹੈ, ਇਸ ਗੱਲ ਦੇ ਹੋ ਜਾਣ ਨਾਲ ਸਿੱਖਾਂ ਦੇ ਸਭ ਬੇੜੇ ਤੋੜ ਦਿੱਤੇ ਜਾਣਗੇ ਅਤੇ ਸਰਦਾਰਾਂ ਦੀਆਂ ਸਰਦਾਰੀਆਂ ਖੋਹ ਲਈਆਂ ਜਾਣਗੀਆਂ। ਇਹੋ ਜਿਹੀਆਂ ਕਈ ਗੱਲਾਂ ਐਸੀਆਂ ਉਡਾ ਦਿੱਤੀਆਂ ਕਿ ਹਰ ਥਾਂ ਇਹਨਾਂ ਦਾ ਹੀ ਚਰਚਾ ਸੀ ਅਤੇ ਮਾਮੂਲੀ ਸਿਪਾਹੀ ਵੀ ਮਹਾਰਾਜੇ ਨੂੰ ਬੁਰਾ ਭਲਾ ਆਖਦਾ ਸੀ, ਕਿਉਂਕਿ ਉਹ ਸਾਡੇ ਫਰੰਗੀ ਵੈਰੀ ਨੂੰ ਦੇਸ਼ ਵਿਚ ਸੱਦਦਾ ਤੇ ਸਾਰੀ ਤਾਕਤ ਉਹਨਾਂ ਦੇ ਹੱਥ

ਦੇਂਦਾ ਹੈ। ਇਸ ਸਮੇਂ ਹੀ ਧਿਆਨ ਸਿੰਘ ਦੇ ਸੱਦਣ ਕਰਕੇ ਕੰਵਰ ਨੌਨਿਹਾਲ ਸਿੰਘ ਪਸ਼ੌਰੋਂ ਲਾਹੌਰ ਆ ਗਿਆ।

ਜਦ ਦਾ ਮਹਾਰਾਜਾ ਰਣਜੀਤ ਸਿੰਘ ਚੜ੍ਹਿਆ, ਉਦੋਂ ਦਾ ਕੰਵਲ ਨੌਨਿਹਾਲ ਸਿੰਘ ਪਸ਼ੌਰ ਵਿਚ ਹੀ ਸੀ। ਵਜ਼ੀਰ ਨੇ ਆਪਣੇ ਭਰਾ ਰਾਜਾ ਗੁਲਾਬ ਸਿੰਘ ਨੂੰ ਅਖਵਾ ਘੱਲਿਆ ਕਿ ਕੰਵਰ ਦੇ ਨਾਲ ਲਾਹੌਰ ਤੀਕ ਆਉਣਾ। ਰਾਹ ਵਿਚ ਗੁਲਾਬ ਸਿੰਘ ਨੇ ਕੰਵਰ ਨੂੰ ਐਸੀ ਪੱਟੀ ਚੜ੍ਹਾਈ ਕਿ ਲਾਹੌਰ ਅੱਪੜਦਿਆਂ ਤੀਕ ਉਹ ਪਿਤਾ ਦਾ ਪੱਕਾ ਵੈਰੀ ਬਣ ਗਿਆ। ਵਜ਼ੀਰ, ਉਸ ਦੇ ਭਰਾ ਤੇ ਇਹਨਾਂ ਦੀ ਪਾਰਟੀ ਨੇ ਕੌਰ ਨੌਨਿਹਾਲ ਸਿੰਘ ਅਤੇ ਉਸ ਦੀ ਮਾਤਾ ਨਾਲ ਐਸੀ ਚਾਲ ਖੇਡੀ ਕਿ ਇਹਨਾਂ ਅਤੇ ਹੋਰਨਾਂ ਸਰਦਾਰਾਂ ਪਾਸੋਂ ਇਹ ਆਗਿਆ ਲੈ ਲਈ ਕਿ ਚੇਤ ਸਿੰਘ ਮਾਰ ਦਿੱਤਾ ਜਾਵੇ ਅਤੇ ਮਹਾਰਾਜੇ ਨੂੰ ਯਾ ਤਾਂ ਕੈਦ ਕਰ ਦਿੱਤਾ ਜਾਵੇ ਯਾ ਕਿਸੇ ਤਰ੍ਹਾਂ ਸ਼ਾਹੀ ਅਖਤਿਆਰ ਉਸ ਪਾਸੋਂ ਲੈ ਲਏ ਜਾਣ। ਅੰਗਰੇਜ਼ਾਂ ਨਾਲ ਮਿਲੇ ਹੋਣ ਵਾਲੀ ਸਾਖੀ ਫੇਰ ਉਡਾ ਦਿੱਤੀ ਅਤੇ ਇਸ ਗੱਲ ਦੇ ਸਿੱਧ ਕਰਨ ਵਾਸਤੇ ਜਾਅਲੀ ਖਤ ਵੀ ਵਿਖਾ ਦਿੱਤੇ, ਜਿਹਨਾਂ ਉਤੇ ਚੇਤ ਸਿੰਘ ਤੇ ਮਹਾਰਾਜੇ ਦੀਆਂ ਮੋਹਰਾਂ ਸਨ। ਵਜ਼ੀਰ ਤੇ ਉਸ ਦਾ ਭਰਾ ਕਹਿੰਦੇ ਸਨ ਕਿ ਇਹ ਕਾਰਾ ਕੀਤੇ ਤੋਂ ਬਿਨਾਂ ਦੇਸ਼ ਦਾ ਫਰੰਗੀ ਦੇ ਹੱਥੋਂ ਬਚਣਾ ਅਸੰਭਵ ਜਾਪਦਾ ਹੈ। ਹਰ ਇਕ ਗੱਲ ਮੰਨੀ ਮਨਾਈ ਗਈ ਅਤੇ ਕੌਰ ਨੌਨਿਹਾਲ ਸਿੰਘ ਦੀ ਮਾਤਾ ਨੂੰ ਫਰੰਗੀ ਦਾ ਐਸਾ ਡਰ ਵਿਖਾਇਆ ਕਿ ਉਹ ਆਪਣੇ ਪਤੀ ਦੇ ਤਖਤੋਂ ਉਤਾਰੇ ਤੇ ਕੈਦ ਕੀਤੇ ਜਾਣ ਨੂੰ ਵੀ ਮੰਨ ਗਈ। ਇਹ ਸਾਰਾ ਕੰਮ ਐਸਾ ਚੁੱਪ-ਚੁਪੀਤੇ ਕੀਤਾ ਗਿਆ ਕਿ ਇਸ ਦੀ ਭਿਣਕ ਵੀ ਬਾਹਰ ਨਾ ਨਿਕਲੀ ਅਤੇ ਚੁਤਰਫ ਗੱਲ ਪੱਕ ਪਕਾ ਕੇ ਕਾਰਾ ਕਰਨ ਦਾ ਸਮਾਂ ਆ ਗਿਆ।

ਰਾਜਾ ਧਿਆਨ ਸਿੰਘ ਦੇ ਤੋਪਖਾਨੇ ਦਾ ਕੁੰਮੇਦਾਨ ਇਕ ਗਰੋਦਨਾ (ਗਾਰਡਨਰ) ਨਾਮੀ ਫਰੰਗੀ ਸੀ ਜਿਸ ਉਤੇ ਵਜ਼ੀਰ ਦਾ ਬੜਾ ਅਤਬਾਰ ਸੀ ਅਤੇ ਜੋ ਵਜ਼ੀਰ ਦੀ ਹਰ ਇਕ ਚਾਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸ ਨੇ ਆਪਣੇ ਜੀਵਨ ਬਿਰਤਾਂਤ ਵਿਚ ਆਪਣੇ ਅੱਖੀਂ ਡਿੱਠੇ ਹਾਲ ਲਿਖੇ ਹਨ, ਇਸ ਲਈ ਚੇਤ ਸਿੰਘ ਦੀ ਮੌਤ ਦਾ ਹਾਲ ਅਸੀਂ ਇਸ ਕਿਤਾਬ ਵਿਚੋਂ ਵੀ ਲੈਂਦੇ ਹਾਂ-

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਧਿਆਨ ਸਿੰਘ ਅਤੇ ਉਸ ਦੇ ਭਰਾਵਾਂ ਨੂੰ (ਮਹਾਰਾਜੇ) ਰਣਜੀਤ ਸਿੰਘ ਨੇ ਹੀ ਰਾਜੇ ਬਣਾਇਆ ਸੀ ਅਤੇ ਉਸ ਦੇ ਪਿਛਲੇ ਦਿਨਾਂ ਵਿਚ ਇਹ ਕੁਝ ਸੁਤੰਤਰ ਜਹੇ ਹੋ ਗਏ ਸਨ......। ਮਹਾਰਾਜੇ ਦੇ ਚਲਾਣੇ ਤੋਂ ਮਗਰੋਂ ਇਹ ਮੂਲੋਂ ਹੀ ਸੁਤੰਤਰ ਹੋ ਗਏ ਆਪਣੇ ਭਰਾ ਭਾਈ ਡੋਗਰਿਆਂ ਦੀ ਬਹੁਤ ਸਾਰੀ ਫੌਜ ਰੱਖ ਲਈ। ਨਵੇਂ ਮਹਾਰਾਜੇ ਦੇ ਵੱਡੇ ਸਲਾਹਕਾਰ ਸਰਦਾਰ ਚੇਤ ਸਿੰਘ ਨੇ ਵਿੰਨਤੂਰਾ ਸਾਹਿਬ ਤੇ ਹੋਰ ਬਿਦੇਸ਼ੀ ਅਫਸਰਾਂ ਦੀ ਸਹਾਇਤਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵਜ਼ੀਰ ਤੇ ਵਿੰਨਤੂਰੇ ਦੀ ਆਪੋ ਵਿਚ ਦੀ ਖੋਹ ਮਖੋਹ ਦੇ ਕਾਰਨ

ਸਰਦਾਰ ਨੂੰ ਚੰਗੀ ਸਹਾਇਤਾ ਮਿਲੀ। ਅੱਠ ਅਕਤੂਬਰ ਨੂੰ ਗੱਲ ਇਥੋਂ ਤੀਕ ਵਧ ਚੁਕੀ ਸੀ ਕਿ ਸਾਰੇ ਡੋਗਰਿਆਂ ਨੂੰ ਮਾਰ ਸੁੱਟਣ ਦੀ ਪੱਕੀ ਸਲਾਹ ਕੀਤੀ ਗਈ ਸੀ, ਚੇਤ ਸਿੰਘ ਨੇ ਕਾਹਲੀ ਕਰ ਕੇ ਭਰੇ ਦਰਬਾਰ ਵਿਚ ਧਿਆਨ ਸਿੰਘ ਨੂੰ ਕਹਿ ਦਿੱਤਾ ਕਿ:-'ਵੇਖੀਂ ਅੱਠਾਂ ਪਹਿਰਾਂ ਦੇ ਅੰਦਰ ਅੰਦਰ ਤੇਰਾ ਕੀ ਹਾਲ ਹੁੰਦਾ ਹੈ !'

ਰਾਜਾ ਧਿਆਨ ਸਿੰਘ ਜੋ ਅਟੱਲ ਦ੍ਰਿੜ੍ਹਤਾ ਅਤੇ ਗੰਭੀਰ ਸੁਭਾਉ ਵਾਲਾ ਆਦਮੀ ਸੀ, ਸਹਿਜੇ ਜਿਹੇ ਮੁਸਕਰਾਇਆ ਅਤੇ ਬੋਲਿਆ:- 'ਆਪ ਦੇ ਦਾਸ ਹਾਂ, ਜੋ ਹੋਊ, ਸੋ ਵੇਖਿਆ ਜਾਊ।' ਇਸ ਨੇ ਆਪਣੀ ਮਨੋਰਥ ਸਿਧੀ ਲਈ ਇਹ ਗੱਲ ਪਹਿਲੋਂ ਹੀ ਉਡਾ ਛੱਡੀ ਸੀ ਕਿ ਚੇਤ ਸਿੰਘ ਦੇਸ਼-ਧਰੋਹੀ (ਟਰੇਟਰ) ਹੈ ਅਤੇ ਫਰੰਗੀ ਦੀ ਤਲਬ ਪਾਂਦਾ ਹੈ। ਐਸੀਆਂ ਗੱਲਾਂ ਜਿੰਨੀਆਂ ਵਿਸਥਾਰ ਨਾਲ ਉਡਾਈਆਂ ਜਾਣ ਉਤਨਾ ਹੀ ਲੋਕਾਂ ਦਾ ਦਿਲ ਜੰਮ ਜਾਂਦਾ ਹੈ, ਇਸ ਲਈ ਡੋਗਰਿਆਂ ਨੇ ਇਹ ਮਸ਼ਹੂਰ ਕਰ ਦਿੱਤਾ ਕਿ ਚੇਤ ਸਿੰਘ ਨੇ ਦੇਸ਼ ਨੂੰ ਫਰੰਗੀ ਦੇ ਅਧੀਨ ਕਰਨ, ਮਾਮਲੇ ਦੇ ਰੁਪਏ ਵਿਚੋਂ ਛਿਆਨੀ ਦੇਣ, ਸਿੱਖਾਂ ਦੇ ਬੇੜੇ ਤੋੜਨ ਅਤੇ ਸਰਦਾਰਾਂ ਦੀਆਂ ਸਰਦਾਰੀਆਂ ਉਡਾ ਦੇਣ ਦਾ ਐਹਦ ਕਰ ਲਿਆ ਹੈ।

ਕੰਮ ਆਰੰਭਣ ਦਾ ਵੇਲਾ ਹੁਣ ਅੱਪੜ ਪਿਆ ਸੀ। ਦਰਬਾਰ ਬਰਖਾਸਤ ਹੁੰਦਿਆਂ ਹੀ ਧਿਆਨ ਸਿੰਘ ਮਹਾਰਾਜਾ ਖੜਗ ਸਿੰਘ ਦੇ ਜ਼ਨਾਨਖਾਨੇ ਵਿਚ ਚਲਿਆ ਗਿਆ (ਜਿਥੇ ਜਾਣ ਦੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਉਸ ਨੂੰ ਆਗਿਆ ਮਿਲੀ ਹੋਈ ਸੀ) ਅਤੇ ਨੌਨਿਹਾਲ ਸਿੰਘ ਦੀ ਮਾਈ ਨੂੰ ਜਾ ਮਿਲਿਆ। ਇਹ ਜ਼ਨਾਨੀ ਆਪਣੇ ਪਤੀ ਦੀ (ਰਾਜਸੀ ਮਾਮਲਿਆਂ ਦੀ) ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਅਤੇ ਧਿਆਨ ਸਿੰਘ ਨੇ ਅਸਾਨੀ ਨਾਲ ਇਸ ਨੂੰ ਜਿਤਾ ਦਿੱਤਾ ਕਿ ਚੇਤ ਸਿੰਘ ਦੀ ਜਿੱਤ ਦਾ ਇਹ ਸਿੱਟਾ ਹੋਵੇਗਾ ਜੋ ਸਰਦਾਰਾਂ ਤੇ ਬਦੇਸ਼ੀ ਅਫਸਰਾਂ ਦੀ ਚੜ੍ਹ ਮਚੇਗੀ ਅਤੇ ਸ਼ਾਹੀ ਖਾਨਦਾਨ ਦੀ ਕਦਰ ਨਾ ਰਹੇਗੀ। ਕੌਰ ਨੌਨਿਹਾਲ ਸਿੰਘ ਇਸ ਸਮੇਂ ੧੮ ਵਰ੍ਹੇ ਦਾ ਜੁਸ਼ੀਲਾ ਤੇ ਹਕੂਮਤ ਦੀ ਖਾਹਿਸ਼ ਰੱਖਣ ਵਾਲਾ ਨੌਜਵਾਨ ਸੀ ਅਤੇ ਮਹਾਰਾਜੇ ਦੀ ਔਲਾਦ ਵਿਚੋਂ ਇਹੋ ਇਕ ਸੀ ਜੋ ਕਰੈਕਟਰ ਤੇ ਲਿਆਕਤ ਦਾ ਆਦਮੀ ਸੀ। ਇਸ ਦੀ ਔਰਤ ਨੂੰ ਜ਼ਨਾਨਖਾਨੇ ਦੀ ਗੁਪਤ ਕੋਠੜੀ ਵਿਚ ਸੱਦਿਆ ਗਿਆ ਅਤੇ ਮਗਰੋਂ ਕੰਵਰ ਨੂੰ ਵੀ ਬੁਲਾ ਲਿਆ ਗਿਆ। ਇਹ ਗੱਲ ਮੰਨੀ ਗਈ ਕਿ ਮਹਾਰਾਜੇ ਦੇ ਟੱਬਰ ਉਤੇ ਜਾਨ ਵਾਰਨ ਵਾਲਾ ਇਹਨਾਂ ਡੋਗਰੇ ਭਰਾਵਾਂ ਨਾਲੋਂ ਵਧ ਕੇ ਹੋਰ ਕੋਈ ਨਹੀਂ ਅਤੇ ਅਮਨ ਚੈਨ ਵਿਚ ਇਸ ਦੇਸ਼ ਧਰੋਹੀ ਚੇਤ ਸਿੰਘ ਦੀ ਹੀ ਰੁਕਾਵਟ ਹੈ। ਇਹ ਗੱਲਾਂ ਪੱਕੀਆਂ ਕੀਤੀਆਂ ਗਈਆਂ ਕਿ ਚੇਤ ਸਿੰਘ ਦਾ ਫਸਤਾ ਵੱਢ ਦਿੱਤਾ ਜਾਏ। ਮਹਾਰਾਜਾ ਖੜਕ ਸਿੰਘ ਨਾਮ-ਮਾਤਰ ਬਾਦਸ਼ਾਹ ਰਹੇ ਅਤੇ ਦੇਸ਼ ਦਾ ਪ੍ਰਬੰਧ ਨੌਨਿਹਾਲ ਸਿੰਘ ਕਰੇ। ਕੌਰ ਨੇ ਖੁਸ਼ੀ ਨਾਲ ਉਸ ਸਲਾਹ ਨੂੰ ਮੰਨ ਲਿਆ ਜਿਸ ਨਾਲ ਉਸ ਦੀ ਤਾਕਤ ਵਧਦੀ ਸੀ।

ਦੂਜਾ ਕੰਮ ਫਰਾਂਸੀਸੀ ਬੇੜੇ ਦੇ ਸਿੱਖ ਸਰਦਾਰਾਂ ਦੇ ਦਿਲ ਟੋਹਣੇ ਸਨ। ਉਹ ਸਾਰੇ ਧਿਆਨ ਸਿੰਘ ਦੀ ਵੱਲ ਦੇ ਨਿਕਲੇ। ਉਹਨਾਂ ਨੇ ਸਹਾਇਤਾ ਦਾ ਭਰੋਸਾ ਦਿੱਤਾ। ਅੰਤਮ ਗੱਲ ਇਹ ਕਿ ਜ਼ੋਰਾਵਰ ਸੰਧਾਵਾਲੀਆ ਦਾ ਨਾਲ ਹੋਣਾ ਵੀ ਜ਼ਰੂਰੀ ਸੀ। ਚੇਤ ਸਿੰਘ ਨੇ ਵਿੰਨਤੂਰਾ ਸਾਹਿਬ ਦੇ ਕਹਿਣ ਕਰਕੇ ਸੰਧਾਵਾਲੀਆ ਨੂੰ ਪਹਿਲੋਂ ਆਪਣੇ ਵੱਲ ਕਰ ਛੱਡਿਆ ਸੀ, ਇਹ ਯਕੀਨ ਕਰਵਾ ਕੇ ਕਿ ਡੋਗਰੇ ਅੰਗਰੇਜ਼ਾਂ ਨਾਲ ਰਲ ਗਏ ਹਨ, ਜੋ ਮਹਾਰਾਜੇ ਦੀ ਔਲਾਦ ਨੂੰ ਤਾਂ ਬੇ-ਦਖਲ ਕਰ ਦੇਈਏ ਅਤੇ ਆਪਣੀ ਤਾਕਤ ਵਧਾ ਲਈਏ। ਧਿਆਨ ਸਿੰਘ ਨੇ ਪਹਿਲੋਂ ਹੀ ਨੌਨਿਹਾਲ ਸਿੰਘ ਨੂੰ ਤਖਤ ਦੇਣ ਦੀ ਚਾਲ ਚਲਾ ਲਈ, ਜਿਸ ਨਾਲ ਸੰਧਾਵਾਲੀਆ ਦੇ ਜਿਤਨੇ ਕੁ ਡੋਗਰਿਆਂ ਉਤੇ ਸ਼ੱਕ ਸਨ, ਉਹ ਸਭ ਹੀ ਜਾਂਦੇ ਰਹੇ ਅਤੇ ਉਹਨਾਂ ਨੇ ਵੀ ਸਹਾਇਤਾ ਦਾ ਤੜੱਕ ਭਰੋਸਾ ਦੇ ਦਿੱਤਾ।

ਅੰਤ ਨੂੰ ਧਿਆਨ ਸਿੰਘ ਨੇ ਫੌਜਾਂ ਦੇ ਅਫਸਰਾਂ ਨੂੰ, ਜੋ ਹੁਣ ਇਸ ਦੇ ਅਨੁਸਾਰੀ ਸਨ, ਅਖਵਾ ਘੱਲਿਆ ਕਿ ਸਾਰੀ ਰਾਤ ਚੁਪ ਚਾਪ ਪਏ ਰਹਿਣਾ। ਮੈਨੂੰ ਹੁਕਮ ਮਿਲਿਆ ਕਿ ਭਰੀਆਂ ਹੋਈਆਂ ਤੋਪਾਂ ਤਿਕਾਲਾਂ ਹੁੰਦਿਆਂ ਹੀ ਕਿਲ੍ਹੇ ਦੇ ਸਾਰੇ ਦਰਵਾਜ਼ਿਆਂ ਅੱਗੇ ਬੀੜੀਆਂ ਜਾਣ ਅਤੇ ਭਾਵੇਂ ਕੁਝ ਵੀ ਹੋਵੇ, ਕਿਤਨਾ ਹੀ ਖੜਾਕ ਹੋਵੇ, ਸਭ ਘੇਸ ਮਾਰ ਕੇ ਲੇਟ ਰਹਿਣ। ਰਾਜਾ ਧਿਆਨ ਸਿੰਘ ਨੇ ਮੈਨੂੰ ਪੁੱਛਿਆ ਕਿ ਤੂੰ ਵੀ ਨਾਲ ਚਲਣਾ ਚਾਹੁੰਦਾ ਹੈਂ ? ਮੈਂ ਇਸ ਗੱਲ ਨੂੰ ਮੰਨ ਲਿਆ। ਸਾਰੇ ਪੰਦਰਾਂ ਕੁ ਆਦਮੀ ਸਨ— ਤਿੰਨ ਭਰਾ ਗੁਲਾਬ ਸਿੰਘ, ਧਿਆਨ ਸਿੰਘ, ਸੁਚੇਤ ਸਿੰਘ, ਇਹਨਾਂ ਦੇ ਨਾਲ ਹੀ ਕੌਰ ਨੌਨਿਹਾਲ ਸਿੰਘ, ਸੰਧਾਵਾਲੀਏ ਸਰਦਾਰ, ਦੋ ਅਤਬਾਰੀ ਸਰਦਾਰ ਰਾਓ ਲਾਲ ਸਿੰਘ ਤੇ ਰਾਓ ਕੇਸਰ ਸਿੰਘ ਅਤੇ ਮੈਂ। ਜ਼ਨਾਨਖਾਨੇ ਦੀਆਂ ਔਰਤਾਂ ਨੇ ਇਕਰਾਰ ਕਰ ਲਿਆ ਹੋਇਆ ਸੀ ਕਿ ਜਿਸ ਕਮਰੇ ਵਿਚ ਮਹਾਰਾਜਾ ਤੇ ਚੇਤ ਸਿੰਘ ਸੁੱਤੇ ਹੋਏ ਹੋਣਗੇ, ਉਧਰ ਦੇ ਰਾਹ ਦੀ ਸਾਨੂੰ ਕੋਈ ਰੋਕ ਟੋਕ ਨਹੀਂ ਹੋਵੇਗੀ।

ਅੱਧੀ ਕੁ ਰਾਤ ਦਾ ਸਮਾਂ ਸੀ ਜਦ ਅਸੀਂ ਕਿਲ੍ਹੇ ਦੇ ਅੰਦਰ ਵੜੇ ਅਤੇ ਦਰਵਾਜ਼ਾ ਲੰਘ ਕੇ ਰਤਾ ਕੁ ਅੱਗੇ ਵਧੇ ਸਾਂ ਕਿ ਅੱਗੋਂ ਆਵਾਜ਼ ਆਈ "ਤੁਸੀਂ ਕੌਣ ਹੋ?" ਧਿਆਨ ਸਿੰਘ ਨੇ ਕਹਿਆ: 'ਮਹਾਰਾਜਾ ਜੀ ਸਵੇਰੇ ਅੰਮ੍ਰਿਤਸਰ ਅਸ਼ਨਾਨ ਨੂੰ ਜਾਂਦੇ ਹਨ, ਅਸੀਂ ਤਿਆਰੀ ਕਰਨ ਆਏ ਹਾਂ।' ਇਹ ਮਿਥਿਆ ਹੋਇਆ ਉੱਤਰ ਸੀ। ਜਦ ਦੂਜੇ ਦਰਵਾਜ਼ੇ ਉਤੇ ਅੱਪੜੇ ਤਾਂ ਧਿਆਨ ਸਿੰਘ ਦੇ ਹੌਲੀ ਜਿਹੀ ਆਖਣ ਨਾਲ ਹੀ ਉਹ ਦਰਵਾਜ਼ਾ ਖੁੱਲ੍ਹ ਗਿਆ। ਕੋਈ ਗੱਲ ਬਿਰਕਣ ਤੋਂ ਬਿਨਾਂ, ਅਸੀਂ ਹਨੇਰੇ ਵਿਚ ਵਧਦੇ ਗਏ ਅਤੇ ਬਾਦਸ਼ਾਹੀ ਪੌੜੀਆਂ ਚੜ੍ਹ ਕੇ ਅੱਗੇ ਵਧੇ ਤਾਂ ਸ਼ਾਹੀ ਮਕਾਨ ਦੇ ਐਨ ਨਜ਼ਦੀਕ ਅੱਪੜ ਪਏ। ਇਥੇ ਗੁਲਾਬ ਸਿੰਘ ਤੇ ਧਿਆਨ ਸਿੰਘ ਨੇ ਅੱਡ ਹੋ ਕੇ ਘੁਸਰ-ਮੁਸੋਰਾ ਕੀਤਾ, ਜਿਸ ਦਾ ਭਾਵ ਮੈਂ ਵੀ ਨਾ ਸੁਣ ਸਕਿਆ। ਇਸ ਸਮੇਂ ਇਕ ਆਦਮੀ ਉਠ ਖਲੋਤਾ ਅਤੇ ਸਾਨੂੰ ਵੇਖ ਕੇ ਰੌਲਾ ਪਾ ਦਿੱਤਾ ਤੇ ਭੱਜ ਜਾਣ ਦੀ

ਕੋਸ਼ਿਸ਼ ਕੀਤੀ। ਸੁਚੇਤ ਸਿੰਘ ਨੇ ਉਥੇ ਹੀ ਗੋਲੀ ਮਾਰ ਕੇ ਮਾਰ ਦਿੱਤਾ ਪਰ ਗੁਲਾਬ ਸਿੰਘ ਨੇ ਉਸ ਵੇਲੇ ਕੱਸ ਕੇ ਕੰਨਾਂ ਕੋਲ ਘਸੁੰਨ ਠੋਕਿਆ ਅਤੇ ਉਸ ਦੀ ਬੇਅਕਲੀ ਉਤੇ ਉਸ ਨੂੰ ਸਹਿਜੇ ਸਹਿਜੇ ਬਹੁਤ ਬੁਰਾ ਭਲਾ ਆਖਿਆ। ਫਸੀਲ ਵੱਲ ਨਜ਼ਰ ਕੀਤੀ ਤਾਂ ਮਹਾਰਾਜਾ ਦੀ ਰਾਖੀ ਦੀਆਂ ਦੋ ਕੰਪਨੀਆਂ ਨਜ਼ਰ ਪਈਆਂ।

ਧਿਆਨ ਸਿੰਘ ਛੇਤੀ ਨਾਲ ਪੌੜੀਆਂ ਉਤਰ ਕੇ ਉਹਨਾਂ ਵੱਲ ਗਿਆ। ਅੱਗੋਂ ਪੌੜੀਆਂ ਵਿਚ ਸੂਬੇਦਾਰ ਨੇ ਪੁੱਛਿਆ, "ਤੁਸਾਂ ਫਾਇਰ ਕਿਉਂ ਕੀਤਾ ਸੀ?" ਮੈਂ ਵੀ ਧਿਆਨ ਸਿੰਘ ਨਾਲ ਗਿਆ ਸਾਂ ਅਤੇ ਉਸ ਦੇ ਪਾਸ ਹੀ ਪਿਛਲੇ ਪਾਸੇ ਵੱਲ ਖੜੋਤਾ ਸਾਂ। ਉਸ ਨੇ ਕੇਵਲ ਆਪਣਾ ਸੱਜਾ ਹੱਥ ਵਿਖਾਇਆ (ਜਿਸ ਦੇ ਦੋ ਅੰਗੂਠੇ ਸਨ) ਅਤੇ ਬੁੱਲ੍ਹਾਂ ਉਤੇ ਉਂਗਲ ਰੱਖੀ। ਇਹ ਵੇਖਦੇ ਸੂਬੇਦਾਰ ਨੇ ਹੌਲੀ ਜਿਹੀ ਲੇਟ ਜਾਣ ਦਾ ਹੁਕਮ ਦਿੱਤਾ ਅਤੇ ਦੋਵੇਂ ਕੰਪਨੀਆਂ ਚੁੱਪ-ਚਾਪ ਲੇਟ ਗਈਆਂ ਤੇ ਘੇਸ ਮਾਰ ਲਈ। ਫਿਰ ਸੂਬੇਦਾਰ ਨੇ ਚੇਤ ਸਿੰਘ ਦਾ ਕਮਰਾ ਸੈਨਤ ਨਾਲ ਵਿਖਾਇਆ ਜਿਸ ਦਾ ਦਰਵਾਜ਼ਾ ਖੁੱਲ੍ਹਾ ਛੱਡ ਛੱਡਿਆ ਸੀ। ਧਿਆਨ ਸਿੰਘ ਆਪਣੇ ਸਾਥੀਆਂ ਸਣੇਂ ਅੱਪੜਦੇ ਸਾਰ ਹੀ ਅੰਦਰ ਜਾ ਵੜਿਆ। ਮਹਾਰਾਜਾ ਖੜਗ ਸਿੰਘ ਪਲੰਘ ਉਤੇ ਬੈਠਾ ਦਾਤਨ ਕਰ ਰਿਹਾ ਸੀ, ਪਾਸ ਦਾ ਪਲੰਘ ਜੋ ਚੇਤ ਸਿੰਘ ਦਾ ਸੀ, ਖਾਲੀ ਪਿਆ ਸੀ। ਜਦ ਪੁੱਛਿਆ ਕਿ ਉਹ ਕਿੱਥੇ ਹੈ? ਮਹਾਰਾਜਾ ਖੜਗ ਸਿੰਘ ਨੇ ਕੇਵਲ ਇਤਨਾ ਹੀ ਕਿਹਾ ਕਿ ਬੰਦੂਕ ਦੀ ਆਵਾਜ਼ ਸੁਣ ਕੇ ਉਹ ਬਾਹਰ ਚਲਿਆ ਗਿਆ ਹੈ।

SIKHBOOKCLUB.COM

ਡੋਗਰਿਆਂ ਦੇ ਚੇਹਰਿਆਂ ਉਤੇ ਕ੍ਰੋਧ ਭਰੀ ਮੁਸਕਰਾਹਟ ਜਿਹੀ ਵੇਖ ਕੇ ਮਹਾਰਾਜੇ ਨੇ ਕਹਿਆ ਕਿ ਚੇਤ ਸਿੰਘ ਦੀ ਜਾਨ ਬਖਸ਼ੀ ਕੀਤੀ ਜਾਵੇ ਅਤੇ ਬਹੁਤ ਹੀ ਜ਼ਿੱਦ ਕਰਦਾ, ਜੇਕਰ ਉਸ ਦਾ ਆਪਣਾ ਪੁੱਤਰ ਅਤੇ ਚਾਰ ਪੰਜ ਸਿੱਖ ਸਰਦਾਰ ਉਸ ਨੂੰ ਫੜ ਕੇ ਨਾ ਬਿਠਾਉਂਦੇ, ਜਦ ਕਿ ਅਸੀਂ ਚੇਤ ਸਿੰਘ ਨੂੰ ਲੱਭਣ ਲਈ ਅੱਗੇ ਵਧਣ ਲੱਗੇ ਸਾਂ। ਦੋ ਮਿਸਾਲਾਂ ਬਾਲੀਆਂ ਗਈਆਂ ਸਨ, ਸਾਨੂੰ ਉਮੀਦ ਸੀ ਖਾਬ-ਗਾਹ ਵਿਚ ਉਹ ਮਿਲ ਪਏਗਾ ਪਰ ਜਦ ਅਸੀਂ ਉਸ ਅੰਦਰ ਵੜੇ ਤਾਂ ਉਹ ਖਾਲੀ ਨਿਕਲਿਆ। ਲਾਲ ਸਿੰਘ ਨੇ ਆਖਿਆ ਕਿ ਇਕ ਨੁੱਕਰ ਵਿਚ ਤਲਵਾਰ ਦੀ ਲਿਸ਼ਕ ਦਾ ਝਾਉਲਾ ਪਿਆ ਹੈ, ਜਾਂ ਵੇਖਿਆ ਤਾਂ ਤਲਵਾਰ ਦੇ ਕਬਜ਼ੇ ਉਤੇ ਹੱਥ ਰੱਖੀ ਚੇਤ ਸਿੰਘ ਹੀ ਦੜਿਆ ਬੈਠਾ ਸੀ। ਜਦ ਧਿਆਨ ਸਿੰਘ ਨੇ ਵੇਖਿਆ ਤਾਂ ਉਸ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲਣ ਲੱਗ ਪਏ। ਗੁਲਾਬ ਸਿੰਘ ਨੇ ਅੱਗੇ ਵਧਣਾ ਚਾਹਿਆ ਇਸ ਕਰਕੇ ਧਿਆਨ ਸਿੰਘ ਜੋ ਕੱਦ ਦਾ ਛੋਟਾ ਹੈ, ਚੇਤ ਸਿੰਘ ਦੇ ਹੱਥੋਂ ਮਾਰਿਆ ਨਾ ਜਾਏ, ਪਰ ਧਿਆਨ ਸਿੰਘ ਨੇ ਭਰਾ ਨੂੰ ਧੱਕ ਕੇ ਪਿੱਛੇ ਹਟਾ ਦਿੱਤਾ ਅਤੇ ਹੱਥ ਵਿਚ ਖੰਜਰ ਲਈ, ਆਪਣੇ ਵੈਰੀ ਵੱਲ ਹੌਲੀ ਹੌਲੀ ਵਧਦਿਆਂ ਹੋਇਆਂ ਆਖਿਆ, "ਅੱਠ ਪਹਿਰ ਜੋ ਆਪ ਨੇ ਕਿਰਪਾ ਕਰ ਕੇ ਮੈਨੂੰ ਆਖੇ ਸਨ, ਅਜੇ ਪੂਰੇ ਨਹੀਂ ਹੋਏ।"

ਫੇਰ ਸ਼ੇਰ ਦੀ ਝਪਟ ਮਾਰ ਕੇ ਧਿਆਨ ਸਿੰਘ ਆਪਣੇ ਵੈਰੀ ਉਤੇ ਜਾ ਪਿਆ ਅਤੇ ਖੰਜਰ ਉਸ ਦੇ ਸੀਨੇ ਵਿਚ ਇਹ ਆਖਦਿਆਂ ਖੋਭ ਦਿੱਤਾ-'ਇਹ ਲੈ ਸਰਕਾਰ (ਮਹਾਰਾਜਾ ਰਣਜੀਤ ਸਿੰਘ ਜੀ) ਦੀ ਯਾਦਗਾਰ।' ਫਿਰ ਆਪਣੇ ਸਾਥੀਆਂ ਵੱਲ ਮੂੰਹ ਫੇਰਿਆ। ਉਸ ਦਾ ਮੱਥਾ ਮਤਲਬ ਸਿੱਧ ਹੋ ਜਾਣ ਦੇ ਕਾਰਣ ਚਮਕ ਰਿਹਾ ਸੀ, ਸਹਾਇਤਾ ਦੇ ਬਦਲੇ ਸਾਡਾ ਧੰਨਵਾਦ ਕੀਤਾ।

ਇਹ ਦੱਸਣ ਲਈ ਕਿ ਇਹ ਕੇਵਲ ਰਾਜਸੀ ਗੱਲ ਸੀ, ਪਹਿਲੋਂ ਅਸੀਂ ਮਹਾਰਾਜਾ ਖੜਗ ਸਿੰਘ, ਫੇਰ ਕੌਰ ਨੌਨਿਹਾਲ ਸਿੰਘ ਦੇ ਚਰਨਾਂ ਉਤੇ ਝੁਕੇ। ਮਹਾਰਾਜੇ ਦਾ ਗੁੱਸਾ ਠੱਲ੍ਹਿਆ ਨਹੀਂ ਸੀ ਜਾਂਦਾ, ਕੌਰ ਆਪਣੇ ਪਿਤਾ ਨੂੰ ਠੰਢਾ ਕਰਨ ਦੇ ਬੜੇ ਯਤਨ ਕਰ ਰਿਹਾ ਸੀ। ਮਹਾਰਾਣੀ, ਜ਼ਨਾਨਖਾਨੇ ਦੀਆਂ ਹੋਰ ਤ੍ਰੀਮਤਾਂ ਅਤੇ ਕੌਰ ਦੇ ਮਿੰਨਤਾਂ ਤਰਲੇ ਹਜ਼ਾਰ ਸਮਝੌਣੀਆਂ ਤੋਂ ਮਗਰੋਂ ਮਹਾਰਾਜੇ ਨੇ ਇਸ ਕੰਮ ਦੀ ਰਾਜਸੀ ਲੋੜ ਨੂੰ ਸਮਝਿਆ। ਰਾਤ ਦਾ ਕੰਮ-ਕਰ ਕੇ ਅਸੀਂ ਸਭੇ ਆਪੋ ਆਪਣੇ ਡੇਰਿਆਂ ਨੂੰ ਮੁੜੇ। ਚੇਤ ਸਿੰਘ ਦੇ ਮਰਨ ਕਰਕੇ ਸਾਰਿਆਂ ਦੇ ਮਨ ਹੌਲੇ ਫੁੱਲ ਹੋ ਗਏ, ਕਿਸੇ ਨੇ ਰਤਾ ਭਰ ਬੁਰਾ ਨਾ ਮੰਨਿਆਂ ਅਤੇ ਸਾਰੇ ਆਖਣ ਲੱਗ ਪਏ- 'ਹੁਣ ਕੰਮ ਚੰਗਾ ਤੁਰਿਆ ਜਾਊ।'

SIKHBOOKCLUB.COM

# ੩

# ਬਿਰਧਾਂ ਦੇ ਬਿਆਨ

## ਬਿਆਨਾਂ ਦੀ ਮਹਾਨਤਾ

ਸਿੱਖ-ਰਾਜ ਸਮੇਂ ਦੇ ਬਿਰਧ ਬਜ਼ੁਰਗ ਜਿਹੜੇ ਵੀਹਵੀਂ ਸਦੀ ਚੜ੍ਹਨ ਸਮੇਂ ੮੦-੯੦ ਸਾਲ ਤੋਂ ਵਡੇਰੀ ਆਯੂ ਦੇ ਸਨ ਅਤੇ ਜਿਹਨਾਂ ਨੇ ਸਿੱਖ ਰਾਜ ਸਮੇਂ ਜੁੱਧਾਂ ਜੰਗਾਂ ਵਿਚ ਆਪ ਹਿੱਸਾ ਲਿਆ ਸੀ, ਸਿੱਖ ਦਰਬਾਰ ਦੇ ਹਾਲ ਅੱਖੀਂ ਵੇਖੇ ਜਾਂ ਸੁਣੇ ਸਨ, ਉਹਨਾਂ ਦੇ ਬਿਆਨ ਕਿਤਨੇ ਬਹੁ-ਮੁੱਲੇ ਹਨ, ਇਸ ਗੱਲ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਜਦੋਂ ਸਰਦਾਰ ਕਰਮ ਸਿੰਘ ਨੂੰ ਇਹਨਾਂ ਬਿਰਧ ਬਜ਼ੁਰਗਾਂ ਦੇ ਬਿਆਨਾਂ ਦੇ ਮੁੱਲ ਦਾ ਅਹਿਸਾਸ ਹੋਇਆ ਅਤੇ ਕਈ ਬਿਰਧਾਂ ਦੇ ਅਕਾਲ ਚਲਾਣਾ ਕਰ ਜਾਣ ਦਾ ਦੁੱਖ ਮਹਿਸੂਸ ਹੋਇਆ ਤਾਂ ਆਪ ਖਾਲਸਾ ਕਾਲਜ ਬੀ. ਏ. ਦੀ ਪੜ੍ਹਾਈ ਵਿਚੇ ਛੱਡ ਕੇ ਇਹ ਬਿਆਨ ਇਕੱਤਰ ਕਰਨ ਲੱਗ ਪਏ ਸਨ। ਇਹ ਬਿਆਨ ਉਹਨਾਂ ਕਿਵੇਂ ਇਕੱਤਰ ਕੀਤੇ, ਉਹਨਾਂ ਦਾ ਆਪਣਾ ਲਿਖਿਆ ਲੇਖ ਇਸ ਗੱਲ ਉਤੇ ਬਹੁਤ ਚੰਗੀ ਰੌਸ਼ਨੀ ਪਾਉਂਦਾ ਹੈ।

ਇਹ ਬਿਰਧਾਂ ਦੇ ਬਹੁ-ਮੁੱਲੇ ਬਿਆਨ ਕੁਝ 'ਫੁਲਵਾੜੀ' ਦੇ ਇਤਿਹਾਸ ਨੰਬਰ ਵਿਚ ਦਰਜ ਕੀਤੇ ਤੇ ਕੁਝ ਮਗਰੋਂ ਭੇਜਦੇ ਰਹੇ। ਉਹ ਸਾਰੇ ਹੀ ਇਕੱਠੇ ਕਰ ਕੇ ਅੱਗੇ ਦਰਜ ਕੀਤੇ ਜਾ ਰਹੇ ਹਨ। ੧੦ ਸਤੰਬਰ ੧੯੩੦ ਨੂੰ ਆਪ ਦੇ ਅਕਾਲ ਚਲਾਣੇ ਮਗਰੋਂ ਕੁਝ ਬਿਆਨ ਆਪ ਦੇ ਸਪੁੱਤਰ ਸਰਦਾਰ ਰਣਬੀਰ ਸਿੰਘ ਜੀ ਨੇ ਫੁਲਵਾੜੀ ਵਿਚ ਛਪਣ ਲਈ ਘੱਲੇ ਸਨ। ਉਹ ਵੀ ਨਕਲ ਕਰ ਲਏ ਗਏ ਹਨ। ਪਰ ਸ਼ੋਕ ਹੈ ਕਿ ਆਪ ਦੇ ਕੁਝ ਇਕੱਤਰ ਕੀਤੇ ਬਿਆਨ ਜ਼ਾਇਆ ਵੀ ਹੋ ਗਏ ਹਨ। ਇਨ੍ਹਾਂ ਬਿਆਨਾਂ ਦਾ ਸਾਂਭਿਆ ਜਾਣਾ ਜ਼ਰੂਰੀ ਸਮਝ ਕੇ ਇਸ ਪੁਸਤਕ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਹਨ। *(ਸੰਪਾਦਕ)*

 www.sikhbookclub.com

## ੪

# ਕਿਨ੍ਹਾਂ ਬਿਰਧ ਪੁਰਸ਼ਾਂ ਤੋਂ ਬਿਆਨ ਲਏ ਗਏ[1]

ਸੰਨ ੧੯੦੫-੦੬ ਈਸਵੀ ਵਿਚ ਜਦ ਮੈਂ ਪਹਿਲਾਂ ਪਹਿਲ ਇਤਿਹਾਸਕ ਮਸਾਲਾ ਇਕੱਠਾ ਕਰਨ ਲਈ ਦੌਰਾ ਕਰਨ ਲੱਗਾ ਸਾਂ ਤਾਂ ਓਦੋਂ ਮੇਰਾ ਵਧੀਕ ਧਿਆਨ ਲਾਹੌਰ ਦਰਬਾਰ ਸੰਬੰਧੀ ਮਸਾਲਾ ਇਕੱਠਾ ਕਰਨ ਵੱਲ ਸੀ। ਓਦੋਂ ਮੈਂ ਹੋਰਸ ਪਾਸੇ ਵੱਲ ਬਹੁਤ ਘੱਟ ਧਿਆਨ ਦੇਂਦਾ ਸਾਂ। ਉਨ੍ਹੀਂ ਦਿਨੀਂ ਮੈਨੂੰ ਅਠਾਰਾਂ ਵੀਹ ਕੁ ਬਿਰਧ ਪੁਰਸ਼ ਐਸੇ ਵੀ ਮਿਲੇ ਸਨ, ਜਿਹਨਾਂ ਨੇ ਲਾਹੌਰ ਦਰਬਾਰ ਦੇ ਤਹਿਤ ਫੌਜੀ ਨੌਕਰੀਆਂ ਕੀਤੀਆਂ ਸਨ ਅਤੇ ਜੋ ਖਾਲਸਾ ਫੌਜ ਨਾਲ ਹੋ ਕੇ ਅੱਡ ਅੱਡ ਲੜਾਈਆਂ ਵਿਚ ਲੜੇ ਸਨ। ਉਸ ਸਮੇਂ ਮੈਂ ਉਹਨਾਂ ਦੇ ਬਿਆਨ ਲਿਖ ਲਏ ਸਨ।

ਇਹਨਾਂ ਬਿਆਨਾਂ ਵਿਚ ਮੈਂ ਕੇਵਲ ਓਹੋ ਗੱਲਾਂ ਲਿਖੀਆਂ ਸਨ, ਜੋ ਮੇਰੇ ਲਈ ਨਵੀਆਂ ਸਨ, ਜਿਨ੍ਹਾਂ ਗੱਲਾਂ ਦਾ ਮੈਨੂੰ ਪਤਾ ਸੀ, ਉਹ ਮੈਂ ਛੱਡ ਜਾਂਦਾ ਰਿਹਾ ਸਾਂ। ਨਮੂਨੇ ਮਾਤਰ ਅਜਿਹੇ ਬਿਰਧ ਪੁਰਸ਼ਾਂ ਦੇ ਕੁਝ ਕੁ ਬਿਆਨ ਮੈਂ ਅੱਗੇ ਦਿੱਤੇ ਹਨ। ਮੈਂ ਇੰਨ ਬਿੰਨ ਕੁਝ ਨਕਲ ਕਰ ਦਿੱਤਾ ਹੈ, ਜੋ ਕੁਝ ਮੈਨੂੰ ਦੱਸਿਆ ਗਿਆ ਸੀ। ਆਪਣੀ ਵੱਲੋਂ ਮੈਂ ਕਿਸੇ ਵੀ ਗੱਲ ਦਾ ਵਾਧਾ ਘਾਟਾ ਨਹੀਂ ਕੀਤਾ, ਇਹ ਜ਼ਰੂਰੀ ਨਹੀਂ ਕਿ ਇਹਨਾਂ ਬਿਆਨਾਂ ਵਿਚ ਦੱਸੀਆਂ ਸਾਰੀਆਂ ਗੱਲਾਂ ਸੱਚੀਆਂ ਹੋਣ, ਪਰ ਇਹ ਮੌਕੇ ਦੀਆਂ ਗਵਾਹੀਆਂ ਹਨ। ਇਸ ਲਈ ਇਹਨਾਂ ਨੂੰ ਸਤਿਕਾਰ ਨਾਲ ਵੇਖਣਾ ਚਾਹੀਦਾ ਹੈ।

ਇਹ ਬਿਆਨ ਇਸ ਕਰਕੇ ਵੀ ਧਿਆਨ ਯੋਗ ਹਨ ਕਿ ਇਹ ਉਸ ਸਮੇਂ ਤੋਂ ਸੱਠ ਪੈਂਹਠ ਸਾਲ ਪਹਿਲਾਂ ਦੇ ਹਾਲਾਂ ਸੰਬੰਧੀ ਹਨ। ਇਤਨੇ ਚਿਰ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਭੁੱਲ ਜਾਂਦੀਆਂ ਹਨ ਅਤੇ ਕੇਵਲ ਜ਼ਰੂਰੀ ਗੱਲਾਂ ਹੀ ਯਾਦ ਰਹਿ ਸਕਦੀਆਂ ਹਨ। ਇਤਨੇ ਚਿਰ ਵਿਚ ਕਿਸੇ ਧੜੇ ਦਾ ਪੱਖ-ਪਾਤ ਵੀ ਜਾਂਦਾ ਰਹਿੰਦਾ ਹੈ, ਇਸ ਲਈ ਅਸਲ ਗੱਲ ਵਿਚ ਵਾਧੇ ਘਾਟੇ ਜਾਂ ਚੰਗਾ ਮੰਦਾ ਰੰਗ ਦਿੱਤੇ ਜਾਣ ਦਾ ਕੋਈ ਡਰ ਨਹੀਂ ਰਹਿੰਦਾ। ਭਾਵੇਂ ਮੈਨੂੰ ਹਾਲ ਤਾਂ ਬੜੇ ਬੜੇ ਲੰਮੇ ਸੁਣਾਏ ਗਏ ਸਨ, ਪਰ ਮੈਂ ਨੋਟ ਉਹੋ ਕੀਤਾ ਸੀ ਜੋ ਮੇਰੇ ਲਈ ਨਵਾਂ ਸੀ। ਹੋ ਸਕਦਾ ਹੈ ਕਿ ਆਮ

---

*੧ ਰਸਾਲਾ ਫੁਲਵਾੜੀ, ਜਨਵਰੀ ੧੯੩੦ ਈ: ਪੰਨਾ ੧੮੧।*

 www.sikhbookclub.com

ਪਾਠਕਾਂ ਨੂੰ ਇਹ ਹਾਲ ਸੁਆਦਲੇ ਨਾ ਜਾਪਣ, ਕਿਉਂ ਜੋ ਇਹ ਨੋਟ ਜਿਹੇ ਹੀ ਹਨ, ਪਰ ਜੋ ਖੋਜੀ ਲਾਹੌਰ ਦਰਬਾਰ ਦੇ ਹਾਲ ਲਿਖਣ ਲੱਗੂ, ਉਸ ਲਈ ਇਹ ਬੜੇ ਗੁਣਕਾਰ ਸਿੱਧ ਹੋਣਗੇ।

ਇਹਨਾਂ ਬਿਰਧ ਪੁਰਸ਼ਾਂ ਵਿਚੋਂ ਇਕ ਸੱਜਣ ਉਹ ਸੀ, ਜੋ ਸਰਦਾਰ ਚੇਤ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਮਹਾਰਾਜਾ ਖੜਕ ਸਿੰਘ ਜੀ ਦੇ ਪਾਸ ਹਾਜ਼ਰ ਸੀ। ਇਕ ਸੱਜਣ ਉਹ ਸੀ, ਜੋ ਸੰਧਾਂਵਾਲੀਆਂ ਦਾ ਨੌਕਰ ਸੀ ਤੇ ਮਹਾਰਾਜਾ ਸ਼ੇਰ ਸਿੰਘ ਜੀ ਦੇ ਕਤਲ ਕੀਤੇ ਜਾਣ ਸਮੇਂ ਹਾਜ਼ਰ ਸੀ। ਇਕ ਸੱਜਣ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਸਮੇਂ ਖਾਲਸਾ ਫੌਜ ਦੇ ਨਾਲ ਸੀ। ਇਕ ਸੱਜਣ ਮਹਾਰਾਜਾ ਦਲੀਪ ਸਿੰਘ ਦਾ ਅੜਦਲੀ ਸੀ ਤੇ ਉਸ ਸਮੇਂ ਸਰਦਾਰ ਜਵਾਹਰ ਸਿੰਘ ਦੇ ਨਾਲ ਗਿਆ ਸੀ, ਜਦ ਕੁਰਟਾ ਵਾਲੀਆਂ ਪਲਟਣਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਕਤਲ ਕੀਤਾ ਸੀ। ਇਕ ਸੱਜਣ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਸਮੇਂ ਖਾਲਸਾ ਫੌਜ ਦੇ ਨਾਲ ਸੀ। ਇਕ ਸੱਜਣ ਮਹਾਰਾਜਾ ਦਲੀਪ ਸਿੰਘ ਦਾ ਅੜਦਲੀ ਸੀ ਤੇ ਉਸ ਸਮੇਂ ਸਰਦਾਰ ਜਵਾਹਰ ਸਿੰਘ ਦੇ ਨਾਲ ਗਿਆ ਸੀ, ਜਦ ਕੁਰਟਾ ਵਾਲੀਆਂ ਪਲਟਣਾਂ ਨੇ ਸਰਦਾਰ ਜਵਾਹਰ ਸਿੰਘ ਦਾ ਕਤਲ ਕੀਤਾ ਸੀ। ਇਕ ਸੱਜਣ ਉਹ ਸੀ, ਜੋ ਖੱਖਿਆਂ ਬੰਬਿਆਂ ਦੀ ਬਗਾਵਤ ਸਮੇਂ ਘੋੜੀ ਦੇ ਕਿਲ੍ਹੇ ਵਿਚੋਂ ਮੁਸਲਮਾਨਾਂ ਦੇ ਕਾਬੂ ਆ ਗਿਆ ਸੀ ਤੇ ਜੋ ਤਸੀਹੇ ਸਹਾਰ ਕੇ ਵੀ ਆਪਣੇ ਧਰਮ ਉਤੇ ਕਾਇਮ ਰਿਹਾ ਸੀ। ਅੱਡ ਅੱਡ ਲੜਾਈਆਂ ਵਿਚ ਹਿੱਸਾ ਲੈਣ ਵਾਲੇ ਤਾਂ ਕਈ ਬਿਰਧ ਪੁਰਸ਼ ਸਨ। ਇਕ ਬਿਰਧ ਪੁਰਸ਼ ਮੈਨੂੰ ਐਸਾ ਵੀ ਮਿਲਿਆ ਸੀ, ਜੋ ਲੁਹਾਮਾ (ਮੁਦਕੀ), ਫੇਰੂ ਸ਼ਹਿਰ, ਸਭਰਾਵਾਂ, ਰਾਮ ਨਗਰ, ਮੌਗ ਰਸੂਲ (ਚੇਲੀਆਂ ਵਾਲੀ) ਤੇ ਗੁਜਰਾਤ ਦੀਆਂ ਲੜਾਈਆਂ ਵਿਚ ਲੜਿਆ ਸੀ।

ਮੇਰੀ ਮਨਸ਼ਾ ਸੀ, ਕਿ ਇਹਨਾਂ ਸਾਰੇ ਬਿਰਧ ਪੁਰਸ਼ਾਂ ਦੇ ਬਿਆਨ ਮੈਂ ਇਸ ਪਰਚੇ ਵਿਚ ਦੇ ਦੇਂਦਾ, ਪਰ ਸਫਿਆਂ ਦੀ ਥੁੜ ਕਰਕੇ ਮੈਂ ਅਜਿਹਾ ਨਹੀਂ ਕਰ ਸਕਿਆ। ਮੈਂ ਕੇਵਲ ਨਮੂਨੇ ਮਾਤਰ ਹੀ ਕੁਝ ਬਿਆਨ ਦੇ ਸਕਿਆ ਹਾਂ ਅਤੇ ਉਹ ਵੀ ਕੇਵਲ ਉਹ, ਜਿਹਨਾਂ ਦਾ ਰੋਜ਼-ਨਾਮਚਿਆਂ ਤੇ ਪੁਰਾਣੇ ਕਾਗਜ਼ਾਂ ਤੋਂ ਦਿੱਤੇ ਹਾਲਾਂ ਨਾਲ ਕੁਝ ਕੁਝ ਸੰਬੰਧ ਸੀ।

**(ਕਰਮ ਸਿੰਘ)**

 www.sikhbookclub.com

# ੫

## ਮੇਰਾ ਪਹਿਲਾ ਜਤਨ¹

ਪੰਜਾਬ ਵਿਚ ਪਹਿਲੀ ਪਲੇਗ ਪਈ ਤੇ ਲੋਕੀਂ ਮੱਖੀਆਂ ਵਾਂਗ ਮਰਨ ਲੱਗੇ। ਓਦੋਂ ਹੀ ਮੈਨੂੰ ਸਿੱਖ ਇਤਿਹਾਸ ਦਾ ਮਸਾਲਾ ਇਕੱਠਾ ਕਰਨ ਦੀ ਚੇਟਕ ਲੱਗੀ ਸੀ। ਪੁਰਾਣੇ ਪੁਰਾਣੇ ਆਦਮੀ ਮਰਦੇ ਜਾ ਰਹੇ ਸਨ ਅਤੇ ਮੈਂ ਵੇਖਦਾ ਸਾਂ ਕਿ ਇਹਨਾਂ ਬਿਰਧ ਪੁਰਸ਼ਾਂ ਦੇ ਨਾਲ ਸਾਡਾ ਜ਼ਰੂਰੀ ਇਤਿਹਾਸਕ ਮਸਾਲਾ ਵੀ ਅਲੋਪ ਹੁੰਦਾ ਜਾਂਦਾ ਹੈ। ਮੈਂ ਆਪਣੀ ਬੀ. ਏ. ਦੀ ਪੜ੍ਹਾਈ ਛੱਡੀ ਤੇ ਬਿਰਧ ਪੁਰਸ਼ਾਂ ਨੂੰ ਟੋਲ ਟੋਲ ਕੇ ਪੁਰਾਣੇ ਹਾਲ ਜਮ੍ਹਾਂ ਕਰਨ ਲੱਗ ਪਿਆ। ਸਤਿਗੁਰੂ ਜੀ ਦੀ ਕਿਰਪਾ ਸੀ, ਮੈਨੂੰ ਚੰਗੀ ਸਫਲਤਾ ਹੋਈ ਤੇ ਸੋਹਣਾ ਮਸਾਲਾ ਇਕੱਠਾ ਹੋ ਗਿਆ।

SIKHBOOKCLUB.COM

ਉਨ੍ਹੀਂ ਦਿਨੀਂ ਮੈਨੂੰ ਪਤਾ ਲੱਗਾ ਕਿ ਕਾਦਰਾਬਾਦ (ਜ਼ਿਲ੍ਹਾ ਗੁਜਰਾਤ) ਦਾ ਇਕ ਆਦਮੀ, ਰਾਜਾ ਸ਼ੇਰ ਸਿੰਘ ਦੇ ਡੇਰੇ ਵਿਚ ਹਾਜ਼ਰ ਸੀ। ਜਦ ਰਾਜਾ ਸ਼ੇਰ ਸਿੰਘ ਕਾਦਰਬਾਬਾਦ ਆ ਕੇ ਉਤਰਿਆ ਹੋਇਆ ਸੀ ਉਨ੍ਹੀਂ ਦਿਨੀਂ ਗੁਜਰਾਤ ਦੇ ਜ਼ਿਲ੍ਹੇ ਵਿਚ ਪਲੇਗ ਜ਼ੋਰਾਂ ਉਤੇ ਸੀ। ਮੈਂ ਕਾਦਰਾਬਾਦ ਪੁੱਜਾ, ਜੋ ਪਲੇਗ ਨਾਲ ਉੱਜੜ ਚੁੱਕਾ ਸੀ। ਲੋਕੀਂ ਪਿੰਡ ਛੱਡ ਕੇ ਨੱਸ ਗਏ ਸਨ ਤੇ ਰਾਹੀ ਪਾਂਧੀ ਕਹਿੰਦੇ ਸਨ ਕਿ ਕਾਦਰਾਬਾਦ ਨਾ ਜਾਵੀਂ, ਮਰ ਜਾਵੇਂਗਾ, ਪਰ ਮੈਨੂੰ ਬੁੱਢੇ ਦੀ ਖਿੱਚ ਸੀ, ਮੈਂ ਪੁੱਛਦਾ ਪੁਛਾਉਂਦਾ ਉਸ ਪਾਸ ਪੁੱਜਾ। ਉਹ ਇਕ ਖੂਹ ਉਤੇ ਉਤਰਿਆ ਹੋਇਆ ਸੀ ਤੇ ਪਲੇਗ ਨਾਲ ਬੀਮਾਰ ਸੀ। ਉਹ ਵਿਚਾਰਾ ਆਖਰੀ ਦਮਾਂ ਉਤੇ ਸੀ, ਪਰ ਮੇਰਾ ਜਤਨ ਇਹ ਸੀ ਕਿ ਉਸ ਦੀ ਰਤਾ ਕੁ ਸੁਰਤ ਸੰਭਲੇ ਤਾਂ ਮੈਂ ਦੋ ਗੱਲਾਂ ਹੀ ਕਰ ਲਵਾਂ। ਘਰ ਵਾਲੇ ਵੀ ਮੇਰੇ ਨਾਲ ਹਮਦਰਦੀ ਕਰਦੇ ਸਨ ਕਿ ਮੈਂ ਐਡੀ ਦੂਰੋਂ ਚੱਲ ਕੇ ਉਹਨਾਂ ਦੇ ਵੱਡ-ਵਡੇਰੇ ਨੂੰ ਮਿਲਣ ਆਇਆ ਸਾਂ, ਪਰ ਮੇਰੀ ਮਿਹਨਤ ਅਸਫਲ ਗਈ ਤੇ ਉਹ ਬੁੱਢਾ ਮਰ ਗਿਆ।

ਮੈਂ ਸੁਣਿਆ ਕਿ ਗੁੱਜਰਾਂ ਵਾਲੇ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਬਿਰਧ ਪੁਰਸ਼ ਹੈ, ਜੋ ਮਹਾਰਾਜਾ ਖੜਕ ਸਿੰਘ ਜੀ ਦਾ ਗੜਵਈ ਸੀ। ਜਦ ਮੈਂ ਉਥੇ ਪੁੱਜਾ ਤਾਂ ਉਸੇ

---

*੧ ਰਸਾਲਾ ਫੁਲਵਾੜੀ ਜਨਵਰੀ ੧੯੩੦, ਇਤਿਹਾਸ ਨੰਬਰ।*

 www.sikhbookclub.com

ਰਾਤ ਉਸ ਦਾ ਘਰ-ਜਵਾਈ ਮਰ ਗਿਆ ਸੀ। ਵਿਚਾਰੇ ਦਾ ਪੁੱਤਰ ਕੋਈ ਨਹੀਂ ਸੀ, ਇਕੋ ਧੀ ਹੀ ਸੀ, ਵਿਧਵਾ ਹੋ ਗਈ। ਪਿਛਲੀ ਉਮਰੇ ਇਹ ਸੱਟ, ਵਿਚਾਰੇ ਨੂੰ ਗਸ਼ਾਂ ਪੈ ਪੈ ਜਾਂਦੀਆਂ ਸਨ, ਪਰ ਮੇਰੀ ਇੱਛਾ ਇਹ ਸੀ ਕਿ ਉਹ ਮੇਰੇ ਨਾਲ ਦੋ ਗੱਲਾਂ ਹੀ ਕਰ ਲਵੇ। ਮੈਂ ਢੀਠ ਹੋ ਕੇ ਤੇ ਉਸ ਦੀ ਮੁਸੀਬਤ ਦਾ ਖਿਆਲ ਨਾ ਕਰ ਕੇ ਉਸ ਪਾਸੋਂ ਇਕ ਗੱਲ ਪੁੱਛ ਹੀ ਬੈਠਾ। ਉਹ ਤਾਂ ਨਾ ਬੋਲਿਆ, ਪਰ ਉਸ ਦੇ ਰਿਸ਼ਤੇਦਾਰਾਂ ਨੇ ਮੈਨੂੰ ਬਾਹੋਂ ਫੜ ਕੇ ਪਰ੍ਹੇ ਵਿਚੋਂ ਉਠਾ ਦਿੱਤਾ।

ਇਥੇ ਤਾਂ ਇਤਨੇ ਨਾਲ ਹੀ ਸੁਖ ਵਰਤੀ। ਮੈਂ ਜਦ ਚੇਲਿਆਂ ਵਾਲੀ ਗਿਆ ਤਾਂ ਓਦੋਂ ਪਲੇਗ ਦੇ ਜ਼ੋਰ ਕਾਰਨ ਬਿਗਾਨੇ ਆਦਮੀ ਨੂੰ ਪਿੰਡ ਵਿਚ ਨਹੀਂ ਵੜਨ ਦੇਂਦੇ ਸਨ, ਕਿ ਮਤਾਂ ਕਿਧਰੋਂ ਪਲੇਗ ਦੇ ਕੀੜੇ ਨਾ ਆ ਜਾਣ। ਸੰਝ ਹੋ ਗਈ ਸੀ, ਜਦ ਮੈਂ ਚੇਲੀਆਂ ਵਾਲੀ ਅੱਪੜਿਆ, ਇਕ ਥਾਂ ਕੁਝ ਆਦਮੀ ਬੈਠੇ ਸਨ, ਮੈਂ ਆਪਣੀਆਂ ਗੱਲਾਂ ਛੋਹ ਦਿੱਤੀਆਂ।

ਉਹਨਾਂ ਵਿਚੋਂ ਇਕ ਸਿਆਣੇ ਨੇ ਮੈਨੂੰ ਚੁੱਪ ਕਰਾ ਕੇ ਕਿਹਾ, ਤੂੰ ਆਇਆ ਕਿੱਥੋਂ ਹੈਂ? ਮੈਂ ਕਹਿਆ, "ਅੰਮ੍ਰਿਤਸਰੋਂ।" ਪਾਸੋਂ ਇਕ ਨੇ ਕਹਿਆ, ਕਿ ਉਥੇ ਤਾਂ ਪਲੇਗ ਹੈ। ਦੂਜੇ ਨੇ ਕਿਹਾ, ਇਸ ਨੂੰ ਪਿੰਡੋਂ ਬਾਹਰ ਕੱਢੋ। ਰੌਲਾ ਪੈ ਗਿਆ। ਮੈਂ ਸੁਣਿਆ ਹੋਇਆ ਸੀ ਕਿ ਇਹ ਚੋਰਾਂ ਦਾ ਪਿੰਡ ਹੈ। ਮੈਂ ਜਾਣਿਆਂ ਇਹ ਮੈਨੂੰ ਲੁੱਟਣ ਦੀਆਂ ਤਦਬੀਰਾਂ ਹਨ। ਹੁਣ ਮੈਂ ਹਨੇਰੇ ਹੋਏ ਕਿਧਰ ਜਾਵਾਂ? ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਮੈਂ ਉੱਠ ਕੇ ਇਕ ਹਿੰਦੂ ਪਾਸੋਂ ਪੁੱਛਿਆ ਤੇ ਧਰਮਸਾਲਾ ਜਾ ਵੜਿਆ ਤੇ ਭਾਈ ਜੀ ਨੂੰ ਸਾਰੀ ਗੱਲ ਜਾ ਸੁਣਾਈ। ਉਹਨਾਂ ਕਹਿਆ, ਕਿ ਜੇ ਤੁਸੀਂ ਹੁਣ ਪਿੰਡੋਂ ਬਾਹਰ ਗਏ ਤਾਂ ਜ਼ਰੂਰ ਲੁੱਟੇ ਜਾਵੋਗੇ, ਇਥੇ ਹੀ ਲੁਕੇ ਰਹੋ।

ਇਤਨੇ ਚਿਰ ਨੂੰ ਪਿੰਡ ਦੇ ਆਦਮੀ ਰੌਲਾ ਪਾਉਂਦੇ ਧਰਮਸਾਲਾ ਵੱਲ ਆਉਂਦੇ ਮਾਲੂਮ ਹੋਏ। ਭਾਈ ਜੀ ਨੇ ਮੈਨੂੰ ਪਾਥੀਆਂ ਵਾਲੀ ਬੁਖਾਰਚੀ ਵਿਚ ਲੁਕਾ ਦਿੱਤਾ ਤੇ ਜਦ ਮੁਸਲਮਾਨ ਆਏ ਤਾਂ ਕਹਿ ਦਿੱਤਾ ਕਿ ਇਕ ਮੁਸਾਫਰ ਆਇਆ ਸੀ, ਅਸਾਂ ਰਹਿਣ ਨਹੀਂ ਦਿੱਤਾ ਕਿ ਭਾਈ, ਪਲੇਗ ਦਾ ਡਰ ਹੈ। ਪਰ ਮੁਸਲਮਾਨਾਂ ਨੂੰ ਇਸ ਗੱਲ ਦਾ ਨਿਸਚਾ ਨਾ ਆਇਆ ਤੇ ਉਹ ਤਲਾਸ਼ੀ ਲੈਣ ਲੱਗ ਪਏ। ਭਾਈ ਜੀ ਨੇ ਅਕਲ ਕੀਤੀ ਸੀ ਕਿ ਪਾਥੀਆਂ ਵਾਲੀ ਬੁਖਾਰਚੀ ਅੱਗੇ ਛਾਪੇ ਦੇ ਛੱਡੇ ਸਨ। ਸੁ ਕਿਸੇ ਨੇ ਮੈਨੂੰ ਨਾ ਵੇਖਿਆ ਤੇ ਰੌਲਾ ਗੌਲਾ ਕਰ ਕੇ ਉਹ ਅੱਧੇ ਕੁ ਘੰਟੇ ਮਗਰੋਂ ਮੁੜ ਗਏ।

ਜਦ ਠੰਢ ਠੰਢੋਰਾ ਹੋ ਗਿਆ ਤਾਂ ਭਾਈ ਜੀ ਨੇ ਮੈਨੂੰ ਉਸ ਕਾਲ-ਕੋਠੜੀ ਵਿਚੋਂ ਕੱਢਿਆ। ਗਰਮੀਆਂ ਦੇ ਦਿਨ ਸਨ, ਘੰਟੇ ਡੇਢ ਘੰਟੇ ਦੇ ਹੁੱਸੜ ਨੇ ਧੰਦਾ ਕਰ

ਛੱਡਿਆ ਸੀ। ਮੈਂ ਸਾਰੀ ਰਾਤ ਧਰਮਸਾਲਾ ਦੀ ਇਕ ਕੋਠੜੀ ਵਿਚ ਹੀ ਰਿਹਾ ਅਤੇ ਜਦ ਪਹਿਰ ਕੁ ਰਾਤ ਰਹੀ ਤਾਂ ਚੇਲੀਆਂ ਵਾਲੀਓਂ ਮੌਂਗ ਰਸੂਲ ਦੇ ਰਾਹ ਪਿਆ।

ਮੈਨੂੰ ਅੱਜ ਤੀਕ ਅਫਸੋਸ ਹੈ ਕਿ ਆਪਣੀ ਸੁਸਤੀ ਦੇ ਕਾਰਨ ਮੈਂ ਇਕ ਬਿਰਧ ਪੁਰਸ਼ ਦੀਆਂ ਗੱਲਾਂ ਤੋਂ ਲਾਭ ਨਾ ਉਠਾ ਸਕਿਆ। ਇਹ ਬਾਬਾ ਸਰਕਾਰ ਪਟਿਆਲਾ ਦੇ ਇਕ ਪਿੰਡ ਦਾ ਰਹਿਣ ਵਾਲਾ ਤੇ ਸਵਾ ਕੁ ਸੌ ਵਰ੍ਹੇ ਦੀ ਉਮਰ ਦਾ ਸੀ ਅਤੇ ਇਸ ਦਾ ਚੇਤਾ ਵੀ ਬੜਾ ਸੋਹਣਾ ਸੀ। ਮੈਂ ਇਸ ਨੂੰ ਮਿਲਿਆ ਅਤੇ ਗੱਲਾਂ ਪੁੱਛੀਆਂ। ਇਹ ਪੁਰਾਣੇ ਸਮਿਆਂ ਦੀਆਂ ਗੱਲਾਂ ਦੱਸਦਾ ਸੀ ਕਿ ਜਦ ਖਾਲਸਾ ਦਲ ਸਰਕਾਰ ਪਟਿਆਲਾ ਪਾਸੋਂ ਨਜ਼ਰਾਨੇ ਲਿਆ ਕਰਦਾ ਸੀ ਤੇ ਜਦ ਨਜ਼ਰਾਨੇ ਵਿਚ ਢਿੱਲ ਹੁੰਦੀ ਸੀ ਤਾਂ ਆ ਕੇ ਪਿੰਡਾਂ ਨੂੰ ਉਗਰਾਉਣ ਲੱਗ ਪੈਂਦਾ ਸੀ।

ਉਸ ਸਮੇਂ ਮੈਂ ਇਕ ਹੋਰਸ ਜ਼ਰੂਰੀ ਕੰਮ ਲਈ ਅੱਗੇ ਨੂੰ ਜਾ ਰਿਹਾ ਸਾਂ, ਸੁ ਸੋਚਿਆ ਕਿ ਇਸ ਬਾਬੇ ਦੇ ਹਾਲ ਬੜੇ ਪੁਰਾਣੇ ਤੇ ਜ਼ਰੂਰੀ ਹਨ, ਸੋ ਅੱਗੋਂ ਵੇਹਲਾ ਹੋ ਕੇ ਫੇਰ ਆ ਕੇ ਲਿਖਾਂਗਾ। ਸੰਜੋਗ ਐਸਾ ਹੋਇਆ ਕਿ ਮੈਂ ਅੱਗੇ ਦਾ ਅੱਗੇ ਅੱਗੇ ਹੀ ਹੋ ਤੁਰਿਆ ਗਿਆ ਤੇ ਪਿੱਛੇ ਮੁੜਨ ਦਾ ਅਵਸਰ ਹੀ ਨਾ ਮਿਲਿਆ। ਮਹੀਨੇ ਕੁ ਮਗਰੋਂ ਜਦ ਮੈਂ ਮੁੜ ਕੇ ਆਇਆ ਤਾਂ ਉਹ ਬਾਬਾ ਮਰਨ ਕਿਨਾਰੇ ਪਿਆ ਸੀ। ਦਸਤ ਲੱਗੇ ਹੋਏ ਸਨ ਤੇ ਉਹ ਬੇ-ਸੁੱਧ ਸੀ। ਮੇਰੇ ਵੇਖਦਿਆਂ ਵੇਖਦਿਆਂ ਹੀ ਉਹ ਮਰ ਗਿਆ ਅਤੇ ਮੇਰੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਇਸ ਬਿਰਧ ਬਾਬੇ ਦਾ ਮੈਨੂੰ ਅੱਜ ਤੀਕ ਅਫਸੋਸ ਹੈ।

ਗੱਲ ਕੀ, ਇਸ ਤਰ੍ਹਾਂ ਪੁੱਛ ਪੁੱਛ ਕੇ ਤੇ ਪੁਰਾਣੇ ਕਾਗਜ਼, ਰੋਜ਼ਨਾਮਚੇ ਇਕੱਠੇ ਕਰ ਕੇ ਮੈਂ ਲਾਹੌਰ ਦਰਬਾਰ ਸੰਬੰਧੀ ਇਤਨਾ ਮਸਾਲਾ ਇਕੱਠਾ ਕਰ ਲਿਆ ਕਿ ਮੇਰਾ ਮਨ ਰੱਜ ਗਿਆ। ਇਹ ਸਾਰਾ ਮਸਾਲਾ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿਛੋਂ ਦੇ ਸਮੇਂ ਦਾ ਸੀ ਅਤੇ ਮੇਰੀ ਇਹੋ ਚਾਹ ਸੀ ਕਿ 'ਲਾਹੌਰ ਦਰਬਾਰ ਦੇ ਆਖਰੀ ਦਿਨ' ਨਾਮੇ ਪੁਸਤਕ ਪੂਰੀ ਕਰ ਕੇ ਫੇਰ ਕਿਸੇ ਹੋਰਸ ਕੰਮ ਨੂੰ ਹੱਥ ਲਾਵਾਂਗਾ। ਓਦੋਂ ਹੀ ਮੈਂ ਵੇਖਿਆ ਕਿ ਸਾਡੇ ਇਤਿਹਾਸ ਦਾ ਗੱਭਲਾ ਸਮਾਂ ਬੜੀ ਹੀ ਔਝੜ ਦਸ਼ਾ ਵਿਚ ਪਿਆ ਹੈ।

ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਲੈ ਕੇ ਅੰਗਰੇਜ਼ਾਂ ਦੇ ਦਿੱਲੀ ਆਉਣ ਤੀਕ ਇਕ ਸੌ ਸਾਲ ਦਾ ਸਮਾਂ ਅਜਿਹਾ ਸਮਾਂ ਹੈ, ਜਿਸ ਨੂੰ ਸਾਡੇ ਇਤਿਹਾਸਾਂ ਵਿਚ ਚੰਗੀ ਤਰ੍ਹਾਂ ਵਰਣਨ ਨਹੀਂ ਕੀਤਾ ਹੋਇਆ ਤੇ ਜਿਸ ਨੂੰ ਸੁਲਝਾਉਣ ਲਈ ਬੜੀ ਮਿਹਨਤ, ਧੀਰਜ ਤੇ ਸਮਕਾਲੀ ਇਤਿਹਾਸਾਂ ਦੇ ਵਾਚਣ ਦੀ ਲੋੜ ਹੈ। ਮੇਰੇ ਮਨ ਨੇ ਕਹਿਆ ਕਿ ਲਾਹੌਰ ਦਰਬਾਰ ਸੰਬੰਧੀ ਤਾਂ ਸਭ ਕੁਝ ਤਿਆਰ ਹੀ

 www.sikhbookclub.com

ਤਿਆਰ ਹੈ, ਜਦ ਦਿਲ ਕੀਤਾ ਇਹ ਹਾਲ ਲਿਖ ਲਵਾਂਗਾ, ਜਾਂ ਜੇ ਮੈਂ ਆਪ ਨਾ ਲਿਖ ਸਕਿਆ ਤਾਂ ਕੋਈ ਹੋਰ ਹੀ ਲਿਖ ਲਵੇਗਾ, ਪਰ ਸਿੱਖ ਇਤਿਹਾਸ ਦੇ ਜਿਸ ਸਮੇਂ ਵੱਲ ਬਹੁਤ ਥੋਹੜੇ ਆਦਮੀਆਂ ਨੇ ਧਿਆਨ ਦਿੱਤਾ ਹੈ ਅਤੇ ਅੱਗੇ ਨੂੰ ਵੀ ਜਿਸ ਸਮੇਂ ਵੱਲ ਬਹੁਤ ਥੋੜ੍ਹੇ ਵਿਦਵਾਨਾਂ ਨੇ ਧਿਆਨ ਦੇਣਾ ਹੈ, ਉਸ ਨੂੰ ਸਿਰੇ ਚੜ੍ਹਾਉਣ ਦਾ ਜਤਨ ਕੀਤਾ ਜਾਵੇ।

ਇਹੋ ਕਾਰਨ ਸੀ ਕਿ ਮੈਂ ਇਤਨਾ ਮਸਾਲਾ ਹੁੰਦਿਆਂ ਸੁੰਦਿਆਂ 'ਲਾਹੌਰ ਦਰਬਾਰ ਦੇ ਅੰਤਲੇ ਦਿਨ' ਨਾਮੇ ਪੁਸਤਕ ਨੂੰ ਲਿਖ ਨਾ ਸਕਿਆ ਅਤੇ ਸੰਜੋਗ ਦੀ ਗੱਲ ਹੈ ਕਿ ਮੇਰੀ ਰੁਚੀ ਅਜੇ ਤੀਕ ਇਸ ਕੰਮ ਵੱਲ ਨਹੀਂ ਲੱਗੀ। ਮੇਰਾ ਬਹੁਤਾ ਧਿਆਨ ਆਪਣੇ ਇਤਿਹਾਸ ਦੇ ਉਸੇ ਉਲਝੇ ਹੋਏ ਸਮੇਂ ਨੂੰ ਸੁਲਝਾਉਣ ਵੱਲ ਲੱਗਾ ਹੋਇਆ ਹੈ, ਜਿਸ ਬਾਬਤ ਮੈਂ ਪਿੱਛੇ ਦੱਸ ਚੁਕਾ ਹਾਂ। ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ ਕਿ ਮੈਂ ਇਸ ਔਝੜ ਰਾਹ ਨੂੰ ਬਹੁਤ ਕੁਝ ਸਾਫ ਕਰ ਲਿਆ ਹੈ ਅਤੇ ਛੇਤੀ ਹੀ ਉਸ ਸੌ ਸਾਲ ਦੇ ਸਿਲਸਿਲੇ ਵਾਰ ਰਾਹ ਪੰਥ ਦੇ ਪੇਸ਼ ਕਰ ਦੇਵਾਂਗਾ।

ਲਾਹੌਰ ਦਰਬਾਰ ਸੰਬੰਧੀ ਤਾਂ ਮਸਾਲੇ ਦਾ ਹੜ੍ਹ ਆਇਆ ਹੋਇਆ ਹੈ, ਪਰ ਪਿੱਛੇ ਦੱਸੇ ਸੌ ਸਾਲ ਸੰਬੰਧੀ ਮਸਾਲਾ ਬੜਾ ਹੀ ਥੋਹੜਾ ਮਿਲਦਾ ਹੈ। ਉਹ ਵੀ ਟੁੱਟਵਾਂ ਟੁੱਟਵਾਂ ਭੋਰਾ ਕੁ ਕਿਤੋਂ, ਮਾਸਾ ਕੁ ਕਿਤੋਂ। ਵੱਡੀ ਔਕੜ ਇਸ ਮਸਾਲੇ ਨੂੰ ਥਾਂ ਸਿਰ ਰੱਖਣ ਦੀ ਹੈ। ਪਰ ਚਿਰਾਂ ਦੇ ਅਭਿਆਸ ਤੇ ਸਮਕਾਲੀ ਮੁਸਲਮਾਨੀ ਇਤਿਹਾਸਾਂ ਦੀ ਸਹਾਇਤਾ ਨਾਲ ਇਹ ਅਟਕਾਂ ਵੀ ਸਾਫ ਹੋ ਗਈਆਂ ਹਨ। ਮੈਂ ਇਸ ਸਮੇਂ ਦੀਆਂ ਵੀ ਕੁਝ ਕੁ ਵੰਨਗੀਆਂ ਦੇਣਾ ਚਾਹੁੰਦਾ ਸਾਂ, ਪਰ ਲਾਹੌਰ ਦਰਬਾਰ ਵੱਲ ਵਧੇਰੇ ਧਿਆਨ ਹੋਣ ਕਰਕੇ ਸਿੱਖ ਇਤਿਹਾਸ ਦੇ ਹੋਰਸ ਕਿਸੇ ਸਮੇਂ ਦੀ ਵੰਨਗੀ ਨਹੀਂ ਦਿੱਤੀ ਜਾ ਸਕੀ।

SIKHBOOKCLUB.COM

 www.sikhbookclub.com

# ੬

## ਬਿਰਧਾਂ ਦੇ ਬਿਆਨ ਨੰਬਰ : ੧

ਪਿੱਛੇ ਜ਼ਿਕਰ ਕੀਤਾ ਗਿਆ ਸੀ ਕਿ ੧੯੦੫ ਵਿਚ ਮੈਂ ਕਾਲਜ ਛੱਡ ਕੇ ਬਿਰਧਾਂ ਦੇ ਬਿਆਨ ਲਿਖਣ ਲਈ ਨਿਕਲ ਤੁਰਿਆ ਸਾਂ। ਕਈ ਬਿਰਧ ਬਾਬੇ ਤਾਂ ਮੈਨੂੰ ਮਿਲ ਨਾ ਸਕੇ, ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ, ਪਰ ਬਹੁਤ ਸਾਰੇ ਮਿਲੇ, ਜਿਨ੍ਹਾਂ ਤੋਂ ਨਿਹਾਇਤ ਬਹੁ-ਮੁੱਲੀ ਵਾਕਫੀ ਪ੍ਰਾਪਤ ਹੋਈ। ਇਹ ਬਿਆਨ ਬੜੀ ਮਿਹਨਤ ਨਾਲ ਇਕੱਠੇ ਕੀਤੇ ਗਏ ਹਨ ਤੇ ਬੜੇ ਸੁਆਦਲੇ, ਵਾਕਫੀ ਨਾਲ ਭਰੇ ਹੋਏ ਹਨ। ਨਮੂਨੇ ਮਾਤਰ ਕੁਝ ਅੱਗੇ ਦਿੱਤੇ ਜਾਂਦੇ ਹਨ। ਆਸ ਹੈ ਪਾਠਕ ਜਨ ਇਹਨਾਂ ਨੂੰ ਪੜ੍ਹ ਕੇ ਜ਼ਰੂਰ ਲਾਭ ਉਠਾਉਣਗੇ।

SIKHBOOKCLUB.COM

### ਬਾਬਾ ਨਰੈਣ ਸਿੰਘ ਜੀ ਦਾ ਬਿਆਨ

ਬਾਬੇ ਹੁਰੀਂ ਤਰਨ ਤਾਰਨ ਦੇ ਸਨ। ਮਹਾਰਾਜਾ ਦਲੀਪ ਸਿੰਘ ਦੇ ਅੜਦਲੀ ਸਨ। ਪਹਿਲਾਂ ਬਾਨੀਸਰ ਵੱਲ ਪੜ੍ਹਦੇ ਰਹੇ, ਫੇਰ ਨੌਕਰ ਹੋਏ ਤੇ ਸਭਰਾਉਂ ਦੀ ਲੜਾਈ ਲੜੇ। ਜਦ ਦਲੀਪ ਸਿੰਘ ਨੂੰ ਵਲੈਤ ਲੈ ਗਏ ਤਾਂ ਇਹ ਸਾਧ ਹੋ ਗਏ। ਇਹਨਾਂ ਨਾਲ ੫ ਮਾਰਚ ੧੯੦੫ ਨੂੰ ਮੁਲਾਕਾਤ ਹੋਈ ਤਾਂ ਇਹਨਾਂ ਹੇਠ ਲਿਖਿਆ ਬਿਆਨ ਲਿਖਾਇਆ:-

### ਜਵਾਹਰ ਸਿੰਘ ਦੀ ਵਜ਼ੀਰੀ

ਜਵਾਹਰ ਸਿੰਘ ਨੇ ਵਜ਼ੀਰ ਹੋ ਕੇ ਸੋਚਿਆ ਕਿ ਅਜੇ ਪਿਸ਼ੌਰਾ ਸਿੰਘ ਰਣਜੀਤ ਸਿੰਘ ਦਾ ਪੁੱਤਰ ਜੀਉਂਦਾ ਹੈ, ਹੋ ਸਕਦਾ ਹੈ ਕਿ ਉਹ ਮੇਰੇ ਭਾਣਜੇ ਦੀ ਥਾਂ ਤਖ਼ਤ ਉਤੇ ਬੈਠਣ ਲਈ ਦਲੀਪ ਸਿੰਘ ਨੂੰ ਮਰਵਾ ਦੇਵੇ, ਇਸ ਤਰ੍ਹਾਂ ਸਾਡੇ ਹੱਥੋਂ ਬਾਦਸ਼ਾਹੀ ਹੀ ਨਾ ਜਾਂਦੀ ਹੋਵੇ। ਇਹ ਸੋਚ ਕੇ ਕੁਝ ਅੜਦਲੀ ਮੁਕੱਰਰ ਕੀਤੇ ਜਿਨ੍ਹਾਂ ਨੇ ਉਹਦਾ ਸਿਰ ਵੱਢ ਲਿਆਂਦਾ। ਜਵਾਹਰ ਸਿੰਘ ਨੂੰ ਤਾਂ ਖੁਸ਼ੀ ਹੋਈ, ਪਰ ਫੌਜਾਂ ਨੂੰ ਰੰਜ ਹੋਇਆ ਕਿ ਨੇ-ਜਾਣੀਏਂ ਅੱਜ ਦਲੀਪ ਸਿੰਘ ਮਰ ਜਾਵੇ ਤਦ ਰਾਜ ਦਾ ਕੀ ਹਾਲ ਹੋਵੇ। ਇਕ ਪੁੱਤਰ ਮਹਾਰਾਜੇ ਦਾ ਬਾਕੀ ਸੀ, ਉਹ ਮਰਵਾ ਦਿੱਤਾ। ਅਜਿਹੇ ਗੁੱਸੇ ਵਿਚ ਆ ਕੇ ਸਲਾਹ ਕੀਤੀ ਕਿ ਜਵਾਹਰ ਸਿੰਘ ਨੂੰ ਪਾਰ ਬੁਲਾਈਏ। ਫੌਜਾਂ ਦੇ ਪਰ੍ਹੇ ਮੀਆਂ

---

*੧ ਰਸਾਲਾ ਫੁਲਵਾੜੀ, ਇਤਿਹਾਸ ਨੰ; ਜਨਵਰੀ ੧੯੩੦, ਪੰਨਾ ੨੬*

ਮੀਰ ਦੀ ਛਾਉਣੀ ਵਿਚ ਬੱਝ ਗਏ, ਜਵਾਹਰ ਸਿੰਘ ਨੂੰ ਕਿਲ੍ਹੇ ਵਿਚ ਅਖਵਾ ਘੱਲਿਆ ਕਿ ਯਾ ਤਾਂ ਖਾਲੀ ਹੱਥ ਖਾਲਸਾ ਜੀ ਪਾਸ ਹਾਜ਼ਰ ਹੋਵੇ ਜਾਂ ਲੜਾਈ ਲਈ ਤਿਆਰੀ ਰਹੇ।

ਜਵਾਹਰ ਸਿੰਘ ਨੇ ਆਪਣਾ ਅਖੀਰੀ ਵੇਲਾ ਵੇਖ ਕੇ ਕੁਮੇਦਾਨ ਦੇਵਾ ਸਿੰਘ ਸਰਾਈਏ ਖੱਤਰੀ ਸਿੱਖ ਨੂੰ ਜੋ ਅਮਾਨਤ ਖਾਂ ਦੀ ਸਰਾਂ ਦਾ ਰਹਿਣ ਵਾਲਾ ਸੀ, ਸੱਦ ਕੇ ਕਿਹਾ ਕਿ ਮੇਰੀ ਸਲਾਹ ਜੀਵਨ ਸਿੰਘ ਵਾਲੀ ਪਲਟਨ, ਛੋਟੀ ਪਲਟਨ, ਬਾਹਰ ਦੇ ਰਸਾਲੇ ਨੂੰ ਇਕ ਇਕ ਜੋੜੀ ਕੜਿਆਂ ਦੀ ਦੇਣ ਦੀ ਹੈ। ਕੁਮੇਦਾਨ ਨੇ ਉੱਤਰ ਦਿੱਤਾ, ਮਹਾਰਾਜ ਜੀ! ਅਜੇ ਖੜ੍ਹੇ ਜਾਓ, ਕੀ ਪਤਾ ਹੈ ਕਿ ਕੀ ਹੋਣਾ ਹੈ, ਇਹ ਟੰਟਾ ਮੁੱਕ ਲੈਣ ਦਿਓ। ਮਗਰੋਂ ਇਨਾਮ ਵੀ ਦਿੱਤੇ ਜਾਣਗੇ। ਇਸ ਤਰ੍ਹਾਂ ਵਜ਼ੀਰ ਦੇ ਹੱਥੋਂ ਇਨਾਮ ਮਿਲਣਾ ਹਟਾਇਆ। ਕੁਮੇਦਾਨ ਦੇ ਅੜਦਲੀ ਨੇ ਸਿਪਾਹੀਆਂ ਨੂੰ ਇਹ ਖਬਰ ਆ ਦਿੱਤੀ ਜਿਹਨਾਂ ਨੇ ਮੰਜੀ ਉਤੇ ਬੈਠੇ ਕੁਮੇਦਾਨ ਨੂੰ ਘੇਰ ਲਿਆ ਅਤੇ ਮੰਜੀ ਮੂਧੀ ਕਰ, ਉਤੇ ਸਲੀਤੇ ਸੁੱਟ ਬੰਦੂਕਾਂ ਦੇ ਦਮੂਸਿਆਂ ਨਾਲ ਮਾਰ ਮਾਰ ਕੇ ਅਧ-ਮੋਇਆ ਕਰ ਦਿੱਤਾ ਕਿ ਸਾਡਾ ਇਨਾਮ ਕਿਉਂ ਗਵਾਇਆ? ਅੜਦਲ ਵਿਚ ਪੰਜ ਸੌ ਭਰਵਾਂ ਜਵਾਨ ਸੀ, ਜਿਹਨਾਂ ਪਾਸ ਰਫਲਾਂ ਹੁੰਦੀਆਂ ਸਨ। ਜਿਹਨਾਂ ਵਿਚ ਬਹੁਤ ਸਾਰੀਆਂ ਗੋਲੀਆਂ ਪੈਂਦੀਆਂ ਅਤੇ ਛੇਤੀ ਛੇਤੀ ਵਾਰੋ ਵਾਰੀ ਚਲਦੀਆਂ ਜਾਂਦੀਆਂ ਸਨ। ਉਹਨਾਂ ਨੇ ਜਵਾਹਰ ਸਿੰਘ ਨੂੰ ਕਿਹਾ ਕਿ ਆਪ ਹਿੰਮਤ ਨਾ ਹਾਰੋ, ਅਸੀਂ ਅੰਤ ਦਮ ਤੀਕ ਆਪ ਦੇ ਨਾਲ ਹਾਂ, ਕਿਲ੍ਹਾ ਬੰਦ ਕਰ ਕੇ ਲੜੋ, ਅਸੀਂ ਹਾਂ, ਕਿਲ੍ਹੇ ਦੇ ਬਾਹਰ ਦਾ ਰਸਾਲਾ, ਜੀਵਨ ਸਿੰਘ ਵਾਲੀ ਪਲਟਨ ਹੈ ਅਤੇ ਅੱਠ ਕੰਪਨੀਆਂ ਹੀ ਦਲੀਪ ਸਿੰਘ ਵਾਲੀ ਅੜਦਲ ਦੀਆਂ ਹਨ ਜੋ ਗਿਣਤੀ ਵਿਚ ਅੱਠ ਸੌ ਅਤੇ ਪੰਜੀ ਤੋਪਾਂ ਸਣੇ ਹਨ, ਹੋਰ ਤੋਪਾਂ ਕਿਲ੍ਹੇ ਉਤੇ ਹਨ, ਆਪ ਮੁਕਾਬਲਾ ਕਰੋ। ਪਰ ਜਵਾਹਰ ਸਿੰਘ ਨੇ ਇਕ ਨਾ ਮੰਨੀ, ਉਹ ਜਾਣ ਲਈ ਹੀ ਤਿਆਰ ਹੋਇਆ।

## ਜਵਾਹਰ ਸਿੰਘ ਦਾ ਕਤਲ

ਜਵਾਹਰ ਸਿੰਘ ਨੇ ਇਕ ਹਾਥੀ ਉਤੇ ਚੜ੍ਹ ਕੇ ਦਲੀਪ ਸਿੰਘ ਭਾਣਜੇ ਨੂੰ ਗੋਦ ਵਿਚ ਲਿਆ, ਨਾਲ ਹੀ ਛੋਟੀ ਪਲਟਣ ਵਿਚੋਂ, ਦੇਵਾ ਸਿੰਘ ਦੀ ਪਲਟਣ ਵਿਚੋਂ ਅਤੇ ਪੰਜਾਹ ਕੁ ਆਪਣੇ ਅੜਦਲੀ ਲੈ ਕੇ ਹੁਕਮ ਦਿੱਤਾ ਕਿ ਗੋਲੀ ਬਾਰੂਦ ਸਭ ਰੱਖ ਜਾਓ ਅਤੇ ਬੰਦੂਕ ਰਫਲਾਂ ਖਾਲੀ ਲੈ ਤੁਰੋ। ਬਾਵਾ ਰਤਨ ਸਿੰਘ ਅਤੇ ਛੱਤਾ ਭਾਈਆ ਪੂਰਬੀ ਜਵਾਹਰ ਸਿੰਘ ਦੇ ਦੋਵੇਂ ਮੁਖਤਾਰ ਵੀ, ਸੁਹਣੇ ਸੁਰਖ ਘੋੜਿਆਂ ਉਤੇ ਸਵਾਰ ਸਨ ਅਤੇ ਮਗਰ ਹਾਥੀ ਦੇ ਇਕ ਪਾਲਕੀ ਵਿਚ ਜਿੰਦ ਕੌਰ ਅਤੇ ਦੂਜੀ ਵਿਚ ਮੰਗਲਾਂ ਟਹਿਲਣ ਚੜ੍ਹੀਆਂ ਹੋਈਆਂ ਸਨ, ਇਹ ਸਭ ਸਿੱਖ ਕੰਪੂ ਵੱਲ ਤੁਰੇ।

ਕਿਲਿਓਂ ਡੇਢ ਕੁ ਕੋਹ ਉਤੇ ਮੀਆਂ ਮੀਰ ਦੀ ਛਾਉਣੀ ਵਿਚ ਫੌਜਾਂ ਤਿਆਰ-ਬਰ-ਤਿਆਰ ਖੜ੍ਹੀਆਂ ਸਨ ਅਤੇ ਸਾਹਮਣੇ ਮੈਦਾਨ ਵਿਚ ਇਕ ਵੱਡਾ ਤੰਬੂ

ਸੀ, ਜਿਸ ਵਿਚ ਮੰਜਾ ਆਦਿ ਸਭ ਸਾਮਾਨ ਪਿਆ ਸੀ। ਜਿਸ ਵੇਲੇ ਅਸੀਂ ਡਰਦੇ ਡਰਦੇ ਕੰਪੂ ਦੇ ਸਾਹਮਣੇ ਆਏ ਤਾਂ ਕੰਪੂ ਵਿਚ ਇਕ ਬੰਨਿਓਂ ਤਿੜ ਤਿੜ ਦੀ ਆਵਾਜ਼ ਆਈ ਅਤੇ ਤੜੱਕ ਹੀ ਕੁਰਟਾਂ ਦੀ ਇਕ ਰਜਮੈਂਟ ਨੇ ਆ ਕੇ ਹਾਥੀ, ਪਾਲਕੀ ਅਤੇ ਦੋਹਾਂ ਮੁਖਤਾਰਾਂ ਦੇ ਉਦਾਲੇ ਘੇਰਾ ਪਾ ਲਿਆ ਅਤੇ ਸਾਨੂੰ ਇਕ ਲਾਂਭੇ ਕਰ ਦਿੱਤਾ।

ਮਹਾਵਤ ਨੂੰ ਹਾਥੀ ਬਿਠਾਉਣ ਵਾਸਤੇ ਕਿਹਾ, ਉਸ ਨੇ ਬਿਠਾ ਦਿੱਤਾ। ਫੇਰ ਦਲੀਪ ਸਿੰਘ ਨੂੰ ਮੰਗਿਆ, ਜੋ ਉਸ ਵੇਲੇ ੧੧ ਕੁ ਵਰ੍ਹਿਆਂ ਦਾ ਸੀ। ਜਦ ਮਹਾਵਤ ਨੇ ਲੈਣ ਵਾਸਤੇ ਪਿੱਛੇ ਮੂੰਹ ਕੀਤਾ ਤਾਂ ਵਜ਼ੀਰ ਦੰਦੀਆਂ ਵਿਲਕਣ ਲੱਗ ਪਿਆ ਅਤੇ ਪੈਰ ਫੜ ਕੇ ਆਖਿਆ ਕਿ ਖਾਲਸਾ ਜੀ! ਮੈਂ ਗਊ ਹਾਂ, ਮੈਨੂੰ ਬਖਸ਼ੋ। ਇਕ ਇਕ ਸਿਪਾਹੀ ਨੂੰ ਬੁਤਕੀ ਦੇ ਦਿਆਂਗਾ ਅਤੇ ਇਕ ਇਕ ਅਫਸਰ ਨੂੰ ਕੈਂਠਾ। ਜੋ ਹੋਰ ਆਖੋ ਤਾਂ ਮੈਂ ਤੀਰਥਾਂ ਨੂੰ ਚਲਿਆ ਜਾਂਦਾ ਹਾਂ, ਖਾਲੀ ਹੱਥੀਂ। ਜਿਸ ਨੂੰ ਜੀ ਕਰੇ ਵਜ਼ੀਰ ਬਣਾਓ। ਕਿਵੇਂ ਮੈਨੂੰ ਬਖਸ਼ ਦਿਓ। ਪਰ ਸੁਣੇ ਕੌਣ? ਦਲੀਪ ਸਿੰਘ ਲੈ ਕੇ ਇਕ ਦੇ ਹਵਾਲੇ ਕੀਤਾ ਅਤੇ ਦੁਵੱਲੀਓਂ ਦੋਹਾਂ ਸਿੰਘਾਂ ਨੇ ਸੰਗੀਨਾਂ ਢਿੱਡ ਵਿਚ ਖੋਭ ਦਿੱਤੀਆਂ। ਜਵਾਹਰ ਸਿੰਘ ਉਲਰ ਪਿਆ ਤੇ ਉਸੇ ਵੇਲੇ ਦੋਹਾਂ ਨੇ ਬੰਦੂਕਾਂ ਸਰ ਕਰ ਦਿੱਤੀਆਂ, ਜਵਾਹਰ ਸਿੰਘ ਮਾਰਿਆ ਗਿਆ। ਬਾਵਾ ਰਤਨ ਸਿੰਘ ਤੇ ਛਤਾ ਭਾਈਆ ਪੂਰਬੀਏ ਨੂੰ ਭੀ ਇਕ ਇਕ ਗੋਲੀ ਨਾਲ ਪਾਰ ਬੁਲਾਇਆ। ਬੇਅਕਲ ਜੋ ਨੱਸ ਉਠਦੇ ਤੇ ਸ਼ਾਇਦ ਬਚ ਹੀ ਜਾਂਦੇ, ਕਿਉਂਕਿ ਕਿਲ੍ਹਾ ਖੱਬੇ ਹੱਥ ਸੀ ਅਤੇ ਫੌਜਾਂ ਸਾਹਮਣੇ ਸਨ, ਪਿੱਛਾ ਬਿਲਕੁਲ ਸਾਫ ਸੀ। ਜਵਾਹਰ ਸਿੰਘ ਦੇ ਮਰਦਿਆਂ ਹੀ ਇਕ ਇਕ ਬੰਦੂਕ ਤੇ ਤੋਪ ਦੇ ਯਾਰ੍ਹਾਂ ਯਾਰ੍ਹਾਂ ਫਾਇਰ ਹੋਏ। ਪੰਜ ਛੇ ਮੀਲ ਖਿੱਲਰੀ ਹੋਈ ਫ਼ੌਜ ਦੀ ਤਿੜ ਤਿੜ ਧੈਂਹ ਤਿੜ ਤਿੜ ਧੈਂਹ ਨਾਲ ਅਸਮਾਨ ਗੂੰਜ ਉਠਿਆ, ਹਥਣੀ ਆਵਾਜ਼ ਨਾਲ ਜਵਾਹਰ ਸਿੰਘ ਦਾ ਕੁੜਤਾ ਉੱਡੇ ਤਾਂ ਲੋਕਾਂ ਖੌਫ ਖਾਧਾ ਕਿ ਕਿਤੇ ਜੀਊਂਦਾ ਹੀ ਨਾ ਹੋਵੇ, ਇਕ ਸਿਪਾਹੀ ਭੱਜੀ ਜਾਂਦੀ ਹਥਣੀ ਦੀ ਪੂਛ ਥਾਣੀ ਚੜ੍ਹ ਗਿਆ ਅਤੇ ਜਵਾਹਰ ਸਿੰਘ ਦੀ ਸੋਨੇ ਦੀ ਗਿਲਟ ਹੋਈ ਚੱਕਰੀ ਹੱਥੋਂ ਲਾਹ ਅਤੇ ਮੋਠਾਂ ਦੇ ਦਾਣਿਆਂ ਜੇਡੇ ਸੋਹਣੇ ਮੋਤੀਆਂ ਦੀ ਗਾਨੀ ਤੋੜ ਪਤਲੂਣ ਦੇ ਬੋਝੇ ਵਿਚ ਪਾਈ ਅਤੇ ਲੋਥ ਨੂੰ ਜ਼ਮੀਨ ਉਤੇ ਸੁੱਟ ਪਹਿਲੇ ਰਾਹੋਂ ਹੀ ਉਤਰ ਆਇਆ। ਦੂਜੇ ਸਿਪਾਹੀਆਂ ਨੂੰ ਲੁੱਟ ਦਾ ਸ਼ੱਕ ਪਿਆ। ਆ ਕੇ ਇਸ ਦੇ ਕਪੜੇ ਪਾੜਨ ਲੱਗ ਪਏ। ਸਾਰੇ ਮੋਤੀ ਘੱਟੇ ਵਿਚ ਡਿੱਗ ਪਏ, ਜਿਹਨਾਂ ਨੂੰ ਅਗਲੇ ਭਲਕ ਲੋਕੀਂ ਛਾਨਣੀਆਂ ਨਾਲ ਘੱਟਾ ਛਾਣ ਕੇ ਲੱਭਦੇ ਸਨ।

ਜਿੰਦਾਂ ਅਤੇ ਮੰਗਲਾਂ ਨੂੰ ਵੱਡੇ ਤੰਬੂ ਵਿਚ ਉਤਾਰਿਆ ਗਿਆ, ਨਾਲ ਹੀ ਦਲੀਪ ਸਿੰਘ ਸੀ। ਕਈਆਂ ਦੀ ਸਲਾਹ ਹੋਈ ਕਿ ਦੋਹਾਂ ਬੁੱਢੀਆਂ ਨੂੰ ਪਾਰ ਬੁਲਾਇਆ ਜਾਵੇ, ਪਰ ਬੁੱਢੀ ਜਾਤ ਵੇਖ ਕੇ ਖੈਰ ਕੀਤੀ। ਜੋ ਮਾਰ ਦੇਂਦੇ ਤਾਂ ਕਦੀ ਵੀ

ਐਤਨਾ ਪਥਾੜਾ ਨਾ ਪੈਂਦਾ। ਸਾਰੀ ਰਾਤ ਉਹ ਤੰਬੂ ਵਿਚ ਵੈਣ ਪਾਉਂਦੀ ਰਹੀ ਅਤੇ ਅਸੀਂ ਸਾਰੀ ਰਾਤ ਪਹਿਰੇ ਉਤੇ ਰਹੇ। ਆਖੇ:- 'ਅੱਜ ਸਰਕਾਰ ਮਰੀ ਮੇਰੇ ਭਾਣੇ, ਇਕ ਭਰਾ ਦਾ ਪੜਦਾ ਸੀ, ਸੁ ਉਹ ਵੀ ਮਾਰਿਆ ਗਿਆ, ਅੱਜ ਮੇਰਾ ਭੀ ਪੜਦਾ ਪਾਟਾ ਆਦਿ।'

ਇਹ ਗੱਲ ਲੌਂਢੇ ਵੇਲੇ ਹੋਈ ਸੀ। ਜਦੋਂ ਸ਼ੇਰ ਸਿੰਘ ਮਾਰਿਆ ਗਿਆ ਸੀ ਤਾਂ ਉਸ ਦੀ ਕੋਈ ਇਸਤਰੀ ਵੀ ਉਸ ਨਾਲ ਸਤੀ ਨਹੀਂ ਹੋਈ ਸੀ। ਜਦੋਂ ਜਵਾਹਰ ਸਿੰਘ ਵਜ਼ੀਰ ਹੋਇਆ ਤਾਂ ਇਸ ਦੁਸ਼ਟ ਨੇ ਸਾਰੀਆਂ ਦਾ ਜ਼ਬਰਦਸਤੀ ਸਤਰ ਪਾੜਿਆ ਅਤੇ ਰੱਬ ਦਾ ਕੋਈ ਖੌਫ ਨਾ ਕਰ ਕੇ ਬੁਰੇ ਕੰਮ ਕੀਤੇ। ਜਿੰਦਾਂ ਹਤਿਆਰੀ ਨੂੰ ਸਭ ਪਤਾ ਸੀ, ਪਰ ਭਰਾ ਨੂੰ ਕੁਝ ਆਖਦੀ ਨਹੀਂ ਸੀ। ਹੁਣ ਜਦ ਉਹ ਮਰ ਗਿਆ ਤਾਂ ਉਸ ਦੀਆਂ ਸੱਤਾਂ ਔਰਤਾਂ ਨੂੰ ਆਖਿਆ, ਕਿ ਕੀ ਪਤਾ ਹੈ ਭਲਕੇ ਤੁਹਾਡੇ ਵੀ ਕੋਈ ਪੜਦੇ ਪਾੜੇ, ਤੁਸੀਂ ਪਤੀ ਨਾਲ ਸਤੀ ਹੋ ਜਾਵੋ। ਉਹ ਨਾ ਮੰਨੀਆਂ। ਜਿੰਦਾਂ ਨੇ ਡਰ ਦਿੱਤਾ, ਕਿ ਮੈਂ ਦੂਜੀ ਤਰ੍ਹਾਂ, ਇਕ ਦਿਨ ਦੇ ਅੰਦਰ ਅੰਦਰ ਮਰਵਾ ਦੇਵਾਂਗੀ। ਆਹ ਕਰਾਂਗੀ, ਅੰਤ ਨੂੰ ਮੰਨ ਗਈਆਂ। ਮੋਤੀ ਮੰਦਰ ਖੋਲ੍ਹ ਦਿੱਤਾ ਗਿਆ ਅਤੇ ਔਰਤਾਂ ਭਾਂਤ-ਭਾਂਤ ਦੇ ਭੂਸ਼ਣਾਂ ਨਾਲ ਸੁਸ਼ੋਭਿਤ ਹੋਈਆਂ।

ਜਦੋਂ ਬਦਾਮੀ ਬਾਗ ਨੂੰ ਪਾਲਕੀਆਂ ਲੈ ਗਏ ਤਾਂ ਸਿੱਖਾਂ ਨੇ ਰਾਹ ਵਿਚ ਹੀ ਸਭ ਚੀਜ਼ਾਂ ਧੂਹ ਲਈਆਂ। ਵਿਚਾਰੀਆਂ ਦੇ ਕੰਨਾਂ ਨੱਕਾਂ ਤੋਂ ਲਹੂ ਦੀਆਂ ਧਾਰਾਂ ਵਗਣ ਅਤੇ ਉਹਨਾਂ ਦੇ ਮੂੰਹੋਂ ਨਿਕਲੇ, ਕਿ ਭਾਈ ਵੀਰ ਸਿੰਘ ਨੇ ਚੁਬਲਦਾ ਸੁਹਾਗਾ ਫੇਰਿਆ ਹੈ, ਹੁਣ ਅੱਗ ਬਲਦਾ ਸੁਹਾਗਾ ਫਿਰੇਗਾ। ਲਾਹੌਰ ਵਿਚ ਸਿੱਖਾਂ ਦੀ ਇਕ ਢੀਮ ਨਹੀਂ ਰਹੇਗੀ।

ਬਦਾਮੀ ਬਾਗ ਵਿਚ ਲੋਥ ਚਿਖਾ ਉਤੇ ਧਰੀ ਗਈ, ਸਰਹਾਣੇ ਪਵਾਂਦੀ ਔਰਤਾਂ ਬੈਠ ਗਈਆਂ ਅਤੇ ਉਹਨਾਂ ਉਤੇ ਛੱਪਰ ਪਾਇਆ ਗਿਆ। ਚੁਤਰਫੀ ਤਲਵਾਰਾਂ ਸੂਤੀ ਸ਼ਿਪਾਹੀ ਖੜ੍ਹੇ ਸਨ ਕਿ ਕੋਈ ਉਛਲ ਕੇ ਬਾਹਰ ਨਾ ਪਵੇ। ਅਫਸੋਸ, ਜਵਾਹਰ ਸਿੰਘ ਦੇ ਪਾਪ ਨੇ ਕਿੰਨਿਆਂ ਨੂੰ ਦੁੱਖ ਦਿੱਤਾ।

## ਅੰਗਰੇਜ਼ਾਂ ਨਾਲ ਲੜਾਈ

ਇਸ ਤੋਂ ਮਗਰੋਂ ਜਿੰਦਾਂ ਨੇ ਸਭ ਸਰਦਾਰਾਂ ਅਤੇ ਫੌਜ ਦੇ ਅਫਸਰਾਂ ਨੂੰ ਸੱਦ ਕੇ ਆਖਿਆ, ਕਿ ਫੌਜ ਦਾ ਬੰਦੋਬਸਤ ਕੀਤਾ ਜਾਵੇ। ਸਲਾਹ ਅੰਗਰੇਜ਼ਾਂ ਨਾਲ ਲੜਾਉਣ ਦੀ ਹੋਈ। ਫੌਜਾਂ ਆਪਣੇ ਅਫਸਰਾਂ ਦਾ ਕਿਹਾ ਨਹੀਂ ਮੰਨਦੀਆਂ ਸਨ। ਆਪਣੇ ਪੰਚਾਂ ਦਾ ਆਖਿਆ ਹੀ ਮੰਨਦੀਆਂ ਸਨ। ਅਫਸਰਾਂ ਦੀਆਂ ਜਾਨਾਂ ਤਾਂ ਸਦਾ ਹੀ ਖਤਰੇ ਵਿਚ ਸਨ ਸਭ ਨੇ ਹਾਂ ਕੀਤੀ ਪਰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਨਾਂਹ ਕੀਤੀ।

ਫੌਜਾਂ ਨੇ ਚਾਰ ਮਹੀਨਿਆਂ ਦੀ ਤਨਖਾਹ ਮੰਗੀ, ਪਰ ਰਾਣੀ ਨੇ ਜਵਾਬ ਦਿੱਤਾ, ਕਿ ਰੁਪਿਆ ਕੋਈ ਨਹੀਂ, ਅੰਗਰੇਜ਼ ਦਾ ਮੁਲਕ ਲੁੱਟੋ ਤੇ ਖਾਓ ਆਦਿ। ਫੌਜਾਂ ਕਸੂਰ ਦੇ ਰਾਹ ਲੰਘ ਕੇ ਦੋ ਵਾਰ ਹਾਰ ਗਈਆਂ।

ਲੋਕਾਂ ਕਿਹਾ ਜੇਕਰ ਦਲੀਪ ਸਿੰਘ ਦੀ ਅੜਦਲ ਦੀ ਫੌਜ ਜਾਵੇ ਤਾਂ ਜ਼ਰੂਰ ਹੀ ਜਿੱਤ ਹੋਵੇਗੀ। ਕਿਲ੍ਹੇ ਵਿਚ ਆ ਕੇ ਸਾਨੂੰ ਕਿਹਾ ਗਿਆ, ਕੋਈ ਲੜਾਈ ਉਤੇ ਜਾਣਾ ਚਾਹੁੰਦਾ ਹੈ? ਅਸੀਂ ਜਵਾਨਾਂ ਦੀ ਰਜਮੈਂਟ ਸਾਂ, ਕੜਕ ਅੱਗੇ ਹੋ ਖੜੋਤੇ। ਦੋ ਤੋਪਾਂ ਅਤੇ ਗੋਲੰਦਾਜ਼ ਦੇ ਕੇ ਸਾਡੀ ਕੰਪਨੀ ਦੇ ਸੌ ਆਦਮੀਆਂ ਨੂੰ ਸਭਰਾਵੀਂ ਘੱਲ ਦਿੱਤਾ।

ਸਿੰਘਾਂ ਨੇ ਪਾਣੀ ਦਾ ਲਵਾ ਤੱਕ ਕੇ ਦਰਿਆ ਦੇ ਕੰਢੇ ਹੀ ਅੱਧੇ ਚੰਦ ਵਾਂਗ ਮੋਰਚੇ ਲਾ ਲਏ ਅਤੇ ਕੰਪੂ ਦੀ ਲਾਂਭੀ ਪਿਛਲੀ (ਜੋ ਬਹੁਤ ਸੀ) ਵੱਢ ਕੇ ਹੇਠਾਂ ਸੁੱਟ ਉਤੇ ਰੇਤ ਪਾ ਕੇ ਡੂਢ ਡੂਢ ਗਜ਼ ਉੱਚਾ ਮਰੜਾ ਬਣਾਇਆ ਹੋਇਆ ਸੀ। ਵਿਚ ਵਿਚ ਤੋਪਾਂ ਦੇ ਰਾਹ ਵੀ ਰੱਖੇ ਹੋਏ ਸਨ। ਅੰਦਰਲੇ ਬੰਨੇ ਵੱਲ ਖੂਹੀਆਂ ਪੁੱਟੀਆਂ ਹੋਈਆਂ ਸਨ ਅਤੇ ਪਿਛਲੀ ਦੇ ਮਜੂਲੇ ਦੇ ਹੀ ਚੱਕ ਸੁੱਟੇ ਹੋਏ ਸਨ। ਸਾਡੇ ਆਉਣ ਤੋਂ ਪਹਿਲਾਂ ਇਕ ਛੋਟੀ ਜਿਹੀ ਲੜਾਈ ਹੋ ਚੁੱਕੀ ਸੀ, ਜਿਸ ਵਿਚ ਮਰੇ ਹੋਏ ਗੋਰੇ ਖੜ੍ਹੇ ਕਰ ਕੇ ਇਕ ਟੋਏ ਵਿਚ ਦੱਬੇ ਹੋਏ ਸਨ ਅਤੇ ਸਿਰ ਉਤੇ ਮਿੱਟੀ ਪਾਈ ਹੋਈ ਸੀ। ਅਸੀਂ ਖੇਡਦੇ ਖੇਡਦੇ ਕੰਪੂ ਤੋਂ ਪਰ੍ਹੇ ਗੋਹਿਆਂ ਤੀਕ ਚਲੇ ਜਾਂਦੇ ਅਤੇ ਸੋਟੀਆਂ ਨਾਲ ਮਿੱਟੀ ਹਿਲਾ ਕੇ ਉਹਨਾਂ ਦੇ ਝੰਡੇ ਹਿਲਾਉਂਦੇ ਅਤੇ ਮੂੰਹ ਵਿਚ ਸੋਟੀਆਂ ਦੇਂਦੇ। ਸਾਡੇ ਆਦਮੀ ਅੰਗਰੇਜ਼ਾਂ ਵਿਚ ਅਤੇ ਅੰਗਰੇਜ਼ਾਂ ਦੇ ਸਾਡੇ ਵਿਚ ਫਿਰਦੇ ਰਹਿੰਦੇ ਸਨ, ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ ਸੀ।

ਫੌਜਾਂ ਇਕ ਡਾਢੀ ਤਰਤੀਬ ਨਾਲ ਖੜ੍ਹੀਆਂ ਕੀਤੀਆਂ ਸਨ। ਜਿਨਸੀ ਤੋਪਾਂ ਬੜੀਆਂ ਭਾਰੀਆਂ ਭਾਰੀਆਂ ਸਨ ਜੋ ਤਿੰਨ ਤਿੰਨ ਮੀਲ ਤਕ ਮਾਰ ਕਰਦੀਆਂ ਸਨ। ਇਹ ਕੰਪੂ ਦੇ ਕੰਢੇ ਤੋਂ ਅੱਧ ਮੀਲ ਦੂਰ ਸਨ। ਦਰਿਆਓਂ ਉਰਾਰ ਤੇਜਾ ਸਿੰਘ ਦਾ ਡੇਰਾ ਅਤੇ ੧੨ ਤੋਪਾਂ ਸਨ। ਕੇਵਲ ਇਸ ਲਈ ਕਿ ਜੋ ਪੁਲ ਥਾਣੀਂ ਭੱਜ ਕੇ ਆਵੇ, ਮਾਰ ਦਿੱਤਾ ਜਾਵੇ। ਐਨ ਅੱਧ ਵਿਚ ਸਰਦਾਰ ਸ਼ਾਮ ਸਿੰਘ ਸੀ। ਉਸ ਦੇ ਕੋਲ ਮਤਾਬ ਸਿੰਘ ਲੰਡੀ ਦੀਆਂ ਤੋਪਾਂ, ਉਸ ਦੇ ਅੱਗੇ ਨਾਲ ਹੀ ਅਲਾਹੀ ਬਖਸ਼ ਦੀਆਂ, ਪਾਸ ਸਾਡੀਆਂ ਦੋ ਤੋਪਾਂ ਅਤੇ ਨਾਲ ਦੋ ਸੌ ਖੁੱਲ੍ਹੇ ਘੋੜ-ਚੜ੍ਹੇ ਸਨ। ਸਾਡੇ ਸਾਹਮਣੇ ਪਿਛਲੀ ਬੜੀ ਬੜੀ ਸੀ ਅਤੇ ਕੁਝ ਪਤਾ ਨਹੀਂ ਲੱਗਦਾ ਸੀ ਕਿ ਦੁਸ਼ਮਣ ਆਉਂਦਾ ਹੈ ਕਿ ਨਹੀਂ।

ਪਹਿਲੋਂ ਪਹਿਲ ਜਿਨਸੀ ਤੋਪਾਂ ਦੇ ਬੰਨੇ ਗੋਲਾ ਪਿਆ। ਦੋ ਕੁ ਗੋਲੇ ਹੀ ਪਏ, ਸਭ ਦੇ ਧਿਆਨ ਉਧਰ ਹੋ ਗਏ, ਕਿ ਚਾਣਚਕ ਹੀ ਪਿਛਲੀ ਦੇ ਪਿੱਛੋਂ ਖੁੱਲ੍ਹੇ ਘੋੜ ਚੜ੍ਹਿਆਂ ਉਤੇ ਗੋਲੇ ਪਏ, ਜੋ ਤੜੱਕ ਭੱਜ ਗਏ। ਸਾਡੀਆਂ ਪੇਟੀਆਂ ਉਤੇ ਗੋਲਾ ਪਿਆ, ਜਿਹਨਾਂ ਨੂੰ ਅੱਗ ਲੱਗ ਗਈ ਅਤੇ ਬਾਰਾਂ ਗੋਲੰਦਾਜ਼ ਬਰੂਦ ਨਾਲ ਝੁਲਸ

ਗਏ। ਸਾਡੇ ਬਾਕੀ ਆਦਮੀ ਉਰਾਰ ਹੀ ਸਨ। ਗੋਲੰਦਾਜ਼ਾਂ ਨੂੰ ਗੱਡੇ ਉਤੇ ਪਾ ਕੇ ਅਸੀਂ ਉਰਾਰ ਆ ਗਏ। ਸਾਡਾ ਬੰਨਾ ਖਾਲੀ ਵੇਖ ਕੇ ਦੁਸ਼ਮਣ ਏਸ ਰਾਹੋਂ ਆ ਵੜਿਆ ਅਤੇ ਲੱਗੇ ਤੋਪਾਂ ਮਾਰਨ। ਸ਼ਾਮ ਸਿੰਘ ਸਰਦਾਰ ਨੇ ਕਿਹਾ ਕਿ ਦੁਸ਼ਮਣ ਤਾਂ ਪਿੱਛੇ ਹੈ, ਤੋਪਾਂ ਮੋੜੋ, ਘੁੜਨੈਲ ਤੋਪਾਂ ਨੇ ਬੜੀ ਅੱਗ ਵਰ੍ਹਾਈ। ਆਪਣੀ ਬਾਰ ਬਰਦਾਰੀ ਦੇ ਪਸ਼ੂ ਦੁਵੱਲੀ ਤੋਪਾਂ ਨਾਲ ਮਰਦੇ ਸਨ ਅਤੇ ਸਾਹਮਣੇ ਮਰ੍ਹਜ਼ਾ ਵੇਖ ਕੇ ਦਰਿਆ ਵਿਚ ਪੈਂਦੇ ਜਾਂਦੇ ਸਨ। ਮੈਂ ਇਕ ਸੁੰਦਰ ਘੋੜੀ ਫੜੀ, ਜਿਹੜੀ ਤਰ ਕੇ ਉਰਾਰ ਆ ਗਈ ਸੀ,। ਗਾਨੀਓਂ ਫੜ ਕੇ ਲੈ ਆਇਆ, ਪਰ ਕੁਮੇਦਾਨ ਨੇ ਕਿਹਾ ਕਿ ਸਭ ਸਰਕਾਰੀ ਮਾਲ ਹੈ, ਮੈਂ ਛੱਡ ਦਿੱਤੀ।

ਉਦੋਂ ਤੇਜਾ ਸਿੰਘ ਨੇ ਮਲਾਹਾਂ ਨੂੰ ਹੁਕਮ ਦਿੱਤਾ ਕਿ ਪੁਲ ਤੋੜ ਦਿਓ, ਵਿਚਲੀਆਂ ਬੇੜੀਆਂ ਅੱਡ ਕੀਤੀਆਂ ਗਈਆਂ। ਫੌਜ ਨੂੰ ਭਾਂਜ ਪਈ ਅਤੇ ਸ਼ਾਮ ਸਿੰਘ ਲੜ ਕੇ ਸ਼ਹੀਦ ਹੋਇਆ। ਇਕ ਬਿਗਲਚੀ ਘੋੜੀ ਉਤੇ ਕੁਕੜੀ ਹੋਇਆ ਮੇਰੇ ਪਾਸ ਆ ਗਿਆ। ਮੈਂ ਸ਼ਿਸ਼ਤ ਬੰਨ੍ਹ ਕੇ ਆਖਿਆ ਮੁੜਨ ਦਾ ਤੁਰਮ ਵਜਾ, ਨਹੀਂ ਤਾਂ ਗੋਲੀ ਮਾਰਦਾ ਹਾਂ। ਉਸ ਨੇ ਤਿਰੜ ਤਿਰੜ ਤਾਂ ਕੀਤੀ, ਪਰ ਸਿਪਾਹੀ ਪਿੱਛਾ ਵੇਖ ਕੇ ਫਿਰ ਨੱਠ ਪਏ।

ਬਚੀ ਹੋਈ ਫੌਜ ਉਰਾਰ ਆ ਉਤਰੀ ਅਤੇ ਸਲਾਹ ਸੀ ਕਿ ਸਵੇਰੇ ਫੇਰ ਲੜਾਈ ਕੀਤੀ ਜਾਵੇ ਤਾਂ ਦਰਿਆ ਲੰਘਣ ਲੱਗੇ ਦੁਸ਼ਮਣ ਨੂੰ ਹੀ ਰੋਕਿਆ ਜਾਵੇ। ਰਾਤ ਨੂੰ ਇਕ ਦੋ ਊਠ ਖੁੱਲ੍ਹ ਗਏ ਅਤੇ ਐਧਰ ਉਧਰ ਭੱਜਣ ਲੱਗ ਪਏ। ਸਾਰਿਆਂ ਊਠਾਂ ਵਿਚ ਖਿਲ-ਬਲੀ ਮੱਚ ਗਈ ਅਤੇ ਬਲੋਚਾਂ ਨੇ (ਜੋ ਊਠਾਂ ਨੂੰ ਸਾਂਭਣ ਵਾਲੇ ਸਨ) ਰੌਲਾ ਪਾ ਦਿੱਤਾ ਕਿ ਦੁਸ਼ਮਣ ਆ ਗਿਆ। ਜੀ-ਭਿਆਣੇ ਲੋਕੀਂ ਨੱਠੇ ਅਤੇ ਕੋਹਾਂ ਉਤੇ ਜਾ ਕੇ ਸਾਹ ਲਿਆ।

ਅਸੀਂ ਦਿਨ ਚੜ੍ਹੇ ਆਪਣਿਆਂ ਜ਼ਖਮੀਆਂ ਅਤੇ ਕੁਝ ਹੋਰ ਜ਼ਖਮੀਆਂ ਨੂੰ ਗੱਡੀ ਵਿਚ ਪਾ ਕੇ ਪੱਟੀ ਆਏ ਅਤੇ ਜਰਾਹਵਾਂ ਨੇ ਕਿਸੇ ਨੂੰ ਐਵੇਂ, ਕਿਸੇ ਨੂੰ ਸ਼ਰਾਬ ਪਿਆ ਕੇ ਗੋਲੀਆਂ ਕੱਢੀਆਂ ਅਤੇ ਫੱਟ ਬੰਨ੍ਹ ਕੇ ਲਾਹੌਰ ਅੱਪੜੇ। ਫੇਰ ਅਸੀਂ ਦਲੀਪ ਸਿੰਘ ਨਾਲ ਸੁਰਖ ਪੁਰ, ਗੱਗੜਵਾਲ ਦੇ ਪੱਤਣ 'ਤੇ ਲਾਰੰਸ ਸਾਹਿਬ ਨੂੰ ਜਾ ਮਿਲੇ ਅਤੇ ਲਾਹੌਰ ਆ ਕੇ ਸਭ ਫੌਜ ਦਾ ਡੇਰਾ ਅਨਾਰਕਲੀ ਕਰਵਾਇਆ। ਤੇਜਾ ਸਿੰਘ ਤੇ ਦੀਨਾ ਨਾਥ ਨੇ ਤਾਂ ਕਹਿ ਦਿੱਤਾ ਸੀ ਕਿ ਦਲੀਪ ਸਿੰਘ ਨੂੰ ਲੈ ਜਾਵੋ, ਪਰ ਅਜਿਹਾ ਨਾ ਹੋਇਆ। ਜਿੰਦਾਂ ਨੇ ਅੰਗਰੇਜ਼ਾਂ ਨੂੰ ਜ਼ਹਿਰ ਦੇਣਾ ਚਾਹਿਆ, ਪਰ ਪਤਾ ਲੱਗ ਗਿਆ ਅਤੇ ਜਦੋਂ ਕੁੱਤੇ ਨੂੰ ਪਾਇਆ ਤਾਂ ਉਹ ਮਰ ਗਿਆ। ਇਸ ਲਈ ਉਹ ਕੈਦ ਕੀਤੀ ਗਈ।

ਸਿੱਖਾਂ ਦਾ ਪਿਛਲਾ ਡੇਰਾ ਸਭ ਸਭਰਾਵਾਂ ਵਾਲਿਆਂ ਨੇ ਲੁੱਟ ਲਿਆ ਸੀ, ਉਹ ਨੇਜ਼ੇ ਦੀ ਕੁੰਡੀ ਬਣਾ ਕੇ ਦਰਿਆ ਵਿਚੋਂ ਗਠੜੀਆਂ ਅਤੇ ਲੋਥਾਂ ਕੱਢਦੇ ਸਨ ਅਤੇ

ਕੀਮਤੀ ਚੀਜ਼ਾਂ ਕਾਬੂ ਕਰਦੇ ਸਨ। ਲਾਹੌਰੋਂ ਉਹਨਾਂ ਨੂੰ ਅਠਾਰਾਂ ਹਜ਼ਾਰ (੧੮੦੦੦) ਜੁਰਮਾਨਾ ਹੋਇਆ, ਪਰ ਉਹਨਾਂ ਨੂੰ ਰਤਾ ਵੀ ਮਾਲੂਮ ਨਾ ਹੋਇਆ, ਕਿਉਂਕਿ ਹਰ ਇਕ ਦੇ ਗਲ ਕੈਂਠਾ ਸੀ ਅਤੇ ਬਹੁਤਿਆਂ ਦੇ ਕੋਲੋਂ ਰੁਪਿਆਂ ਦੀਆਂ ਵਾਂਸਲੀਆਂ ਨਿਕਲੀਆਂ ਸਨ।

## ਮੁਲਤਾਨ ਦੀ ਲੜਾਈ

ਇਸ ਤੋਂ ਮਗਰੋਂ ਮੁਲਤਾਨ ਦਾ ਯੁੱਧ ਹੋਇਆ। ਸ਼ੇਰ ਸਿੰਘ ਨਾਮੀ ਮੇਰਾ ਇਕ ਮਿੱਤਰ ਸੀ, ਜਦੋਂ ਅਖੀਰੀ ਵੇਲੇ ਨਿਕਲਣ ਦੀ ਕੋਈ ਉਮੈਦ ਨਾ ਰਹੀ ਤਾਂ ਦੋ ਰੋਟੀਆਂ ਪਕਾਈਆਂ ਅਤੇ ਉਹਨਾਂ ਵਿਚ ਹੀ ਛੇ ਛੇ ਮਾਸੇ ਦੇ ਸੋਨੇ ਦੇ ਰੁਪਏ ਪਕਾ ਲਏ। ਕੁਲ ਪੰਦਰਾਂ ਰੁਪਏ ਅਜੇਹੇ ਸਨ, ਫਕੀਰ ਜਿਹਾ ਬਣ ਕੇ ਬਾਹਰ ਆ ਕੇ ਆਖਿਆ ਕਿ ਮੈਂ ਤਾਂ ਭੁੱਖਾ ਫਕੀਰ ਹਾਂ, ਆਹ ਦੋ ਰੋਟੀਆਂ ਹਨ। ਉਹਨਾਂ ਸਾਫ ਲੰਘ ਜਾਣ ਦਿੱਤਾ।

ਇਸ ਮਗਰੋਂ ਸ਼ੇਰ ਸਿੰਘ ਦੀਆਂ ਲੜਾਈਆਂ ਹੋਈਆਂ। ਅੰਤ ਵੇਲੇ ਰਾਮ ਸਿੰਘ ਜਲ੍ਹੇਵਾਲੀਏ ਨੇ ਸਿੰਘਾਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਹੱਥ ਧਰ ਕੇ ਆਖਿਆ ਕਿ ਮੈਂ ਤੁਹਾਡੀ ਅੰਗਰੇਜ਼ਾਂ ਨਾਲ ਸੁਲਾਹ ਕਰਾ ਦਿੰਦਾ ਹਾਂ ਅਤੇ ਤੁਹਾਡੇ ਨਾਲ ਕੋਈ ਧੋਖਾ ਨਹੀਂ ਕਰਦਾ। ਅੰਗਰੇਜ਼ ਨੇ ਹੁਕਮ ਦਿੱਤਾ ਹੈ ਕਿ ਜੋ ਕੋਈ ਆਦਮੀ ਆਪਣੀ ਤਲਵਾਰ ਦਾ ਫਲ ਸੁੱਟ ਜਾਵੇ, ਚਲਿਆ ਜਾਵੇ। ਲੋਕਾਂ ਨੇ ਸੋਨੇ ਦੇ ਦਸਤੇ ਅਤੇ ਕਬਜ਼ੇ ਤਾਂ ਲਾਹ ਲਏ ਅਤੇ ਫਲ ਦੇ ਕੇ ਛੁਟਕਾਰਾ ਕੀਤਾ। (ਪਹਿਲੇ ਅਜਿਹੀ ਤੰਗੀ ਸੀ ਕਿ ਗਾਜਰਾਂ ਖਾਂਦੇ ਸਨ)

SIKHBOOKCLUB.COM

੭

# ਬਾਬਾ ਮਸਤਾਨ ਸਿੰਘ ਜ਼ੈਲਦਾਰ ਮੁਦਕੀ ਦਾ ਬਿਆਨ

*[ਇਹ ਬਿਰਧ ਬਾਬੇ ਹੁਰੀਂ ਮੁਦਕੀ ਦੇ ਸਨ ਜਿਥੇ ਕਿ ਖਾਸ ਲੜਾਈਆਂ ਹੋਈਆਂ ਸਨ। ਇਹਨਾਂ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦੇ ਅੱਖੀਂ ਡਿੱਠੇ ਹਾਲ ਦੱਸੇ ਹਨ]*

## ਮੁੱਦਕੀ ਦੀ ਲੜਾਈ

ਸਿੱਖ ਪਹਿਲੋਂ ਦਰਿਆਓਂ ਪਾਰ ਆ ਕੇ ਅਟਾਰੀ ਡੋਗਰਿਆਂ ਦੀ ਉਤੇ ਅਤੇ ਫੀਰੋਜਪੁਰ ਦੇ ਲਾਗੇ ਤੀਕ ਮਾਰਾਂ ਧਾੜਾਂ ਕਰ ਆਇਆ ਕਰਨ। ਸਿੱਖਾਂ ਨੇ ਫੀਰੋਜਪੁਰ ਮਾਰਨ ਵਾਸਤੇ ਕਿਹਾ, ਪਰ ਲਾਲ ਸਿੰਘ ਨੇ ਆਖਿਆ ਕਿ ਫਸੀਲ ਦੇ ਲਾਂਭੇ ਲਾਂਭੇ ਬਰੂਦ ਦੇ ਕੁੱਪੇ ਦੱਬੇ ਹੋਏ ਹਨ ਇਸ ਕਰਕੇ ਖਾਲਸੇ ਦਾ ਨੁਕਸਾਨ ਹੋਵੇਗਾ।

ਇਕ ਦਿਨ ਸ਼ਾਮ ਵੇਲੇ ਲਾਲ ਸਿੰਘ ਦੇ ਦੋ ਸਵਾਰ ਸਾਡੇ ਪਿਤਾ ਚੌਧਰੀ ਮੋਹਰ ਸਿੰਘ ਜੀ ਨੂੰ ਲੈ ਗਏ, ਓਦੋਂ ਹੀ ਇਕ ਅੰਰਗੇਜ਼ ਵੀਹਾਂ ਕੁ ਸਵਾਰਾਂ ਸਣੇ ਮੁਦਕੀ ਆਇਆ ਸੀ। ਪਿਤਾ ਜੀ ਨੇ ਲੋਕਾਂ ਨੂੰ ਕਿਹਾ ਕਿ ਇਸ ਦਾ ਖਿਆਲ ਰੱਖਣਾ, ਕੋਈ ਇਸ ਨੂੰ ਲੁੱਟ-ਪੁੱਟ ਨਾ ਲਵੇ। ਫਿਰ ਲਾਲ ਸਿੰਘ ਪਾਸ ਅੱਪੜੇ ਤਾਂ ਉਸ ਨੇ ਪਾਣੀ ਅਤੇ ਦਾਣੇ-ਪੱਠੇ ਆਦਿਕ ਦੀ ਮੱਦਦ ਦਾ ਹਾਲ ਪੁੱਛਿਆ ਜੋ ਤਸੱਲੀਬਖਸ਼ ਹੋਇਆ। ਰੇਸ਼ਮੀ ਖੇਸ ਸਿਰੋਪਾ ਵਿਚ ਦੇ ਕੇ ਤੋਰਿਆ ਅਤੇ ਕਿਹਾ ਕਿ ਆਵਾਂਗੇ। ਜਾਂ ਪਿਤਾ ਜੀ ਬਾਰ੍ਹਾਂ ਕੁ ਵਜੇ ਮੁੜ ਕੇ ਪਿੰਡ ਆਏ ਤਾਂ ਕੀ ਸੁਣਦੇ ਹਨ ਕਿ ਰਾਮ ਰੱਖੇ ਥਾਣੇਦਾਰ ਨੇ ਅੰਗਰੇਜ਼ਾਂ ਨੂੰ ਬੰਨ੍ਹ ਲਿਆ ਹੈ। (ਉਥੇ ਸਿੱਖਾਂ ਦਾ ਥਾਣਾ ਸੀ) ਅਤੇ ਫੇਰੂ ਸ਼ਹਿਰ ਡੇਰੇ ਘੱਲ ਦਿੱਤਾ ਹੈ। ਪਿਤਾ ਜੀ ਨੇ ਪੁੱਛਿਆ, ਤੂੰ ਅਜਿਹਾ ਕਿਉਂ ਕੀਤਾ? ਉਸ ਨੇ ਕਿਹਾ ਕਿ ਮੈਂ ਸਿੱਖਾਂ ਦਾ ਨੌਕਰ ਹਾਂ, ਉਸ ਨੂੰ ਫੜ ਕੇ ਨਾ ਭੇਜਦਾ ਘਾਣ ਬੱਚਾ ਪੀੜਿਆ ਜਾਂਦਾ। ਤੂੰ ਕਿਉਂ ਉਸ ਦੀ ਰਈ ਕਰਦਾ ਹੈਂ? ਉਹ ਉਲਟਾ ਸਗੋਂ ਉਹਨਾਂ ਦੇ ਗਲ ਪੈ ਗਿਆ।

ਗੰਡਾ ਸਿੰਘ ਨਾਰੰਗ ਦਸ ਕੁ ਵਜੇ ਆਪਣੇ ਸੌ ਘੋੜ-ਚੜ੍ਹੇ ਲੈ ਕੇ ਆਇਆ।

 www.sikhbookclub.com

ਉਸ ਦੇ ਹਵਾਲੇ ਹੀ ਸਵੇਰ ਦਾ ਫੜਿਆ ਹੋਇਆ ਅੰਗਰੇਜ਼ ਕੀਤਾ ਗਿਆ, ਜੋ ਲਾਲ ਸਿੰਘ ਵੱਲ ਭੇਜ ਦਿੱਤਾ, ਜਿਸ ਨੇ ਉਸ ਨੂੰ ਮਾਰਿਆ ਨਹੀਂ। ਸਿੰਘ ਪ੍ਰਸ਼ਾਦ ਛਕਣ ਲੱਗ ਪਏ ਅਤੇ ਡੇਰਾ ਜਮਾ ਲਿਆ ਕਿ ਧਾਰਾਂ ਕੁ ਵਜੇ ਲਹਿਣਾ ਬਲੋਚ ਇਥੋਂ ਦਾ ਹੀ ਜੋ ਲੁਧਿਆਣੇ ਵੱਲ ਵਗਾਰ ਫੜਿਆ ਸੀ, ਆਪਣੇ ਉਨ੍ਹਾਂ ਤੋਂ ਪਹਿਲਾਂ ਪਿੰਡ ਆ ਗਿਆ ਅਤੇ ਆ ਖਬਰ ਦਿੱਤੀ ਕਿ ਪਿੰਡੋਂ ਭੱਜ ਜਾਓ, ਅੰਗਰੇਜ਼ਾਂ ਦੀ ਫੌਜ ਆਉਂਦੀ ਪਈ ਹੈ ਜਾਂ ਲੋਕਾਂ ਨੇ ਕੋਠੇ ਚੜ੍ਹ ਕੇ ਵੇਖਿਆ ਤਾਂ ਸੱਚਮੁੱਚ ਹੀ ਧੂੜ ਉਡਦੀ ਅਤੇ ਤੋਪਾਂ ਤੇ ਸੰਗੀਨਾਂ ਦੀ ਲਿਸ਼ਕ ਵੇਖੀ, ਪਰ ਹੁਣ ਭੱਜਣ ਦਾ ਸਮਾਂ ਨਹੀਂ ਸੀ, ਇਸ ਕਰਕੇ ਅੰਦਰ ਹੀ ਵੜ ਗਏ।

ਰਾਤ ਜੀਤ ਸਿੰਘ ਦਦੇਹਰ ਵਾਲਾ, ਜੋ ਆਗੂ ਸੀ, ਏਥੋਂ ਪਤਾ ਲੈ ਗਿਆ ਸੀ ਕਿ ਅਜੇ ਤੀਕ ਕੋਈ ਸਿੱਖ ਇਥੇ ਨਹੀਂ ਆਇਆ, ਪਰ ਫੇਰ ਵੀ ਅੰਗਰੇਜ਼ ਲੜਾਈ ਦੇ ਢੰਗ ਨਾਲ ਹੀ ਅੱਧ ਕੁ ਮੀਲ ਦਾ ਪਰ੍ਹਾ ਬੰਨ੍ਹੀ ਪਏ ਆਉਂਦੇ ਸਨ। ਇਸ ਲਈ ਇਸ ਦਾ ਪਤਾ ਸਿੱਖਾਂ ਨੂੰ ਲੱਗ ਗਿਆ। ਪਹਿਲੋਂ ਤਾਂ ਹਥਿਆਰ ਲਿਸ਼ਕਾ ਕੇ ਉਹਨਾਂ ਦੇ ਸਾਹਮਣੇ ਹੋਏ, ਪਰ ਵਾਗਾਂ ਮੋੜ ਕੇ ਫੇਰੂ ਸ਼ਹਿਰ ਵੱਲ ਸਿਰ-ਤੋੜ ਨੱਠੇ।

ਅੰਗਰੇਜ਼ ਆ ਗਏ ਅਤੇ ਉਹਨਾਂ ਦੇ ਤਿਹਾਏ ਘੋੜੇ ਬੇ-ਸਬਰੇ ਹੋਏ ਹੋਏ ਬਦੋ-ਬਦੀ ਢਾਬ ਵਿਚ ਵੜ ਗਏ। ਢਾਬ ਪਿੱਛੇ ਛੱਡ ਕੇ ਫੌਜਾਂ ਨੇ ਅੱਗੇ ਡੇਰੇ ਜਾ ਕੀਤੇ। ਇਸ ਵੇਲੇ ਇਹ ਬਹੁਤ ਹੀ ਥੱਕੇ-ਟੁੱਟੇ ਹੋਏ ਸਨ। ਜੇ ਥੋਹੜੀ ਜਿਹੀ ਫੌਜ ਵੀ ਇਥੇ ਤਿਆਰ ਹੁੰਦੀ ਤਾਂ ਤਿਹਾਇਆਂ ਨੂੰ ਐਵੇਂ ਹੀ ਮਾਰ ਦੇਂਦੀ। ਦੋਵੇਂ ਵੱਡੇ ਸਾਹਿਬ ਇਕ ਟਾਹਲੀ ਹੇਠ ਲੰਮੇ ਪਏ, ਇਕ ਅਰਕ ਦੇ ਭਾਰ ਖਾਣਾ ਖਾਂਦੇ ਸਨ। ਉਹਨਾਂ ਪਿੰਡ ਦੇ ਤੁਰਦੇ ਤੁਰਦੇ ਆਦਮੀ ਸੱਦੇ ਅਤੇ ਪੁੱਛਿਆ ਕਿ ਦਾਣੇ-ਪੱਠੇ ਦੀ ਕਿੰਨੀ ਕੁ ਮਦਦ ਦਿਓਗੇ? ਪਾਸੋਂ ਰੱਜਬ ਅਲੀ ਮੁਨਸ਼ੀ ਨੇ ਆਖਿਆ, ਹਜ਼ੂਰ! ਇਹ ਬੜੇ ਚੰਗੇ ਆਦਮੀ ਹਨ, ਇਹਨਾਂ ਨੇ ਪਿਛਲੇ ਪਠਾਣਾਂ ਦੇ ਵੇਲੇ ਤੁਰੀ ਜਾਂਦੀ ਫੌਜ ਨੂੰ ਬਹੁਤ ਮਦਦ ਦਿੱਤੀ ਸੀ, ਹੁਣ ਵੀ ਬਹੁਤ ਮਦਦ ਕਰਨਗੇ। ਇਹਨਾਂ ਦੀ ਕੀ ਗੱਲ ਪੁੱਛਦੇ ਹੋ! ਗੱਲ ਕੀ ਹਾਂ ਕਰ ਆਏ।

ਸਿੱਖ ਵੀ ਪਾਣੀ ਮੱਲਣ ਵਾਸਤੇ ਆਉਂਦੇ ਸਨ, ਉਹਨਾਂ ਵਿਚ ਹਰ ਪੜਤਲ ਦੇ ਚੁਣੇ ਹੋਏ ਆਦਮੀ ਸਨ। ਸਰਦਾਰ ਦੂੱਨਾਂ ਸਿੰਘ ਬਾਰਾਂ ਤੋਪਾਂ ਦਾ ਅਫਸਰ ਸੀ ਅਤੇ ਉਸ ਦੇ ਤਹਿਤ ਵਿਚ ਨੱਥਾ ਸਿੰਘ ਗੋਲੰਦਾਜ਼ ਮੁਦਕੀ ਦਾ ਹੀ ਸੀ। ਸਿੱਖਾਂ ਦੀਆਂ ਤੋਪਾਂ ਅਜੇ ਨੀਵੀਂ ਥਾਂ ਇਕ ਛੱਪੜੀ ਵਿਚ ਸਨ ਕਿ ਅੰਗਰੇਜ਼ਾਂ ਦੀਆਂ ਤੋਪਾਂ ਸਾਹਮਣੇ ਉਚੇ ਥਾਉਂ ਚੱਲਣ ਲੱਗ ਪਈਆਂ, ਇਸ ਕਰਕੇ ਇਹਨਾਂ ਦਾ ਨਿਸ਼ਾਨਾ ਖੂਬ ਬੈਠਦਾ ਸੀ ਅਤੇ ਸਿੱਖਾਂ ਦਾ ਨੀਵਾਂ ਥਾਂ ਹੋਣ ਕਰ ਕੇ ਅਜਿਹਾ ਨਹੀਂ ਸੀ ਬੈਠਦਾ। ਇਕ

ਰਸਾਲਾ ਸਿੱਖਾਂ ਦੇ ਖੱਬੇ ਹੱਥ ਥਾਣੀਂ ਹੋ ਕੇ ਢਾਬ ਵੱਲ ਹੋਇਆ, ਇਹ ਵੇਖ ਅੰਗਰੇਜ਼ਾਂ ਦਾ ਰਸਾਲਾ ਅੱਗੇ ਵਧਿਆ।

ਅੱਗੇ ਅੱਗੇ ਸਿੱਖ, ਮਗਰ ਮਗਰ ਅੰਗਰੇਜ਼ ਪਰ ਕਿਸੇ ਗੋਲੀ ਨਾ ਦਾਗੀ, ਦੋ ਸਵਾਰਾਂ ਦੇ ਘੋੜੇ ਮਰੇੜੇ ਸਨ, ਨਵੇਂ ਪਿੰਡ ਪਾਸ ਜਾ ਕੇ ਉਹ ਰਹਿ ਗਏ। ਉਹਨਾਂ ਨੂੰ ਜਾ ਕੇ ਗੋਰਿਆਂ ਨੇ ਮਾਰ ਲਿਆ। ਹੋਰ ਕੋਈ ਨਾ ਮਰਿਆ। ਫੇਰ ਭੌਂ ਕੇ ਸਿੱਖਾਂ ਦੇ ਮਗਰ ਹੋ ਖਲੋਤੇ ਅਤੇ ਲੱਗੇ ਬੰਦੂਕਾਂ ਚਲਾਣ। ਸਿੱਖ ਵਿਚਾਲੇ ਫਸ ਗਏ ਅਤੇ ਬਹੁਤ ਨੁਕਸਾਨ ਝੱਲਿਆ, ਰਾਤ ਦੇ ਨੌਂ ਵਜੇ ਤਕ ਲੜਾਈ ਹੁੰਦੀ ਰਹੀ। ਫੇਰ ਤੋਪ ਦਾ ਖੜਾਕ ਬੰਦ ਹੋਇਆ। ਦੂੱਨਾਂ ਸਿੰਘ ਮਾਰਿਆ ਗਿਆ। ਉਸ ਦੀ ਪੇਟੀ ਵਿਚ ਜਿਸ ਨੂੰ ਤੋਪ ਦੀ ਠੋਕਰ ਬਣਾਇਆ ਹੋਇਆ ਸੀ, ਫੌਜ ਦੀ ਤਨਖਾਹ ਅਤੇ ਖਰਚ ਵਾਸਤੇ ਦਸ ਹਜ਼ਾਰ ਰੁਪਿਆ ਸੀ। ਗਲ ਵਿਚ ਕੈਂਠਾ ਅਤੇ ਹੱਥੀਂ ਕੜੇ ਵੀ ਸਨ। ਨੱਥਾ ਸਿੰਘ ਗੋਲੰਦਾਜ਼ ਦਾ ਜੀਆ ਚਾਹੇ ਕਿ ਜਾ ਕੇ ਸਭ ਕੁਝ ਸਾਂਭ ਲਵਾਂ, ਪਰ ਗੋਲੀਆਂ ਦਾ ਮੀਂਹ ਅਜੇਹਾ ਵਰ੍ਹਦਾ ਸੀ ਕਿ ਚੌਥੀ ਤੋਪ ਤੀਕ, ਜਿਥੇ ਇਸ ਦੀ ਲੋਥ ਸੀ, ਜਾਣਾ ਮੁਸ਼ਕਲ ਸੀ। ਸਭ ਘੋੜੇ ਮਾਰੇ ਗਏ ਸਨ। ਇਸੇ ਕਰਕੇ ਤੋਪਾਂ ਘਸੀਟੀਆਂ ਨਾ ਗਈਆਂ ਅਤੇ ਰਹਿ ਗਈਆਂ। ਲਾਗੇ ਦੇ ਮੁਰਦਿਆਂ ਦੀਆਂ ਵਾਂਸਲੀਆਂ ਟੋਹੀਆਂ ਤਾਂ ਸੱਤ ਸੌ ਹੱਥ ਲੱਗਾ, ਉਹੋ ਹੀ ਲੈ ਕੇ ਉਹ ਸੱਜੇ ਹੱਥ ਹੋ ਪਿਆ ਅਤੇ ਫੌਜ ਦੀ ਮਾਰ ਤੋਂ ਬਾਹਰ ਨਿਕਲ ਕੇ ਉੱਤਰ ਦੇ ਪਿੰਡ ਵੱਲ ਵਧਿਆ।

ਰਾਹ ਵਿਚ ਉਸ ਨੂੰ ਘੋੜਿਆਂ ਦੇ ਸੁੰਮਾਂ ਦੀ ਅਤੇ ਤਲਵਾਰਾਂ ਦੇ ਛਣਕਣ ਦੀ ਆਵਾਜ਼ ਆਈ। ਮੇਰੇਵਾਲ ਛੱਪੜੀ ਵਿਚ ਖੜ੍ਹਾ ਸੀ, ਉਥੇ ਹੀ ਛਹਿ ਗਿਆ। ਸਵਾਰ ਲਾਂਭ ਲਾਂਭ ਦੀ ਲੰਘ ਗਏ ਅਤੇ ਉਹ ਫੌਜਾਂ ਤੋਂ ਬਚਦਾ ਬਚਦਾ "ਚੰਦੇੜ" ਔਪੜ ਪਿਆ। ਮਾਮੇ ਨੂੰ ਖਬਰ ਜਾ ਦਿੱਤੀ ਕਿ ਸਿੱਖ ਤਾਂ ਭੱਜ ਗਏ ਹਨ; ਤੂੰ ਜਾ ਕੇ ਮੁਦਕੀ ਵਾਲਿਆਂ ਨੂੰ ਆਖ ਕਿ ਪਿੰਡ ਛੱਡ ਜਾਣ, ਨਹੀਂ ਤਾਂ ਮਾਰੇ ਜਾਣਗੇ। ਲੋਕੀਂ ਛਾਪੇ ਦੇ ਦੇ ਕੇ ਘਰਾਂ ਨੂੰ ਪਿੰਡ ਛੱਡ ਗਏ, ਅਗਲੇ ਦਿਨ। ਬ੍ਰਾਡਫੁੱਟ ਦਾ ਹੁਕਮ ਸੀ ਕਿ ਸਾਰੇ ਵਕੀਲ ਮੇਰੇ ਡੇਰੇ ਰਹਿਣ, ਹੋਰ ਕਿਤੇ ਨਾ ਰਹਿਣ। ਸੋ ਅਜੇਹਾ ਹੀ ਹੋਈਆ। ਬਾਰਾਂ ਵਜੇ ਲੜਾਈ ਵੱਲੋਂ ਆਈਆ ਅਤੇ ਖਾਣਾ ਖਾਧਾ ਅਤੇ ਕਿਹਾ ਕਿ ਕੋਈ ਖਬਰ ਲਿਆਵੇ ਜੋ ਸਿੱਖ ਭੱਜ ਗਏ ਹਨ ਯਾ ਅਜੇ ਲੜਾਈ ਲਈ ਤਿਆਰ ਹਨ। ਅੰਗਰੇਜ਼ਾਂ ਨੂੰ ਸਿੱਖਾਂ ਦੇ ਨਾ ਭੱਜਣ ਦਾ ਐਤਨਾਂ ਯਕੀਨ ਸੀ ਕਿ ਸਭ ਫੌਜਾਂ ਮੈਦਾਨ-ਜੰਗ ਵਿਚ ਹੀ ਰਹੀਆਂ ਸਨ, ਕੋਈ ਵਾਪਸ ਨਹੀਂ ਆਇਆ ਸੀ। ਅੱਗਾਂ ਬਾਲ ਕੇ ਪਏ ਸੇਕਦੇ ਸਨ, ਤੋਪਾਂ ਵੀ ਰਾਤ ਨਹੀਂ ਸਨ ਸਾਂਭੀਆਂ, ਦਿਨੇ ਜਾ ਕੇ ਕਬਜ਼ਾ ਕੀਤਾ, ਜਦੋਂ ਅਗੋਂ ਕੋਈ ਦੁਸ਼ਮਣ ਨਜ਼ਰ ਨਾ ਆਇਆ।

ਘੁਮੰਡਾ ਸਿੰਘ ਨੇ ਜੋ ਸਾਡਾ ਰਿਸ਼ਤੇਦਾਰ ਸੀ ਸਾਨੂੰ ਆਖਿਆ, ਜੋ ਜਾ ਕੇ ਖਬਰ ਲਿਆਵੇਗਾ, ਉਸ ਨੂੰ ਮੈਂ ਪੰਜ ਸੌ ਦੇਵਾਂਗਾ। ਸਾਡਾ ਚਾਚਾ ਦਲ ਸਿੰਘ ਤਿਆਰ ਹੋਇਆ ਅਤੇ ਘੁਮੰਡਾ ਸਿੰਘ ਨੇ ਆਪਣਾ ਨਫਰ ਨਾਲ ਕੀਤਾ। ਦੋਵੇਂ ਜਣੇ ਚੰਦੋੜ ਨੂੰ ਰਵਾਨਾ ਹੋਏ, ਅੱਗੋਂ ਨੱਥਾ ਸਿੰਘ ਮਿਲ ਪਿਆ, ਜਿਸ ਨੇ ਦੱਸਿਆ ਕਿ ਸਿੱਖ ਭੱਜ ਕੇ ਮੈਦਾਨ ਛੱਡ ਗਏ ਹਨ। ਉਹ ਉਥੋਂ ਹੀ ਮੁੜ ਪਏ ਅਤੇ ਖਬਰ ਆ ਦਿੱਤੀ ਕਿ ਮੈਦਾਨ ਵਿਚ ਕੋਈ ਦੁਸ਼ਮਣ ਨਹੀਂ ਹੈ। ਬ੍ਰਾਡਫੁੱਟ ਨੇ ਵੀ ਸਿਰ ਫੇਰਿਆ; ਕਿਹਾ 'ਸ਼ੈਦ' ਪਰ ਵਕੀਲ ਲੱਗੇ ਤਰੀਫਾਂ ਕਰਨ। ਬ੍ਰਾਡਫੁੱਟ ਨੇ ਕਿਹਾ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਕਿ ਸਿੱਖ ਅਜੇ ਤਿੰਨ ਚਾਰ ਲੜਾਈਆਂ ਦਰਿਆਓਂ ਉਰਾਰ ਕਰਨਗੇ ਤਦ ਪਾਰ ਜਾਣਗੇ, ਐਵੇਂ ਨਹੀਂ।

ਸਾਰੀ ਰਾਤ ਫੌਜ ਮੈਦਾਨ-ਜੰਗ ਵਿਚ ਹੀ ਰਹੀ ਅਤੇ ਉਥੇ ਹੀ ਡਬਲ ਰੋਟੀ ਵਰਤੀ, ਅੱਗਾਂ ਬਾਲ ਕੇ ਸੇਕਦੇ ਰਹੇ ਅਤੇ ਆਪਣੇ ਥਾਵਾਂ ਉਤੇ ਜੰਮੇ ਰਹੇ। ਸਰਦਾਰ ਪਹਾੜਾ ਸਿੰਘ ਤਾਂ ਆਪਣੀ ਰਿਆਸਤ ਦੇ ਪਿੰਡ 'ਚੰਦ' ਵਿਚ ਹੀ ਰਿਹਾ ਸੀ। ਪਰ ਆਪਣੇ ਪੁੱਤਰ ਵਜ਼ੀਰ ਸਿੰਘ ਅਤੇ ਘੁਮੰਡਾ ਸਿੰਘ ਵਕੀਲ ਨੂੰ ਡੇਰਾ ਦੇ ਕੇ ਘੱਲ ਦਿੱਤਾ ਸੀ, ਜਿਨ੍ਹਾਂ ਨੇ ਪਿੰਡ ਦੇ ਲਹਿੰਦੇ ਬੰਨ੍ਹੇ ਵੱਲ ਡੇਰਾ ਕੀਤਾ ਸੀ। ਦਿਨ ਚੜ੍ਹੇ ਪਹਾੜਾ ਸਿੰਘ ਆਪ ਆਇਆ ਅਤੇ ਸਾਹਿਬ ਨੇ ਖੁਸ਼ ਹੋ ਕੇ ਕਿਹਾ ਕਿ ਤੇਰੇ ਵਕੀਲ ਨੇ ਦਾਣੇ-ਪੱਠੇ ਦੀ ਖ਼ੂਬ ਮੱਦਦ ਕੀਤੀ ਹੈ ਅਤੇ ਰਾਤ ਖਬਰ ਵੀ ਮੰਗਵਾ ਦਿੱਤੀ ਸੀ। ਫਿਰ ਕਿਹਾ ਕਿ ਤੈਨੂੰ ਰਾਜਗੀ ਦਾ ਖਿਤਾਬ ਅਤੇ ੩੫੦੦ ਦਾ ਕੋਟਕਪੂਰੇ ਦਾ ਇਲਾਕਾ ਵੀ ਦਿੱਤਾ ਜਾਵੇਗਾ। (ਇਹ ਭਰੋਸਾ ਲਾਹੌਰ ਜਾਣ ਤੋਂ ਮਗਰੋਂ ਪੂਰਾ ਕੀਤਾ ਗਿਆ।)

ਵੱਡੇ ਵੱਡੇ ਗੋਰੇ ਸੰਦੂਕਾਂ ਵਿਚ ਪਾ ਕੇ ਰੁੱਖਾਂ ਹੇਠ ਦੱਬ ਕੇ ਰੁੱਖਾਂ 'ਤੇ ਨਾਮ ਲਿਖ ਕੇ ਤਾਂਬੇ ਦੇ ਪੱਤਰੇ ਜੜ ਦਿੱਤੇ ਕਿ ਲੜਾਈ ਤੋਂ ਮਗਰੋਂ ਵੇਖਿਆ ਜਾਵੇਗਾ। ਪੂਰਬੀਆਂ ਨੇ ਆਪਣੇ ਸਿਪਾਹੀ ਸਾੜੇ ਅਤੇ ਜ਼ਖ਼ਮੀ ਮੁੱਦਕੀ ਲਿਆਂਦੇ ਗਏ, ਜਿਨ੍ਹਾਂ ਵਿਚੋਂ ਬਹੁਤੇ ਮਰ ਗਏ। ਸਵੇਰੇ ਹੀ ਜਾ ਕੇ ਤੋਪਾਂ ਲਿਆਂਦੀਆਂ ਅਤੇ ਤਖ਼ਤ ਤੋੜ ਕੇ ਸਿੱਖਾਂ ਦੇ ਕਿਲ੍ਹੇ ਦੇ ਦਰਵਾਜ਼ੇ ਦੇ ਅਗਲੇ ਖੂਹ ਵਿਚ ਸੁੱਟ ਦਿੱਤੀਆਂ। ਜਦੋਂ ਸਭਰਾਵਾਂ ਦੀ ਲੜਾਈ ਹੋਈ ਹੈ ਉਸ ਤੋਂ ਪਹਿਲਾਂ ਇਹ ਕੱਢ ਕੇ ਫੀਰੋਜ਼ਪੁਰ ਘੱਲੀਆਂ ਗਈਆਂ ਸਨ। ਇਕ ਤੋਪ ਬੰਦੋਬਸਤ ਦੇ ਵੇਲੇ ੧੯੮੫੨ ਈਸਵੀ ਵਿਚ ਮਿੱਟੀ ਕੱਢਣ ਲੱਗਿਆਂ ਲੱਭੀ ਸੀ, ਜਿਸ ਨੂੰ ਗੰਗਾ ਰਾਮ ਤਹਿਸੀਲਦਾਰ ਨੇ ਫੀਰੋਜਪੁਰ ਘਲਵਾ ਦਿੱਤਾ ਸੀ। ਸਿੱਖ ਚਾਰ ਕੁ ਸੌ ਕਤਲ ਹੋਏ ਸਨ ਅਤੇ ਦੋ ਥਾਈਂ ਹੀ ਸਨ, ਇਕ ਬੰਨੇ ਤੋਪਾਂ ਲਾਗੇ ਅਤੇ ਦੂਜੇ ਬੰਨੇ ਪੜਤਲਾਂ ਲਾਗੇ। ਕਈ ਮਹੀਨੇ ਕਰੰਗ ਉਥੇ ਪਏ ਰਹੇ,

ਜਦੋਂ ਲੁਹਾਮਿਆਂ ਦੇ ਆਦਮੀ ਆਏ ਅਤੇ ਪੈਲੀਆਂ ਸਾਫ ਕੀਤੀਆਂ ਤਾਂ ਕਰੰਗਾਂ ਨੂੰ ਕੱਢ ਕੇ ਇਕੱਠਾ ਕਰ ਕੇ ਅੱਗ ਲਾ ਦਿੱਤੀ। ਸੁੱਕੇ ਹੋਏ ਕਰੰਗ ਲੱਟ ਲੱਟ ਬਲਣ ! ਦੋ ਵੱਡੇ ਵੱਡੇ ਸਿਵੇ ਕੀਤੇ ਸਨ ਜਿਹਨਾਂ ਦੀਆਂ ਵੱਡੀਆਂ ਵੱਡੀਆਂ ਹੱਡੀਆਂ ਫੇਰ ਅਜੈਬ ਘਰ ਘੱਲੀਆਂ ਗਈਆਂ ਸਨ।

ਅੰਗਰੇਜ਼ਾਂ ਨੇ ਫੀਰੋਜ਼ਪੁਰ ਦੀ ਫੌਜ ਨੂੰ ਖਬਰ ਘੱਲਣੀ ਸੀ, ਪਰ ਰਾਹ ਵਿਚ ਸਿੱਖ ਸਨ। ਘੁਮੰਡਾ ਸਿੰਘ ਦਾ ਆਦਮੀ ਚਿੱਠੀ ਲੈ ਕੇ ਆਪਣੇ ਰਾਜ ਥਾਣੀਂ ਜੋ ਨਾਲ ਨਾਲ ਹੀ ਸੀ ਫੀਰੋਜ਼ਪੁਰ ਅੱਪੜਿਆ ਅਤੇ ਜਾ ਕੇ ਖਬਰ ਕੀਤੀ ਕਿ ਫਲਾਣੇ ਦਿਨ ਮਿਸਰੀ ਵਾਲੇ ਰੱਤੇ ਖੇੜੇ ਅਤੇ ਸ਼ਕੂਰ ਦੇ ਵਿਚਕਾਰਲੇ ਜੰਗਲ ਵਿਚ ਇਕੱਠ ਹੋਣਾ ਹੈ, ਸੁ ਅਜਿਹਾ ਹੀ ਹੋਇਆ।

ਵਕੀਲਾਂ ਨੂੰ ਚਿੱਠੀਆਂ ਦੇ ਕੇ ਲੜਾਈ ਤੋਂ ਦੂਰ ਖੜ੍ਹਾ ਕਰ ਛੱਡਿਆ ਸੀ ਕਿ ਜਦੋਂ ਕੋਈ ਗੋਰਾ ਆਦਿ ਸਿੱਖ ਸਮਝ ਕੇ ਮਾਰਨ ਲਈ ਆਵੇ ਤਾਂ ਚਿੱਠੀ ਵਿਖਾ ਦੇਣੀ, ਪਰ ਅਜਿਹਾ ਮੌਕਾ ਹੀ ਨਾ ਮਿਲਿਆ। ਰਾਤ ਹਨੇਰੀ ਸੀ ਅਤੇ ਮਤਾਬੀਆਂ ਬਾਲੀਆਂ ਹੋਈਆਂ ਸਨ। ਬ੍ਰਾਡਫੁੱਟ ਤਿੰਨ ਵਾਰ ਮੁੜ ਕੇ ਸਾਡੇ ਪਾਸ ਆਇਆ, ਹਰ ਵੇਰ ਘੋੜਾ ਮਰਵਾ ਆਉਂਦਾ ਸੀ। ਪਰ ਚੌਥੀ ਵਾਰ ਅਜਿਹਾ ਗਿਆ ਕਿ ਆਪ ਵੀ ਮੁੜ ਨਾ ਆਇਆ, ਮੈਦਾਨ ਵਿਚ ਹੀ ਰਿਹਾ।

ਅਗਲੇ ਭਲਕ ਤੇਜਾ ਸਿੰਘ ਦੀਆਂ ਤੋਪਾਂ ਦੀ ਸ਼ਲਕ ਨਾਲ ਅੰਗਰੇਜ਼ ਭੱਜ ਉੱਠੇ, ਪਰ ਪਹਾੜਾ ਸਿੰਘ ਦੇ ਕੁਝ ਸਵਾਰ ਇਕ ਲਾਂਭੇ ਖੜ੍ਹੇ ਵੇਖਦੇ ਰਹੇ, ਉਵੇਂ ਹੀ ਤੇਜਾ ਸਿੰਘ ਇਹ ਆਖ ਕੇ ਕਿ ਜ਼ਮੀਨ ਉਤੇ ਮੁਰਦੇ, ਲਹੂ ਮਤੇ ਮਰੇ ਪਏ ਹੋਏ ਹਨ, ਸੁਲਤਾਨ ਖਾਂ ਵਾਲੇ ਨੂੰ ਮੁੜ ਗਿਆ। ਸਵਾਰਾਂ ਨੇ ਇਹ ਹਾਲ ਵੇਖ ਕੇ ਅੰਗਰੇਜ਼ਾਂ ਨੂੰ ਜਾ ਦੱਸਿਆ, ਜੋ ਮੁੜ ਕੇ ਮੈਦਾਨ ਦੇ ਮਾਲਕ ਆ ਬਣੇ।

## ਚੇਲੀਆਂ ਵਾਲੀ ਦੀ ਲੜਾਈ

ਗੁਲਾਬ ਸਿੰਘ ਪੋਹੂਵਿੰਡੀਏ ਨੂੰ ਅਸੀਂ ਰਿਸ਼ਤੇਦਾਰੀ ਦੇ ਕਾਰਨ ਪਸ਼ੌਰ ਮਿਲਣ ਚਲੇ ਸਾਂ, ਪਰ ਇਹ ਚਤਰ ਸਿੰਘ ਦੇ ਨਾਲ ਕੈਦ ਕੀਤਾ ਹੋਇਆ ਰਾਹ ਵਿਚ ਹੀ ਮਿਲ ਪਿਆ। ਅਸੀਂ ਚੇਲੀਆਂ ਵਾਲੀ ਲੜਾਈ ਵੇਲੇ ਪਹਾੜੀ ਉਤੇ ਖੜ੍ਹੇ ਵੇਖਦੇ ਸਾਂ, ਪਹਿਲੋਂ ਅਸੀਂ ਪੰਜਾਹ ਕੁ ਆਦਮੀ ਅੱਗੇ ਨੂੰ ਵਧੇ, ਅੰਗਰੇਜ਼ਾਂ ਦੀ ਲਾਂਭ ਨੂੰ ਉਤੇ ਉਤੇ ਹੀ। ਫੇਰ ਲੜਾਈ ਮੱਠੀ ਹੋਈ ਤਾਂ ਛਛਰਿਆਂ ਦੇ ਜੰਗਲ ਵੱਲ ਹੋ ਪਏ। ਕਣੀਆਂ ਪੈਂਦੀਆਂ ਸਨ। ਅਸੀਂ ਰਾਹ ਭੁੱਲ ਗਏ ਸਾਂ। ਅੰਤ ਨੂੰ ਸਭਰਾਵੀਆਂ ਨਾਲ ਰਲ ਕੇ ਡੇਰੇ ਅੱਪੜੇ ਫੇਰ ਕੁਝ ਸਾਲ ਮਗਰੋਂ ਡੇਰਾ ਗੁਜਰਾਤ ਆਇਆ। ਠੇਰੀ ਉਤੇ ਖੜ੍ਹੇ ਲੜਾਈ ਵੇਖਦੇ ਸਾਂ ਕਿ ਪਹਿਲੋਂ ਪਠਾਣ ਹੀ ਭੱਜੇ। ਅੰਗਰੇਜ਼ਾਂ ਦਾ ਰਸਾਲਾ ਮਗਰ ਹੋ ਪਿਆ।

ਅਸੀਂ ਪੋਹੂਵਿੰਡੀਏ ਨਾਲ ਜੋ ਹਾਥੀ ਉੱਤੇ ਚੜ੍ਹਿਆ ਹੋਇਆ ਸੀ, ਪੰਜਾਹ ਕੁ ਨਜ਼ਰਾਂ ਸਣੇ ਮਾੜੀ ਦੇ ਪਤਣੋਂ ਜੋ ਬਾਰਾਂ ਕੋਹ ਦੇ ਫਾਸਲੇ ਉੱਤੇ ਹੈ, ਰਾਤ ਗਾਹਣ ਲੰਘੇ ਅਤੇ ਲਾਹੌਰ ਵੱਲ ਹੋ ਪਏ।

ਆਲਾ ਸਿੰਘ ਪੁੱਤਰ ਗੁਲਾਬ ਸਿੰਘ ਦਾ ਤੋਪਾਂ ਦਾ, ਕੁਮੇਦਾਨ ਸੀ। ਜਦੋਂ ਸਿੱਖਾਂ ਦੇ ਬਾਗੀ ਹੋਣ ਦੇ ਲੱਛਣ ਵੇਖੇ ਸਨ ਤਾਂ ਇਹ ਅੰਗਰੇਜ਼ਾਂ ਦੇ ਬੱਚਿਆਂ ਨੂੰ ਪਠਾਣਾਂ ਦੀ ਗੜ੍ਹੀ ਵਿਚ ਲੈ ਗਿਆ ਸੀ, ਇਸ ਕਰ ਕੇ ਸਿੱਖਾਂ ਦਾ ਇਹਨਾਂ ਉੱਤੇ ਭਾਰਾ ਸ਼ੱਕ ਹੋ ਗਿਆ ਸੀ ਕਿ ਇਹ ਅੰਗਰੇਜ਼ਾਂ ਦੇ ਹਮਾਇਤੀ ਹਨ ਅਤੇ ਸਾਡੇ ਦੁਸ਼ਮਣ ਹਨ, ਇਸ ਕਰਕੇ ਕੈਦ ਰੱਖਦੇ ਸਨ।

'ਇਹ ਸਾਰਾ ਹਾਲ ਆਪਣੀ ਅੱਖੀਂ ਵੇਖਿਆ, ਘੁਮੰਡਾ ਸਿੰਘ ਜੋ ਤਨੀ ਰਿਸ਼ਤੇਦਾਰ ਸੀ, ਉਸ ਦੀ ਜ਼ਬਾਨੀ ਸੁਣਿਆ। ਘੁਮੰਡਾ ਸਿੰਘ ਦੇ ਸਵਾਰਾਂ ਦੀ ਜ਼ਬਾਨੀ ਸੁਣਿਆ ਅਤੇ ਨੱਥਾ ਸਿੰਘ ਦੀ ਜ਼ਬਾਨੀ ਸੁਣਿਆ ਹੈ; ਆਪੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ ਦਾ ਹੈ।'

---

SIKHBOOKCLUB.COM

੮

# ਬਾਬਾ ਸ਼ਾਮ ਸਿੰਘ ਜੀ ਆਸਲਾ ਦਾ ਬਿਆਨ

*[ਬਾਬੇ ਹੁਰੀਂ ਆਸਲੇ ਦੇ ਸਨ ਤੇ ਮੁਲਤਾਨ ਦੀ ਲੜਾਈ ਵਿਚ ਇਹਨਾਂ ਨੇ ਖਾਸ ਹਿੱਸਾ ਲਿਆ ਹੈ। ਇਹਨਾਂ ਨੇ ਜੋ ਕੁਝ ਅੱਖੀਂ ਵੇਖਿਆ ਤੇ ਸੁਣਿਆ ਉਹ ਇਸ ਤਰ੍ਹਾਂ ਬਿਆਨ ਕੀਤਾ ]*

## ਸਿੱਖ ਦਰਬਾਰ ਵਿੱਚ ਫੁੱਟ

ਜਦ ਸ਼ੇਰ ਸਿੰਘ ਗੱਦੀ ਉੱਤੇ ਬੈਠਾ ਸੀ, ਮਗਰੋਂ ਲਹਿਣਾ ਸਿੰਘ ਅਤੇ ਅਜੀਤ ਸਿੰਘ ਕੈਦ ਸਨ ਅਤੇ ਅਤਰ ਸਿੰਘ ਪਾਰ ਚਲੇ ਜਾਣ ਕਰਕੇ ਬਚਿਆ ਹੋਇਆ ਸੀ ਤੇ ਜਿਸ ਵੇਲੇ ਫੇਰ ਇਹਨਾਂ ਨੂੰ ਜਗੀਰਾਂ ਮਿਲੀਆਂ ਤਾਂ ਸ਼ੇਰ ਸਿੰਘ ਅਤੇ ਵਜ਼ੀਰ ਸਿੰਘ ਵਿਚ ਅਣ-ਬਣ ਹੋ ਗਈ। ਸ਼ੇਰ ਸਿੰਘ, ਧਿਆਨ ਸਿੰਘ ਦੀ ਅਲਖ ਮੁਕਾਉਣੀ ਚਾਹੇ ਅਤੇ ਧਿਆਨ ਸਿੰਘ ਸ਼ੇਰ ਸਿੰਘ ਦੀ, ਪਰ ਇਹ ਦੋਵੇਂ ਭਰਾ ਦੋਹਾਂ ਦੀ ਇਹੋ ਕਾਰਨ ਸੀ ਕਿ ਉਹ ਆਪਣੇ ਨੌਕਰ ਢਾਹੇ ਦੇ ਲਾਗੇ ਦੇ ਪਿੰਡਾਂ ਦੇ ਰੱਖਦੇ ਸਨ ਜੋ ਲੜਨ ਵਿਚ ਬਹਾਦਰ ਅਤੇ ਲਾਹੌਰ ਦੇ ਹਸਾਨ ਤੋਂ ਦੂਰ ਸਨ। ਇਸ ਦੀ। ਸਾਰੀ ਫੌਜ ਸਾਡੇ ਪਿੰਡਾਂ ਵੱਲ ਦੀ ਹੀ ਸੀ। ਦੋਹਾਂ ਭਰਾਵਾਂ ਨੇ ਬਹੁਤ ਦੇਰ ਦਾ ਨੇਮ ਕੀਤਾ ਹੋਇਆ ਸੀ ਕਿ ਦੋਵੇਂ ਧਿਰਾਂ ਪਾਰ ਕਰਨੀਆਂ ਚਾਹੀਦੀਆਂ ਹਨ। ਜਿੰਨਾ ਚਿਰ ਇਹ ਕੰਮ ਨਾ ਕੀਤਾ, ਉਹਨਾਂ ਦੋਹਾਂ ਨੇ ਅਤੇ ਖਾਸ ਕਰ ਕੇ ਅਜੀਤ ਸਿੰਘ ਨੇ ਖੱਬੇ ਹੱਥ ਤੋਂ ਛੁੱਟ ਢਾਈ ਵਰ੍ਹੇ ਸੱਜੇ ਹੱਥ ਨਾਲ ਰੋਟੀ ਨਹੀਂ ਖਾਧੀ ਅਤੇ ਸਾਡੀਆਂ ਬੰਦੂਕਾਂ ਦੇ ਫੀਤੇ ਤਾਂ ਮਹੀਨਾ ਭਰ ਪਹਿਲਾਂ ਤੋਂ ਤਿਆਰ ਸਨ, ਕਿ ਜਦੋਂ ਦਾਅ ਲੱਗੇ ਪਾਰ ਬੁਲਾਈਏ।

## ਸ਼ੇਰ ਸਿੰਘ ਸੰਧਾਂਵਾਲੀਆਂ ਦੇ ਹੱਥੋਂ ਕਤਲ

ਪੈਦਲ ਤੇ ਸਵਾਰ ਰਲੇ-ਮਿਲੇ ਹਜ਼ਾਰ ਅਜੀਤ ਸਿੰਘ ਦੇ ਅਤੇ ਪੰਜ ਸੌ ਲਹਿਣਾ ਸਿੰਘ ਦੇ ਆਦਮੀ ਸਨ, ਜਿਹਨਾਂ ਦੀ ਹਾਜ਼ਰੀ ਦੇਣੀ ਸੀ। ਅਸੀਂ ਵੀ ਵਿਚ ਸਾਂ। ਅਜੀਤ ਸਿੰਘ ਨੇ ਅੱਗੇ ਵਧ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਕਾਰਬੀਨ ਵਿਖਾਈ, ਪਰ ਕਲਾ ਦਾ ਪਤਾ ਨਾ ਲੱਗਣ ਕਰਕੇ (ਜੋ ਅਨਜਾਣ ਨੂੰ ਨਹੀਂ ਸੀ ਲੱਭਦੀ) ਸ਼ੇਰ ਸਿੰਘ ਨੇ ਕਿਹਾ, ਤੂੰ ਹੀ ਦੱਸ ਦੇਹ ਇਸ ਦੀ ਕਲਾ। ਅਜੀਤ ਸਿੰਘ ਨੇ ਮਗਰੋਂ ਹੀ ਘੋੜਾ

 www.sikhbookclub.com

ਨੱਪ ਦਿੱਤਾ ਅਤੇ ਗੋਲੀ ਸ਼ੇਰ ਸਿੰਘ ਦੇ ਸੱਜੇ ਮੋਂਢੇ ਉਤੇ ਵੱਜੀ। ਜੀ-ਭਿਆਣਾ ਉਠ ਕੇ ਖਾਬਗਾਹ ਵੱਲ ਉਤੇ ਭੱਜ ਗਿਆ, ਪਰ ਸ਼ੇਰ ਸਿੰਘ ਭੂਰਿਆਂ ਵਾਲਾ ਮਗਰ ਹੀ ਗਿਆ ਅਤੇ ਸਿਰ ਵੱਢ ਕੇ ਲੈ ਆਇਆ।

ਸ਼ੇਰ ਸਿੰਘ ਦੇ ਪਾਸ ਖੜ੍ਹੇ ਮਹਿਰੇ ਨੇ ਤਲਵਾਰ ਖਿੱਚੀ ਸੀ, ਪਰ ਉਹ ਤੜੱਕ ਹੀ ਮਾਰਿਆ ਗਿਆ। ਸ਼ੇਰ ਸਿੰਘ ਦੀ ਅੜਦਲ ਵਿਚ ਤੋਪਾਂ ਵੀ ਸਨ। ਪਰ ਅਜੀਤ ਸਿੰਘ ਨੇ ਉਹਨਾਂ ਦਾ ਬੰਦੋਬਸਤ ਵੀ ਪਹਿਲੋਂ ਹੀ ਕਰ ਛੱਡਿਆ ਸੀ; ਤੋਪਾਂ ਉਤੇ ਪੰਜ ਸੌ ਕਾਰਬੀਨਾਂ ਵਾਲੇ ਖੜ੍ਹੇ ਕਰ ਛੱਡੇ ਸਨ। ਇਹ ਤਾਂ ਪਤਾ ਹੀ ਸੀ ਕਿ ਸ਼ੇਰ ਸਿੰਘ ਨੇ ਬਾਹਰ ਆ ਕੇ ਹਾਜ਼ਰੀ ਲੈਣੀ ਹੀ ਨਹੀਂ, ਅੰਦਰੋਂ ਹੀ ਵੇਖ ਕੇ ਕਹਿ ਛੱਡੇਗਾ ਕਿ ਬਹੁਤ ਚੰਗੇ ਜਵਾਨ ਤੇ ਸੁੰਦਰ ਫੌਜ ਹੈ, ਸ਼ਾਬਾਸ਼ ਹੈ ਤੇਰੇ! ਸੋ ਅਜਿਹਾ ਹੀ ਹੋਇਆ। ਇਸ ਕਰਕੇ ਤੋਪਾਂ ਨੂੰ ਘੇਰ ਛੱਡਣਾ ਕੋਈ ਸ਼ੱਕ ਨਹੀਂ ਪਾ ਸਕਦੀ ਸੀ! ਜਦੋਂ ਗੋਲੀ ਸਰ ਹੋਈ ਤਾਂ ਗੋਲੰਦਾਜ਼ ਭੱਜ ਕੇ ਤੋਪਾਂ ਵੱਲ ਹੋਏ, ਪਰ ਕਾਰਬੀਨਾਂ ਵੇਖ ਕੇ ਹਟ ਗਏ।

ਫੇਰ ਸਭ ਕਿਲ੍ਹੇ ਵੱਲ ਗਏ ਅਤੇ ਦਰਵਾਜਿਓਂ ਨਿਕਲਦੇ ਹੀ ਧਿਆਨ ਸਿੰਘ ਲੈ ਲਿਆ। ਪਹਿਲੀ ਡਿਉੜ੍ਹੀ ਪਾਸ ਹੀ ਸਭ ਉਸ ਦੇ ਹਮਰਾਹੀ ਡੱਕੇ ਗਏ ਅਤੇ ਦੂਜੀ ਡਿਉੜ੍ਹੀ ਵਿਚ ਚੰਦ ਕੌਰ ਦੇ ਮਾਰਨ ਦਾ ਕਥਨ ਕਹਿ ਕੇ ਅਜੀਤ ਸਿੰਘ ਨੇ ਪਿੱਠ ਵਿਚ ਗੋਲੀ ਮਾਰੀ ਅਤੇ ਥਾਂ ਹੀ ਰੱਖਿਆ। ਦਲੀਪ ਸਿੰਘ ਨੂੰ ਲਹੂ ਦਾ ਤਿਲਕ ਦਿੱਤਾ ਅਤੇ ਸਲਾਹ ਹੋਈ ਕਿ ਫੌਜ ਵਿਚ ਫਿਰ ਆਈਏ, ਪਰ ਗਿਆਨੀ ਨੇ ਆਖਿਆ ਕਿ ਆਪੇ ਹੀ ਗੂੰਹ ਖਾ ਕੇ ਆ ਮਿਲਣਗੇ, ਫੌਜ ਦਾ ਕੀ ਹੈ। ਇਸ ਕਰਕੇ ਨਾ ਗਏ ਅਤੇ ਸ਼ਰਾਬਾਂ ਪੀਣ ਲੱਗ ਪਏ।

ਅੱਜ ਪਹਿਲਾ ਦਿਨ ਹੈ ਕਿ ਅਜੀਤ ਸਿੰਘ ਤੇ ਲਹਿਣਾ ਸਿੰਘ ਨੇ ਖੁਸ਼ੀ ਨਾਲ ਸੱਜੇ ਹੱਥ ਨਾਲ ਸ਼ਰਾਬ ਪੀਤੀ, ਕੰਜਰੀ ਕੋਈ ਨਹੀਂ ਮੰਗਾਵਾਈ ਸੀ, ਇਹ ਝੂਠੀ ਤੁਹਮਤ ਸੀ। ਹੀਰਾ ਸਿੰਘ ਨੇ ਫੌਜਾਂ ਨੂੰ ਜਾ ਕੇ ਬਹਿਕਾਇਆ ਅਤੇ ਖਾਸ ਕਰਕੇ ਕਿਹਾ ਕਿ ਅਤਰ ਸਿੰਘ ਅੰਗਰੇਜ਼ਾਂ ਨੂੰ ਲੈਣ ਗਿਆ ਹੈ ਤੇ ਜੇ ਸੰਧਾਵਾਲੀਏ ਰਹੇ ਤਾਂ ਅੰਗਰੇਜ਼ ਆ ਜਾਣਗੇ, ਨਾਲ ਹੀ ਇਕ ਇਕ ਬੁਕਤੀ ਦਾ ਲਾਲਚ ਦਿੱਤਾ। ਸਾਰੀ ਫੌਜ ਖਾਉ-ਪੀਉ ਨਾਲ ਕਿਲ੍ਹੇ ਨੂੰ ਘੇਰ ਖੜ੍ਹੋਤੀ ਅਤੇ ਅਸੀਂ ਅੰਦਰ ਤੱਤਪਰ ਹੋ ਗਏ। ਸਾਰੀ ਰਾਤ ਲੜਾਈ ਹੁੰਦੀ ਰਹੀ ਅਤੇ ਅਜੀਤ ਸਿੰਘ ਤੇ ਲਹਿਣਾ ਸਿੰਘ ਮੋਰਚੇ ਬਿਠਾਉਂਦੇ ਫਿਰਦੇ ਸਨ। ਐਨ ਅੱਧੀ ਰਾਤ ਮੋਰਚੇ ਬਿਠਾਉਂਦੇ ਲਹਿਣਾ ਸਿੰਘ ਨੂੰ ਹਿੱਕ ਵਿਚ ਗੋਲੀ ਵੱਜੀ ਅਤੇ ਨੌਕਰ ਝਟਪਟ ਹੀ ਉਠਾ ਕੇ ਖਾਬਗਾਹ ਵਿਚ ਲੈ ਗਏ। ਦੂਜੇ ਬੰਨੇ ਵੱਲ ਅਜੀਤ ਸਿੰਘ ਵੀ ਇਹੋ ਕੁਝ ਕਰ ਰਿਹਾ ਸੀ। ਜਦੋਂ ਚਾਚੇ ਨੂੰ ਗੋਲੀ ਲੱਗਣ ਦੀ ਖਬਰ ਲੱਗੀ ਤਾਂ ਉਹ ਉਸ ਦੇ ਪਾਸ ਜਾ ਕੇ ਰੋਣ ਲੱਗ ਪਿਆ। ਲਹਿਣਾ ਸਿੰਘ ਬਹੁਤ ਗੁੱਸੇ ਹੋਇਆ ਅਤੇ ਕਿਹਾ ਕਿ 'ਮਾਰਨਾ ਰਾਜਿਆਂ ਅਤੇ

ਵਜ਼ੀਰਾਂ ਨੂੰ ਅਤੇ ਫੇਰ ਰੋਣਾ ਤੀਵੀਆਂ ਵਾਂਗ! ਇਹ ਕੀ ਗੱਲ ਹੈ? ਹੋਵੇ ਭਤੀਜਾ ਮੇਰਾ ਤੇ ਫੇਰ ਰੋਵੇਂ ? ਇਹ ਕੀ ਗੱਲ! ਜੇ ਮੈਂ ਜੀਊਂਦਾ ਰਹਿੰਦਾ ਤਾਂ ਸਵੇਰੇ ਕੰਧ ਟੱਪ ਕੇ ਤਲਵਾਰ ਦੀ ਲੜਾਈ ਕਰਦਾ; ਪਰ ਕਰਾਂ ਕੀ ? ਬੇ-ਬਸ ਹਾਂ, ਜਾਹ! ਸਵੇਰੇ ਲੜ ਕੇ ਮਰੀਂ, ਰੋਇਆਂ ਕੁਝ ਨਹੀਂ ਬਣਦਾ।'

ਅਜਿਹਾ ਹੀ ਹੋਇਆ, ਸਵੇਰੇ ਅਜੀਤ ਸਿੰਘ ਫਸੀਲੋਂ ਟੱਪਿਆ, ਪਰ ਨੌਕਰ ਨੇ ਢਾਲ ਤਲਵਾਰ ਨਾ ਦਿੱਤੀ, ਖਾਲੀ ਹੱਥ ਹੀ ਪਿਆ ਅਤੇ ਤਿੰਨ ਸੰਗੀਨਾਂ ਖਾ ਕੇ ਮਾਰਿਆ ਗਿਆ। ਦੋਹਾਂ (ਸੰਧਾਵਾਲੀਆਂ) ਦਾ ਖਾਤਮਾ ਹੋ ਗਿਆ। ਅਤਰ ਸਿੰਘ ਤਾਂ ਸ਼ੇਰ ਸਿੰਘ ਦੇ ਮਰਨ ਵੇਲੇ ਏਥੇ ਹੀ ਨਹੀਂ ਸੀ। ਕੁਝ ਉਸ ਨੂੰ ਬੁਲਾਉਣ ਲਈ ਅਤੇ ਕੁਝ ਫੌਜ ਦੇ ਗੁੱਸੇ ਤੋਂ ਡਰਦਿਆਂ ਨੇ ਕਿ ਉਹ ਸ਼ੇਰ ਸਿੰਘ ਦੇ ਕਾਤਲ ਨੂੰ ਜ਼ਰੂਰ ਕਤਲ ਕਰੇਗਾ, ਪੰਜਾਬ ਸਿੰਘ ਭੂਰੀਆਂ ਵਾਲੇ ਨੂੰ ਭਾਈ ਵੀਰ ਸਿੰਘ ਜੀ ਵੱਲ ਘੱਲਿਆ ਸੀ, ਪਰ ਭਾਈ ਵੀਰ ਸਿੰਘ ਜੀ ਨੇ ਅਤਰ ਸਿੰਘ ਨੂੰ ਕਹਿ ਦਿੱਤਾ ਸੀ ਕਿ ਬੱਸ, ਨਾ ਜਾਹ, ਕੰਮ ਹੋ ਚੁੱਕਾ ਹੈ।

## ਹੀਰਾ ਸਿੰਘ ਦਾ ਕਤਲ

ਜਿਸ ਵੇਲੇ ਹੀਰਾ ਸਿੰਘ ਅੰਦਰ ਵੜਿਆ ਤਾਂ ਸੰਧਾਵਾਲੀਆਂ ਦੀ ਫੌਜ ਦੇ ਆਦਮੀ, ਉਸ ਦੀ ਫੌਜ ਨਾਲ ਜਾ ਰਲੇ, ਕਿਉਂਕਿ ਸ਼ਰੀਕੀ ਹਰ ਇਕ ਦੀ ਕਿਸੇ ਨਾ ਕਿਸੇ ਪਲਟਨ ਵਿਚ ਹੀ ਸੀ। ਕਈ ਬਚ ਵੀ ਗਏ। ਪਰ ਜੋ ਹੱਥ ਆਇਆ ਹੀਰਾ ਸਿੰਘ ਨੇ ਉਸ ਨੂੰ ਜਸਰੋਟੇ ਦੇ ਕਿਲ੍ਹੇ ਵਿਚ ਕੈਦ ਕਰ ਕੇ ਘੱਲ ਦਿੱਤਾ। ਲਹਿਣਾ ਸਿੰਘ ਦਾ ਥਾਣੇਦਾਰ ਭਾਨ ਸਿੰਘ ਵੀ ਜਸਰੋਟੇ ਹੀ ਘੱਲਿਆ ਗਿਆ। ਅਸੀਂ ਤਾਂ ਬਚ ਕੇ ਪਾਰ ਚਲੇ ਗਏ ਅਤੇ ਜਦੋਂ ਤੀਕ ਹੀਰਾ ਸਿੰਘ ਰਿਹਾ, ਮੁੜ ਕੇ ਨਾ ਆਏ। ਕੈਦੀ ਵੀ ਉਸ ਦੇ ਮਾਰੇ ਜਾਣ ਦੇ ਮਗਰੋਂ ਹੀ ਛੁੱਟੇ ਅਤੇ ਅਸੀਂ ਫੇਰ ਨੌਕਰ ਆ ਹੋਏ।

ਹੀਰਾ ਸਿੰਘ ਨੂੰ ਪੜਤਲਾਂ ਨੇ ਬਾਹਮਣਾਬਾਦ ਜਾ ਘੇਰਿਆ ਸੀ ਅਤੇ ਉਹਨਾਂ ਡੋਗਰਿਆਂ ਨੇ ਆਪਣਾ ਸਾਰਾ ਵਲੇਵਾਂ ਰਤਨੋਂ ਰਾਜਪੂਤਨੀ ਨੂੰ ਦੇ ਦਿੱਤਾ ਸੀ। ਜਵਾਹਰ ਸਿੰਘ ਨੇ ਹੀਰਾ ਸਿੰਘ ਦੇ ਮਾਰਨ ਦੇ ਸਿਲੇ ਵਿਚ ਫੌਜ ਨੂੰ ਕੈਂਠੇ ਦਿੱਤੇ ਸਨ।

ਲਹਿਣਾ ਸਿੰਘ ਬਾਬਾ ਸੂਰਬੀਰ ਅਤੇ ਜੋਧਾ ਸੀ ਅਤੇ ਸਰਕਾਰ ਵੀ ਇਸ ਪਾਸੋਂ ਖੌਫ ਖਾਇਆ ਕਰਦੀ ਸੀ। ਉਹ ਸਦਾ ਅਤਰ ਸਿੰਘ ਨੂੰ ਨਾਲ ਲੈ ਕੇ ਹਾਥੀ ਉਤੇ ਚੜ੍ਹਦੀ, ਪਰ ਲਹਿਣਾ ਸਿੰਘ ਨੂੰ ਕਦੀ ਵੀ ਆਪਣੇ ਪਾਸ ਨਾ ਬਿਠਾਉਂਦੀ, ਖੌਫ ਦੇ ਮਾਰੇ ਸਦਾ ਹੀ ਮੁਹਿੰਮਾਂ ਉਤੇ ਉਸ ਨੂੰ ਘੱਲ ਛੱਡਦੀ, ਜੋ ਮੁਸ਼ਕਲ ਤੋਂ ਮੁਸ਼ਕਲ ਹੋਣ, ਪਰ ਫਿਰ ਵੀ ਉਹ ਸਰ ਕਰ ਲੈਂਦਾ। ਜੇਕਰ ਉਹ ਜੀਉਂਦਾ ਰਹਿੰਦਾ ਤਾਂ ਹੀਰਾ ਸਿੰਘ ਦੀ ਕੀ ਮਜਾਲ ਸੀ, ਜੋ ਕਿਲ੍ਹਾ ਲੈ ਲੈਂਦਾ। ਉਹ ਇਕੱਲਾ ਹੀ ਸਭਸ ਨੂੰ ਭਜਾ ਦੇਂਦਾ !

ਅਜੀਤ ਸਿੰਘ ਦਾ ਕੋਈ ਪੁੱਤਰ ਨਹੀਂ ਸੀ, ਇਸ ਕਰਕੇ ਲਹਿਣਾ ਸਿੰਘ ਦੇ ਦੋਹਾਂ ਪੁੱਤਰਾਂ ਪ੍ਰਤਾਪ ਸਿੰਘ ਅਤੇ ਠਾਕਰ ਸਿੰਘ ਨੇ ਹੀ ਆਪਣੀ ਸਾਰੀ ਫੌਜ ਆਪਣੇ ਜ਼ੁੰਮੇ ਲੈ ਲਈ। ਪਰਤਾਪ ਸਿੰਘ ਤਾਂ ਜਦੋਂ ਲਾਹੌਰ ਪੂਰਬੀਆਂ ਨੂੰ ਖਲ੍ਹਵਾ ਖਲ੍ਹਵਾ ਕੇ ਮਰਵਾਈ ਜਾਂਦਾ ਸੀ, ਉਸ ਤੋਂ ਪੰਦਰਾਂ ਕੁ ਦਿਨ ਮਗਰੋਂ ਢਿੱਡ ਪੀੜ ਨਾਲ ਮਰ ਗਿਆ ਅਤੇ ਠਾਕਰ ਸਿੰਘ ਦਲੀਪ ਸਿੰਘ ਵਾਲੀ ਗੱਲ ਵਿਚ ਫਸ ਗਿਆ।

## ਅੰਗਰੇਜ਼ਾਂ ਨਾਲ ਲੜਾਈ

ਜਦੋਂ ਫੌਜਾਂ ਲੜਾਈ ਵਾਸਤੇ ਤਿਆਰ ਹੋਈਆਂ ਤਾਂ ਰਾਣੀ ਨੇ ਫਰਾਂਸੀਸੀ ਫੌਜ ਨੂੰ ਜਿਸ ਵਿਚ ਚਾਰ ਪੜਤਲਾਂ ਅਤੇ ਦੋ ਰਜਬਣਾਂ ਸਨ, ਹੁਕਮ ਦਿੱਤਾ ਕਿ ਪਸ਼ੌਰ ਜਾਓ, ਪਰ ਉਹ ਵੇਹਰ ਪਏ। ਕਹਿਣ, ਲੜਾਈ ਛੱਡ ਕੇ ਅਸੀਂ ਕਿਉਂ ਜਾਈਏ ? ਪਸ਼ੌਰ ਵਿਚ ਰਹਿ ਕੇ ਖਾਲਸੇ ਵਿਚ ਕਾਇਰ ਅਖਵਾਈਏ ? ਬਿਨਾਂ ਹੁਕਮ ਹੀ ਸਤਲੁਜ ਨੂੰ ਤੁਰ ਪਈਆਂ ਅਤੇ ਸਭ ਤੋਂ ਪਹਿਲਾਂ ਪਾਰ ਹੋਈਆਂ। ਮਗਰੋਂ ਤਾਂ ਫੇਰ ਵਹੀਰ ਹੀ ਪੈ ਗਿਆ। ਇਹੋ ਹੀ ਪੜਤਲਾਂ ਸਨ, ਜਿਹਨਾਂ ਪਾਸ ਗੋਲਾ ਬਾਰੂਦ ਸੀ, ਨਹੀਂ ਤਾਂ ਹੋਰ ਸਭ ਇਸ ਗੱਲ ਲਈ ਰਾਣੀ ਦੇ ਅਧੀਨ ਸਨ।

ਇਸ ਗੱਲ ਲਈ ਲੁਹਾਮੀ ਤਾਂ ਬਹੁਤ ਖੁੱਲ੍ਹੇ ਘੋੜ-ਚੜ੍ਹੇ ਹੀ ਸਨ, ਜਿਨ੍ਹਾਂ ਵਿਚ ਨਿਹੰਗ ਅਤੇ ਸਿੰਘ ਰਲੇ ਮਿਲੇ ਸਨ। ਫੇਰੂ ਸ਼ਹਿਰ ਵਿਚ ਫਰਾਂਸੀਸੀ ਫੌਜਾਂ ਅਤੇ ਖੁਲ੍ਹੇ ਘੋੜੇ-ਚੜ੍ਹੇ ਸਨ, ਰਾਤ ਨੂੰ ਤੇਜਾ ਸਿੰਘ ਨੂੰ ਸਿੰਘ ਆਖਦੇ ਰਹੇ ਕਿ ਚਲੋ ਲੜੀਏ, ਪਰ ਬਾਈ ਬੇੜੇ ਰੋਕੀ ਟਾਲਦਾ ਹੀ ਰਿਹਾ। ਏਥੇ ਬਰੂਦ ਦੀ ਥਾਂ ਸਰ੍ਹੋਂ ਦੇ ਬੋਰੇ ਮਿਲੇ ਅਤੇ ਸੁਲਤਾਨ ਖਾਂ ਤੋਪਾਂ ਦੇ ਅਫਸਰ ਦੇ ਮੂੰਹ ਵਿਚ ਸੂਰ ਦੀ ਹੱਡੀ ਦਿੱਤੀ ਸਿੰਘਾਂ ਨੇ ਕਿਉਂਕਿ ਉਸ ਨੇ ਤੋਪਾਂ ਨੂੰ ਪਲੀਤਾ ਨਾ ਲਾਇਆ। ਉਸ ਨੇ ਅੱਥਰੂ ਭਰ ਕੇ ਕਿਹਾ, 'ਜੇ ਮੈਨੂੰ ਖਬਰ ਹੁੰਦੀ ਕਿ ਤੁਸਾਂ ਮੈਨੂੰ ਬੇ-ਦੀਨ ਕਰਨਾ ਹੈ ਤਾਂ ਮੈਂ ਇਕ ਪਲੀਤੇ ਨਾਲ ਹੀ ਗੋਰਿਆਂ ਦਾ ਖੋਜ ਮਿਟਾ ਦਿੰਦਾ !"

ਏਸੇ ਗੱਲ ਦੇ ਮਾਰੇ ਵਿਚਾਰੇ ਨੇ ਸਭਰਾਵਾਂ ਇਕ ਤੋਪ ਸਾਂਭੀ ਅਤੇ ਅਖੀਰ ਤਕ ਗੋਲੇ ਮਾਰਦਾ ਰਿਹਾ ਅਤੇ ਅਖੀਰ ਨੂੰ ਉਥੇ ਹੀ ਮਾਰਿਆ ਗਿਆ। ਸਰਦਾਰ ਸ਼ਾਮ ਸਿੰਘ ਦਾ ਤੰਬੂ ਮੇਵਾ ਸਿੰਘ ਦੀਆਂ ਪੜਤਲਾਂ ਦੇ ਪਿੱਛੇ ਸੀ। ਸਭ ਸਰਦਾਰਾਂ ਦੇ ਲਾਲ ਤੰਬੂ ਸਨ। ਸਭ ਸਰਦਾਰ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਕੇਵਲ ਸੱਚੇ ਮੇਵਾ ਸਿੰਘ ਅਤੇ ਸ਼ਾਮ ਸਿੰਘ ਹੀ ਸਨ, ਜੋ ਟੋਟੇ ਟੋਟੇ ਹੋ ਕੇ ਲੜੇ ਸਨ। ਮੇਵਾ ਸਿੰਘ ਦੀਆਂ ਪੜਤਲਾਂ ਨੇ ਸ਼ਾਮ ਸਿੰਘ ਦੀਆਂ ਪੜਤਲਾਂ ਨਾਲੋਂ ਘੱਟ ਬਹਾਦਰੀ ਨਹੀਂ ਕੀਤੀ। ਪਰ ਸਰਦਾਰ ਹੋਣ ਕਰਕੇ ਸ਼ਾਮ ਸਿੰਘ ਦਾ ਨਾਮ ਵੱਜ ਗਿਆ। ਨਹੀਂ ਤਾਂ ਅਸਲ ਵਿਚ ਏਹੀ ਗੋਲੀ ਖਾ ਕੇ ਬਰੇਤੀ ਵਿਚ ਮੋਇਆ ਹੈ।

ਸਰਦਾਰਾਂ ਦੀ ਸਲਾਹ ਫੌਜ ਨੂੰ ਮਰਵਾਉਣ ਦੀ ਸੀ। ਲੜਾਈ ਤੋਂ ਪਹਿਲੀ ਸ਼ਾਮ ਸ਼ਮਸ਼ੇਰ ਸਿੰਘ ਸੰਧਾਵਾਲੀਏ ਨੇ ਜੋ ਸਾਡਾ ਅਫਸਰ ਸੀ, ਆਪਣੇ ਢਾਈ ਹਜ਼ਾਰ

ਘੋੜ-ਚੜ੍ਹੇ ਨੂੰ ਹੁਕਮ ਦਿੱਤਾ ਕਿ ਮੇਰੇ ਨਾਲ ਮੋਰਚੇ ਵਿਚੋਂ ਉੱਠ ਕੇ, ਜੋ ਸੱਜੇ ਬੰਨੇ ਅਖੀਰ ਉਤੇ ਸੀ, ਹਰੀ ਕੇ ਪੱਤਣ ਚਲੋ ਆਓ। ਬਹੁਤੇਰਾ ਆਖਿਆ, ਪਰ ਉਸ ਨੇ ਕੁਝ ਨਾ ਸੁਣਿਆ। ਪਰਤਾਪ ਸਿੰਘ ਭੂਰਿਆਂ ਵਾਲਾ ਸੰਧਾਂਵਾਲੀਆਂ ਦਾ ਕਾਰ-ਮੁਖਤਾਰ ਸੀ। ਉਸ ਨੂੰ ਸਭ ਗੱਲ ਦਾ ਭੇਦ ਸੀ, ਪਰ ਉਸ ਨੇ ਵੀ ਨਾ ਦੱਸਿਆ। ਹਾਂ, ਅਸਾਂ ਸਾਰਿਆਂ ਅਸਲ ਭੇਦ ਜਾਂਚ ਹੀ ਲਿਆ ਤੇ ਮਸ਼ਹੂਰ ਇਹ ਕੀਤਾ ਕਿ ਅਸੀਂ ਪੱਤਣ ਥਾਣੀਂ ਗੋਰਿਆਂ ਦੇ ਮਗਰ ਪਵਾਂਗੇ, ਪਰ ਪੈਣਾ ਕਿਨ ਸੀ ? ਜਾ ਕੇ ਡੇਰੇ ਹੀ ਲਾ ਛੱਡੇ ਅਤੇ ਲੜਾਈ ਵਿਚ ਕੁਝ ਹਿੱਸਾ ਨਾ ਲਿਆ।

'ਨਵੀਂ ਪੜਤਲ' ਜੋ ਜਮਾਂਦਰ ਖੁਸ਼ਹਾਲ ਸਿੰਘ ਨੇ ਬਣਾਈ ਸੀ, ਦਰਿਆ ਦੇ ਉਪਰ ਉਰਾਰ ਪੁਲ ਦੀ ਸੋਘਾਂ ਵਾਸਤੇ ਸੀ, ਪਰ ਅੰਦਰੋਂ ਤੇਜਾ ਸਿੰਘ ਦੀ ਪੜ੍ਹਾਈ ਹੋਈ ਸੀ। ਜਦੋਂ ਸਿੰਘ ਪੁਲ ਥਾਣੀਂ ਮੁੜਨ ਲੱਗੇ, ਤਾਂ ਇਸ ਪੜਤਲ ਨੇ ਬੰਦੂਕਾਂ ਮਾਰੀਆਂ ਅਤੇ ਬਹੁਤਿਆਂ ਨੂੰ ਥਾਂ ਹੀ ਰੱਖਿਆ। ਇਸ ਪੜਤਲ ਵਿਚ ਪਰਤਾਪ ਸਿੰਘ ਭੂਰਿਆਂ ਵਾਲੇ ਦੇ ਦੋ ਪੁੱਤਰ ਜੀਤ ਸਿੰਘ ਕੁਮੇਦਾਨ ਅਤੇ ਜਮਾਂਦਾਰ ਸਨ। ਜਦੋਂ ਬੰਦੂਕਾਂ ਮਾਰਨ ਦੀ ਖਬਰ ਹਰੀ ਕੇ ਪੱਤਣ ਪਰਤਾਪ ਸਿੰਘ ਨੂੰ ਅੱਪੜੀ ਤਾਂ ਸਾਡੇ ਸਾਹਮਣੇ ਘੋੜੇ ਨੂੰ ਅੱਡੀ ਲਾ ਕੇ ਪੁੱਤਰਾਂ ਵੱਲ ਆਇਆ ਅਤੇ ਦੋਹਾਂ ਨੂੰ ਕੋਟੜੇ ਮਾਰੇ ਤੇ ਗਾਲ੍ਹੀਆਂ ਦੇ ਕੇ ਕਿਹਾ ਕਿ ਜਿਨ੍ਹਾਂ ਨੂੰ ਮਾਰਦੇ ਹੋ, ਇਹ ਸਭ ਆਸਲੇ, ਭੂਰਿਆਂ, ਵਲਟੋਹੇ ਆਦਿ ਪਿੰਡਾਂ ਦੇ ਸਾਡੇ ਹੀ ਭਰਾ ਹਨ। ਇਸ ਤੋਂ ਮਗਰੋਂ ਉਹਨਾਂ ਕੋਈ ਵੈਰ ਨਹੀਂ ਕੀਤਾ।

## ਮੂਲ ਰਾਜ ਨਾਲ ਲੜਾਈ

ਜਦੋਂ ਅੰਗਰੇਜ਼ ਮੁਲਤਾਨ ਗਏ, ਤਾਂ ਕਿਲ੍ਹੇ ਦੀ ਪਕਿਆਈ ਵੇਖ ਕੇ ਆਖਿਆ: ਥੂਕ ਹੈ ਐਸੇ ਆਦਮੀ ਉਤੇ ਜੋ ਐਸਾ ਪੱਕਾ ਕਿਲ੍ਹਾ ਰੱਖਦਿਆਂ ਹੋਇਆਂ ਵੀ ਬਿਨਾਂ ਮੁਕਾਬਲਾ ਕੀਤੇ ਕਿਲ੍ਹਾ ਦੇ ਦੇਵੇ। ਇਕ ਨਿਹੰਗ ਸਿੰਘ ਪੁਰਾਣਾ ਨੌਕਰ ਮੂਲ ਰਾਜ ਦਾ ਸੀ, ਉਹ ਇਹ ਗੱਲ ਜਰ ਨਾ ਸਕਿਆ। ਬਾਹਰ ਆਉਂਦਿਆਂ ਹੀ ਅੰਗਰੇਜ਼ਾਂ ਨੂੰ ਡਿਉਢੀ ਵਿਚ ਹੀ ਘਾਇਲ ਕਰ ਦਿੱਤਾ। ਫੌਜ ਸਭ ਆਕੀ ਹੋ ਗਈ। ਮੂਲ ਰਾਜ ਦੀ ਫੌਜ ਨੇ ਪਹਿਲੋਂ ਅੰਗਰੇਜ਼ਾਂ ਦੀ ਫੌਜ 'ਤੇ ਘੁਸਾਂਵੇਂ ਗੋਲੇ ਮਾਰੇ, ਕਿ ਨੁਕਸਾਨ ਕੁਝ ਨਾ ਹੋਵੇ, ਪਰ ਆਦਮੀ ਆ ਵੀ ਮਿਲਣ। ਸੋ ਅਜਿਹਾ ਹੀ ਹੋਇਆ।

ਮੂਲ ਰਾਜ ਨੇ ਮਾਝੇ ਵਿਚ ਪਰਵਾਨੇ ਘੱਲੇ, ਕਿ ਹੁਣ ਵੇਲਾ ਹੈ। ਜੇਕਰ ਤੁਹਾਨੂੰ ਆਇਆਂ ਨੂੰ ਮੈਂ ਨਾ ਰੱਖਾਂ, ਤਾਂ ਮੇਰੇ ਥੂਕ ਅਤੇ ਜੇ ਹੁਣ ਤੁਸੀਂ ਨਾ ਆਉ ਤਾਂ ਤੁਹਾਡੇ ਥੂਕ। ਸਾਡੇ ਪਿੰਡ ਪਰਵਾਨਾ ਲੰਬਰਦਾਰ ਨੱਥਾ ਸਿੰਘ ਪਾਸ ਤ੍ਰਿਕਾਲਾਂ ਪਈ ਆਇਆ। ਉਸ ਨੇ ਸਭ ਗਭਰੂਟਾਂ ਨੂੰ ਦਿਨੇ ਖਬਰ ਦਿੱਤੀ ਕਿ ਤਿਆਰ ਹੋ ਜਾਓ। ਫੇਰ ਲਾਗੇ ਦੇ ਵੱਡੇ ਵੱਡੇ ਪਿੰਡਾਂ ਜਿਹਾ ਕਿ ਵਲਟੋਹਾ, ਸਰਹਾਲੀ ਵੱਡੀ, ਸਭਰਾਂ, ਜ਼ਾਮਣ ਆਦਿਕ ਵਿਚ ਖਬਰਾਂ ਘੱਲ ਦਿੱਤੀਆਂ ਕਿ 'ਕਾਲੀਏ' ਪਿੰਡ ਤ੍ਰਿਕਾਲੀ ਪਈ ਇਕੱਠ ਹੋਵੇਗਾ।

ਸਭ ਗੱਭਰੂਟ ਆਵਣ। ਅੱਠ ਭਾਦਰੋਂ ਨੂੰ ਰਾਤ ਇਕੱਠ ਹੋਇਆ। ਪੰਜ ਸੌ ਜਵਾਨ ਤਿਆਰ ਸਨ। ਦੋ ਬਲੋਚ ਸੂਹੀਏ ਲਏ, ਜਿਹੜਾ ਪਹਿਲੋਂ ਆਇਆ ਸੀ, ਉਸ ਨੇ ਤਾਂ ਇਕਰਾਰ ਕੀਤਾ ਸੀ ਕਿ ਮੈਂ ਜੰਗਲੋਂ ਜੰਗਲ ਮੁਲਤਾਨ ਲੈ ਜਾਵਾਂਗਾ ਅਤੇ ਬਾਰ੍ਹੀਂ ਬਾਰ੍ਹੀਂ ਕੋਹੀਂ ਪਾਣੀ ਦਾ ਖੂਹ ਵੀ ਮਿਲਵਾਈ ਜਾਵਾਂਗਾ। ਜੋ ਮਗਰੋਂ ਆਇਆ ਉਸ ਕਿਹਾ ਕਿ ਮੈਂ ਜੰਗਲੋਂ ਜੰਗਲ ਬੜੇ ਸਿੱਧੇ ਰਾਹ ਬਗੈਰ ਕਿਸੇ ਖ਼ਤਰੇ ਤੋਂ ਮੁਲਤਾਨ ਲੈ ਜਾਵਾਂਗਾ। ਪਹਿਲੇ ਨੂੰ ਤਾਂ ਅਸਾਂ ਚੰਦਾ ਇਕੱਠਾ ਕਰ ਕੇ ਸੌ ਰੁਪਿਆ ਦੇ ਦਿੱਤਾ, ਪਰ ਦੂਜੇ ਨਾਲ ਇਕਰਾਰ ਕੀਤਾ ਕਿ ਮੁਲਤਾਨ ਅੱਪੜਿਆਂ ਮੂਲ ਰਾਜ ਪਾਸੋਂ ਪੰਜ ਸੌ ਰੁਪਿਆ ਦਵਾ ਦੇਵਾਂਗੇ।

ਇਹ ਬੰਦੋਬਸਤ ਕਰ ਕੇ ਅਸਾਂ ਰਾਤੋ ਰਾਤ ਹੀ ਕੂਚ ਕੀਤਾ। ਦਿਨੇ ਕਿਸੇ ਖੂਹ ਉਤੇ ਉਤਾਰਾ ਜਾ ਕਰੀਏ ਨਹੀਂ ਤਾਂ ਤੁਰੇ ਹੀ ਜਾਈਏ। ਸਾਨੂੰ ਕਿਤੇ ਰੱਜ ਕੇ ਸੌਣਾ ਨਹੀਂ ਮਿਲਿਆ। ਜਿਥੇ ਜਾਈਏ ਲਾਗੇ ਦੇ ਪਿੰਡਾਂ ਵਿਚ ਢੋਲ ਵਜਾ ਕੇ ਆਦਮੀ ਇਕੱਠੇ ਹੋ ਜਾਣ ਅਤੇ ਸਾਨੂੰ ਘੇਰ ਕੇ ਕਹਿਣ, ਪਿੱਛੇ ਮੁੜ ਜਾਉ, ਨਹੀਂ ਤਾਂ ਲੜੋ। ਉਤਲਿਆਂ ਅਫਸਰਾਂ ਦੇ ਉਕਸਾਏ ਹੋਏ ਇਹ ਕੰਮ ਕਰਦੇ ਸਨ। ਪੰਜਾਹ ਸੱਠ ਸਵਾਰ ਅੱਗੇ ਹੁੰਦੇ ਅਤੇ ਏਤਨੇ ਹੀ ਪਿੱਛੇ, ਬੰਦੂਕਾਂ ਵਾਲੇ ਲਾਂਭੇ ਅਤੇ ਤਲਵਾਰਾਂ ਵਾਲੇ ਵਿਚਕਾਰ। ਇਸ ਤਰਕੀਬ ਨਾਲ ਅਸੀਂ ਕੂਚ ਕਰ ਦੇਈਏ ਅਤੇ ਖੂਹ ਉਤੋਂ ਲੜਦੇ ਭਿੜਦੇ ਤੁਰ ਪਈਏ। ਸਾਰਾ ਰਾਹ ਇਹੋ ਹਾਲ ਰਿਹਾ ਪਰ ਸਾਡਾ ਕੋਈ ਲੰਮਾ ਨੁਕਸਾਨ ਨਹੀਂ ਹੋਇਆ। ਦੁੱਖ ਹੀ ਦੁੱਖ ਮਿਲਿਆ। ਆਦਮੀ ਕੋਈ ਨਾ ਮਰਿਆ।

ਹਰ ਇਕ ਦੇ ਪਾਸ ਕੂੰਨੇ ਸਨ, ਜੋ ਖੂਹ ਉਤੋਂ ਪਾਣੀ ਨਾਲ ਭਰ ਲਈਦੇ ਸਨ। ਅਖੀਰੀ ਦਿਨ ਪਾਣੀ ਕੂੰਨਿਆਂ ਵਿਚੋਂ ਮੁਕ ਗਿਆ ਅਤੇ ਆਦਮੀ ਤੇਹ ਨਾਲ ਬਹੁਤ ਬਿਆਕੁਲ ਹੋ ਗਏ। ਖੂਹ ਵੀ ਕੋਈ ਨਾ ਲੱਭਾ, ਇਸ ਕਰਕੇ ਚਾਰ ਆਦਮੀ ਤੇਹ ਦੇ ਮਾਰੇ ਮਰ ਗਏ। ਬਾਕੀ ਵੀ ਹੌਲੀ-ਹੌਲੀ ਕਿਰਨ ਲੱਗ ਪੈਂਦੇ, ਪਰ ਕੁਦਰਤ ਨਾਲ ਇਕ ਬੱਦਲੀ ਖੂਬ ਜ਼ੋਰ ਨਾਲ ਵਰ੍ਹੀ ਅਤੇ ਹਰ ਇਕ ਨੇ ਰੱਜ ਰੱਜ ਕੇ ਪਾਣੀ ਪੀਤਾ। ਐਨ ਚੌਥੀ ਰਾਤ ਹਨੇਰਾ ਹੁੰਦਿਆਂ ਹੀ ਅਸੀਂ ਮੁਲਤਾਨ ਦੇ ਕਿਲ੍ਹੇ ਦੇ ਪਾਸ ਇਕ ਜੰਗਲ ਵਿਚ ਲੁਕ ਬੈਠੇ। ਵੇਖਿਆ ਕਿ ਬਾਹਰ ਅੰਗਰੇਜ਼ ਹਨ ਅਤੇ ਆਪਣੇ ਆਦਮੀ ਅੰਦਰ ਹਨ। ਉਨ੍ਹਾਂ ਨੂੰ ਖਬਰ ਕਰਨ ਤੇ ਅੰਦਰ ਵੜਨ ਦੀ ਤਦਬੀਰ ਕਰਨ ਲੱਗੇ। ਹੋਰ ਤਾਂ ਸਭ ਸੌਂ ਗਏ, ਕਿਉਂਕਿ ਥਾਣੇਦਾਰਾਂ ਨੇ ਰਾਹ ਵਿਚ ਬਹੁਤ ਸਤਾਇਆ ਸੀ ਅਤੇ ਮੁਤਲਕ ਸੌਣਾ ਨਹੀਂ ਮਿਲਿਆ ਸੀ ਅਤੇ ਮੈਂ, ਸੁਹੇਲ ਸਿੰਘ ਤੂਤਾਂ ਪਿੰਡ ਦਾ ਜਿਸ ਨੂੰ ਗਨਾਰਾ ਕਰ ਕੇ ਸੱਦਦੇ ਸਨ ਅਤੇ ਤੀਜਾ ਸੂਹਾ, ਲੁਕ ਕੇ ਕਿਲ੍ਹੇ ਦੀ ਫੌਜ ਨੂੰ ਖਬਰ ਦੇਣ ਲਈ ਅੱਗੇ ਵਧੇ।

ਜਦੋਂ ਅੰਗਰੇਜ਼ਾਂ ਦਾ ਤੌਰ ਲੰਘ ਗਿਆ, ਤਾਂ ਅਸੀਂ ਬੇ-ਖਟਕੇ ਹੋ ਕੇ ਕਿਲ੍ਹੇ ਵੱਲ ਵਧੇ, ਤਾਹੀਏਂ ਖਬਰ ਹੋਈ, ਅੱਗੋਂ ਮੂਲ ਰਾਜੀ ਫੌਜ ਦੀ ਪਿਕਟ ਦੇ ਇਕ ਆਦਮੀ ਨੇ

ਉੱਚੀ ਜਿਹੀ ਕਿਹਾ, ਕੌਣ ਆਉਂਦਾ ਹੈ ? ਮੈਂ ਉਸ ਦੀ ਅਵਾਜ਼ ਪਛਾਣ ਲਈ ਕਿ ਇਹ ਤਾਂ ਭੰਮਾ ਸਿੰਘ ਸਾਡੇ ਪਿੰਡ ਦਾ ਹੀ ਹੈ ਜੋ ਰੈਜਮੈਂਟ ਵਿਚ ਅਸਵਾਰ ਹੈ। ਉੱਚੀ ਉੱਤਰ ਦਿੱਤਾ ਕਿ ਤੂੰ ਭੰਮਾ ਸਿੰਘ ਹੈ ? ਉਸ ਫੇਰ ਕਿਹਾ, ਤੂੰ ਕੌਣ ਹੈਂ ? (ਉੱਤਰ) ਮੈਂ ਸ਼ਾਮ ਸਿੰਘ ਹਾਂ ਆਸਲਾਂ ਦਾ। ਦੋ ਚਾਰ ਹੋਰ ਸਵਾਲ ਕਰ ਕੇ ਪਾਸ ਬੁਲਾ ਲਿਆ ਅਤੇ ਸਾਡੇ ਆਉਣ ਦਾ ਕਾਰਨ ਪੁੱਛਿਆ। ਅਸਾਂ ਕਿਹਾ ਕਿ ਮਾਝਿਓਂ ਪੰਜ ਸੌ ਜਵਾਨ ਆਇਆ ਹੈ, ਅੰਦਰ ਲੰਘਾਉਣ ਦੀ ਕੋਈ ਸਬੀਲ ਕਰੋ। ਬੜਾ ਪ੍ਰਸੰਨ ਹੋਇਆ ਤੇ ਸਭ ਹਾਲ ਪੁੱਛਿਆ। ਫੇਰ ਅੰਦਰ ਖਬਰ ਕਰ ਦਿੱਤੀ ਅਤੇ ਤੁਰੰਤ ਹੀ ਤੋਪਾਂ ਤਿਆਰ ਹੋਣ ਲੱਗ ਪਈਆਂ। ਸਾਨੂੰ ਕਿਹਾ ਗਿਆ ਕਿ ਬੇ-ਖਟਕੇ ਆ ਜਾਓ। ਅਸਾਂ ਜਾ ਕੇ ਸਾਥੀ ਸੁਰਜੀਤ ਕੀਤੇ, ਅਤੇ ਤਿਆਰ ਹੋ ਕੇ ਤੁਰੇ; ਘੋੜਿਆਂ ਦੀ ਹਿੱਣ-ਹਿੱਣਾਹਟ ਅਤੇ ਸਾਡੇ ਖੁਸ਼ੀ ਦੇ ਜੈਕਾਰਿਆਂ ਨੇ ਜੋ ਚੱਲਣ ਲੱਗਿਆਂ ਸਭ ਨੇ ਮਿਲ ਕੇ ਗਜਾਏ ਸੀ, ਅੰਗਰੇਜ਼ਾਂ ਨੂੰ ਭਰਮ ਪਾ ਦਿੱਤਾ ਕਿ ਦੁਸ਼ਮਣ ਆ ਪਿਆ। ਬਿਕਟਾਂ ਪਿੱਛੇ ਹਟ ਗਈਆਂ ਅਤੇ ਅਸੀਂ ਅੱਗੇ ਵਧੇ। ਅੰਦਰੋਂ ਗੋਲੇ ਚੱਲਣ ਲੱਗ ਪਏ, ਇਸ ਕਰਕੇ ਅਸੀਂ ਮੂਲੋਂ ਹੀ ਸੁਖੀ ਹੋ ਗਏ ਅਤੇ ਕਿਲ੍ਹੇ ਦੇ ਅੰਦਰ ਜਾ ਵੜੇ।

ਏਨੇ ਚਿਰ ਨੂੰ ਸਵੇਰ ਵੀ ਹੋ ਗਈ ਅਤੇ ਅੰਗਰੇਜ਼ ਕਚੀਚੀ ਖਾ ਕੇ ਸਾਡੇ ਉਤੇ ਆ ਪਿਆ। ਖੂਬ ਲੜਾਈ ਹੋਈ। ਅੰਗਰੇਜ਼ ਕਚੀਚੀਆਂ ਵੱਟ ਵੱਟ ਕੇ ਗੁਰਦੁਆਰੇ ਜਿਹੇ ਉਤੇ ਆ ਪਏ। ਪਰ ਕੋਈ ਪੇਸ਼ ਨਾ ਜਾਵੇ। ਸਾਨੂੰ ਢਿੱਡ ਵਿਚ ਸੰਗੀਨ ਲੱਗੀ ਪਰ ਪੇਟੀ ਨੇ ਬਚਾਅ ਲਿਆ। ਇਕ ਗੋਲੀ ਹੱਥ ਚੱਟਦੀ ਮੋਢੇ ਤੀਕ ਚਲੀ ਗਈ। ਇਹ ਵੇਖ ਕੇ ਮੇਰਾ ਸਾਲਾ ਦਾਨ ਸਿੰਘ ਮਾਛੀਕਿਆਂ ਦਾ ਰੋਣ ਲੱਗ ਪਿਆ ਕਿ ਨਾ ਕੁਝ ਖਾਧਾ ਹੈ ਨਾ ਪੀਤਾ ਹੈ, ਆ ਮਰਵਾਇਆ ਈ। ਪਰ ਉੱਤਰ ਦਿੱਤਾ, ਕਿ ਇਹੋ ਹੀ ਹਾਲ ਹੈ ਏਥੇ, ਮੈਨੂੰ ਤਾਂ ਅਜੇ ਕੁਝ ਨਹੀਂ ਹੋਇਆ! ਉਹ ਵੀ ਤਾਂ ਹਨ, ਜੋ ਅੱਜ ਆਉਂਦੇ ਹੀ ਚੜ੍ਹ ਗਏ ਹਨ।

ਅੰਗਰੇਜ਼ ਤਾਂ ਹਟ ਕੇ ਸੂਰਜ ਕੁੰਡ ਜਾ ਉਤਰੇ ਅਤੇ ਦਿਨ ਚੜ੍ਹੇ ਸਾਡੇ ਨਾਵੇਂ ਲੱਗ ਗਏ (ਲੜਾਈ ਹਨੇਰੇ ਜਿਹੇ ਹੋਈ ਸੀ ਅਤੇ ਹੱਲਾ ਦਰਬਾਰ ਜਿਹੇ ਉਤੇ ਹੋਇਆ ਸੀ)। ਸਾਡੀ ਪੜਤਲ ਹੀ ਅੱਡ ਬਣਾਈ ਗਈ। ਬਹਾਦਰ ਸਿੰਘ ਵਲਟੋਹੀਆਂ ਕੁਮੇਦਾਨ ਹੋਇਆ ਅਤੇ ਹੇਮ ਸਿੰਘ ਸਾਡੇ ਪਿੰਡ ਦਾ ਜਮਾਂਦਾਰ, ਚਤਰ ਸਿੰਘ ਇਥੋਂ ਦਾ ਨਸ਼ਾਨਚੀ, ਅਤੇ ਸੂਬਾ ਬ੍ਰਾਹਮਣ ਸਾਡੇ ਪਿੰਡ ਦਾ ਮੁਨਸ਼ੀ। ਦੂਏ ਤੀਏ ਸੂਰਜ ਕੁੰਡ ਜਾ ਕੇ ਲੜਾਈਆਂ ਹੁੰਦੀਆਂ ਹੀ ਰਹਿਣ, ਪਰ ਫੈਸਲਾ ਕੁਝ ਨਾ ਹੋਵੇ।

ਖੋਹ ਵਿਚ ਇਕ ਹੱਲਾ ਕਰਨ ਦੀ ਤਿਆਰੀ ਹੋਈ। ਚਤਰ ਸਿੰਘ ਨਿਸ਼ਾਨਚੀ ਨੇ ਹੀ ਇਸ਼ਨਾਨ ਕੀਤਾ; ਕੇਸਰੀ ਬਾਣਾ ਪਹਿਨਿਆ ਅਤੇ ਜੁੱਤੀ ਲਾਹ ਕੇ ਸ਼ਹੀਦ ਹੋਣ ਦੀ ਤਿਆਰੀ ਕੀਤੀ। ਖਬਰਾਂ ਵੀ ਕਰਵਾ ਦਿੱਤੀਆਂ ਕਿ ਜਿਨ ਅੱਜ ਸ਼ਹੀਦ ਹੋਣਾ ਹੈ, ਉਹ ਮੇਰੇ ਨਾਲ ਆ ਰਲੇ।

 www.sikhbookclub.com

ਪੰਜ ਸੌ ਆਦਮੀ ਉਸ ਮਗਰ ਲੱਗੇ, ਦਿਦਾਰ ਸਿੰਘ ਕਰਨੈਲ ਚਾਰ ਪੜਤਲਾਂ ਦਾ ਚੜ੍ਹਦੇ ਬੰਨਿਓਂ ਪਿਆ ਅਤੇ ਸ਼ਹੀਦੀ ਜਥਾ ਲਹਿੰਦੇ ਬੰਨਿਓਂ। ਚਤਰ ਸਿੰਘ ਅੱਗੇ ਅੱਗੇ ਤਲਵਾਰ ਚਮਕਾਉਂਦਾ ਅਤੇ ਲਲਕਾਰਦਾ ਦੁਸ਼ਮਣ ਦੇ ਵਿਚ ਵੜ ਗਿਆ। ਮੁੜ ਪਤਾ ਨਹੀਂ ਲੱਗਾ ਕਿ ਕੀ ਹੋਇਆ, ਬੁਰੀ ਲੜਾਈ ਹੋਈ। ਗੰਗਾ ਰਾਮ ਮਿਲ ਗਿਆ ਸੀ ਅੰਗਰੇਜ਼ਾਂ ਨਾਲ। ਉਸ ਨੇ ਮਗਰੋਂ ਮੈਗਜ਼ੀਨ ਨੂੰ ਅੱਗ ਲਵਾ ਦਿੱਤੀ। ਸਭ ਬਰੂਦ ਉੱਡ ਗਿਆ ਅਤੇ ਗੋਲੰਦਾਜ਼ ਵੀ ਉੱਡ ਗਏ, ਸਿਵਾਏ ਕਿਸ਼ਨ ਸਿੰਘ ਕੰਬੋ ਖੇਮਕਰਨੀਏ ਦੇ ਕਿ ਉਹ ਦਰਵਾਜ਼ੇ ਵਾਲੀ ਤੋਪ ਉਤੇ ਸੀ। ਕਣਕ ਦਾਣਾ ਸਭ ਉੱਡ ਗਿਆ ਅਤੇ ਕਣਕ ਤਾਂ ਫੇਰ ਕਿਰਦੀ ਵੀ ਰਹੀ। ਭੂਰਿਆਂ ਵਾਲਾ ਕੁਮੇਦਾਨ ਅਤੇ ਕੁਮੇਦਾਨ ਰਾਮ ਸਿੰਘ ਭੰਗਾਲੀਆ ਬਿਨ ਤਲਵਾਰ ਚਲਾਏ ਭੱਜ ਆਏ ਸਨ, ਪਰ ਫੜੇ ਗਏ ਸਨ ਅਤੇ ਲਾਹੌਰ ਆ ਕੇ ਹੀਰਾ ਚੱਟ ਕੇ ਮਰ ਗਏ ਸਨ ਕਿ ਮਤਾਂ ਕੋਈ ਬੇ-ਇੱਜ਼ਤੀ ਹੀ ਨਾ ਕੀਤੀ ਜਾਵੇ। ਜਦੋਂ ਬਰੂਦ ਉਡਿਆ, ਤਾਂ ਹਨੇਰਾ ਹੀ ਹੋ ਗਿਆ। ਓਦੋਂ ਅਸੀਂ ਸ਼ਹਿਰ ਵਿਚ ਸਾਂ। ਮੇਰੇ ਪੈਰ ਵਿਚ ਗੋਲੀ ਲੱਗੀ ਸੀ। ਅੱਜ ਪਿੰਡ ਦੇ ਬ੍ਰਾਹਮਣ ਨੇ ਬੜੀ ਬਹਾਦਰੀ ਕੀਤੀ। ਭਾਜੜ ਪੈ ਚੁੱਕੀ ਸੀ। ਮੈਂ ਆਪਣੇ ਵਾਸਤੇ, ਵਾਸਤੇ ਪਾਵਾਂ, ਪਰ ਕੋਈ ਨਾ ਮੰਨੇ। ਸਭ ਭੱਜੇ ਜਾਣ! ਅੰਤ ਨੂੰ ਕੁਝ ਸਿੰਘਾਂ ਨੇ ਮੈਨੂੰ ਧੂਹ ਕੇ ਕਿਲ੍ਹੇ ਦੇ ਬੂਹੇ ਅੱਗੇ ਲਿਆ ਸੁੱਟਿਆ। ਖੇਮਕਰਨੀਏ ਗੋਲੰਦਾਜ਼ ਨੇ ਆਵਾਜ਼ ਦੇ ਕੇ ਪੁੱਛਿਆ ਕਿ ਕੌਣ ਹੈਂ ? ਮੈਂ ਉਸ ਦੇ ਸਭ ਸਵਾਲਾਂ ਦਾ ਉੱਤਰ ਦਿੱਤਾ; ਆਪਣਾ ਅਤੇ ਪਿੰਡ ਦਾ ਨਾਂ ਦੱਸਿਆ ਅਤੇ ਦੱਸਿਆ ਕਿ ਭਾਨ ਸਿੰਘ ਦਾ ਭਤੀਜਾ ਹਾਂ। ਉਹ ਮੈਨੂੰ ਅੰਦਰ ਲੈ ਗਿਆ ਅਤੇ ਬਹੁਤ ਹੌਸਲਾ ਦਿੱਤਾ। ਅੰਦਰ ਗੁੜ ਘਿਉ ਤਾਂ ਆਮ ਸੀ ਪਰ ਆਟਾ ਉੱਡ ਗਿਆ ਹੋਇਆ ਸੀ। ਸੱਤਵੇਂ ਦਿਨ ਗੋਲੰਦਾਜ਼ ਨੂੰ ਗੋਲੀ ਲੱਗੀ, ਮਗਰੋਂ ਮੂਲ ਰਾਜ ਨੇ ਦੋ ਤਿੰਨ ਹੱਲੇ ਕੀਤੇ, ਪਰ ਕੀ ਕਰਦਾ ! ਫੇਰ ਤਾਂ ਸਿੰਘਾਂ ਹੀ ਆਖ ਦਿੱਤਾ, ਕਿ ਆਪ ਹੀ ਮਿਲ ਪਵੋ, ਨਹੀਂ ਤਾਂ ਅਸੀਂ ਹੀ ਤੈਨੂੰ ਫੜ ਕੇ ਫਰੰਗੀ ਪਾਸ ਲੈ ਜਾਵਾਂਗੇ। ਗੱਲ-ਬਾਤ ਹੋ ਗਈ। ਜ਼ਖ਼ਮੀ ਇਕੱਠੇ ਕੀਤੇ ਗਏ। ਪੰਜ ਹਜ਼ਾਰ ਸਨ। ਅੰਗਰੇਜ਼ਾਂ ਨੇ ਟਹਿਲਾਂ ਕੀਤੀਆਂ, ਜਿਉਂ ਜਿਉਂ ਰਾਜ਼ੀ ਹੋਣ ਨੌਕਰੀ ਦੇਣ, ਜੋ ਨਾ ਮੰਨੇ ਘਰ ਨੂੰ ਤੋਰ ਦੇਣ। ਬ੍ਰਾਹਮਣ ਮੈਨੂੰ ਬੜਾ ਦਿਲਾਸਾ ਦਿਆ ਕਰੇ, ਕਿ ਮੈਂ ਰਾਜ਼ੀ ਹੋ ਕੇ ਤੈਨੂੰ ਘੋੜੇ ਉਤੇ ਪਾ ਕੇ ਲੈ ਜਾਵਾਂਗਾ, ਪਰ ਹੌਲੀ ਹੌਲੀ ਉਸ ਦੀ ਹਾਲਤ ਵਿਗੜਨ ਲੱਗੀ, ਉਸ ਨੂੰ ਸੰਗੀਨ ਸੱਜੇ ਪੱਟ ਦੇ ਦੁੱਸਰ ਅਤੇ ਢਿੱਡ ਵਿਚ ਲੱਗੀ ਸੀ, ਇਕ ਗੋਲੀ ਹੱਥ ਚੱਟਦੀ ਚੱਟਦੀ ਮੋਢੇ ਤੀਕ ਗਈ ਹੋਈ ਸੀ। ਦਵਾ ਦੇਣ ਤਾਂ ਢਿੱਡ ਵਧ ਜਾਵੇ, ਜੇ ਢਿੱਡ ਦੀ ਦੇਣ ਤਾਂ ਅਤੀਸਾਰ ਲੱਗ ਜਾਣ। ਹਾੜ੍ਹ ਵਿਚ ਪਿੰਡ ਆ ਕੇ ਉਸ ਦੇ ਪਿਤਾ ਨੂੰ ਉਸ ਪਾਸ ਘੱਲਿਆ, ਪਰ ਅੱਠ ਸਾਵਣ ਨੂੰ ਉਹ ਮਰ ਗਿਆ।

# ੯

# ਬਾਬਾ ਖੜਕ ਸਿੰਘ ਦਾ ਬਿਆਨ[2]

*[ਬਾਬਾ ਜੀ ਪੱਤੀ ਮਹਿਲਾਂ ਵਾਲੀ, ਪਿੰਡ ਬੂਏ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦੇ ਸਨ। ਉਹਨਾਂ ਤੋਂ ਮਿਲ ਕੇ ਪੁੱਛਿਆ ਤਾਂ ਆਪ ਨੇ ਇਹ ਬਿਆਨ ਦਿੱਤਾ:- ਕਰਮ ਸਿੰਘ ]*

ਅਸੀਂ ਗੁਰੂ ਹਰਿ ਰਾਏ ਜੀ ਦੇ ਡੇਰੇ ਵਿਚ ਸਾਂ, ਪਹਿਲੇ ਖਿਆਲ ਉਤੇ ਹੀ ਬਾਈ ਸੌ ਖੁੱਲ੍ਹੇ ਘੋੜ-ਚੜ੍ਹੇ ਰੱਖੇ ਹੋਏ ਸਨ। ਇਹਨਾਂ ਨੂੰ ਤਕਲੀਫ ਕੋਈ ਨਹੀਂ ਦਿੱਤੀ ਜਾਂਦੀ ਸੀ। ਸੌ ਸੌ ਸਵਾਰ ਸਦਾ ਹੀ ਮਹਾਰਾਜੇ ਨਾਲ ਰੋਟੀ ਖਾਂਦਾ ਹੁੰਦਾ ਸੀ। ਹੋਰਨਾਂ ਦੇ ਝੰਡਿਆਂ ਉਤੇ ਤਾਂ ਛੁੰਮਣ ਹੁੰਦੇ ਸਨ, ਪਰ ਸਾਡੇ ਉਤੇ ਸੁਨਹਿਰੀ ਕਲਸ ਸੀ। ਪਹਿਲਾ ਅਫਸਰ ਗੁਲਾਬ ਸਿੰਘ ਲਾਹੌਰ ਦਾ ਖੱਤਰੀ ਸੀ ਅਤੇ ਮੇਜਰ ਬਿੱਲੂ ਸਿੰਘ (ਛੀਂਬਾ) ਸੀ।

## ਸ਼ੇਰ ਸਿੰਘ ਦਾ ਲਾਹੌਰ ਉੱਤੇ ਕਬਜ਼ਾ

ਸ਼ੇਰ ਸਿੰਘ ਨੇ ਪਹਿਲੋਂ ਬੁੱਧੂ ਸ਼ਾਹ ਦੇ ਆਵੇ ਆ ਕੇ ਰੰਗਾਈ ਰਜਮੈਂਟ ਨੂੰ ਸੱਦ ਕੇ ਕੜੇ ਕੈਂਠੇ ਦਿੱਤੇ। ਗੱਦੀ ਬੈਠ ਕੇ ਕਿਹਾ ਕਿ ਖਰਾ ਖੋਟਾ ਪਛਾਣ ਲਵੋ। ਸੱਤ ਦਿਨ ਇਹੋ ਹਾਲ ਰਿਹਾ। ਅੱਠਵੇਂ ਦਿਨ ਕੜਾਹ ਪ੍ਰਸ਼ਾਦ ਕਰਵਾ ਕੇ ਖਰਮਸਤੀ ਬੰਦ ਕਰਨ ਦਾ ਹੁਕਮ ਦਿੱਤਾ। ਉਹ ਬੜਾ ਕਰੜਾ ਸੀ। ਚੋਰੀ ਆਦਿ ਸਭ ਬੰਦ ਹੋ ਗਈ।

## ਸ਼ੇਰ ਸਿੰਘ ਦਾ ਮਾਰਿਆ ਜਾਣਾ

ਅਜੀਤ ਸਿੰਘ ਨੇ ਅਲੂੰਏਂ ਨੌਕਰ ਰੱਖੇ। ਹਵੇਲੀ ਵਿਚ ਹੀ ਕਵੈਦ ਸਖਾਵੇ, ਬਾਹਰ ਨਾ ਕੱਢੇ। ਅੱਠਵੇਂ ਦਿਨ ਕੜਾਹ ਵੀ ਛਕਾਵੇ। ਸ਼ੇਰ ਸਿੰਘ ਨੇ ਨਹਿਰ ਵਿਚ ਇਕ ਨਾਲਾ ਕਢਵਾਇਆ ਹੋਇਆ ਸੀ, ਜੋ ਅੱਗੋਂ ਬੰਦ ਸੀ। ਚੌੜਾ ਵੀ ਖਾਸਾ ਸੀ, ਹਾਜਰੀ ਵੇਲੇ ਰਸਾਲੇ ਨੂੰ ਆਖਦਾ ਕਿ ਇਸ ਨੂੰ ਟੱਪੋ, ਜੋ ਟੱਪਦਾ ਉਸ ਦਾ ਘੋੜਾ ਹੀ ਪਸੰਦ ਕਰਦਾ। ਦੂਜੇ ਦਾ ਨਾਕਸ ਕਰ ਦੇਂਦਾ। ਜੋ ਵਿਚ ਡਿੱਗੇ ਉਸ ਉਤੇ ਹੱਸ ਕੇ

---

*੨ ਰਸਾਲਾ ਫੁਲਵਾੜੀ, ਇਤਿਹਾਸ ਨੰਬਰ, ਜਨਵਰੀ ੧੯੩੦।*


www.sikhbookclub.com

ਤਾੜੀ ਵੀ ਲਾਉਂਦਾ ਸੀ। ਉਸ ਨਾਲੇ ਦੇ ਕੰਢੇ ਅਜੀਤ ਸਿੰਘ ਦੀ ਫੌਜ ਖੜ੍ਹੋ ਗਈ। ਉਸ ਨੇ ੭੦੦ ਨੂੰ ਬੰਦੂਕ ਲਈ ਸੀ। ਜਦੋਂ ਵੱਜੀ ਤਾਂ ਖਾਬਗਾਹ ਨੂੰ ਉੱਠ ਨੱਠਾ, ਪਰ ਸਿਰ ਉਥੋਂ ਹੀ ਵੱਢ ਲਿਆਂਦਾ ਗਿਆ। ਬੁੱਧ ਸਿੰਘ ਮਹਿਰਾ ਵੀ ਮਾਰਿਆ ਗਿਆ। ਹੀਰਾ ਸਿੰਘ ਨੇ ਗਲ ਵਿਚ ਲੀੜਾ ਪਾਇਆ ਅਤੇ ਨੰਗੀਂ ਪੈਰੀਂ ਸਭਸ ਦੀ ਮਿੰਨਤ ਕੀਤੀ। ਬਦਲਾ ਲੈ ਕੇ ਪਾਣੀ ਪੀਤਾ, ਨਹੀਂ ਬੁੱਲ੍ਹਾਂ ਉਤੇ ਬਾਂਹ ਫੇਰਦਾ ਰਿਹਾ ਸੀ। ਫੇਰ ਹੀਰਾ ਸਿੰਘ ਨੂੰ ਲੁਬਾਣਿਆਂ ਵਾਲੇ ਮਾਰਿਆ। ਇਸ ਦੇ ਭਾਈ ਵੀਰ ਸਿੰਘ ਜੀ ਨੂੰ ਮਾਰਨ ਵਾਸਤੇ ਗੁਲਾਬ ਸਿੰਘ ਮਨਿਆਲੀਏ ਨੂੰ ਜੋ ਚਾਰ ਪੜਤਲਾਂ ਦਾ ਸਰਦਾਰ ਸੀ ਸਾਢੇ ੨੨ ਸੌ ਖੁੱਲ੍ਹੇ ਘੋੜ-ਚੜ੍ਹਿਆਂ ਦੇ ਨਾਲ ਘੱਲਿਆ ਸੀ। ਉਧਰ ਮੀਆਂ ਲਾਭ ਸਿੰਘ ਨੂੰ ਜੋ ਅੰਮ੍ਰਿਤਸਰ ਸੀ ਤੋਪਖਾਨੇ ਲਈ, ਖਾਸ ਹੁਕਮ ਦੇ ਦਿੱਤਾ ਕਿ ਵੇਲਾ ਵੇਖ ਕੇ ਤੋਪ ਦਾਗ ਦੇਵੋ। ਲੁਲਿਆਣੀਓਂ ਹੋ ਕੇ ਅਸੀਂ ਮੁਠਿਆਂ ਵਾਲੇ ਅੱਪੜੇ। ਗੁਲਾਬ ਸਿੰਘ ਨੇ ਮੱਥਾ ਟੇਕਿਆ ਅਤੇ ਅਤਰ ਸਿੰਘ ਨੂੰ ਕਿਹਾ: 'ਤੈਨੂੰ ਜਗੀਰ ਲਾ ਦੇਂਦੇ ਹਾਂ, ਤੂੰ ਲੜਾਈ ਝਗੜਾ ਨਾ ਕਰ।' ਉਹ ਇਸ ਦੀ ਗੁਸਤਾਖੀ ਸੁਣ ਕੇ ਕਿ ਸਾਨੂੰ ਜਗੀਰਾਂ ਦਿਵਾਉਂਦਾ ਹੈ ਮਾਰਨ ਲੱਗਾ, ਪਰ ਭਾਈ ਜੀ ਨੇ ਬੰਦੂਕ ਫੜ ਲਈ। ਕਸ਼ਮੀਰਾ ਸਿੰਘ ਨੇ ਬੰਦੂਕ ਨਾਲ ਮਾਰ ਦਿੱਤਾ ਅਤੇ ਲੜਾਈ ਹੋ ਪਈ।

## ਅੰਗਰੇਜ਼ਾਂ ਨਾਲ ਲੜਾਈ

SIKHBOOKCLUB.COM

ਜਦੋਂ ਫੌਜਾਂ ਲੜਾਈ ਲਈ ਤਿਆਰ ਹੋਈਆਂ, ਤਾਂ ਪਹਿਲ ਫਰਾਂਸੀਸੀ ਪੜਤਲਾਂ ਨੇ ਕੀਤੀ। ਬੇ-ਹੁਕਮੇ ਹੀ ਤੁਰ ਪਏ। ਮਗਰ ਹੀ ਦੂਜੀਆਂ ਲੱਗ ਪਈਆਂ। ਦਾਰੂ ਸਿੱਕਾ ਸਰਕਾਰੋਂ ਕੋਈ ਨਹੀਂ ਮਿਲਿਆ; ਜਿੰਨਾ ਜਿੰਨਾ ਪਾਸ ਸੀ, ਓਹੀ ਹੀ ਰਿਹਾ।

ਫੇਰੂ ਸ਼ਹਿਰ ਦੀ ਲੜਾਈ ਮਗਰੋਂ ਸਾਡੇ ਡੇਰੇ ਵਿਚੋਂ ਬੁੱਧ ਸਿੰਘ ਦਾ ਭਾਈ ਜੈਮਲ ਸਿੰਘ ਨਿਹੰਗ ਆਪਣੇ ਸੌ ਸਵਾਰ ਲੈ ਕੇ ਸ੍ਰ: ਸ਼ਾਮ ਸਿੰਘ ਦੇ ਨਾਲ ਜਾ ਮਰਿਆ। ਉਹਨਾਂ ਦੇ ਪੁੱਤਰ ਈਸ਼ਰ ਸਿੰਘ ਨੇ ਦੋਵੇਂ ਲੋਥਾਂ ਹਾਥੀ ਦੇ ਹੌਦੇ ਵਿਚ ਪਾ ਕੇ ਅੰਮ੍ਰਿਤਸਰ ਆ ਕੇ ਸਸਕਾਰ ਕਰ ਦਿੱਤਾ। ਫਤ੍ਹੇ ਸਿੰਘ ਮਾਨ ਹੋਰਨਾਂ ਸਣੇ ਗੁਲਾਬ ਸਿੰਘ ਨੂੰ ਲੈਣ ਗਿਆ ਸੀ, ਪਰ ਆਪੋ ਵਿਚ ਅਜਿਹੀ ਦੁਸ਼ਮਣੀ ਸੀ ਕਿ ਉਹ ਇਸ ਨੂੰ ਵੇਖਣਾ ਵੀ ਨਹੀਂ ਚਾਹੁੰਦਾ ਸੀ, ਏਸੇ ਕਰਕੇ ਮਰਵਾ ਦਿੱਤਾ।

## ਅੰਗਰੇਜ਼ਾਂ ਨਾਲ ਅਹਿਦਨਾਮਾ

ਜਦੋਂ ਅੰਗਰੇਜ਼ ਕਸੂਰ ਆ ਗਏ ਅਤੇ ਫੇਰ ਅੱਗੇ ਵਧੇ; ਤਾਂ ਮਹਾਰਾਜਾ ਉਹਨਾਂ ਨੂੰ ਮਿਲਣ ਗਿਆ, ਤਾਂ ਓਦੋਂ ਅਸੀਂ ਵੀ ਨਾਲ ਸਾਂ। ਲੁਲਿਆਣੀਓਂ ਦੋ ਕੋਹ ਪਰ੍ਹੇ ਜਾ ਉਤਰੇ, ਗੁਲਾਬ ਸਿੰਘ ਅੰਗਰੇਜ਼ਾਂ ਵੱਲ ਗਿਆ, ਪਰ ਤ੍ਰਿਕਾਲਾਂ ਤੀਕ ਮੁੜ ਕੇ ਨਾ ਆਇਆ। ਡੇਰੇ ਵਿਚ ਬੜਾ ਫਿਕਰ ਪੈ ਗਿਆ ਕਿ ਅਜੇ ਤਕ ਰਾਜਾ ਕਿਉਂ ਨਹੀਂ ਮੁੜਿਆ, ਸੁੱਖ ਹੋਵੇ ਸਹੀ। ਠੀਕ ਅੱਧੀ ਰਾਤ ਘੋੜੇ ਦੀਆਂ ਟਾਪਾਂ ਦੀ ਆਵਾਜ਼

ਆਈ। ਪਤਾ ਕੀਤਾ ਤਾਂ ਗੁਲਾਬ ਸਿੰਘ ਹੀ ਨਿਕਲਿਆ। ਜੀ ਵਿਚ ਜੀ ਆਇਆ। ਫੇਰ ਸਭ ਨੂੰ ਇਕੱਠੇ ਕਰ ਕੇ ਉੱਚੇ ਖੜ੍ਹੋ ਕੇ ਉੱਚੀ ਉੱਚੀ ਟਾਹਰਾਂ ਮਾਰ ਕੇ ਉਸ ਨੇ ਅਹਿਦਨਾਮਾ ਸੁਣਾਇਆ ਅਤੇ ਕਿਹਾ, "ਖਾਲਸਾ ਜੀ! ਸਾਡੇ ਵਾਸਤੇ ਇਤਨਾ ਹੀ ਚੰਗਾ ਹੈ। ਫੇਰ ਰੁਪਿਆ ਦੇਣ ਦੀ ਕਮੇਟੀ ਹੋਈ। ਅਸੀਂ ਓਦੋਂ ਪਹਿਰੇ ਉਤੇ ਸਾਂ ਅਤੇ ਸਭ ਕੁਝ ਕੰਨੀਂ ਸੁਣਦੇ ਸਾਂ। ਗੁਲਾਬ ਸਿੰਘ ਨੇ ਕਿਹਾ, ਰੁਪਿਆ ਖਜ਼ਾਨਿਓਂ ਨਹੀਂ ਦੇਣਾ, ਪੜਤਲਾਂ ਅਤੇ ਸਰਦਾਰ ਆਪਣੇ ਪਾਸੋਂ ਦੇਣ, ਜਿਨ੍ਹਾਂ ਜਿਨ੍ਹਾਂ ਦਾ ਕਸੂਰ ਹੈ। ਬਹੁਤਾ ਚਿਰ ਝਗੜਾ ਰਿਹਾ। ਅੰਤ ਨੂੰ ਸਰਦਾਰਾਂ ਕਿਹਾ: 'ਤੂੰ ਕੀ ਦਿੰਦਾ ਹੈਂ?' ਉਸ ਨੇ ਕਿਹਾ: ਚੰਗਾ ਪੰਜਾਹ ਲੱਖ ਤੂੰ, ਮੂਲਰਾਜ ਵੀ ਤੇਰੇ ਬਰਾਬਰ ਹੈ। ਪੰਜਾਹ ਲੱਖ ਓਹ। ਬਾਕੀ ਦਾ ਅਸੀਂ ਭਰ ਦਿਆਂਗੇ। ਪਰ ਮੂਲ ਰਾਜ ਨੇ ਇਕ ਨਾ ਮੰਨੀ ਅਤੇ ਕੰਮ ਉਤੇ ਹੇਠਾਂ ਹੋ ਗਿਆ। ਗੁਲਾਬ ਸਿੰਘ ਨੇ ਕਿਹਾ, ਜੇ ਨਹੀਂ ਮੰਨਦਾ ਤਾਂ ਨਾ ਮੰਨੇ, ਮੈਂ ਪੰਜਾਹ ਲੱਖ ਦੇ ਕੇ ਕਸ਼ਮੀਰ ਸਾਂਭ ਲਵਾਂਗਾ। ਜਿਸ ਵਿਚ ਤਾਕਤ ਹੋਵੇ, ਦੂਜੇ ਇਲਾਕੇ ਵੀ ਸਾਂਭ ਲਵੇ। ਤੁਸਾਂ ਲਾਹੌਰ ਮੁਲਤਾਨ ਅਤੇ ਪਸ਼ੌਰ ਸਾਂਭ ਲੈਣਾ।

## ਅੰਗਰੇਜ਼ਾਂ ਦਾ ਲਾਹੌਰ ਦਾਖਲ ਹੋਣਾ

ਕਾਹਨੇ ਕਾਛੇ ਦੇ ਥੇਹ ਉਤੇ ਮੁਲਤਾਨ ਹੋਈ, ਰਾਣੀ ਤਾਂ ਨਹੀਂ ਸੀ, ਪਰ ਮੰਗਲਾਂ ਨਾਲ ਸੀ, ਜਿਸ ਨੇ ਮਹਾਰਾਜੇ ਨੂੰ ਸਿਖਾ ਛੱਡਿਆ ਸੀ ਕਿ ਉਹ ਵਜ਼ੀਰ ਗੁਲਾਬ ਸਿੰਘ ਨੂੰ ਹੀ ਆਖੇ। ਸੁ ਉਸ ਸਿਖਾਏ ਹੋਏ ਬਾਲਕ ਨੇ ਵੈਸਾ ਹੀ ਕੀਤਾ। ਸਿਰੋਪਾ ਮਹਾਰਾਜੇ ਨੂੰ ਦਿੱਤਾ। ਇਸ ਖੁਸ਼ੀ ਵਿਚ ਜਿੰਦਾਂ ਨੇ ਤੋਪਾਂ ਦੀ ਸ਼ਲਕ ਕੀਤੀ। ਫਰੰਗੀਆਂ ਨੂੰ ਸ਼ੱਕ ਪੈ ਗਿਆ ਕਿ ਅਜੇ ਵੀ ਇਹਨਾਂ ਵਿਚ ਜਾਨ ਹੈ। ਉਹ ਤਾਬੜ-ਤੋੜ ਲਾਹੌਰ ਆਏ ਅਤੇ ਆਉਂਦਿਆਂ ਹੀ ਖਜ਼ਾਨੇ ਦੀਆਂ ਕੁੰਜੀਆਂ ਲੈ ਲਈਆਂ।

## ਜਿੰਦ ਕੌਰ ਦਾ ਰਾਜ

ਜਿੰਦ ਕੌਰ ਨੇ ਗੁਲਾਬ ਸਿੰਘ ਨੂੰ ਵਜ਼ੀਰ ਨਾ ਮੰਨਿਆ, ਲਾਲ ਸਿੰਘ ਨੂੰ ਵਜ਼ੀਰ ਬਣਾਇਆ। ਫੌਜਾਂ ਦੀ ਸਫਾਈ ਹੋਈ। ਮਾਲਵੇ ਦੇ ਸਭ ਆਦਮੀ ਕੱਢੇ ਗਏ ਅਤੇ ਬਾਕੀ ਦੀਆਂ ਫੌਜਾਂ ਘਟਾਈਆਂ ਗਈਆਂ। ਹੋਰਨਾਂ ਵਾਂਗ ਖੁੱਲ੍ਹੇ ਘੋੜ-ਚੜ੍ਹੇ ਵੀ ਅੱਧੇ ਕੀਤੇ ਗਏ।

ਮਜੀਠੀਏ ਦੀਆਂ ਚਾਰ ਪੜਤਲਾਂ ਅਤੇ ਸਾਨੂੰ ਲੈ ਕੇ ਇਟ ਮਿਟ ਸਾਹਿਬ ਨੇ ਬੰਨੂੰ ਜਾ ਕੇ ਟਕੇ ਵਸੂਲ ਕੀਤੇ। ਮੁੜ ਕੇ ਆਇਆਂ ਨੂੰ ਦਰਿਆ ਦੇ ਪਾਰ ਹੀ ਰੱਖਿਆ, ਲਾਹੌਰ ਨਾ ਆਉਣ ਦਿੱਤਾ। ਮੁੜ ਮਘਿਆਣੇ ਘੱਲ ਦਿੱਤਾ। ਰਲਾ ਮਿਸਰ ਤਾਂ ਓਦੋਂ ਸਰਦਾਰ ਸੀ। ਫੌਜ ਤਾਂ ਉਥੇ ਹੀ ਰਹੀ ਪਰ ਸਾਨੂੰ ਪਾਕਪਟਨ ਘੱਲ ਦਿੱਤਾ। ਲੀਹੇ ਦਾ ਕਾਰਦਾਰ ਨਾਸਰ ਖਾਂ ਜੋ ਮੂਲ ਰਾਜ ਵਲੋਂ ਸੀ, ਖਜ਼ਾਨ ਸਿੰਘ ਝਬਾਲੀਏ ਨੂੰ ਟਕੇ ਨਹੀਂ ਦੇਂਦਾ ਸੀ। ਇਸ ਕਰਕੇ ਚਾਰ ਪੜਤਲਾਂ ਵਿਚ ਦੋ ਤੋਪਾਂ ਅਤੇ ਕੰਪਨੀਆਂ ਦੇ ਕੇ

ਵਸਾਵਾ ਸਿੰਘ ਸੂਬੇਦਾਰ ਨੂੰ ਉਧਰ ਘੱਲਿਆ।

ਪਠਾਣ ਕਾਰਦਾਰ ਨੇ ਕਿਹਾ, ਸਭ ਕੁਝ ਲੈ ਲਵੋ, ਪਰ ਝਬਾਲੀਆ ਸਾਨੂੰ ਦੇ ਦਿਓ। ਪਠਾਣ ਦੇ ਸਿਪਾਹੀਆਂ ਨੂੰ ਭੁਲੇਖਾ ਪੈ ਗਿਆ। ਝਬਾਲੀਏ ਦੀ ਥਾਂ ਸੂਬੇਦਾਰ ਨੂੰ ਹੀ ਕਤਲ ਕਰ ਦਿੱਤਾ। ਨਾਸਰ ਖਾਂ ਦੇ ਨਾਂਹ ਨਾਂਹ ਕਰਦਿਆਂ ਵੀ ਸਾਡਾ ਭਾਈ ਅਤਰ ਸਿੰਘ ਪਾਕਪਟਨੋਂ ਮੁਲਤਾਨ ਗਿਆ ਅਤੇ ਸਿਰ ਲੈ ਕੇ ਲੀਹੇ ਜਾ ਸਸਕਾਰ ਕੀਤਾ।

## ਮੁਲਤਾਨ ਦੀ ਲੜਾਈ

ਜਦੋਂ ਸ਼ੇਰ ਸਿੰਘ ਮੂਲ ਰਾਜ ਨਾਲੋਂ ਅੱਡ ਹੋ ਕੇ ਦਰਿਆ ਦੇ ਕੰਢੇ ਤੁਰ ਪਿਆ ਤਾਂ ਅਸੀਂ ਵੀ ਨਾਲ ਸਾਂ। ਲਾਹੌਰੋਂ ਮੁਲਤਾਨੀ ਫੌਜ ਦੀ ਮਦਦ ਲਈ। ਦਰਿਆਉਂ ਦਰਿਆ ਦੋ ਲੱਖ ਖਜ਼ਾਨਾ ਬੇੜੀਆਂ ਵਿਚ ਆਉਂਦਾ ਸੀ। ਅਸਾਂ ਲੁੱਟ ਲਿਆ ਤੇ ਸ਼ੇਰ ਸਿੰਘ ਨੇ ਕਾਦਰਾਬਾਦ ਮਰੜੇ ਜਾ ਬੰਨ੍ਹੇ। ਸਵੇਰ ਵੇਲੇ ਲੜਾਈ ਹੋਈ। ਫਰੰਗੀਆਂ ਦੀ ਇਕ ਤੋਪ ਹੱਥ ਆ ਗਈ। ਸ਼ੇਰ ਸਿੰਘ ਨੇ ਲਿਖ ਘੱਲਿਆ ਕਿ ਜੋ ਜੋ ਬੇ-ਨੌਕਰ ਕੀਤਾ ਹੋਇਆ ਹੈ ਬੇਸ਼ਕ ਆ ਜਾਵੇ, ਨੌਕਰ ਕੀਤਾ ਜਾਵੇਗਾ। ਆਪਣੇ ਨਾਲ ਵੀ ਭਾਵੇਂ ਕਈਆਂ ਨੂੰ ਲੈ ਆਵੇ, ਸਭ ਨੌਕਰ ਰੱਖੇ ਜਾਣਗੇ।

ਅੰਗਰੇਜ਼ ਗੜ੍ਹੀ ਦੇ ਪੱਤਣੋਂ ਲੰਘ ਪਏ। ਸਿੰਘ ਧਾ ਕੇ ਪਏ ਅਤੇ ਤੋਪ ਚੱਲਣ ਲੱਗੀ। ਸ਼ੇਰ ਸਿੰਘ ਜਗ੍ਹਾ-ਜਗ੍ਹਾ ਹੌਸਲਾ ਦੇਂਦਾ ਫਿਰਦਾ ਸੀ। ਉਸ ਨੇ ਵੇਖਿਆ ਕਿ ਅਲਾਹੀ ਬਖਸ਼ ਦੋ ਤੋਪਾਂ ਖਾਲੀ ਹੀ ਚਲਾਈ ਜਾਂਦਾ ਹੈ। ਗੋਲੇ ਦੁਸ਼ਮਣ ਵਿਚ ਨਹੀਂ ਘੱਲਦਾ, ਕਮਾਦ ਵਿਚ ਸਿੱਟੀ ਜਾਂਦਾ ਹੈ ਤਾਂ ਰਾਜਾ ਡੋਲ ਗਿਆ, ਕਹਿਓਸੁ ਕਿ ਜਦ ਘਰ ਹੀ ਪਾਟ ਗਿਆ ਤਾਂ ਲੜਨਾ ਹੀ ਕੀ ਹੈ !! ਪਿੱਛੇ ਨੂੰ ਮੁੜ ਪਿਆ ਅਤੇ ਡੇਰੇ ਆ ਕੇ ਸ਼ਲਕ ਕੀਤੀ। ਮੁੜ ਵਾਸੂ ਸਹਾਵੇ ਨੂੰ ਤੁਰ ਪਏ। ਇਸ ਲੜਾਈ ਵਿਚ ਪੰਜ ਸੌ ਖੁੱਲ੍ਹਾ ਘੋੜ-ਚੜ੍ਹਾ ਸਾਡਾ ਅਤੇ ਇਕ ਰਸਾਲਾ ਖੱਬੇ ਹੱਥ ਸੀ। ਵਾਸੂ ਸੁਹਾਵੇ ਟਿੰਡਾਂ ਵਿਚ ਦਾਲ ਸਾਗ ਰਿੰਨ੍ਹਿਆ ਕਰੀਏ, ਕਿਉਂਕਿ ਭਾਂਡੇ ਤਾਂ ਪਿੱਛੇ ਰਹਿ ਗਏ ਸਨ। ਅੰਗਰੇਜ਼ ਰੌਂਦ ਕਰਨ ਆਉਣ ਅਤੇ ਵੇਖ-ਚਾਖ ਕੇ ਮੁੜ ਜਾਣ। ਤਿੰਨ ਦਿਨ ਰਹਿ ਕੇ ਚੌਥੇ ਦਿਨ ਬਾਰ ਵਿਚ ਜਾ ਉਤਰੇ। ਜਦੋਂ ਤੁਰੇ ਤਾਂ ਮਗਰਲਿਆਂ ਦੀਆਂ ਟਿੰਡਾਂ ਦਾਲ ਦੀਆਂ ਰਿੜ੍ਹਦੀਆਂ ਫਿਰਨ, ਉਹਨਾਂ ਸਮਝਿਆ ਸੀ ਕਿ ਫਰੰਗੀ ਆ ਪਿਆ ਹੈ ਅਤੇ ਭਾਂਜ ਪੈ ਗਈ ਹੈ। ਅਜੇਹੀ ਹੱਥਾਂ ਪੈਰਾਂ ਦੀ ਪਈ ਹੋਈ ਸੀ ਅਤੇ ਬੁਰੀ ਹਫੜਾ-ਦਫੜੀ ਵਿਚ ਫਿਰਦੇ ਸਨ।

## ਚੇਲੀਆਂ ਵਾਲੀ ਦੀ ਲੜਾਈ

ਫੌਜ ਤੋਂ ਅੱਗੇ ਡੂਢ ਡੂਢ ਕੋਹ ਉਤੇ ਖਿਕਟ ਸੀ। ਚਾਰ ਪੰਜ ਸੌ ਨੇ ਹੀ ਇਕ ਚਾਨਣੀ ਚੇਲੀਆਂ ਵਾਲੀ ਦੇ ਟਿੱਬੇ ਉਤੇ ਲਾ ਰੱਖੀ ਅਤੇ ਪਿੱਪਲੀ ਉਤੇ ਰਾਤ ਨੂੰ

ਪਹਿਰੇ ਵਾਸਤੇ ਇਕ ਆਦਮੀ ਕੁਝ ਘੰਟਿਆਂ ਦੀ ਵਾਰੀ ਨਾਲ ਚੜ੍ਹਾ ਛੱਡਦੇ, ਕਿ ਫੌਜ ਦੀ ਬਿੜਕ ਲੈਂਦਾ ਰਿਹਾ ਕਰੇ। ਇਕ ਦਿਨ ਪਹਿਰ ਰਾਤ ਰਹਿੰਦੀ ਹੀ ਵਧਾਵਾ ਸਿੰਘ ਨੇ ਕਿਹਾ ਕਿ ਡਿੰਗਿਆਂ ਵਲੋਂ ਤੋਪਾਂ ਦੇ ਤੁਰਦਿਆਂ ਠੋਕਰ ਦੀ ਆਵਾਜ਼ ਆਉਂਦੀ ਹੈ। ਇਕ ਹੋਰ ਨੇ ਉਤੇ ਜਾ ਕੇ ਏਸੇ ਗੱਲ ਦੀ ਤਾਈਦ ਕੀਤੀ। ਉਸੇ ਵੇਲੇ ਪੰਜ ਸਵਾਰ ਰਾਜਾ ਸ਼ੇਰ ਸਿੰਘ ਤੇ ਲਾਲ ਸਿੰਘ ਵੱਲ ਦੁੜਾ ਦਿੱਤੇ ਕਿ ਤਿਆਰ ਹੋ ਜਾਓ।

ਸ਼ੇਰ ਸਿੰਘ ਨੇ ਲਾਮ ਲਾ ਲਈ। ਸੱਤ ਕੋਹ ਵਿਚ ਤਿੰਨ ਸੌ ਤੋਪ ਲੈਸ ਕਰ ਲਈ। ਅਸੀਂ ਆਪਣੇ ਅਫਸਰ ਖੁਸ਼ਾਲ ਸਿੰਘ ਮਰਾੜੀਏ (ਵੱਡਾ ਭਰਾ ਲਾਲ ਸਿੰਘ ਮਰਾੜੀਏ ਦਾ) ਸਣੇ ਪਹਾੜੀ ਵੱਲ ਚਲੇ ਗਏ। ਪੰਜ ਸੱਤ ਪਿੱਛੇ ਬੈਠੇ ਰਹੇ। ਅੰਗਰੇਜ਼ਾਂ ਆਉਂਦਿਆਂ ਹੀ ਤੋਪ ਛੋਲਦਾਰੀ ਵਿਚ ਮਾਰੀ, ਸਾਡੇ ਪਿੰਡ ਦਾ ਮਾਹੀ ਸਿੰਘ ਦਾ ਪੁੱਤਰ ਖੜਕ ਸਿੰਘ ਮਾਰਿਆ ਗਿਆ। ਨਿਹਾਲ ਸਿੰਘ ਏਥੋਂ ਦਾ, ਰਾਮ ਸਿੰਘ ਰਟੌਲਾਂ ਦਾ ਅਤੇ ਪ੍ਰਤਾਪ ਸਿੰਘ ਸਬਾਜਪੁਰੇ ਦਾ (ਜੋ ਪੈਦਲ ਸਨ) ਭੱਜ ਕੇ ਸਾਨੂੰ ਆ ਮਿਲੇ।

ਲੜਾਈ ਲੱਗ ਪਈ ਅਤੇ ਅਸੀਂ ਉੱਚੀ ਥਾਂ ਪਹਾੜੀ ਉਤੇ ਖੜ੍ਹੇ ਸਭ ਕੁਝ ਵੇਖੀਏ। ਸਾਡਾ ਗੋਲਾ ਤਾਂ ਅੰਗਰੇਜ਼ਾਂ ਵਿਚ ਪੈਂਦਾ ਸੀ, ਪਰ ਅੰਗਰੇਜ਼ਾਂ ਦਾ ਟੱਪਾ ਖਾ ਕੇ ਸਾਡੀਆਂ ਤੋਪਾਂ ਤੀਕ ਹੀ ਅੱਪੜਦਾ ਸੀ। ਕੁਝ ਕੁ ਚਿਰ ਮਗਰੋਂ ਅੰਗਰੇਜ਼ਾਂ ਨੇ ਚਾਲੀ ਕੁ ਕਰਮਾਂ ਤੋਪਾਂ ਅੱਗੇ ਝਾੜ ਦੀ ਵਟ ਪਾਸ ਕਰ ਦਿੱਤੀਆਂ, ਫਿਰ ਗੋਲਾ ਠੀਕ ਪੈਣ ਲੱਗ ਪਿਆ। ਗੋਲੰਦਾਜ਼ ਅਤੇ ਘੋੜਾ ਦੁਵੱਲਿਓਂ ਹੀ ਕੋਈ ਨਾ ਰਿਹਾ। ਫੇਰ ਬੰਦੂਕਾਂ ਦੀ ਵਾਰ ਆਈ। ਅਸੀਂ ਵੇਖਦੇ ਸਾਂ ਕਿ ਕਈ ਸਿੱਖ ਭੱਜ ਕੇ ਦਰਿਆਓਂ ਪਾਰ ਹੁੰਦੇ ਜਾਂਦੇ ਸਨ, ਉਸੇ ਵੇਲੇ ਰਾਜਾ ਸ਼ੇਰ ਸਿੰਘ ਸਾਡੇ ਪਾਸ ਆਇਆ ਅਤੇ ਕਿਹਾ ਕਿ ਸਤਰ ਤਲਵਾਰ ਦੀ ਬਾਦਸ਼ਾਹੀ ਹੁੰਦੀ ਹੈ। ਤੁਸੀਂ ਸਵੇਰ ਦੇ ਵਿਸਮੇ ਹੋਏ ਹੋ, ਰਲ ਕੇ ਇਕ ਹੱਲਾ ਕਰੋ। ਰੱਸੇ ਲਾਹ ਦਿੱਤੇ ਅਤੇ ਤਲਵਾਰਾਂ ਧੂਹ ਲਈਆਂ। ਅੱਗੇ ਆਪ ਹੋਇਆ, ਮਗਰ ਮਰਾੜੀਏ, ਜਵਾਹਰ ਸਿੰਘ ਅਤੇ ਸੂਰਤ ਸਿੰਘ ਅੱਗੇ, ਮਗਰ ਅਸੀਂ। ਬੱਸ ਫੇਰ ਤਾਂ ਵਾਢ ਹੀ ਹੁੰਦੀ ਗਈ। ਅਸੀਂ ਲਾਟ ਦੀ ਪੀਨਸ ਪਾਸ ਆ ਗਏ। ਉਹ ਤੜਕੇ ਵਿਚੋਂ ਨਿਕਲ ਕੇ ਘੋੜੇ ਉਤੇ ਚੜ੍ਹ ਕੇ ਨੱਠ ਗਿਆ। ਪੀਨਸ ਵਿਚੋਂ ਦੋ ਪਸਤੌਲ, ਦੋ ਬਰਾਂਡੀ ਦੀਆਂ ਬੋਤਲਾਂ ਅਤੇ ਇਕ ਬਹੁ-ਮੁੱਲਾ ਕਾਲਾ ਚੋਗਾ ਨਿਕਲਿਆ। ਦੋ ਕੁ ਕਹਾਰ ਮਰ ਸੁੱਟ ਤੇ ਲਾਟ ਦੇ ਮਗਰ ਪਏ। ਇਕ ਅੜਦਲੀ ਨੇ ਭੌਂ ਕੇ ਵਧਾਵਾ ਸਿੰਘ ਨੂੰ ਤਲਵਾਰ ਮਾਰੀ ਪਰ ਕਾਠੀ ਹੀ ਵੱਢੀ ਗਈ। ਫੇਰ ਵਧਾਵਾ ਸਿੰਘ ਨੇ ਮਾਰੀ ਮੋਢੇ ਉਤੇ ਵੱਜੀ ਪਰ ਲੈਂਸਾ ਕਰ ਕੇ ਬਚ ਹੀ ਰਿਹਾ। ਇਸ ਵੇਲੇ ਅੰਗਰੇਜ਼ੀ ਫੌਜ ਨੂੰ ਅਸੀਂ ਅੱਗੇ ਧਰ ਲਿਆ ਸੀ। ਪਰ ਐਨ ਇਸ ਵੇਲੇ ਸਾਡੇ ਉਤੇ ਦੋ ਗੋਲੇ ਆ ਕੇ ਪਏ। ਪਿੱਛੇ ਹਟ ਕੇ ਵੇਖਿਆ ਤਾਂ ਉਹ ਅਲਾਹੀ ਬਖਸ਼ ਦੀਆਂ ਦੋ ਤੋਪਾਂ ਸਨ ਜੋ ਖੱਬੇ ਸਿਰੇ ਉਤੇ ਸਨ। ਘਰ ਪਾਟਾ ਵੇਖ ਰਾਜਾ ਸ਼ੇਰ ਸਿੰਘ ਅੱਗੇ ਨਾ ਵਧਿਆ। ਪਾਸ ਹੀ ਫਰੰਗੀ ਦੀਆਂ ਤੋਪਾਂ ਪਈਆਂ ਸਨ। ਸੂਰਤ ਸਿੰਘ ਨੇ ਕਿਹਾ ਕਿ ਰੇੜ੍ਹ ਲਿਚਲਈਏ

ਪਰ ਉਹ ਰਿੜ੍ਹਨ ਨਾ। ਤਿੰਨ ਊਠ ਬੰਦੂਕਾਂ ਦੇ ਲੱਦੇ ਹੋਏ ਹੱਥ ਆ ਗਏ, ਉਹ ਹੀ ਸਾਂਭ ਲਏ ਅਤੇ ਡੇਰਾ ਉਥੇ ਹੀ ਲਾ ਦਿੱਤਾ। ਰਾਤ ਬੜਾ ਮੀਂਹ ਵਰ੍ਹਿਆ। ਅਸੀਂ ਸਣੇ ਸਰਦਾਰਾਂ ਦੇ ਝੁੰਬਾਂ ਮਾਰ ਕੇ ਬੈਠੇ ਰਹੇ। ਦਿਨ ਚੜ੍ਹੇ ਡੇਰਿਆਂ ਨੂੰ ਆ ਗਏ ਅਤੇ ਤੋਪਾਂ ਉਥੇ ਹੀ ਰਹਿਣ ਦਿੱਤੀਆਂ। ਡੇਰੇ ਵਿਚ ਅੰਗਰੇਜ਼ਾਂ ਦਾ ਖਤ ਆਇਆ ਕਿ ਸਾਡਾ ਧਰਮ ਯੁੱਧ ਹੋਇਆ ਹੈ, ਇਸ ਕਰਕੇ ਤੁਸੀਂ ਆਪਣੇ ਮੁਰਦੇ ਅਤੇ ਤੋਪਾਂ ਲੈ ਜਾਓ, ਅਸੀਂ ਆਪਣੇ ਚੁੱਕ ਲੈ ਜਾਂਦੇ ਹਾਂ, ਕੋਈ ਕਿਸੇ ਨੂੰ ਕੁਝ ਨਾ ਆਖੇ। ਸੋ ਅਜਿਹਾ ਹੀ ਹੋਇਆ, ਪਰ ਸਿੱਖਾਂ ਨੇ ਆਪਣਾ ਮੁਰਦਾ ਕੋਈ ਨਹੀਂ ਲਿਆਂਦਾ, ਰਾਤ ਨੂੰ ਲਾਂਭੇ ਦੇ ਪਿੰਡਾਂ ਦੇ ਲੋਕੀਂ ਮੁਰਦਿਆਂ ਦੇ ਲੱਕਾਂ ਨੂੰ ਟੋਂਹਦੇ ਫਿਰਨ, ਉਹਨਾਂ ਨੂੰ ਬਹੁਤ ਮਾਲ ਹੱਥ ਆਇਆ।

## ਗੁਜਰਾਤ ਦੀ ਲੜਾਈ

ਅਗਲੇ ਦਿਨ ਸਾਡੇ ਪਾਸ ਮਹਾਰਾਜ ਸਿੰਘ ਅਤੇ ਬਾਬਾ ਬਿਕ੍ਰਮ ਸਿੰਘ ਜੀ ਆ ਗਏ ਅਤੇ ਡੇਰੇ ਲਾ ਦਿੱਤੇ। ਰਾਮ ਸਿੰਘ ਜਲ੍ਹੇਵਾਲੀਏ ਦਾ ਖਤ ਆਇਆ ਕਿ ਗੁਜਰਾਤ ਦੇ ਖਜ਼ਾਨੇ ਦੋ ਲੱਖ ਰੁਪਿਆ ਪਿਆ ਹੈ। ਸੱਤ ਕੋਠੇ ਗੁਦਾਮ ਦੇ ਵੀ ਹਨ, ਆ ਕੇ ਲੈ ਲਵੋ। ਇਸ ਵੇਲੇ ਰੁਪਿਆ ਪੈਸਾ ਕੋਈ ਨਹੀਂ ਸੀ ਕਿ ਦਲੀਪ ਗੜ੍ਹ ਬਣਨ ਵਾਲਾ ਰੁਪਿਆ ਗੋਬਿੰਦ ਗੜ੍ਹੋਂ ਜਾਂਦਾ ਹੁੰਦਾ ਸੀ। ਮੈਂ ਇਕ ਟਿੱਬੇ ਵਿਚ ਦੋ ਲੱਖ ਰੁਪਿਆ ਦੱਬਿਆ ਹੈ, ਜਾ ਕੇ ਲੈ ਲਵੋ। (ਇਹ ਓਦੋਂ ਮਾਲਕ ਸੀ, ਸਭ ਰੁਪਿਆ ਇਸ ਦੇ ਹੱਥੋਂ ਹੀ ਜਾਂਦਾ ਸੀ) ਪਰ ਜਾਵੇ ਕੌਣ? ਲਾਗਿਓਂ ਗੁਜਰਾਤ ਦੀ ਹੀ ਗੱਲ ਪਸੰਦ ਆਈ। ਇਹ ਲਾਲ ਸਿੰਘ ਬੜਾ ਬਹਾਦਰ ਅਤੇ ਜੋਤਸ਼ੀ ਸੀ, ਇਸ ਨੇ ਵੇਖਿਆ ਸੀ ਕਿ ਮੇਰੀ ਅਜੇ ਮੌਤ ਨਹੀਂ ਹੈ, ਇਸ ਕਰਕੇ ਇਹ ਤੋਪਾਂ ਨੂੰ ਸਿੱਧਾ ਹੀ ਜਾਇਆ ਕਰਦਾ ਅਤੇ ਕਹਿੰਦਾ ਸੀ ਕਿ ਮੈਂ ਕਦੇ ਵੀ ਇਸ ਯੁੱਧ ਵਿਚ ਨਹੀਂ ਮਰਾਂਗਾ।

ਤੁਰਨ ਤੋਂ ਪਹਿਲਾਂ ਅਵਾਜ਼ ਲਈ ਤਾਂ ਇਹ ਸ਼ਬਦ ਨਿਕਲਿਆ :–

*'ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ.....।।'* (੮੨੫)

ਮਹਾਰਾਜ ਸਿੰਘ ਜੀ ਨੇ ਕਿਹਾ ਕਿ ਕੂਚ ਨਾ ਕਰੋ, ਆਗਿਆ ਨਹੀਂ ਹੈ, ਪਰ ਸਿੰਘਾਂ ਨੇ ਕਿਹਾ ਕਿ ਸਾਡੇ ਭਰਾ ਨੇ ਲਿਖਿਆ ਹੈ, ਕਿਉਂ ਨਾ ਮੰਨੀਏ ? ਗਲੇ ਥਾਣੀਂ ਲੁਕਦੇ-ਲੁਕਦੇ ਚੁੱਪ ਕੀਤੇ ਹੀ ਤੁਰ ਪਏ। ਅੱਗੋ ਰਾਮ ਸਿੰਘ ਧੋਖਾ ਕਰ ਗਿਆ। ਗੁਦਾਮ ਤਾਂ ਰਹਿ ਗਿਆ, ਪਰ ਰੁਪਿਆ ਲੈ ਕੇ ਵਜ਼ੀਰਾਬਾਦ ਚਲਿਆ ਗਿਆ। ਖੈਰ ਗੁਦਾਮ ਹੀ ਸਹੀ। ਤੀਜੇ ਦਿਨ ਚਤਰ ਸਿੰਘ ਆਇਆ, ਕੈਦੀ ਪਹਿਲੋਂ ਹੀ ਘੱਲ ਦਿੱਤੇ ਸਨ, ਉਹ ਸਾਡੇ ਹੀ ਪਹਿਰੇ ਵਿਚ ਸਨ। ਇਕ ਅੰਗਰੇਜ਼ ਸਾਡੇ ਪੰਜ ਸਵਾਰ ਲੈ ਕੇ ਸੁਲਹ ਵਾਸਤੇ ਫਰੰਗੀ ਵੱਲ ਗਿਆ ਅਤੇ ਜਾਂਦਾ ਹੋਇਆ ਸ਼ੇਰ ਸਿੰਘ ਨੂੰ ਆਖ ਗਿਆ ਕਿ ਤੂੰ ਤੋਪ ਪਹਿਲਾਂ ਨਾ ਚਲਾਈ ਮੈਂ ਰਾਜ਼ੀਨਾਮਾ ਜ਼ਰੂਰ ਕਰਵਾ

ਦਿਆਂਗਾ। ਫਰੰਗੀ ਆਵਣ ਅਤੇ ਡੱਟ ਜਾਣ। ਸਾਡੇ ਵੱਲੋਂ ਵੀ ਤਿਆਰੀ ਹੋ ਜਾਵੇ, ਪਰ ਲੜਾਈ ਨਾ ਹੋਵੇ। ਫਰੰਗੀ ਫਿਰ ਹਟ ਜਾਣ, ਤਿੰਨ ਦਿਨ ਇਹੋ ਹਾਲ ਰਿਹਾ। ਚੌਥੇ ਦਿਨ ਇਹ ਬੁੱਢਾ ਬ੍ਰਾਹਮਣ ਆਇਆ ਅਤੇ ਪੱਤਰੀ ਵੇਖ ਕੇ ਮੂੰਹ 'ਤੇ ਹੱਥ ਫੇਰਿਆ ਅਤੇ ਕਹਿਆ ਸੂ ਕਿ ਰਾਜਾ ਜੀ! ਅੱਜ ਤੇਰੀ ਜਿੱਤ ਹੈ, ਅੱਜ ਜ਼ਰੂਰ ਲੜਾਈ ਕਰ। ਜਦੋਂ ਅੰਗਰੇਜ਼ਾਂ ਦੀ ਫੌਜ ਆਈ ਤਾਂ ਸ਼ੇਰ ਸਿੰਘ ਨੇ ਖਿਰਲਚੀ ਨੂੰ ਜੋ ਗੁਜਰਾਤ ਦੀ ਉੱਚੀ ਅਟਾਰੀ ਸੀ, ਹੱਲੇ ਦਾ ਹੁਕਮ ਦਿੱਤਾ। ਦੁਵੱਲਿਓਂ ਤੋਪਾਂ ਚੱਲੀਆਂ। ਅੰਗਰੇਜ਼ ਤੋਪਾਂ ਵਿਚ ਲੈ ਕਿਲ੍ਹਾ ਬਣਾ ਕੇ ਵਧਦੇ ਆਏ, ਅਸੀਂ ਦੁਰਾਨੀਆਂ ਦੇ ਨਾਲ ਖੱਬੇ ਹੱਥ ਸਾਂ। ਉਹਨਾਂ ਦਾ ਹਜ਼ਾਰ ਸਵਾਰ ਅਤੇ ਹਜ਼ਾਰ ਹੀ ਪੈਦਲ ਸੀ। ਇਕ ਗੋਰਾ ਇਕ ਪਰਵਾਨਾ ਲੈ ਕੇ ਕਾਬਲੀਏ ਪਾਸ ਆਇਆ। ਜਾਂ ਦੇ ਕੇ ਮੁੜਿਆ ਤਾਂ ਸੂਰਤ ਸਿੰਘ ਨੇ ਜੋ ਸਾਡੇ ਪਾਸ ਖੜ੍ਹਾ ਸੀ, ਬੰਦੂਕ ਮਾਰ ਕੇ ਉਥੇ ਹੀ ਰੱਖਿਆ। ਲੜਾਈ ਜ਼ੋਰ ਉੱਤੇ ਸੀ। ਕਾਬਲੀਏ ਮੁੜ ਨੱਠੇ। ਉਧਰੋਂ ਵਜ਼ੀਰਾਬਾਦ ਵੱਲ ਦੀ ਸਾਡੀ ਫੌਜ ਭੱਜੀ ਜਾਵੇ। ਸਭ ਸਰਦਾਰ ਇਕੱਠੇ ਹੋਏ ਅਤੇ ਕੰਮ ਬਣਦਾ ਨਾ ਵੇਖ ਕੇ ਸਲਾਹ ਨਾਲ ਜਿਹਲਮ ਨੂੰ ਪਰਤੇ। ਅਸੀਂ ਭੱਜ ਕੇ ਆਪਣੇ ਅਫਸਰ ਦੇ ਡੇਰੇ ਗਏ ਅਤੇ ਜਾਮਦਾਨੀਆਂ ਦੀਆਂ ਦੋ ਖੱਚਰਾਂ ਲੱਦੀਆਂ। ਜਿਹਲਮ ਤੀਕ ਨੱਠੇ ਹੀ ਗਏ। ਗਾਹਣ ਪਾਰ ਹੋ ਕੇ ਸਲਾਹ ਹੋਈ। ਕੁਝ ਫੌਜ ਅਤੇ ਤੋਪਾਂ ਤਾਂ ਪਾਸ ਸਨ। ਪਰ ਖਰਚ ਪੱਲੇ ਕੋਈ ਨਹੀਂ ਸੀ, ਇਸ ਕਰਕੇ ਸਲਾਹ ਹੋਈ ਕਿ ਹੁਣ ਲੜਾਈ ਕੋਈ ਨਹੀਂ ਹੁੰਦੀ। ਅਗਲੇ ਦਿਨ ਅੰਗਰੇਜ਼ ਦੀ ਜੋ ਸਲਾਹ ਲਈ ਗਏ ਸਨ, ਬੇੜੀ ਚੜ੍ਹ ਕੇ ਗੋਰਿਆਂ ਨਾਲ ਸਾਡੇ ਪਾਸ ਆ ਗਏ। ਬਥੇਰਾ ਕਿਹਾ ਕਿ ਮੱਤ ਜਾਓ, ਪਰ ਨਾ ਮੁੜੇ। ਰਾਜੇ ਨੂੰ ਕਹਿਣ ਕਿ ਤੂੰ ਤੋਪ ਪਹਿਲਾਂ ਕਿਸ ਲਈ ਦਾਗਣੀ ਸੀ ?

## ਰਾਵਲਪਿੰਡੀ ਵਿੱਚ ਹਥਿਆਰ ਦੇਣੇ

ਲੁੱਟਦੇ ਪੁੱਟਦੇ ਰਾਵਲਪਿੰਡੀ ਅੱਪੜੇ। ਸਾਡੇ ਨਾਲ ਪੰਜਾਹ ਕੁ ਹਾਥੀ ਸਨ। ਉਥੇ ਸ਼ਾਹੂਕਾਰਾਂ ਪਾਸ ਸੋਨੇ ਦੇ ਦੋ ਹੌਦੇ ਵੇਚੇ। ਖਰਚ ਦੀ ਤੰਗੀ ਕਰਕੇ, ਅੰਗਰੇਜ਼ 'ਸਵਾਂ' ਵਿਚ ਉਤਰੇ ਹੋਏ ਸਨ। ਵਿੱਥ ਤਿੰਨ ਚਾਰ ਕੋਹ ਦੀ ਸੀ। ਰਾਤ ਸਲਾਹ ਹੋਈ ਕਿ ਕੀ ਕੀਤਾ ਜਾਵੇ? ਕੋਈ ਸਰਦਾਰ ਸਾਨੂੰ ਨਹੀਂ ਝੱਲਦਾ, ਰੁਪਏ ਪੈਸੇ ਪਾਸ ਨਹੀਂ, ਜੋ ਝਟ ਹੀ ਲੰਘ ਜਾਵੇ। ਖ਼ੈਬਰ ਰੋਕਿਆ ਹੋਇਆ ਹੈ, ਓਧਰ ਜਾਣ ਦੀ ਵੀ ਕੋਈ ਉਮੈਦ ਨਹੀਂ; ਕੀ ਕੀਤਾ ਜਾਵੇ? ਆਖ ਵੇਖ ਕੇ ਸਭ ਸੌਂ ਰਹੇ। ਰਾਜਾ ਸ਼ੇਰ ਸਿੰਘ ਅਤਿ ਨਾ-ਉਮੈਦ ਹੋ ਕੇ ਇਕੱਲਾ ਹੀ ਰਾਤ ਅੰਗਰੇਜ਼ ਦੇ ਡੇਰੇ ਚਲਿਆ ਗਿਆ ਅਤੇ ਤਲਵਾਰ ਮਿਆਨੋਂ ਕੱਢ ਮੇਜ਼ ਉਤੇ ਧਰ ਦਿੱਤੀ। ਲਾਟ ਨੂੰ ਇਤਬਾਰ ਨਾ ਆਇਆ। ਇਕ ਸੂਹੀਆ ਸਾਡੇ ਡੇਰੇ ਪਤਾ ਲੈਣ ਵਾਸਤੇ ਘੱਲਿਆ। ਲਾਟ ਨੇ ਕਾਰਨ ਪੁੱਛਿਆ ਤਾਂ ਕਿਹਾ ਕਿ ਹੁਣ ਲੜਨ ਦੀ ਹਿੰਮਤ ਨਹੀਂ ਰਹੀ। ਸਵੇਰੇ ਆ ਕੇ ਫੌਜ ਨੂੰ ਹਥਿਆਰ ਦੇਣ ਵਾਸਤੇ ਕਿਹਾ। ਚਾਰ ਸਰਦਾਰ ਲਾਟ ਪਾਸ ਖੜ੍ਹੋਤੇ ਰਹੇ, ਰੁਪਿਆਂ

ਦੀ ਮੁੱਠ ਭਰੀ ਖੜ੍ਹਾ (ਥੈਲੀ ਵਾਲਾ ਪਾਸ ਸੀ) ਜੋ ਆਵੇ ਤਲਵਾਰ ਦਾ ਫਲ ਸੁੱਟ ਦੇਵੇ ਅਤੇ ਰੁਪਿਆ ਲੈ ਕੇ ਵਿਦਿਆ ਹੋ ਜਾਵੇ। ਅੰਤ ਨੂੰ ਅਸੀਂ ਅਤੇ ਸਰਦਾਰ ਰਹਿ ਗਏ। ਸਾਨੂੰ ਆਉਣ ਨਾ ਦਿੱਤਾ। ਪਹਿਰੇ ਅੰਦਰ ਲਾਹੌਰ ਤੀਕ ਆਏ, ਪਰ ਰਹੇ ਅਸੀਂ ਪਾਰ ਹੀ। ਫੇਰ ਖਰਚ ਵਾਸਤੇ ਚੁਆਨੀ ਰੋਜ਼ ਮਿਲਣ ਲੱਗੀ। ਵਿਸਾਖ ਵਿਚ ਸਭ ਸਰਦਾਰਾਂ ਨੂੰ ਬੰਨ੍ਹ ਕੇ ਤੋਰ ਦਿੱਤਾ। ਖੁਸ਼ਹਾਲ ਸਿੰਘ ਕਾਂਸ਼ੀ ਘੱਲਿਆ ਗਿਆ, ਪਰ ਸਾਨੂੰ ਅਜੇ ਵੀ ਨਾ ਛੱਡਿਆ। ਚੌਥੇ ਦਿਨ ਇਕ ਇਕ ਨੂੰ ਸੱਦ ਕੇ ਨਾਮ-ਥੇਹ ਲਿਖ ਕੇ ਖਾਲੀ ਹੱਥ ਹੀ ਘਰਾਂ ਨੂੰ ਤੋਰ ਦਿੱਤਾ।

ਅਤਰ ਸਿੰਘ ਕਾਲਿਆਂ ਵਾਲੇ ਤੇਜਾ ਸਿੰਘ ਨੇ ਜੋ ਕਾਰ-ਮੁਖਤਾਰ ਸੀ, ਕਿਹਾ ਕਿ ਸਿੱਖਾਂ ਦੀ ਪਾਯਾਂ ਕੀ ਸੀ ਜੋ ਲੜਦੇ ! ਇਹ ਸਰਦਾਰਾਂ ਦਾ ਹੀ ਕਸੂਰ ਸੀ। ਪੰਜ ਸੌ ਸਵਾਰ ਨੇ ਬਹਾਦਰੀ ਕੀਤੀ ਹੈ। ਇਹਨਾਂ ਦੀ ਪੈਨਸ਼ਨ ਚਾਹੀਏ, ੩ ਰੁਪਏ ਮਹੀਨਾ ਮਨਜ਼ੂਰ ਹੋਏ। ਚਪੜਾਸੀ ਵਰੰਟ ਲੈ ਕੇ ਸਾਡੇ ਪਾਸ ਆਇਆ ਕਿ ਸਹੀ ਪਾਓ, ਅਸੀਂ ਜਾਤਾ ਕਿ ਕਿਤੇ ਕਾਲਿਆਂ ਪਾਣੀਆਂ ਨੂੰ ਹੀ ਨਾ ਘੱਲਣ ਵਾਲੇ ਹੋਣ, ਰੁਪਿਆ ਉਸ ਦੀ ਮੁੱਠੇ ਪਾਇਆ ਅਤੇ ਮੋੜ ਦਿੱਤਾ, ਸਾਨੂੰ ਕੀ ਪਤਾ ਸੀ ਪੈਨਸ਼ਨ ਮਿਲਣੀ ਹੈ ! ਕਿਸੇ ਦੱਸਿਆ ਵੀ ਨਾ। ਜਿੰਨੀ ਵਾਰ ਚਪੜਾਸੀ ਆਇਆ, ਅਸਾਂ ਮੋੜ ਛੱਡਿਆ।

ਤਿੰਨ ਵਰ੍ਹੇ ਮਗਰੋਂ ਜਦੋਂ ਜ਼ਮੀਨਾਂ ਕੱਛੀਆਂ ਗਈਆਂ ਅਤੇ ਅਸੀਂ ਖਤੌਨੀਆਂ ਲੈਣ ਅੰਮ੍ਰਿਤਸਰ ਗਏ ਤਾ ਪੈਨਸ਼ਨ ਦੀ ਖਬਰ ਸਾਨੂੰ ਤੇਜਾ ਸਿੰਘ ਦੇ ਮੁਨਸ਼ੀ ਨੇ ਦਿੱਤੀ। ਅਸੀਂ ਤੇਜਾ ਸਿੰਘ ਪਾਸ ਗਏ ਜੋ ਓਦੋਂ ਅਦਾਲਤੀ ਸੀ, ਪਰ ਉਸ ਕਿਹਾ ਕਿ ਹੁਣ ਬਹੁਤ ਚਿਰ ਹੋ ਚੁਕਾ ਹੈ, ਕੁਝ ਨਹੀਂ ਬਣਦਾ। ਖੈਰ, ਅਸੀਂ ਐਵੇਂ ਹੀ ਰਹੇ। ਹੋਰ ਅੱਜ ਤੀਕ ੩ ਰੁਪਏ ਖਾਂਦੇ ਹਨ।

## ੧੦

# ਬਿਰਧਾਂ ਦੇ ਬਿਆਨ ਨੰਬਰ ੨[1]

## ਨਿਹੰਗ ਹਰਦਿੱਤ ਸਿੰਘ ਜੀ ਕੈਰੋਂ ਦੀ ਜ਼ਬਾਨੀ

*[੧ ਮਾਰਚ ੧੯੦੫ ਈ: ਵਿਚ ਸਰਦਾਰ ਕਰਮ ਸਿੰਘ ਜੀ ਕੈਰੋਂ ਗਏ ਤੇ ਨਿਹੰਗ ਹਰਦਿੱਤ ਸਿੰਘ ਜੀ ਨੂੰ ਮਿਲੇ। ਉਸ ਵੇਲੇ ਇਹਨਾਂ ਦੀ ਉਮਰ ਕੋਈ ੯੦-੧੦੦ ਦੇ ਕਰੀਬ ਸੀ। ਸਰੀਰ ਅਰੋਗ, ਚੇਤਾ ਬੜਾ ਚੰਗਾ। ਹਰ ਇਕ ਬੀਤੀ ਹੋਈ ਗੱਲ ਸੋਹਣੀ ਤਰ੍ਹਾਂ ਬਿਆਨ ਕਰਦੇ ਸਨ। ਨਿਹੰਗ ਸਾਹਿਬ ਦੇ ਪਿਤਾ ਵੀ ਸਿੱਖਾਂ ਦੇ ਜੁੱਧਾਂ ਜੰਗਾਂ ਵਿਚ ਰਹੇ ਤੇ ਇਹ ਆਪ ਵੀ ਸਿੱਖ ਰਾਜ ਦੀ ਹੇਠਲੀ ਉਤੇ ਹੁੰਦੀ ਅੱਖੀਂ ਵੇਖਦੇ ਰਹੇ। ਇਹਨਾਂ ਦੀ ਜ਼ਬਾਨੀ ਇਹ ਹਾਲ ਹਨ:- ਐਡੀਟਰ]*

SIKHBOOKCLUB.COM

### ਅਟਕ ਪਾਰ ਕਰਨੀ

ਜਦੋਂ ਸਰਕਾਰ ਨੌਸ਼ਹਿਰੇ ਨੂੰ ਚੜ੍ਹੀ ਸੀ ਉਦੋਂ ਸਾਡਾ ਪਿਤਾ ਜੀ ਵੀ ਨਾਲ ਸੀ। ਜਦ ਫੌਜਾਂ ਅਟਕ ਪਾਸ ਅੱਪੜੀਆਂ ਤਾਂ ਲੰਘਣ ਨੂੰ ਕੋਈ ਰਾਹ ਨਾ ਲੱਭੇ। ਸਭ ਹੈਰਾਨ ਹੋਏ। ਅਗਲੇ ਬੰਨੇ ਵੱਲ ਮੁਲਖਈਆ ਖੜ੍ਹਾ ਸੀ। ਇਕ ਹਰਾ ਸਿੰਘ ਨਾਮੀ ਸਿੰਘ ਹੁੰਦਾ ਸੀ। ਬੜਾ ਭਜਨੀਕ ਤੇ ਬਿਰਧ, ਸਦਾ ਤੋਂ ਉਥੇ ਹੀ ਰਹਿੰਦਾ। ਉਸ ਨੂੰ ਸਰਕਾਰ ਮਿਲੀ ਤੇ ਸੌਖਾ ਰਾਹ ਪੁੱਛਿਆ। ਉਹ ਉਡਾਂ ਦੇ ਪੱਤਣ ਥਾਣੀ ਲੰਘਾਉਣ ਨੂੰ ਲੈ ਗਿਆ। ਸਰਕਾਰ ਨੇ ਕੜਾਹ ਪ੍ਰਸ਼ਾਦ ਕਰਵਾਇਆ ਅਤੇ ਸਵਾ ਸੌ ਦੀ ਥੈਲੀ ਦਰਿਆ ਵਿਚ ਸੁੱਟ ਕੇ ਅਟਕ ਵਿਚ ਠਿਲ੍ਹ ਪਏ। ਸਭ ਫੌਜ ਲੰਘ ਗਈ। ਪੀਰ ਪਿਆਈ ਪਿੰਡ ਜਾ ਡੇਰਾ ਕੀਤਾ ਅਤੇ ਫੇਰ ਯਾਰੂ ਸੈਣ ਮੋਰਚੇ ਜਾ ਬੱਧੇ। ਮੀਹਾਂ ਸਿੰਘ ਕਸ਼ਮੀਰ ਦਾ ਨਾਜ਼ਮ ਵੀ ਨਾਲ ਸੀ, ਜਿਸ ਨੂੰ ਚੜ੍ਹਾਈ ਵਿਚ ਫਟ ਲੱਗੇ ਸਨ।

### ਮਹਾਰਾਜਾ ਸ਼ੇਰ ਸਿੰਘ ਦਾ ਸਮਾਂ

ਮੀਹਾਂ ਸਿੰਘ ਪਾਸ ਚਾਰ ਬੇੜੇ ਸਨ। ਉਹਨਾਂ ਨੇ ਉਸ ਪਾਸੋਂ ਆਪਣੀਆਂ ਤਲਬਾਂ ਮੰਗੀਆਂ (ਏਹ ਹਾਲ ਮਹਾਰਾਜਾ ਸ਼ੇਰ ਸਿੰਘ ਦੇ ਵੇਲੇ ਦਾ ਹੈ) ਪਰ ਉਸ ਨੇ ਸਗੋਂ ਡਾਂਟ ਫਾਂਟ ਕੀਤੀ ਅਤੇ ਝਿੜਕ ਕੇ ਬੁਰਾ-ਭਲਾ ਕਿਹਾ। ਚੂਹੜਕਾਣੇ ਦੇ ਸਿੰਘਾਂ

---

*੧ ਰਸਾਲਾ ਫੁਲਵਾੜੀ, ਫਰਵਰੀ ੧੯੩੦ ਈਸਵੀ, ਪੰਨਾ ੪੩੯।*

ਨੇ ਸਿੰਘਾਂ ਨੂੰ ਕਿਹਾ ਕਿ ਮੀਹਾਂ ਸਿੰਘ ਨੂੰ ਝਟਕਾ ਦਿੱਤਾ ਜਾਵੇ। ਸਭ ਨੇ ਪ੍ਰਵਾਨ ਕੀਤਾ ਤੇ ਦੋ ਸੌ ਸਿੰਘ ਇਸ ਕੰਮ ਲਈ ਤਿਆਰ ਹੋ ਪਿਆ।

ਮੀਹਾਂ ਸਿੰਘ ਸ਼ੇਰ ਗੜ੍ਹੀ ਵਿਚ ਰਹਿਆ ਕਰਦਾ ਸੀ, ਅਤੇ ਰੋਜ਼ ੫ ਰੁਪਏ ਦਾ ਪ੍ਰਸ਼ਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਕਰਾਇਆ ਕਰਦਾ ਸੀ। ਗੁਰਦੁਆਰਾ ਵੀ ਸ਼ੇਰ ਗੜ੍ਹੀ ਦੇ ਵਿਚ ਹੀ ਬਣਵਾਇਆ ਹੋਇਆ ਸੀ।

ਡਿਉਢੀ ਵਾਲੇ ਨੇ ਖਬਰ ਕੀਤੀ ਕਿ ਸਿੰਘ ਆਉਂਦੇ ਹਨ, ਪਰ ਨਸ਼ੇ ਵਿਚ ਮਸਤ ਨਾਜ਼ਮ ਨੇ ਕੋਈ ਗਹੁ ਨਾ ਕੀਤੀ। ਨੌਂ ਵਜੇ ਸਿੰਘਾਂ ਨੇ ਦੋ ਤੋਪਾਂ ਬਾਹਰ ਆ ਬੀੜੀਆਂ ਅਤੇ ਅੰਦਰ ਹੁਕਮ ਘਲਵਾ ਦਿੱਤਾ ਕਿ ਗ੍ਰੰਥੀ ਸਵਾਰਾ ਸਾਹਿਬ ਨੂੰ ਲੈ ਕੇ ਬਾਹਰ ਆ ਜਾਵੇ ਤਾਂਕਿ ਸਵਾਰਾ ਸਾਹਿਬ ਦੀ ਕੋਈ ਬੇਇਜ਼ਤੀ ਨਾ ਹੋਵੇ। ਪਿਤਾ ਜੀ ਜੋ ਗ੍ਰੰਥੀ ਸਨ; ਸਣੇ ਮੇਰੇ ਸਵਾਰਾ ਸਾਹਿਬ ਜੀ ਨੂੰ ਬਾਹਰ ਲੈ ਗਏ ਅਤੇ ਸਿਪਾਹੀ ਅੱਗੇ ਵਧੇ।

ਮੀਂਹ ਵਰ੍ਹ ਰਿਹਾ ਸੀ ਅਤੇ ਤੁਰਨ ਦੀ ਬੜੀ ਤਕਲੀਫ ਸੀ। ਸਿੰਘਾਂ ਨੂੰ ਵਧਦੇ ਵੇਖ ਕੇ ਮਲਵਈ ਖ਼ਜਾਨ ਸਿੰਘ ਅੜਦਲੀ ਨੇ ਦਰਬਾਨ ਨੂੰ ਲਲਕਾਰਿਆ ਕਿ ਖਾਲੀ ਹੱਥ ਸਿੰਘਾਂ ਨੂੰ ਨਾ ਆਉਣ ਦਈਂ। ਉਸ ਨੇ ਦੋ ਕੁ ਮਾਰੇ, ਪਰ ਆਪ ਵੀ ਪਾਰ ਬੋਲਿਆ। ਮੀਂਹਾਂ ਸਿੰਘ ਜੋ ਅਜੇ ਤੀਕ ਠੇਰੀ ਦੇ ਜ਼ਖਮਾਂ ਤੋਂ ਬੀਮਾਰ ਸੀ (ਉਹ ਕਦੀ ਭਰ ਜਾਂਦੇ ਕਦੀ ਵਹਿਣ ਲੱਗ ਪੈਂਦੇ; ਏਸੇ ਤਰ੍ਹਾਂ ਕਈ ਵਰ੍ਹੇ ਲੰਘ ਗਏ ਸਨ) ਜਾਨ ਬਚਾਉਣ ਲਈ ਦੀਵਾ ਬੁਝਾ ਕੇ ਬੁਖਾਰੀ ਵਿਚ ਵੜਨ ਲੱਗਾ ਸੀ ਜੋ ਸਿੰਘ ਅੱਪੜ ਪਏ। ਹਨੇਰੇ ਵਿਚ ਸੰਗੀਨਾਂ ਨਾਲ ਟੋਹ ਕੇ ਲੱਭਿਆ ਅਤੇ ਧੂਹ ਕੇ ਬਾਹਰ ਲੈ ਆਏ। ਉਸ ਨੇ ਬਹੁਤ ਮਿੰਨਤਾਂ ਕੀਤੀਆਂ ਕਿ ਮੈਨੂੰ ਨਾ ਮਾਰੋ, ਮੈਂ ਤਨਖਾਹਵਾਂ ਦੇ ਦੇਂਦਾ ਹਾਂ, ਪਰ ਦੂਜਿਆਂ ਸਿੰਘਾਂ ਦੇ ਮੰਨ ਜਾਣ, ਪਰ ਵੀ ਤਿਲੋਕ ਸਿੰਘ ਨੇ ਉੱਚੀ ਸਾਰੀ ਕਿਹਾ ਕਿ ਜੇ ਨਾ ਮਾਰੋਗੇ ਤਾਂ ਆਪ ਮਾਰੇ ਜਾਉਗੇ। ਜਦੋਂ ਇਹ ਛੁੱਟ ਗਿਆ, ਭਲਕੇ ਇਕ ਇਕ ਫੜ ਕੇ ਮਾਰੇਗਾ। ਸਭ ਨੇ ਹਾਂ ਕੀਤੀ ਅਤੇ ਉਥੇ ਹੀ ਕਤਲ ਕੀਤਾ ਗਿਆ। ਸਿੰਘਾਂ ਨੇ ਸਭ ਖਜ਼ਾਨਾ ਲੁੱਟ ਲਿਆ।

ਜਾ ਲਾਹੌਰ ਖ਼ਬਰ ਅੱਪੜੀ ਤਾਂ ਸ਼ੇਖ ਅਮਾਮਦੀ ਜਲੰਧਰ ਨੂੰ ਨਾਜ਼ਮ ਕੀਤਾ ਅਤੇ ਗੁਲਾਬ ਸਿੰਘ ਨੂੰ ਨਾਲ ਦੇ ਕੇ ਕਬਜ਼ਾ ਕਰਵਾਉਣ ਵਾਸਤੇ ਘੱਲਿਆ। ਜਦੋਂ ਫੌਜਾਂ ਆਈਆਂ ਤਾਂ ਤਿਲੋਕ ਸਿੰਘ ਚੂਹੜਕਾਣੇ ਵਾਲੇ ਨੇ ਲੜਨ ਲਈ ਕਿਹਾ, ਪਰ ਸਾਰੀ ਫੌਜ ਵਿਚੋਂ ਦੋ ਸੌ ਆਦਮੀ ਹੀ ਉਸ ਦੇ ਮਗਰ ਲੱਗਾ। ਸਾਰ ਨਾਲ ਸਾਰ ਖੜਕਿਆ ਅਤੇ ਚਾਰ ਹਜ਼ਾਰ ਆਦਮੀ ਵੱਢਿਆ ਗਿਆ। ਕਈ ਪੰਜਾਬ ਨੂੰ ਭੱਜ ਆਏ। ਸਾਡੇ ਪਿਤਾ ਵੀ ਉਨ੍ਹਾਂ ਵਿਚ ਹੀ ਸੀ। ਸ਼ੇਖ ਦਾ ਅਮਲ ਹੋ ਗਿਆ। ਸਾਨੂੰ

ਸਾਡਾ ਪਿਤਾ ਮਾਹਣਾ ਸਿੰਘ ਪਾਸ ਛੱਡ ਗਿਆ ਸੀ, ਪਰ ਅਤਰ ਸਿੰਘ ਨੇ, ਜਿਸ ਨੇ ਬਾਈ ਤਲਵਾਰਾਂ ਖਾਧੀਆਂ ਹੋਈਆਂ ਸਨ, ਸਾਨੂੰ ਹੁਕਮ ਸਿੰਘ ਪਾਸ ਘੱਲ ਦਿੱਤਾ ਅਤੇ ਅਸੀਂ ਉਥੇ ਰਹਿਣ ਲੱਗ ਪਏ।

## ਇਕ ਪਹਾੜੀ ਲੜਾਈ ਦਾ ਹਾਲ

ਕਰਨਾਹ, ਘੋੜੀ, ਮੁਜੱਫਰਾਬਾਦ ਅਤੇ ਊੜੀ ਇਹ ਚਾਰ ਕਿਲ੍ਹੇ ਮੁਸਲਮਾਨਾਂ ਦੇ ਕਸ਼ਮੀਰ ਦੇ ਤਹਿਤ ਵਿਚ ਸਨ। ਊੜੀ ਜ਼ਾਹਿਰਾ ਤੇ ਬਾਕੀ ਅੰਦਰੋਂ ਅੰਦਰ ਆਕੀ ਹੋ ਖਲੋਤੇ। ਉਨ੍ਹਾਂ ਦੇ ਸਰ ਕਰਨ ਵਾਸਤੇ ਰਾਮ ਸਿੰਘ ਅਜਨਾਲੀਏ ਨੂੰ ਫੌਜਾਂ ਦੇ ਕੇ ਘੱਲਿਆ। ਹਾਕਮ ਸਿੰਘ ਅਤੇ ਅਸੀਂ ਵੀ ਨਾਲ ਹੋ ਪਏ, ਪਰ ਕਰਨਾਹ ਅੱਪੜ ਕੇ ਕੁਝ ਸਿੰਘਾਂ ਅਤੇ ਮਜ਼੍ਹਬੀ ਸਿੰਘਾਂ ਤੇ ਮੁਸਲਮਾਨਾਂ ਗੋਲੰਦਾਜ਼ਾਂ ਸਣੇ ਸਾਨੂੰ ਉਥੇ ਛੱਡ ਗਏ ਅਤੇ ਆਪ ਅੱਗੇ ਵਧੇ।

ਊੜੀ[੨] ਅਟਕੋਂ ਪਰ੍ਹੇ ਹੈ। ਲਾਗੇ ਹੀ ਜਦੋਂ ਪੁਲੋਂ ਪਾਰ ਹੋਏ ਅਤੇ ਕਿਲ੍ਹੇ ਦੇ ਉਰੇ ਜਾ ਡੇਰਾ ਕੀਤਾ ਤਾਂ ਕਰਨਾਹ ਦੇ ਮਨਸੂਰ ਖਾਂ ਦੇ ਪੁੱਤਰ ਸ਼ੇਰ ਅਹਿਮਦ ਨੇ (ਜੋ ਰਾਮ ਸਿੰਘ ਦਾ ਧਰਮ-ਪੁੱਤਰ ਬਣਿਆ ਹੋਇਆ ਸੀ) ਪਹਿਰਾ ਲੈ ਲਿਆ। ਅਟਕ ਦੇ ਪੁਲ ਉਤੇ ਵੀ ਉਸ ਦਾ ਪਹਿਰਾ ਅਤੇ ਖਾਸ ਫੌਜ ਉਤੇ ਵੀ ਉਸ ਦਾ ਪਹਿਰਾ। ਦਿਨੇ ਲੜਾਈ ਹੋਈ ਤੇ ਸਿੰਘਾਂ ਨੂੰ ਭਾਂਜ ਪਈ। ਕੁਝ ਮਰੇ; ਪੰਜ ਕੁ ਸੌ ਡੁਬੇ, ਕਿਉਂਕਿ ਪੁਲ ਪਹਿਲਾਂ ਹੀ ਤੋੜਿਆ ਜਾ ਚੁਕਾ ਸੀ, ਅਤੇ ਪੰਜ ਸੌ ਸਿੰਘ ਫੜ ਕੇ ਮੁਸਲਮਾਨਾਂ ਨੇ ਆਪਣੇ ਦੀਨ ਵਿਚ ਲੈ ਆਂਦੇ। ਕੀ ਬੁੱਢਾ ਕੀ ਜਵਾਨ ਸਭ ਦੀ ਸੁੰਨਤ ਕੀਤੀ ਗਈ। ਰਾਮ ਸਿੰਘ ਤਾਂ ਮਾਰਿਆ ਹੀ ਗਿਆ ਸੀ। ਕੋਈ ਕਿਸਮਤ ਵਾਲਾ ਹੀ ਬਚ ਕੇ ਆਇਆ। ਸ਼ੇਰ ਅਹਿਮਦ ਨੇ ਮੁੜ ਕੇ ਕਰਨਾਹ ਨੂੰ ਆ ਘੇਰਿਆ ਕਿ ਵੇਲਾ ਚੰਗਾ ਹੱਥ ਲੱਗਾ ਸੀ। ਉਸ ਵੇਲੇ ਅੰਦਰ ਪੰਝੀ ਸਿੰਘ, ਪੰਦਰਾਂ ਮੁਸਲਮਾਨ ਗੋਲੰਦਾਜ਼ ਅਤੇ ਪੰਝੀ ਮਜ਼੍ਹਬੀ ਸਿੰਘ ਸਨ। ਜੋਧ ਸਿੰਘ ਕਿਆਮਪੁਰੇ ਦਾ ਅਫਸਰ ਸੀ। ਉਸ ਨੇ ਕਿਲ੍ਹੇ ਵਿਚੋਂ ਇਕ ਕੈਦੀ ਫੜਿਆ ਅਤੇ ਉਸ ਨੂੰ ਖਤ ਦੇ ਕੇ ਆਖਿਆ ਕਿ ਜੇ ਇਹ ਤੂੰ ਨਾਜ਼ਮ ਤੀਕ ਅੱਪੜਾ ਦੇਵੇਂਗਾ ਤਾਂ ਤੇਰੀ ਕੈਦ ਕੱਟੀ ਜਾਵੇਗੀ। ਮਦਦ ਲਈ ਖਤ ਵੀ ਲਿਖਿਆ ਗਿਆ, ਪਰ ਕੋਈ ਮਦਦ ਨਾ ਆਈ।

ਅਸੀਂ ਸੋਲ੍ਹਾਂ ਦਿਨ ਲੜਦੇ ਰਹੇ, ਪਰ ਕਿਲ੍ਹਾ ਨਾ ਦਿੱਤਾ। ਮੁਸਲਮਾਨ ਤਾਂ ਪਹਿਲੋਂ ਹੀ ਨਿਕਲ ਗਏ ਸਨ ਅਤੇ ਮਜ਼੍ਹਬੀ ਸਿੰਘ ਵੀ ਇਕ ਇਕ ਕਰ ਕੇ ਜਾ ਰਲੇ ਸਨ, ਪਰ ਸਿੰਘਾਂ ਨੂੰ ਮੁਸਲਮਾਨ ਹੋਣਾ ਮਨਜ਼ੂਰ ਨਹੀਂ ਸੀ। ਸੋਲ੍ਹਾਂ ਦਿਨ ਲੰਘਿਆਂ

---

*੨ ਦਰਿਆ ਦਾ ਭੁਲੇਖਾ ਜਾਪਦਾ ਹੈ। ਇਹ ਦਰਿਆ ਜੇਹਲਮ ਹੈ। ਦਰਿਆ ਜੇਹਲਮ ਦੇ ਖੱਬੇ ਕੰਢੇ ਉਤੇ ਊੜੀ ਤੋਂ ਅੱਧ ਮੀਲ ਦੀ ਵਿੱਥ 'ਤੇ ਇਹ ਕਿਲ੍ਹਾ ਹੈ।*

ਇਹ ਵੀ ਉਧਰ ਗਏ। ਬਾਹਰੋਂ ਹੁਕਮ ਆਇਆ ਕਿ ਜੇ ਤੁਸੀਂ ਕਿਲ੍ਹਾ ਦੇ ਦਿਓ ਤਾਂ ਜਿਉਂ ਦੇ ਤਿਉਂ ਕਸ਼ਮੀਰ ਅੱਪੜਾ ਦਿੱਤੇ ਜਾਵੋਗੇ। ਸਿੰਘਾਂ ਮਨਜ਼ੂਰ ਕੀਤਾ ਅਤੇ ਬਾਹਰ ਆਏ ਪਰ ਮੁਸਲਮਾਨ ਫੇਰ ਹੱਥੀਂ ਆ ਪਏ ਅਤੇ ਸ਼ਸਤਰ ਖੋਹਣ ਲੱਗੇ। ਅਸੀਂ ਖੜ੍ਹੇ ਗਏ ਅਤੇ ਪਾਸ ਹੀ ਬਗੀਚੀ ਦੀ ਓਟ ਲੈ ਕੇ ਫੇਰ ਲੜਾਈ ਆਰੰਭ ਦਿੱਤੀ। ਸਾਡੇ ਦੋ ਹੀ ਮਰੇ ਸਨ ਕਿ ਸ਼ੇਰ ਅਹਿਮਦ ਨੇ ਆ ਕੇ ਲੜਾਈ ਬੰਦ ਕਰਵਾ ਦਿੱਤੀ।

ਹੋਰ ਤਾਂ ਸਭ ਛੱਡ ਦਿੱਤੇ ਗਏ, ਪਰ ਪੰਜ ਰੱਖ ਲਏ। ਜੋਧ ਸਿੰਘ ਜੋ ਪਹਿਲੋਂ ਥਾਣੇਦਾਰ ਅਤੇ ਹੁਣ ਸਾਡਾ ਅਫਸਰ ਸੀ, ਹਾਕਮ ਸਿੰਘ ਕੈਰੋਂ ਦਾ, ਅਸੀਂ, ਅਮੀਰਾ ਮਿਸਰ ਅਤੇ ਇਕ ਮਹਿਰਾ ਕੈਦ ਕੀਤੇ ਗਏ। ਰਾਤ ਕੋਠੜੀ ਵਿਚ ਰੱਖਣ ਤੇ ਦਿਨੇ ਬਾਹਰ ਬਿਠਾ ਛੱਡਣ। ਬੇੜੀਆਂ ਪਾਈਆਂ ਹੋਈਆਂ ਸਨ। ਜੋਧ ਸਿੰਘ ਬੜਾ ਭਜਨੀਕ ਸੀ ਅਤੇ ਸਦਾ ਸਾਨੂੰ ਉਪਦੇਸ਼ ਕਰਦਾ ਹੁੰਦਾ ਸੀ ਕਿ ਕਦੀ ਮੁਸਲਮਾਨ ਨਹੀਂ ਹੋਣਾ, ਭਾਵੇਂ ਜਾਨ ਜਾਵੇ। ਕੁਝ ਦਿਨਾਂ ਮਗਰੋਂ ਜੋਧ ਸਿੰਘ ਜੀ ਨੂੰ ਜਗਰਾਉਂ ਨਗਰ ਨੂੰ ਲੈ ਜਾਣ ਲੱਗੇ। ਅਜੇ ਕੋਠੜੀ ਤੋਂ ਬਾਹਰ ਹੀ ਲੈ ਕੇ ਗਏ ਸਨ ਕਿ ਇਕ ਮੁਸਲਮਾਨ ਬੰਦੂਕ ਲੈ ਕੇ ਮਗਰ ਮਗਰ ਹੋ ਪਿਆ, ਪਰ ਵਧੇ ਲੁਕ ਲੁਕ ਕੇ। ਭਾਈ ਜੀ ਨੇ ਉਸ ਦੀ ਨੀਯਤ ਨੂੰ ਤਾੜ ਲਿਆ ਅਤੇ ਮੁੜ ਕੇ ਕਿਹਾ ਕਿ ਲੁਕ ਲੁਕ ਕੇ ਕਿਉਂ ਆਉਂਦਾ ਹੈਂ। ਅੱਗੇ ਹੋ ਕੇ ਗੋਲੀ ਮਾਰ। ਉਸ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਭਾਈ ਜੀ ਦੇ ਕਛਹਿਰੇ ਦੇ ਨੇਘ ਵਿਚ ਗੋਲੀ ਲੱਗੀ। ਨਾਲਾ ਟੁੱਟ ਗਿਆ ਅਤੇ ਭਾਈ ਜੀ ਕੁਥਾਂ ਗੋਲੀ ਲੱਗਣ ਕਰ ਕੇ ਬੇਹੋਸ਼ ਹੋ ਕੇ ਦੜ ਕਰਦੇ ਡਿੱਗ ਪਏ। ਉਹ ਮੁਸਲਮਾਨ ਤਾਂ ਉਹਨਾਂ ਦਾ ਦੁਮਾਲਾ ਲੈ ਕੇ ਭੱਜ ਗਿਆ ਅਤੇ ਪਹਿਰੇਦਾਰ ਉਂਝ ਹੀ ਚਲੇ ਗਏ। ਤੜਕ ਭਾਈ ਜੀ ਉਠੇ ਅਤੇ ਕਛਹਿਰਾ ਸਮੇਟ ਕਮੀਸ ਵੱਟ ਕੇ, ਚੌਂਕੜੀ ਮਾਰ ਪਾਠ ਕਰਨ ਲੱਗ ਪਏ, ਅਸੀਂ ਭੱਜ ਕੇ ਪਾਸ ਨਾ ਗਏ ਅਤੇ ਬਹੁੜੀ ਬਹੁੜੀ ਕਰਨ ਲੱਗ ਪਏ ਕਿ ਸਾਨੂੰ ਕੌਣ ਬਚਾਊ, ਕੌਣ ਮੱਤ ਦੇਵੇਗਾ ਆਦਿ। ਉਹਨਾਂ ਨੇ ਪਾਠ ਦੀ ਸਮਾਪਤੀ ਮਗਰੋਂ ਕਿਹਾ ਕਿ ਸਾਡਾ ਗਲ ਲਾਹ ਦਿਓ ਤਾਂਕਿ ਹੋਰ ਤਕਲੀਫ ਨਾ ਝਲਣੀ ਪਵੇ, ਕਿਉਂਕਿ ਮੁਸਲਮਾਨਾਂ ਨੇ ਇਹਨਾਂ ਨੂੰ ਸੰਗਸਾਰ ਕਰ ਦੇਣਾ ਸੀ, ਪਰ ਆਪਣੇ ਹੱਥ ਨਾਲ ਗਲ ਵੱਢਣ ਦਾ ਕੌਣ ਹੌਸਲਾ ਕਰੇ। ਇਕ ਇਕ ਨੂੰ ਕਿਹਾ ਪਰ ਸਭ ਉੱਚੀ ਉੱਚੀ ਰੋਣ ਲੱਗ ਪਏ। ਫੇਰ ਦੂਜੀ ਵਾਰੀ ਕਿਹਾ, ਹਾਕਮ ਸਿੰਘ ਨੇ ਮਨਜ਼ੂਰ ਕੀਤਾ।

ਭਾਈ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ। ਹੱਥ ਨਾਲ ਚੁੱਕ ਕੇ ਗਾਟਾ ਨੰਗਾ ਕੀਤਾ ਅਤੇ ਕਿਹਾ ਮਾਰ ਸ੍ਰੀ ਸਾਹਿਬ। ਪਰ ਕੰਬਦੇ ਦਾ ਹੱਥ ਠੀਕ ਨਾ ਵੱਜਾ ਠੋਡੀ

ਚੀਰੀਂਦੀ ਚੀਰੀਂਦੀ ਜੁਬਾੜੇ ਤਕ ਦੋ ਫਾਂਗ ਹੋ ਗਏ। ਭਾਈ ਜੀ ਦੀ ਜ਼ਬਾਨ ਬੰਦ ਹੋ ਗਈ ਪਰ ਪੀੜਾ ਨੂੰ ਸਹਿ ਕੇ ਵੀ ਹੋਰ ਗਾਟਾ ਨੰਗਾ ਕੀਤਾ ਅਤੇ ਫੇਰ ਹੱਥ ਮਾਰਨ ਦਾ ਇਸ਼ਾਰਾ ਕੀਤਾ। ਹਾਕਮ ਸਿੰਘ ਨੇ ਦੂਜੇ ਹੱਥ ਵਿਚ ਸਿਰ ਲਾਹ ਦਿੱਤਾ ਅਤੇ ਪਾਸ ਹੀ ਗੋਲੀਆਂ ਉਤੇ ਰੱਖ ਕੇ ਸਿੰਘ ਜੀ ਦਾ ਸਸਕਾਰ ਕਰ ਦਿੱਤਾ ਤੇ ਸੰਤਰੀ ਮੁੜ ਸਾਨੂੰ ਉਸ ਕੈਦਖਾਨੇ ਅੰਦਰ ਲੈ ਗਿਆ। ਅਮੀਰਾ ਮਿਸਰ ਦੁੱਧ ਪਰਖਣ ਉਤੇ ਨੌਕਰ ਹੁੰਦਾ ਸੀ। ਜੋ ਦੁੱਧ ਸ਼ਹਿਰ ਵਿਚ ਆਉਂਦਾ ਉਹ ਪਰਖਦਾ। ਜੋ ਚੰਗਾ ਹੁੰਦਾ ਤਾਂ ਅੰਦਰ ਆਉਣ ਦੇਂਦਾ, ਨਹੀਂ ਤਾਂ ਸਜ਼ਾ ਦੇ ਕੇ ਮੋੜ ਦਿੰਦਾ।

ਇਕ ਵਾਰੀ ਇਸ ਨੇ ਆਪਣਿਆਂ ਦਿਨਾਂ ਵਿਚ ਇਕ ਤੁਰਕ ਦਾ ਦੁੱਧ ਮੋੜਿਆ ਸੀ। ਉਸ ਦੇ ਦਿਲ ਵਿਚ ਬਦਲੇ ਦੀ ਅੱਗ ਸੀ। ਉਸ ਨੇ ਆ ਕੇ ਆਖਿਆ, ਮਿਸਰ ਜੀ! ਮੈਂ ਤੁਹਾਨੂੰ ਕਸ਼ਮੀਰ ਨੂੰ ਲੈ ਚੱਲਦਾ ਹਾਂ, ਆਓ ਮੇਰੇ ਨਾਲ। ਗੱਲ ਗੂੰਦੀ ਹੋਈ ਸੀ ਕਿ ਰਾਹ ਵਿਚ ਹੀ ਮਾਰ ਦੇਣਾ ਹੈ। ਮਿਸਰ ਅਮੀਰਾ ਅਫੀਮ ਖਾਂਦਾ ਹੁੰਦਾ ਸੀ। ਪਹਿਲੇ ਦਿਨ ਹੀ ਜਦੋਂ ਇਕ ਨਾਲੇ ਉਤੇ ਅੱਪੜੇ ਤਾਂ ਮਿਸਰ ਜੀ ਅਫੀਮ ਖਾ ਕੇ ਝੁਕ ਕੇ ਪਾਣੀ ਦੀ ਚੁਲੀ ਭਰਨ ਲੱਗੇ ਤਾਂ ਤੁਰਕ ਨੇ ਸਿਰ ਲਾਹ ਦਿੱਤਾ ਅਤੇ ਬਦਲਾ ਲੈ ਲਿਆ।

ਰਹਿ ਗਏ ਅਸੀਂ ਤਿੰਨ ਅੰਞਾਣੇ ਮੁੰਡੇ। ਉਨ੍ਹਾਂ ਦੀ ਸਲਾਹ ਸਾਨੂੰ ਮੁਸਲਮਾਨ ਕਰਨ ਦੀ ਹੋਈ, ਪਰ ਕਾਜ਼ੀ ਨੇ ਕਿਹਾ ਕਿ ਜਿੰਨਾ ਚਿਰ ਆਪ ਦੀਨ ਵਿਚ ਆਉਣਾ ਨਾ ਮੰਨਣ, ਉੱਨਾ ਚਿਰ ਨਹੀਂ ਕਰਨਾ। ਸਾਨੂੰ ਬਥੇਰਾ ਆਖਣ ਪਰ ਸਾਨੂੰ ਬਚਨ ਚੇਤੇ ਸਨ।

ਸੋਚੀਏ ਕਿ ਜੇ ਅਸੀਂ ਮੁਸਲਮਾਨ ਹੋ ਗਏ ਤਾਂ ਕਿੱਡਾ ਬੁਰਾ ਹਾਲ ਹੋਵੇਗਾ ! ਇਸ ਕਰਕੇ ਪੱਕੇ ਰਹੇ। ਤਿੰਨ ਦਿਨ ਸਮਝਾਇਆ ਪਰ ਸਾਡੇ ਉੱਤੇ ਕੁਝ ਅਸਰ ਨਾ ਹੋਇਆ। ਚੌਥੇ ਦਿਨ ਬਰਫ ਦੀਆਂ ਕਬਰਾਂ ਵਿਚ ਦੱਬਣ ਲੱਗ ਪਏ। ਕੇਵਲ ਅੱਖਾਂ ਹੀ ਬਾਹਰ ਰੱਖਣ। ਅਸੀਂ ਬਾਣੀ ਪੜ੍ਹਦੇ ਵੜ ਜਾਈਏ ਅਤੇ ਕੁਝ ਚਿਰ ਮਗਰੋਂ ਬੇਹੋਸ਼ ਹੋ ਜਾਈਏ। ਫੇਰ ਹੋਸ਼ ਆ ਜਾਵੇ, ਪਰ ਸਰਦੀ ਨਾ ਲੱਗੇ। ਤਿੰਨ ਦਿਨ ਇਹ ਹਾਲ ਰਿਹਾ ਪਰ ਕੁਝ ਅਸਰ ਨਾ ਹੋਇਆ। ਜਦੋਂ ਅਸੀਂ ਬਾਹਰ ਨਿਕਲੀਏ ਤਾਂ ਸੱਜੇ ਨਾਈ, ਖੱਬੇ ਖਾਣਾ ਲੈ ਕੇ ਬਵਰਚੀ ਅਤੇ ਸਾਹਮਣੇ ਤਲਵਾਰੀਏ ਹੁੰਦੇ ਸਨ।

ਸਾਡੇ ਫੜਿਆਂ ਨੂੰ ਕਈ ਮਹੀਨੇ ਲੰਘ ਚੁੱਕੇ ਸਨ ਅਤੇ ਸਾਡੇ ਪਿਤਾ ਜੀ ਨੂੰ ਵੀ ਖਬਰ ਲੱਗ ਚੁੱਕੀ ਸੀ। ਉਹ ਮੱਟਣ ਸਾਹਿਬ (ਜਗ੍ਹਾ ਦਾ ਨਾਮ ਹੈ) ਆਏ ਅਤੇ ਸਾਡੀ ਖਲਾਸੀ ਨਮਿਤ ਭੋਗ ਰੱਖਿਆ। ਦੂਜੇ ਭੋਗ ਸਮੇਂ ਸਾਡੀ ਖਲਾਸੀ ਹੋਈ। ਉਸ ਦੀ ਕਥਾ ਇਸ ਤਰ੍ਹਾਂ ਹੈ-

ਹਾਕਮ ਸਿੰਘ ਦੀ ਸੱਸ ਨੂੰ ਨੱਥੇ ਖਾਂ ਸੱਯਦ ਬੜੀ ਇੱਜ਼ਤ ਨਾਲ ਵੇਖਦਾ ਸੀ। ਉਸ ਨੇ ਉਸ ਨੂੰ ਹਾਕਮ ਸਿੰਘ ਦੀ ਖਲਾਸੀ ਲਈ ਕਿਹਾ। ਸੱਯਦ ਨੇ ਆਪਣਾ ਛੋਟਾ ਭਰਾ ਦਿਨੇ ਹੀ ਸਾਡੇ ਵੱਲ ਤੋਰ ਦਿੱਤਾ ਅਤੇ ਉਹ ਸਾਨੂੰ ਛੁਡਾ ਕੇ ਲੈ ਗਿਆ। ਦਸ ਮਹੀਨੇ ਦੁੱਖ ਭੋਗ ਕੇ ਮੁੜ ਅਸੀਂ ਸਿੰਘਾਂ ਵਿਚ ਆਏ। ਕੈਦ ਵਿਚ ਸਾਡਾ ਪ੍ਰਸ਼ਾਦ ਸੁਨਿਆਰੇ ਸਿੰਘਾਂ ਦੇ ਘਰ ਹੁੰਦਾ ਸੀ।

ਅਸੀਂ ਫੇਰ ਲਾਹੌਰ ਆ ਗਏ ਅਤੇ ਆਇਆਂ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਸ਼ੇਰ ਸਿੰਘ ਕਤਲ ਕੀਤਾ ਗਿਆ। ਜਦੋਂ ਪੰਜ ਸੌ ਸਿੰਘਾਂ ਦੇ ਮੁਸਲਮਾਨ ਕੀਤੇ ਜਾਣ ਦੀ ਖਬਰ ਲਾਹੌਰ ਅੱਪੜੀ ਸੀ ਤਾਂ ਗੁਲਾਬ ਸਿੰਘ ਪਹੂਵਿੰਡੀਏ ਨੂੰ, ਜਾ ਕੇ ਸਿੰਘ ਸਜਾਉਣ ਦਾ ਹੁਕਮ ਹੋਇਆ ਸੀ। ਉਸ ਦੇ ਗਿਆਂ ਤਿੰਨ ਸੌ ਸਿੰਘ ਸਜ ਗਏ, ਮੁਜ਼ੱਫਰਾਬਾਦ ਅੰਮ੍ਰਿਤ ਛਕ ਕੇ। ਬਾਕੀਆਂ ਵਿਚੋਂ ਕੁਝ ਮਰ ਗਏ ਤੇ ਕੁਝ ਮੁਸਲਮਾਨ ਹੀ ਰਹੇ।

## ਅੰਗਰੇਜ਼ਾਂ ਨਾਲ ਦੂਜੀ ਲੜਾਈ

ਸਭਰਾਵਾਂ ਦੀ ਲੜਾਈ ਤੋਂ ਮਗਰੋਂ ਜੋ ਸਿੰਘ ਭੱਜੇ ਆਉਣ ਉਹਨਾਂ ਨੂੰ ਅਸੀਂ ਲੁੱਟ ਲਈਏ। ਪੱਟੀ ਦੇ ਰਾਹ ਉੱਤੇ ਕੈਰੋਂ ਵਾਲਿਆਂ ਦੀ ਫੋਹੀ ਸੀ। ਜਦੋਂ ਕੋਈ ਲਾਗੇ ਆਵੇ, ਸਹਿਜ ਨਾਲ ਸਭ ਕੁਝ ਲੈ ਲਵੀਏ।

ਸ਼ੇਰ ਸਿੰਘ ਦੇ ਪਾਸ ਸਾਡੇ ਪਿੰਡ ਦੇ ਕੋਈ ਵੀਹ ਕੁ ਆਦਮੀ ਜਾ ਨੌਕਰ ਹੋਏ। ਸ਼ੇਰ ਸਿੰਘ ਹਸਨਵਾਲੀਏ ਦੀਆਂ ਚਾਰ ਪੜਤਲਾਂ ਬਣਨੀਆਂ ਸਨ, ਉਹਨਾਂ ਵਿਚ ਹੀ ਉਹ ਨੌਕਰ ਸਨ। ਉਹਨਾਂ ਨੇ ਦੀਪਾ ਸਿੰਘ ਕੁਮਿਹਾਰ ਨੂੰ ਦੋ ਵਾਰ ਪਿੰਡ ਦਾਣੇ ਲਿਆਉਣ ਵਾਸਤੇ ਘੱਲਿਆ। ਅਸਾਂ ਉਥੋਂ ਦਾ ਹਾਲ ਪੁੱਛਿਆ ਤਾਂ ਕਹਿਣ ਲੱਗਾ ਕਿ ਗੁਲਾਬ ਸਿੰਘ ਮੇਜਰ ਸੂਬੇਦਾਰ ਹੈ; ਹੋਰ ਸਾਡੇ ਪਿੰਡ ਦੇ ਚੰਗਿਆਂ ਚੰਗਿਆਂ ਅਹੁਦਿਆਂ ਉੱਤੇ ਹਨ, ਆਦਿ। ਜਾਂ ਉਹ ਤੀਜੀ ਵਾਰ ਆਇਆ ਅਤੇ ਸਰਦਾਰ ਗੁਲਾਬ ਸਿੰਘ ਜੀ ਵਲੋਂ ਖਤ ਲਿਆਇਆ, ਕਿ ਪਿੰਡ ਦੇ ਜਿੰਨੇ ਆਉਣ, ਨੌਕਰ ਰੱਖੇ ਜਾਣਗੇ, ਤਾਂ ਬਹੁਤ ਸਾਰੇ ਤਿਆਰ ਹੋ ਗਏ। ਪੰਜੀਰੀਆਂ ਬਣਵਾ ਕੇ ਗੁਥਲੀਆਂ ਵਿਚ ਪਾ ਲਈਆਂ ਅਤੇ ਤੁਰ ਪਏ। ਸਾਡੇ ਵਿਚ ਪੰਜ ਜੁਲਾਹੇ ਅਤੇ ਤੇਰਾਂ ਚੂਹੜੇ ਸਨ। ਕਿਸੇ ਪਾਸ ਤਲਵਾਰ ਸੀ, ਕਿਸੇ ਪਾਸ ਬੰਦੂਕ ਕਿਸੇ ਪਾਸ ਡੰਡਾ ਹੀ ਸੀ। ਕਿਸੇ ਪਾਸ ਸੇਲਾ, ਬਰਛੀ ਜਾਂ ਨੇਜ਼ਾ, ਪਰ ਬਹੁਤਿਆਂ ਪਾਸ ਗੰਡਾਸੇ ਸਨ ਪੂਰੇ ਹਥਿਆਰ ਕਿਸੇ ਪਾਸ ਨਹੀਂ ਸਨ। ਰਾਤ ਤੁਰਦੇ ਸਾਂ ਅਤੇ ਦਿਨੇ ਲੰਮੇ ਪੈ ਜਾਂਦੇ ਸਾਂ। ਸੌ ਕੁ ਆਦਮੀ ਤੁਰੇ ਸਾਂ। ਰਾਹ ਵਿਚ ਸਾਡੇ ਨਾਲ ਹੋਰ ਮਿਲਦੇ ਗਏ ਅਤੇ ਉਥੇ ਚਾਰ ਕੁ ਸੌ ਹੋ ਕੇ ਅੱਪੜੇ ਸਾਂ। ਪਹਿਲੇ ਦਿਨ ਚੂਹਨੀਆਂ ਪਾਸ ਜਾ ਕੇ ਰਹੇ। ਕੁਝ ਕੁ ਰੋਟੀਆਂ

SIKHBOOKCLUB.COM

ਧਰਮਸਾਲੀਏ ਨੇ ਦਿੱਤੀਆਂ। ਕੁਝ ਕੁ ਪੰਜੀਰੀਆਂ ਨੇ ਲਾਂਘਾ ਲੰਘਾਇਆ। ਇਸੇ ਤਰ੍ਹਾਂ ਬਚਦੇ-ਬਚਦੇ ਤੁਰੇ ਗਏ। ਜੇ ਕੋਈ ਪੁੱਛੇ ਤਾਂ ਆਖ ਛੱਡੀਏ: ਧੌਕਲ ਨੂੰ ਜਾਂਦੇ ਹਾਂ, ਕਈ ਹੋਰ ਪੱਜ ਵੀ ਲਾ ਛੱਡੀਏ। ਜਦੋਂ ਝਨਾਂ ਕੰਢੇ ਅੱਪੜੇ ਤਾਂ ਪਾਸ ਦੇ ਪਿੰਡੋਂ ੫੦ ਰੁਪਏ ਦੇ ਕੇ ਇਕ ਸੂਹੀਆ ਲਿਆ ਕਿ ਦਰਿਆ ਲੰਘਾ ਦੇਵੇ। ਪਹਿਲਾਂ ਤਾਂ ਉਹ ਭੁੱਲ ਕੇ ਇਕ ਡੂੰਘੇ ਬੰਨੇ ਵੱਲ ਲੈ ਤੁਰਿਆ, ਦੋ ਆਦਮੀ ਡੁੱਬ ਹੀ ਚੱਲੇ ਸਨ। (ਸ਼ਾਮ ਦਾ ਵੇਲਾ ਸੀ), ਫੇਰ ਹਟ ਕੇ ਰਤਾ ਕੁ ਉਤਲੇ ਬੰਨੇ ਬੱਲ ਹੋਏ ਅਤੇ ਅਸੀਂ ਲੱਕ-ਲੱਕ ਪਾਣੀ ਪਾਰ ਹੋ ਗਏ। ਐਨ ਚੌਥੇ ਦਿਨ ਅਸੀਂ ਡੇਰੇ ਅੱਪੜ ਗਏ ਅਤੇ ਜਾਂਦੇ ਹੀ ਸ਼ੇਰ ਸਿੰਘ ਹਸਨਵਾਲੀਏ ਦੀਆਂ ਪੜਤਲਾਂ ਵਿਚ ਨੌਕਰ ਹੋ ਗਏ।

ਜਿਹੜੇ ਤਾਂ ਪਹਿਲੋਂ ਨੌਕਰ ਸਨ, ਉਨ੍ਹਾਂ ਨੂੰ ਤਾਂ ਤਲਬਾਂ ਮਿਲਣ, ਪਰ ਸਾਨੂੰ ਨਵਿਆਂ ਨੂੰ ਕੁਝ ਨਾ ਮਿਲੇ। ਵੱਡੇ ਵੱਡੇ ਗੋਂਗਲੂ ਜੋ ਪਸ਼ੂਆਂ ਨੂੰ ਪਾਈਦੇ ਹਨ ਅਤੇ ਤਾਰਾ-ਮੀਰਾ ਉਬਾਲ ਕੇ ਖਾਵੀਏ। ਕਦੀ ਕਦੀ ਲਾਗੇ ਦਿਆਂ ਪਿੰਡਾਂ ਵਿਚ ਵੀ ਮਾਰਾਂ ਧਾੜਾਂ ਕਰ ਆਈਏ।

ਇਕ ਦਿਨ ਬੂਟਾ ਸਿੰਘ ਜੀ ਲਾਗੇ ਦੇ ਪਿੰਡ ਵਿਚ ਗਏ ਅਤੇ ਇਕ ਬਾਣੀਏ ਦਾ ਆਟਾ ਦਾਣਾ ਲੈ ਆਏ, ਜੋ ਲੈ ਕੇ ਅੰਗਰੇਜ਼ਾਂ ਵੱਲ ਲਈ ਜਾਂਦਾ ਸੀ ਪਰ ਜਦੋਂ ਡੇਰੇ ਆਏ ਤਾਂ ਸ਼ੇਰ ਸਿੰਘ ਹਸਨਵਾਲੀਏ ਨੇ ਸਭ ਕੁਝ ਲੈ ਲਿਆ, ਪਰ ਕੁਝ ਅਰਜ਼ਾ ਕਰਨ 'ਤੇ ਬਾਣੀਏ ਨੂੰ ਕੁਝ ਕੁ ਟਕੇ ਦੇ ਕੇ ਸਭ ਕੁਝ ਸਾਨੂੰ ਦੇ ਦਿੱਤਾ। ਇਕ ਦਿਨ ਅਸੀਂ ਚਾਰ ਜਣੇ ਇਕ ਚੌਕੀ ਪਿੰਡ ਨੂੰ ਗਏ ਅਤੇ ਇਕ ਵੱਡੀ ਸਾਰੀ ਬੱਕਰੀ ਲੈ ਤੁਰੇ। ਕਰਾੜਾਂ ਨੇ ਹਾਲ ਪਾਹਰਿਆ ਕੀਤਾ ਤਾਂ ਕਲਾਲ ਖਾਨੇ ਬੈਠੇ ਇਕ ਸਿੰਘ ਨੇ ਸੁਣੀ ਅਤੇ ਸ਼ਰਾਬ ਵਿਚ ਗੁੱਟ ਘੋੜੇ ਉੱਤੇ ਚੜ੍ਹ ਕੇ ਸਾਡੇ ਵੱਲ ਵਧਿਆ ਅਤੇ ਪੁੱਛਿਆ ਤੂੰ ਕੌਣ ਹੈਂ? ਮੈਂ ਹਰਦਿੱਤ ਸਿੰਘ ਕਾਰੀਗਰ ਸਿੰਘ, ਇਹ ਬੂਟਾ ਸਿੰਘ ਛੀਂਬਾ ਸਿੰਘ ਹੈ ਅਤੇ ਅਸਾਂ ਵੀ ਪੁੱਛਿਆ ਤੂੰ ਕੌਣ ਹੈਂ?

ਤੜੱਕ ਬੋਲਿਆ: ਖੜ੍ਹੇ ਹੋਵੋ, ਤੁਸੀਂ ਛੀਂਬਿਓ ਅਤੇ ਤਰਖਾਣੋਂ, ਸਿੰਘਾਂ ਦੇ ਹੁੰਦਿਆਂ ਤੁਸੀਂ ਬੱਕਰੀਆਂ ਲਈ ਜਾਂਦੇ ਹੋ?

ਬੂਟਾ ਸਿੰਘ ਨੇ ਇਕ ਤਲਵਾਰ ਮਾਰ ਕੇ ਬੱਕਰੀ ਦਾ ਸਿਰ ਲਾਹ ਮਾਰਿਆ ਅਤੇ ਫੇਰ ਆਲਾ ਸਿੰਘ ਉਸ ਵੱਲ ਇਹ ਆਖਦਾ ਹੋਇਆ ਵਧਿਆ ਕਿ ਲੈ ਜਾ ਖਾਂ ਬੱਕਰੀ, ਕੀ ਕੂੰ ਲਿਜਾਂਦਾ ਹੈ! ਹਿਕਮਤ ਨਾਲ ਬੰਦੂਕ (ਜੋ ਉਸ ਨੇ ਸਾਡੇ ਇਕ ਸਾਥੀ ਦੀ ਖੋਹ ਲਈ ਸੀ) ਅਤੇ ਉਸ ਦੀ ਤਲਵਾਰ ਖੋਹ ਕੇ, ਬੱਕਰੀ ਚੁੱਕ ਕੇ ਤੁਰ ਪਏ। ਡੇਰੇ ਆਇਆ ਸਭ ਪ੍ਰਸੰਨ ਹੋਏ ਪਰ ਅਸਾਂ ਕਿਸੇ ਨੂੰ ਹਿੱਸਾ ਨਾ ਦਿੱਤਾ ਅਤੇ ਸ਼ੇਰ ਸਿੰਘ ਹਸਨਵਾਲੀਏ ਨੇ ਇਕ ਰੁਪਿਆ ਦੇ ਕੇ ਕਰਾੜ ਨੂੰ ਵੀ ਤੋਰ ਦਿੱਤਾ।

 www.sikhbookclub.com

ਅਜਿਹਾ ਹਾਲ ਬਹੁਤ ਚਿਰ ਰਿਹਾ। ਅਸੀਂ ਅੰਗਰੇਜ਼ਾਂ ਦਾ ਬਾਹਰੋਂ ਆਉਂਦਾ ਖਾਣਾ ਦਾਣਾ ਵੀ ਲੁੱਟ ਲਿਆ ਕਰੀਏ, ਪਾਣੀ ਦੀ ਬਹੁਤ ਤੰਗੀ ਸੀ, ਚਿੱਕੜ ਤਕ ਪੀ ਜਾਈਏ, ਨਾਲ ਹੀ ਵਾਧਾ ਇਹ ਕਿ ਸਾਡੀਆਂ ਪੜਤਲਾਂ ਸਦਾ ਪਿਕਟ ਉੱਤੇ ਰਹਿੰਦੀਆਂ ਸਨ।

ਫੇਰ ਗੁਜਰਾਤ ਨੂੰ ਗਏ ਉੱਤੇ ਸ਼ੇਰ ਸਿੰਘ, ਚਤਰ ਸਿੰਘ, ਸੂਰਤ ਸਿੰਘ ਮਜੀਠੀਆ ਅਤੇ ਰਾਮ ਸਿੰਘ ਛਾਪੇ ਵਾਲੀਆ ਵਿਚ ਸਨ ਅਸੀਂ ਚਾਰੇ ਪੜਤਲਾਂ ਹਰੀਏ ਪਿੰਡ ਸਾਂ। ਸੂਰਤ ਸਿੰਘ ਅਸਵਾਰ ਦੋ ਹਜ਼ਾਰ ਸਵਾਰ ਲਈ ਸੱਜੇ ਸੀ ਅਤੇ ਰਾਮ ਸਿੰਘ ਛਾਪਾ ਛੇ ਹਜ਼ਾਰ ਲਈ ਪਿੱਛੇ ਸੀ। ਸ਼ੇਰ ਸਿੰਘ ਹਸਨਵਾਲੀਆ ਦੂਰਬੀਨ ਲਈ ਅਟਾਰੀ ਉੱਤੇ ਚੜ੍ਹਿਆ ਵੇਖਦਾ ਅਤੇ ਅੰਗਰੇਜ਼ੀ ਫੌਜ ਵਧਦੀ ਆਉਂਦੀ ਸੀ। ਗੋਰਿਆਂ ਨੂੰ ਖਬਰ ਵੀ ਨਹੀਂ ਸੀ ਕਿ ਇਸ ਪਿੰਡ ਕੋਈ ਫੌਜ ਹੈ ਅਤੇ ਸਾਡੀ ਸਲਾਹ ਸੀ ਕਿ ਜਦੋਂ ਜਦੋਂ ਹੇਠ ਆਉਣ ਤਾਂ ਵਾੜ ਝਾੜ ਕੇ ਭੁੰਨ ਸੁੱਟੀਏ। ਜਵੰਦ ਸਿੰਘ ਕੈਰੋਂ ਵਾਲੇ ਨੇ ਬੰਦੂਕ ਚਲਾ ਦਿੱਤੀ ਅਤੇ ਗੋਰੇ ਲਾਂਭੇ ਲਾਂਭੇ ਜਾਂਦੇ ਸਾਡੇ ਵੱਲ ਹੋ ਪਏ। ਚਾਰ ਸਾਡੀਆਂ ਤ੍ਰੋਪਾਂ ਚੱਲੀਆਂ ਅਤੇ ਵਾੜਾਂ ਝੜੀਆਂ। ਖੂਬ ਲੜਾਈ ਹੋਈ, ਪਰ ਗੋਰਿਆਂ ਦੀਆਂ ਤੋਪਾਂ ਨੇ ਸਾਡੇ ਦੋ ਤੋਪਾਂ ਦੇ ਤਖਤੇ ਉਲਟਾ ਦਿੱਤੇ ਅਤੇ ਉਹ ਅੱਗੇ ਵਧੇ। ਫੇਰ ਕੰਧ ਪਾਸ ਹੱਥੋ-ਹੱਥੀ ਲੜਾਈ ਹੋਈ। ਅਸੀਂ ਅੰਦਰੀਂ ਵੜ-ਵੜ ਕੇ ਲੜੇ। ਬਹੁਤ ਆਦਮੀ ਭੱਜ ਗਏ ਪਰ ਅਸੀਂ ਫਸ ਗਏ। ਜਦੋਂ ਅਸੀਂ ਲੜਦੇ ਸਾਂ ਤਾਂ ਕਾਹਨ ਸਿੰਘ ਨੇ ਸਾਡੀ ਮਦਦ ਲਈ ਰਸਾਲਾ ਘੱਲਿਆ, ਪਰ ਅੱਗੇ ਭਾਰੀ ਛੰਭ ਸੀ ਜਿਸ ਵਿਚ ਚਾਰ ਕੁ ਸਵਾਰ ਡੁੱਬਣ ਕਰਕੇ ਉਹ ਵਾਪਸ ਮੁੜ ਗਏ।

(ਇਸ ਚੇਲੀਆਂ ਵਾਲੇ ਦੀ ਲੜਾਈ ਵਿਚ ਤੋਪਖਾਨਾ ਲਾਹੌਰਾ ਸਿੰਘ ਅਤੇ ਅਮਾਮ ਦੀਨ ਦਾ ਸੀ, ਗੋਰਿਆਂ ਨੇ ਉਸੇ ਵੇਲੇ ਗਊ ਆਖਿਆ ਸੀ।

ਸਾਨੂੰ ਦੋ ਕੁ ਹਜ਼ਾਰ ਨੂੰ ਫੜ ਲਿਆ ਅਤੇ ਪਹਿਲੋਂ ਇਕ ਇਕ ਨੂੰ ਜਕੜ ਕੇ ਫੇਰ ਪੰਜ ਪੰਜ ਨੂੰ ਜਕੜ ਦਿੱਤਾ। ਪੋਹ ਦੇ ਮਹੀਨੇ ਗਾਜਰਾਂ ਦੇ ਖੇਤ ਵਿਚ ਨੰਗੇ ਹੀ ਸੁੱਟ ਦਿੱਤਾ। ਕੋਈ ਰੋਟੀ ਨਾ ਦੇਵੇ ਅਤੇ ਅਸੀਂ ਮਿੱਟੀ ਹੀ ਖਾ ਛੱਡੀਏ। ਓਦੋਂ ਦੀ ਹੀ ਆਦਤ ਪਈ ਹੋਈ ਹੈ। ਫੇਰ ਸਾਨੂੰ ਸ਼ੇਰ ਸਿੰਘ ਦੀ ਬਾਰਾਂਦਰੀ ਵਿਚ ਲੈ ਗਏ, ਚੌਦਾਂ ਦਿਨ ਅਸਾਂ ਮਿੱਟੀ ਖਾਧੀ। ਫੇਰ ਕਾਹਨ ਸਿੰਘ ਹਰਨ ਪੁਰੀਏ ਨੇ ਆਗਿਆ ਲੈ ਕੇ ਸਾਨੂੰ ਤਿੰਨ ਤਿੰਨ ਫੁਲਕੇ ਸੁੱਟੇ। ਅਗਲੇ ਦਿਨ ਸਾਨੂੰ ਇਕ ਇਕ ਕੌਲ ਛੋਲਿਆਂ ਦਾ ਮਿਲਿਆ।

ਪਹਿਲੇ ਦਿਨ ਅਸੀਂ ਜਿਨ੍ਹਾਂ ਅੱਖਾਂ ਨਾਲ ਫੁਲਕੇ ਵਰਤਦੇ ਵੇਖਦੇ ਰਹੇ ਸਾਂ, ਅਸੀਂ ਹੀ ਜਾਣਦੇ ਹਾਂ। ਮੁੜ ਸਾਨੂੰ ਛੱਡ ਦਿੱਤਾ। ਸੋਲ੍ਹਵੇਂ ਦਿਨ ਸਾਨੂੰ ਵਜ਼ੀਰਾਬਾਦ ਦੇ

ਪੱਤਣ ਛੱਡ ਗਏ। ਧੌਂਕਲ ਆ ਕੇ ਅਸਾਂ ਇਕ ਰੁਪਏ ਦਾ ਆਟਾ ਲਿਆ ਅਤੇ ਦੋ ਪੰਡਾਂ ਮੇਥਰਿਆਂ ਦੀਆਂ ਕੁਤਰ ਕੇ ਗੁਨ੍ਹਾਈਆਂ। ਤਦ ਕਿਤੇ ਜਾ ਕੇ ਸਾਡੇ ਢਿੱਡ ਨੂੰ ਝੁਲਕਾ ਫਿਰਿਆ। ਗੁੱਜਰਾਂਵਾਲੇ ਆ ਕੇ ਉਦਾਸੀ ਸਾਧੂ ਦੇ ਜਗ ਤੋਂ ਪ੍ਰਸ਼ਾਦ ਛਕਿਆ ਅਤੇ ਹੌਲੀ ਹੌਲੀ ਘਰ ਅੱਪੜੇ। ਰਾਹ ਵਿਚ ਬੁੱਢੀਆਂ ਵੀ ਠੱਠੇ ਕਰਨ।

ਇਸ ਲੜਾਈ ਵਿਚ ਬਾਈ ਪੁਰਾਣੀਆਂ ਅਤੇ ਚਾਰ ਨਵੀਆਂ ਪੜਤਲਾਂ ਸਨ। ਚੇਲੀਆਂ ਵਾਲੇ ਦੀ ਲੜਾਈ ਤੋਂ ਮਗਰੋਂ ਅੰਗਰੇਜ਼ ਸੰਘਰ ਮਾਰ ਮਾਰ ਬੈਠ ਰਹੇ ਸਨ ਅਤੇ ਪੂਰਬੀਏ ਭਾਂਡੇ ਚਮਕਾ ਕੇ ਸੂਰਜ ਅੱਗੇ ਰੱਖ ਛੱਡਦੇ ਸਨ ਕਿ ਲਿਸ਼ਕਾਰਾ ਵੱਜਦਾ ਰਹੇ, ਜੋ ਅਸੀਂ ਸਮਝੀਏ ਕਿ ਪਾਣੀ ਦਾ ਲਿਸ਼ਕਾਰਾ ਹੈ। ਉਹ ਰਾਤ ਨੂੰ ਬਾਹਰ ਪਾਣੀ ਲੈਣ ਜਾਂਦੇ ਹੁੰਦੇ ਸਨ ਅਤੇ ਦਿਨ ਹੋਣੋਂ ਪਹਿਲਾਂ ਹੀ ਮੁੜ ਆਇਆ ਕਰਦੇ ਸਨ। ਜਦੋਂ ਅਸੀਂ ਆਏ ਸਾਂ ਤਾਂ ਸਾਨੂੰ ਸਿਖਾਇਆ ਕਰਦੇ ਸਨ ਕਿ ਕੀਕੂੰ ਤਲਵਾਰ ਚਲਾਈਦੀ ਹੈ ਤੇ ਕੀਕੂੰ ਬੰਦੂਕ ਮਾਰੀਦਾ ਹੈ।

ਜਿਹੜੇ ਆਦਮੀ ਕੈਰੋਂ ਦੇ ਇਸ ਲੜਾਈ ਵਿਚ ਸਨ ਉਹਨਾਂ ਵਿਚੋਂ ਕੁਝ ਕੁ ਦੇ ਨਾਮ ਇਹ ਸਨ:-

੧. ਗੁਲਾਬ ਸਿੰਘ ਜਮੇਦਾਰ, ਸੂਬੇਦਾਰ ਮੇਜਰ। ੨. ਜੀਵਣ ਸਿੰਘ ਸੂਬੇਦਾਰ। ੩. ਜਿੰਦਰ ਸਿੰਘ ਸੂਬੇਦਾਰ। ੪ ਦਲ ਸਿੰਘ ਮਲ ਸਿੰਘ (ਪੁੱਤ੍ਰ ਅਮੀਰਾ ਸਿੰਘ ਦੇ, ਇਹ ਤਿੰਨ ਬੜੇ ਦੀਦਾਰੀ ਸੂਬੇਦਾਰ ਸਨ), ੫. ਜੋਧ ਸਿੰਘ ਸੂਬੇਦਾਰ, ੬. ਬੋਘ ਸਿੰਘ ਜਮੇਦਾਰ, ੭. ਜਮੀਤ ਸਿੰਘ ਜਮੇਦਾਰ, ੮. ਖਜ਼ਾਨ ਸਿੰਘ ਜਮੇਦਾਰ, ੯. ਗੁਰਮੁਖ ਸਿੰਘ ਗੁੰਬੀ ਅਤੇ ਹੌਲਦਾਰ, ੧੦. ਅਸੀਂ ਹੌਲਦਾਰ, ੧੧. ਖਜ਼ਾਨ ਸਿੰਘ ਕੁਮਿਹਾਰ ਹੌਲਦਾਰ।

ਜਦੋਂ ਅਸੀਂ ਤੁਰੇ ਸਾਂ ਮਕੱਈਆਂ ਬਹੁਤ ਸਨ।


www.sikhbookclub.com

## ੧੧

# ਬਾਬਾ ਹਸਨ ਕੁਲੀ ਬੇਗ ਮੁਗਲ ਦਾ ਬਿਆਨ[3]

ਇਹ ਬਾਬਾ ਹਰੀ ਪੱਟੀ ਦੇ ਰਹਿਣ ਵਾਲੇ ਸਨ। ਅਕਾਲ ਰਜਮੈਂਟ ਵਿਚ ਸੁਆਰ ਸਨ ਤੇ ਸਿੱਖਾਂ ਦੀਆਂ ਕਈ ਲੜਾਈਆਂ ਵਿਚ ਸ਼ਾਮਲ ਰਹੇ ਸਨ। ਇਹਨਾਂ ਨੂੰ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਮਾਰਚ ੧੯੦੫ ਵਿਚ ਜਾ ਕੇ ਮਿਲੇ; ਇਹਨਾਂ ਦੀ ਉਮਰ ੧੦੦ ਸਾਲ ਦੇ ਲਗਭਗ ਸੀ। ਬਾਬੇ ਹੁਰਾਂ ਆਪਣਾ ਨਿਹਾਇਤ ਦਿਲਚਸਪ ਬਿਆਨ ਇਸ ਤਰ੍ਹਾਂ ਲਿਖਾਇਆ।

### ਸ਼ੇਰ ਸਿੰਘ ਦਾ ਕਤਲ

ਮੈਂ ਅਕਾਲ ਰਜਬਣ ਵਿਚ ਸੁਆਰ ਸਾਂ। ਜਦੋਂ ਸ਼ੇਰ ਸਿੰਘ ਗੱਦੀ ਉਤੇ ਬੈਠਾ, ਹੁਕਮ ਦਿੱਤੇ ਸੁ ਕਿ ਫੌਜਾਂ ਦੀ ਹਾਜ਼ਰੀ ਪੰਜ ਵਜੇ ਹੋਇਆ ਕਰੇ ਅਤੇ ਹਰ ਇਕ ਸਵਾਰ ਪਾਸ ੩੦੦ ਤੋਂ ਘੱਟ ਦਾ ਘੋੜਾ ਨਾ ਹੋਵੇ, ਜਿਹੋ ਕਿ ਸਰਕਾਰੀ ਘੋੜੇ ਸਨ। ਘੋੜੇ ਪਰਖਣ ਲਈ ਤਿੰਨ ਸਲੋਤਰੀ ਥਾਪੇ ਗਏ, ਜੋ ਰੋਜ਼ ਇਕ ਇਕ ਰਸਾਲੇ ਦੇ ਘੋੜਿਆਂ ਨੂੰ ਵੇਖਦੇ ਅਤੇ ਨਾਕਸ ਘੋੜੇ ਮੌਕੂਫ; ਇਕ ਸਿੰਘ ਸੀ ਅਤੇ ਦੋ ਮੁਸਲਮਾਨ। ਇਕ ਅਜੀਮ ਸ਼ਾਹ ਧਨੀ ਦਾ ਅਤੇ ਇਕ ਮੌਜ਼ਮ ਅਲੀ ਸ਼ਾਹ ਕੋਲਿਆਂ ਵਾਲੇ ਦਾ। ਉਹ ਰੋਜ਼ ਤਿੰਨ ਰਸਾਲੇ ਵੇਖਦੇ; ਰਾਤ ਨੂੰ ਆਦਮੀ ਪ੍ਰਤੀ ੧ ਰੁਪਿਆ ਇਕੱਠਾ ਕੀਤਾ ਜਾਂਦਾ ਅਤੇ ਰੁਪਏ ਸਲੋਤਰੀਆਂ ਨੂੰ ਦਿੱਤੇ ਜਾਂਦੇ ਕਿ ਘੋੜੇ ਨਾਕਸ ਨਾ ਕਰਨ ਪਰ ਕਿਸੇ ਨਾ ਕਿਸੇ ਨੂੰ ਬਾਹਰ ਕੱਢ ਹੀ ਦਿੰਦੇ। ਸਵੇਰੇ ਇਕ ਇਕ ਸਵਾਰ ਉਹਨਾਂ ਦੇ ਸਾਹਮਣੇ ਦੀ ਲੰਘਦਾ; ਜੋ ਨਾਕਸ ਹੁੰਦਾ, ਅੱਡ ਕਰ ਦਿੰਦੇ ਸਨ।

ਉਸ ਵੇਲੇ ਲੋਕੀਂ ਇੱਦਾਂ ਕਰਦੇ ਕਿ ਘੋੜਾ ਤਾਂ ਕੋਈ ਨਾ ਰੱਖਦੇ ਪਰ ਹਾਜ਼ਰੀ ਵੇਲੇ ਕਿਸੇ ਹੋਰਸ ਦਾ ਘੋੜਾ ਹੀ ਫੜ ਕੇ ਦਿਖਾ ਦਿੰਦੇ। ਇਸ ਕਰਕੇ ਫਿਰ ਹਰ ਇਕ ਰਜਬਣ ਦੇ ਘੋੜਿਆਂ ਦੇ ਅੱਡ ਅੱਡ ਠੱਪੇ ਤਜਵੀਜ਼ ਹੋਏ। ਸਾਡੀ ਰਜਬਣ ਦਾ ਠੱਪਾ ਖੁੱਲ੍ਹੇ ਪੰਜੇ ਵਰਗਾ ਸੀ। ਕੁਝ ਕੁ ਫੌਜਾਂ ਨੂੰ ਦਾਗੇ ਸਨ ਅਤੇ ਸਾਡੇ ਲਈ ਅੱਗ ਵਿਚ ਭਖ ਹੀ ਰਹੇ ਸਨ ਕਿ ਮਹਾਰਾਜੇ ਦੇ ਮਾਰੇ ਜਾਣ ਦੀ ਖਬਰ ਆ ਗਈ। ਬੱਸ! ਕੰਮ

---

*੩ ਰਸਾਲਾ ਫੁਲਵਾੜੀ, ਮਾਰਚ ੧੯੩੦, ਪੰਨਾ ੪੬੮।*

 www.sikhbookclub.com

ਉਥੇ ਹੀ ਬੰਦ ਹੋ ਗਿਆ। ਸਵਾਰ ਲਾਲ ਲੋਹੇ ਨੂੰ ਵੇਖ ਕੇ ਆਖਦੇ ਸਨ ਕਿ 'ਜਾਨਵਰੋ! ਸਾਡਾ ਕੋਈ ਵਸ ਨਹੀਂ, ਸਿਰ ਪਈ ਨੂੰ ਝੱਲੋ।'

## ਅੰਗਰੇਜ਼ਾਂ ਨਾਲ ਲੜਾਈ

ਫੇਰੂ ਸ਼ਹਿਰ ਫੌਜਾਂ ਉਤਰੀਆਂ; ਖਬਰ ਲੱਗੀ ਕਿ ਅੰਗਰੇਜ਼ਾਂ ਦੀ ਲਾਮ-ਡੋਰੀ ਮੁਦਕੀ ਔਪੜ ਪਈ ਹੈ। ਅਸੀਂ ਹਜ਼ਾਰ ਕੁ ਆਦਮੀ ਬਿਹੁਕਮੇ ਹੀ ਗਏ ਅਤੇ ਜਾਂਦਿਆਂ ਹੀ ਗੋਲੀ ਸਰ ਕਰ ਦਿੱਤੀ। ਲੌਢਾ ਵੇਲਾ ਸੀ। ਫਰੰਗੀ ਭਜਾ ਦਿੱਤੇ ਅਤੇ ਡੇਰਾ ਲੁੱਟ ਲਿਆ। ਪਿੰਡਾਂ ਦਿਆਂ ਜੱਟਾਂ ਵੀ ਲੁੱਟਿਆ ਅਤੇ ਤੰਬੂ ਬਾਲ ਕੇ ਮੁੜ ਆਏ। ਪੰਦਰਾਂ ਦਿਨ ਤੀਕ ਪਤਾ ਨਹੀਂ ਲੱਗਾ ਕਿ ਫੌਜ ਕਿਧਰੋਂ ਆਉਂਦੀ ਹੈ, ਕਿਉਂਕਿ ਕੋਈ ਸੂਹੀਆ ਨਹੀਂ ਸੀ। ਜੇਕਰ ਪਿੰਡ ਦਿਆਂ ਆਦਮੀਆਂ ਨੂੰ ਹੀ ਆਖ ਛੱਡਦੇ ਤਾਂ ਉਹ ਹੀ ਸਭ ਖਬਰਾਂ ਲਿਆ ਦਿਆ ਕਰਦੇ।

ਸ਼ਾਮ ਵੇਲੇ ਮੈਂ ਅਤੇ ਵਜ਼ੀਰ ਸਿੰਘ ਕਰਬਾਨੀਆਂ ਫੀਰੋਜ਼ਪੁਰ ਵੱਲ ਜੰਗਲ ਗਏ। ਜਾਂ ਛੋਲਿਆਂ ਦੇ ਵੱਢ ਵਿਚੋਂ ਨਿਕਲ ਕੇ ਤੁਰ ਆਈਏ ਤਾਂ ਫੀਰੋਜ਼ਪੁਰ ਵੱਲੋਂ ਦੂਰੋਂ ਤੋਪ ਦਗੀ। ਫੇਰ ਦੂਜੀ, ਫੇਰ ਤੀਜੀ। ਏਸੇ ਤਰ੍ਹਾਂ ਅਵਾਜ਼ ਲਾਗੇ ਲਾਗੇ ਆਉਂਦੀ ਜਾਵੇ ਫੇਰ ਤਾਂ ਗੋਲਾ ਲਾਗੇ ਲਾਗੇ ਔਪੜ ਪਿਆ ਅਤੇ ਚੱਪੇ ਗਿਣਦਾ ਵਧਦਾ ਆਵੇ। ਅੰਤ ਨੂੰ ਕੰਪੂ ਦੇ ਵਿਚ ਗੋਲੇ ਪੈਣ ਲੱਗ ਪਏ। ਕੰਪੂ ਵਿਚ ਰੌਲਾ ਪੈ ਗਿਆ ਕਿ ਫਰੰਗੀ ਆ ਪਿਆ। ਸਭ ਤਿਆਰ ਹੋ ਪਏ।

ਫੌਜ ਦੀ ਤਰਤੀਬ ਇਹ ਸੀ:- ਪਹਾੜ ਵੱਲ ਅਤਰ ਸਿੰਘ ਕਾਲਿਆਂ ਵਾਲੇ ਦਾ ਜੰਬੂਰ ਖਾਨਾ, ਦੱਖਣ ਵੱਲ ਸਾਡੇ ਖੱਬੇ ਹੱਥ ਮਤਾਬ ਸਿੰਘ ਮਜੀਠੀਏ ਦੀਆਂ ਚਾਰ ਪੜਤਲਾਂ ਅਤੇ ਰਜਮੈਂਟ ਅਤੇ ਦੁਰਾਗੋ ਰਜਮੈਂਟ; ਖੱਬੇ ਹੱਥ ਅਲਾਹੀ ਬਖਸ਼ ਦਾ ਤੋਪਖਾਨਾ ਸੀ, ਫੇਰ ਅਸੀਂ ਅਤੇ ਸਾਡਾ ਤੋਪਖਾਨਾ ਅਤੇ ਕੁਰਟਾਂ ਵਾਲੀਆਂ।

ਚਾਰ ਆਈਨੇ ਵਾਲੀ ਰਜਮੈਂਟ ਬੜੀ ਬਹਾਦਰ ਸੀ। ਸਵਾਰ ਬੜੇ ਚੁਣਵੇਂ ਜਵਾਨ ਸਨ। ਲਿਬਾਸ ਇਸ ਤਰ੍ਹਾਂ ਦਾ ਹੁੰਦਾ ਸੀ:-ਸਾਰੀ ਪਿੱਠ ਉਤੇ ਫੌਲਾਦੀ ਤਖਤਾ ਜਿਸ ਨਾਲ ਜੰਜ਼ੀਰੀਆਂ ਅਤੇ ਚਾਰ ਉਂਗਲਾਂ ਚੌੜੀ ਧੌੜੀ ਜਿਸ ਨਾਲ ਬਕਸੂਏ ਹੁੰਦੇ ਸਨ, ਜੋ ਸਾਹਮਣੇ ਖਿੱਚੇ ਜਾਂਦੇ, ਛਾਤੀ ਉਤੇ ਗੁੰਬਜ਼ਦਾਰ ਤਖਤਾ ਪਿਛਲੇ ਨਾਲ ਜੋੜਿਆ ਹੋਇਆ, ਕਿ ਛਾਤੀ ਨੂੰ ਜ਼ਰਬ ਨਾ ਆਵੇ, ਸਿਰ ਉਤੇ ਫੌਲਾਦੀ ਟੋਪ ਅਤੇ ਮੋਢਿਆਂ ਤੀਕ ਜ਼ੰਜ਼ੀਰਦਾਰ ਚਿਲਤਾ। ਟੋਪ ਮੱਥੇ ਉਤੇ, ਸੋਹਣੀ ਦਰਿਆਈ ਨਾਲ ਬੱਧਾ ਹੋਇਆ ਅਤੇ ਹੇਠ ਵਧੀਆ ਘੋੜਾ।

ਹੱਲਾ ਖਾਸ ਪਲਟਣ ਅਤੇ ਸ਼ਾਮ ਸੋਟਾ ਉਤੇ ਹੋਇਆ। ਉਹ ਕੁਵੈਦ ਸਿਖੇ ਜਵਾਨ ਗੋਠੇ ਮਾਰ ਕੇ ਵਾੜਾ ਝਾੜਨ ਲੱਗੇ ਅਤੇ ਸੱਥਰਾਂ ਦੇ ਸੱਥਰਾਂ ਲਾਹ ਦਿੱਤੇ। ਸ਼ਾਮ ਸੋਟਾ ਤੋਂ ਹਟ ਕੇ ਫੌਜ ਸਾਡੇ ਉਤੇ ਆ ਪਈ। ਅਸਾਂ ਵੀ ਬੁਰੀ ਖੁੰਬ ਠੱਪੀ। ਉਹ ਵਾੜ ਝਾੜੀ ਕਿ ਸਾਡੇ ਸਾਹਮਣੇ ਗੋਰਿਆਂ ਦੇ ਸੱਥਰ ਪਏ ਦਿੱਸਣ। ਇਕ ਗੋਰਾ ਸਾਡੇ

ਤੋਪਖਾਨੇ ਦੇ ਮਰੜ੍ਹੇ ਵਿਚ ਆ ਡਿੱਗਾ ਅਤੇ ਤੁਰਮ ਹੱਲੇ ਦਾ ਹੀ ਵਜਾਈ ਜਾਵੇ। ਅਸੀਂ ਹੈਰਾਨ ਕਿ ਇਹ ਕੌਣ ਵਜਾਉਂਦਾ ਹੈ। ਗੁਰਦਿੱਤ ਸਿੰਘ ਗਗੋ ਬੂਹੀਏ ਨੇ ਗੋਰੇ ਨੂੰ ਲੱਭ ਲਿਆ। ਜਦੋਂ ਮਾਰਨ ਲੱਗਾ ਤਾਂ ਗੋਰੇ ਕਿਹਾ-'ਸਿੱਖਾ! ਮੈਂ ਗਊ।' ਅਸੀਂ ਹੈਰਾਨ ਕਿ ਇਹ ਗੱਲ ਉਸ ਨੇ ਸਿੱਖੀ ਕਿਥੋਂ ? ਖੈਰ, ਮਾਰ ਦਿੱਤਾ ਗਿਆ।

ਹੱਲੇ ਦਾ ਜ਼ੋਰ ਖੱਬੇ ਹੱਥ ਨੂੰ ਹੀ ਨਿਕਲ ਗਿਆ ਅਤੇ ਫੇਰ ਕੋਈ ਸਾਹਮਣੇ ਨਾ ਰਿਹਾ। ਰਾਤ ਪੈ ਹੀ ਚੁਕੀ ਸੀ। ਮੈਂ ਚਾਰ ਘੋੜੇ ਫੜੀ ਬਾਲੇ ਸ਼ਾਹ ਦੀ ਖਾਨਗਾਹ ਉਤੇ ਖੜ੍ਹਾ ਸਾਂ ਕਿ ਮੇਰੇ ਸਾਹਮਣੇ ਦੀ ਚਾਨਣਾ ਪੈ ਗਿਆ। ਜਾਂ ਵੇਖਾਂ ਤਾਂ ਇਕ ਅੰਗਰੇਜ਼ ਲਾਲ ਕੁੜਤਾ, ਚਿੱਟੀ ਪਤਲੂਣ, ਸਿਰ ਉਤੇ ਟੋਪ ਅਤੇ ਸਾਹਮਣੇ ਉਸ ਉਤੇ ਧਾਤ ਦੀ ਇਕ ਬਿੰਦੀ ਜਿਹੀ। ਉਹ ਲਾਲ ਜਿਹੀ ਕੋਈ ਗੋਲੀ ਉਡਾਵੇ ਅਤੇ ਦਿਨ ਵਾਂਗ ਚਾਨਣਾ ਹੋ ਜਾਵੇ। ਸਾਡੇ ਸਿਪਾਹੀ ਉਸੇ ਉਤੇ ਵਾਰ ਹੀ ਵਾਰ ਝਾੜਨ, ਪਰ ਉਹ ਬਚਿਆ ਹੀ ਰਿਹਾ; ਇਕ ਗੋਲੀ ਤਕ ਨਾ ਲੱਗੀ। ਇਸ ਤਰ੍ਹਾਂ ਫਿਰਿਆ ਸਭ ਮਰੜ੍ਹੇ ਵੇਖੇ। ਜਿਸ ਵੇਲੇ ਪਹਾੜ ਵੱਲ ਆ ਕੇ ਜੰਬੂਰਖਾਨਾ ਵੇਖਿਆ ਤਾਂ ਊਠਾਂ ਨੂੰ ਵੇਖ ਕੇ ਜਾਤਾ ਕਿ ਕਮਸਰੇਟ ਹੈ। ਮੁੜ ਕੇ ਫੌਜ ਨੂੰ ਸ਼ਰਾਬ ਪਿਆ ਕੇ ਅਤੇ ਮਸਤ ਕਰ ਕੇ ਹੱਲਾ-ਸ਼ੇਰੀ ਦੇ ਕੇ ਉਧਰ ਲਿਆਇਆ, ਪਰ ਜਿਸ ਵੇਲੇ ਲਾਗੇ ਆਇਆ ਤਾਂ ਜੰਬੂਰਖਾਨੇ ਵਿਚੋਂ ਦਾੜ ਦਾੜ ਗੋਲੇ ਵੱਜਣ ਲੱਗੇ ਅਤੇ ਪਲੋ-ਪਲੀ ਵਿਚ ਸੱਥਰ ਲਹਿ ਗਏ। ਅਸੀਂ ਸਵੇਰੇ ਮੁਰਦੇ ਅਤੇ ਸ਼ਰਾਬ ਦੇ ਪੀਪੇ ਤੋੜੇ ਹੋਏ ਆਪ ਵੇਖੇ ਸਨ।

ਮੁੜ ਸਾਰੀ ਰਾਤ ਸੁੱਖ ਹੀ ਰਹੀ, ਪਰ ਵਿਚੋਂ ਵਿਚੋਂ ਆਦਮੀ ਖਿਸਕਣ ਲੱਗ ਪਏ। ਅਸੀਂ ਪਹਿਰ ਦਿਨ ਚੜ੍ਹੇ ਤੀਕ ਆਪਣੀ ਥਾਂ ਰਹੇ। ਟੋਲਿਆਂ ਦੇ ਟੋਲੇ ਆਪੇ ਹੀ ਤੁਰੇ ਜਾਣ। ਅੰਤ ਨੂੰ ਅਸੀਂ ਵੀ ਪੱਟੀ ਦੇ ਵੀਹ ਕੁ ਮੁਗਲ ਘੋੜਿਆਂ ਉਤੇ ਚੜ੍ਹ ਕੇ ਤੁਰ ਪਏ।

ਸਿੰਘਾਂ ਨੂੰ ਕੁਝ ਅਜਿਹਾ ਭੈ ਪਿਆ ਸੀ ਕਿ ਰਾਹ ਵਿਚ ਚੂਹੜਿਆਂ ਨੇ ਹਥਿਆਰ ਅਤੇ ਘੋੜੇ ਖੋਹ ਲਏ। ਉਨ੍ਹਾਂ ਛੱਜ ਉਘਰੇ ਅਤੇ ਏਧਰ ਸਭ ਕੁਝ ਉਨ੍ਹਾਂ ਦੇ ਅੱਗੇ ਧਰਿਆ ਜਾਵੇ। ਅਸੀਂ ਘੋੜੇ ਸੁੱਟੀ ਵਗੇ ਆਈਏ। ਡਰ ਅਤੇ ਭੁੱਖ ਨਾਲ ਸਾਡਾ ਵੀ ਬੁਰਾ ਹਾਲ ਸੀ। ਘੁੱਦੂ ਵਾਲੇ ਪਿੰਡ ਇਕ ਵਾਕਫ ਮਿਲ ਪਿਆ। ਉਹ ਬਾਹਰ ਦੀ ਕੁਲੀ ਵਿਚ ਰਹਿੰਦਾ ਸੀ। ਉਸ ਨੇ ਰੋਟੀ ਪਾਣੀ ਵਾਸਤੇ ਕਿਹਾ, ਹੋਰ ਤਾਂ ਨਾ ਖੜ੍ਹੋਤੇ ਪਰ ਮੈਂ ਤੇ ਕਮਾਂ ਬੇਗ ਖੜ੍ਹੋ ਗਏ। ਇਹ ਆਖ ਕੇ ਕਿ ਮਰਨਾ ਤਾਂ ਇਕ ਦਿਨ ਹੈ ਹੀ, ਭੁੱਖ ਦੇ ਹੱਥੋਂ ਕਿਉਂ ਮਰੀਏ ! ਉਹ ਪਿੰਡ ਜਾ ਕੇ ਰੋਟੀਆਂ ਮੰਗ ਲਿਆਇਆ ਅਤੇ ਸਾਨੂੰ ਲਿਆ ਦਿੱਤੀਆਂ। ਦੋ ਮਕੱਈ ਦੀਆਂ ਰੋਟੀਆਂ ਅਤੇ ਬਹੁਤ ਸਾਰਾ ਮੱਖਣ ਸੀ। ਉਹ ਤਾਂ ਅਸਾਂ ਖਾਧੀਆਂ ਅਤੇ ਬਾਕੀ ਦੀਆਂ ਰੋਟੀਆਂ ਬੰਨ੍ਹ ਕੇ ਫੇਰ ਤੁਰ ਪਏ, ਬੂਹ ਵਾਲੇ ਪੱਤਣੋਂ ਗਾਹ ਲੰਘ ਕੇ ਪਾਰ ਬੈਠੇ ਸਾਥੀਆਂ ਨੂੰ ਆ ਮਿਲੇ ਹੁਣ ਉਹ ਡਰ ਤੋਂ ਬਿਨਾਂ ਸਨ। ਭੁੱਖਿਆਂ ਬਘਿਆੜਾਂ ਵਾਂਗ ਰੋਟੀਆਂ ਨੂੰ ਆ ਪਏ। ਦੋ ਦੋ ਦੇ ਕੇ ਬਚ

ਰਹੀਆਂ; ਪਿੰਡ ਨੂੰ ਹੋ ਪਏ। ਰਾਹ ਵਿਚ ਬੇਗ ਗੋਬਿੰਦ ਰਜਮੈਂਟ ਦਾ ਮਿਲਿਆ। ਪੁੱਛਿਆ, ਤੂੰ ਕਿਥੋਂ? ਕਹਿਓ ਸੁ, ਮੈਂ ਲੜਾਈ ਵੇਲੇ ਦਾਰੀ ਘੋੜਾ ਛੱਡ ਕੇ ਤੁਰਿਆ ਹੋਇਆ ਹਾਂ। ਪਿੰਡ ਆ ਅੱਪੜੇ। ਕੁਝ ਚਿਰ ਰਹੇ। ਫਿਰ ਲਾਹੌਰੋਂ ਇਕ ਸਵਾਰ ਆਇਆ ਅਤੇ ਆਖ ਗਿਆ ਕਿ ਰਜਬਣ ਵਿਚ ਬੁਲਾਈਦਾ ਹੈ (ਉਦੋਂ ਇਹੋ ਹੀ ਤਰੀਕਾ ਸੱਦਣ ਦਾ ਹੁੰਦਾ ਸੀ)। ਸਭਰਾਵੀਂ ਮੋਰਚੇ ਲੱਗ ਪਏ। ਸਾਡੀ ਸੱਜੇ ਫਰਾਂਸੀਸੀ ਅਤੇ ਖੱਬੇ ਘੋੜ-ਚੜ੍ਹੇ ਸਨ। ਅਸੀਂ ਮਰੜ੍ਹਿਆਂ ਦੀ ਸੱਜੀ ਬਾਂਹ ਵੱਲ ਸਾਂ। ਫੀਰੋਜ਼ਪੁਰ ਵੱਲੋਂ ਫੌਜ ਆਈ ਅਤੇ ਪਾਟਵੇਂ ਗੋਲੇ ਵੱਜਣ ਲੱਗੇ। ਸਿੱਖ ਉਹਨਾਂ ਵੱਲ ਹੀ ਸਿਰ ਉਤਾਹਾਂ ਕਰ ਕਰ ਕੇ ਵੇਖਣ ਅਤੇ ਦੁਸ਼ਮਣ ਵੱਲ ਕੋਈ ਨਾ ਵੇਖੇ। ਫਰਾਂਸੀਸੀ ਮਤੂਨ ਸਾਹਿਬ ਨੇ ਜੋ ਸਾਵੇਂ ਘੋੜੇ ਉਤੇ ਸੀ ਕਈ ਵਾਰੀ ਹੱਲੇ ਵਾਸਤੇ ਕਿਹਾ, ਪਰ ਕੋਈ ਨਾ ਮੰਨਿਆ, ਅੰਤ ਨੂੰ ਫਰੰਗੀ ਆ ਪਏ ਅਤੇ ਸਭ ਨੱਠ ਉੱਠੇ।

ਭੱਜਣ ਲੱਗਿਆਂ ਸਭ ਅਸਬਾਬ ਪਾਰ ਹੀ ਛੱਡਿਆ, ਕਿਉਂਕਿ ਭਾਰ ਨਾਲ ਡੁੱਬਣ ਦਾ ਡਰ ਸੀ। ਲੜਾਈ ਤੋਂ ਮਗਰੋਂ ਸਭਰਾਵਾਂ ਦੇ ਆਦਮੀ ਕੁੰਡੀਆਂ ਪਾ ਪਾ ਕੇ ਗਠੜੀਆਂ ਕੱਢਦੇ ਸਨ, ਜੋ ਲੱਭਦਾ ਸੀ ਉਹ ਹੀ ਲਾਹਾ ਸੀ। ਮਗਰੋਂ ਉਹਨਾਂ ਪੰਜ ਰੁਪਏ ਨੂੰ ਬੰਦੂਕਾਂ ਵੇਚੀਆਂ ਪਰ ਸਾਨੂੰ ਤਾਂ ਸਾਡੇ ਮਿੱਤਰ ਨੇ ਐਵੇਂ ਹੀ ਦੇ ਦਿੱਤੀ ਸੀ। ਜਦੋਂ ਪਾਰ ਗਏ ਸਾਂ ਤਾਂ ਨਗਰ ਮਿਠਿਆਂ ਵਾਲੇ ਪੱਤਣ ਥਾਣੀਂ ਫੌਜਾਂ ਗਈਆਂ ਸਨ। ਅਸਬਾਬ ਡੇਰੇ ਦਾ ਊਠਾਂ ਉਤੇ ਹੁੰਦਾ ਸੀ ਜਿਹਨਾਂ ਨੂੰ ਬਲੋਚ ਹਿੱਕਦੇ ਹੁੰਦੇ ਸਨ। ਕੁੱਪਿਆਂ ਵਿਚ ਘਿਉ ਅਤੇ ਆਟਾ-ਦਾਣਾ, ਕਪੜਾ ਸਲੀਤਿਆਂ ਵਿਚ ਪਾ ਕੇ ਊਠਾਂ ਉਤੇ ਸੁੱਟ ਦਿੰਦੇ ਸਾਂ। ਕੁੱਪਿਆਂ ਦੇ ਹਾਰ ਲਟਕਦੇ ਬੜੇ ਸੋਹਣੇ ਲੱਗਦੇ ਸਨ। ਪਾਣੀ ਹਰ ਕੋਈ ਆਪੇ ਲਿਆਉਂਦਾ ਹੁੰਦਾ ਸੀ। ਫੇਰੂ ਸ਼ਹਿਰ ਅਸੀਂ ਲਾਗੇ ਦਿਆਂ ਪਿੰਡਾਂ ਤੋਂ ਊਠਾਂ ਉਤੇ ਲਿਆਉਂਦੇ ਸਾਂ। ਹਰ ਇਕ ਸਿਪਾਹੀ ਪਾਸ ਬਾਟੀ, ਸਬੂਨ ਅਤੇ ਨੀਲ ਤਿੰਨ ਚੀਜ਼ਾਂ ਜ਼ਰੂਰੀ ਹੁੰਦੀਆਂ ਸਨ, ਜਿਥੇ ਵੇਹਲ ਲੱਗੀ ਕਪੜੇ ਛੱਲ ਲਏ। ਹਰ ਸਰਦਾਰ ਆਪਣੇ ਪਿੰਡ ਦੇ ਧੋਬੀ ਸਦਵਾ ਛੱਡਦਾ ਸੀ, ਜਿਸ ਦੀ ਮਰਜ਼ੀ ਹੋਵੇ ਧੁਆਵੇ, ਜਿਸ ਦੀ ਮਰਜ਼ੀ ਹੋਵੇ ਨਾ ਧੁਆਵੇ। ਪਲਟਣਾਂ ਵਿਚ ਬਜ਼ਾਰ ਵੀ ਹੁੰਦੇ ਸਨ। ਫਰਾਂਸੀਸੀ ਪਲਟਣਾਂ ਵਿਚ ਬੰਦੋਬਸਤ ਸਭ ਸਰਕਾਰੀ ਸੀ।

ਰਣਜੀਤ ਸਿੰਘ ਭਾਵੇਂ ਸ਼ਰਾਬੀ ਤੇ ਕਬਾਬੀ ਸੀ ਪਰ ਕਿਸੇ ਦੀ ਧੀ ਨੂੰ ਜਾਂ ਨੂੰਹ ਨੂੰ ਬੁਰੀ ਅੱਖ ਨਾਲ ਨਹੀਂ ਵੇਖਦਾ ਸੀ ਸਗੋਂ ਧੀ ਭੈਣ ਹੀ ਸਮਝਦਾ ਸੀ। ਉਸ ਵੇਲੇ ਦਾ ਹਰ ਇਕ ਸਿੱਖ ਹਿੰਦੂ ਹੀ ਸੀ ਬਲਕਿ ਪੱਕਾ ਹਿੰਦੂ। ਸਭ ਸਿੱਖ ਵਰ੍ਹੇ ਦੇ ਵਰ੍ਹੇ ਭੌਣਾਂ ਵਾਲੀ ਦੇ ਜਾਇਆ ਕਰਦੇ ਸਨ। ਸਿੰਘ ਜਤੀ ਸਤੀ ਅਤੇ ਸੱਚ ਬੋਲਣ ਵਾਲੇ ਹੁੰਦੇ ਸਨ। ਇਕਬਾਲ ਦਾ ਰਾਜ ਕਰ ਗਏ ! ਅੱਜ ਕਲ੍ਹ ਵਰਗੀਆਂ ਬੁੱਧਾਂ ਨਹੀਂ ਸਨ।

੧੨

# ਬਿਰਧਾਂ ਦੇ ਬਿਆਨ ਨੰਬਰ ੩[1]

## ਬਾਬਾ ਗੰਗਾ ਰਾਮ ਜੀ ਦਾ ਬਿਆਨ

**(੨ ਮਾਰਚ, ਵੀਰਵਾਰ, ੧੯੦੭)**

ਬਾਬਾ ਗੰਗਾ ਰਾਮ ਜੀ ਲਾਲਾ ਭਗਵਾਨ ਦਾਸ ਦੇ ਸਪੁੱਤਰ ਅਤੇ ਦੀਵਾਨ ਗਣਪਤਿ ਰਾਇ ਦੇ ਪੋਤਰੇ ਸਨ। ਇਹਨਾਂ ਦਾ ਘਰ ਗੁਰੂ ਕੇ, ਮਹਿਲਾਂ ਪਾਸ ਅੰਮ੍ਰਿਤਸਰ ਵਿਚ ਸੀ। ਸਿੱਖ ਦਰਬਾਰ ਨਾਲ ਨੇੜੇ ਦਾ ਸੰਬੰਧ ਹੋਣ ਕਰਕੇ ਇਹਨਾਂ ਨੂੰ ਕਈ ਹਾਲ ਜ਼ਬਾਨੀ ਪਤਾ ਹਨ। ਇਹਨਾਂ ਨੇ ਹੇਠਾਂ ਲਿਖਿਆ ਬਿਆਨ ਲਿਖਵਾਇਆ ਹੈ:-

SIKHBOOKCLUB.COM

"ਸਾਡਾ ਬਾਬਾ ਗਣਪਤਿ ਰਾਇ ਦਾ ਦੀਵਾਨ ਸੀ, ਜਿਹੜਾ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਸ਼ਮੀਰ ਦਾ ਸੂਬਾ ਸੀ। ਇਕ ਵਾਰੀ ਕਾਬਲ ਦਾ ਪਠਾਣ ਇਕ ਚਾਨਣੀ ਲਾਹੌਰ ਦਰਬਾਰ ਵਿਚ ਲਿਆਇਆ ਅਤੇ ਇਕ ਲੱਖ ਮੁੱਲ ਕੀਤਾ, ਪਰ ਕਿਸੇ ਕਾਰਨ ਕਰਕੇ ਮਹਾਰਾਜਾ ਜੀ ਨੇ ਨਾ ਲਈ। ਸ਼ਾਇਦ ਕਿਸੇ ਨੇ ਭਾਨੀ ਮਾਰੀ। ਕਿਸਮਤ ਦੇ ਹੱਥੋਂ ਰੋਂਦਾ ਉਹ ਕਸ਼ਮੀਰ ਗਿਆ ਅਤੇ ਜ਼ਹਿਰ ਖਾ ਕੇ ਮਰਨ ਲੱਗਾ ਸੀ ਕਿ ਉਸ ਨੂੰ ਕਿਰਪਾ ਰਾਮ ਦਾ ਖਿਆਲ ਵੀ ਆ ਗਿਆ। ਚਾਨਣੀ ਲਈ ਉਹ ਉਸ ਪਾਸ ਵੀ ਗਿਆ, ਪਰ ਉਹ ਅੱਗੋਂ ਨਾ ਮਿਲਿਆ। ਬਾਬਾ ਜੀ ਨਾਲ ਮੇਲ ਹੋ ਪਿਆ। ਉਹਨਾਂ ਨੇ ਲੱਖ ਰੁਪਿਆ ਦੇ ਕੇ ਚਾਨਣੀ ਲੈ ਲਈ।

ਸਰਕਾਰ ਚੁਗਲੀ ਖਾਧੀ ਕਿਸੇ ਨੇ ਕਿ ਮਹਾਰਾਜ ਜੀ! ਤੁਹਾਡੇ ਐਤਨੇ ਐਤਨੇ ਰੁਪਏ ਵਾਲੇ ਹਨ। ਤੁਹਾਡੀ ਪਰਜਾ ਨੂੰ ਹੀ ਲੁੱਟ ਲੁੱਟ ਕੇ ਖਾਧਾ ਹੋਇਆ ਨੇ, ਤਾਂ ਹੀ ਤਾਂ ਐਡੀਆਂ ਫਜ਼ੂਲ-ਖਰਚੀਆਂ ਕਰਦੇ ਹਨ। ਸਰਕਾਰ ਨੇ ਵੀ ਗੱਲ ਸਮਝੀ ਅਤੇ ਹੁਕਮ ਹੋਇਆ ਕਿ ਲਾਹੌਰ ਆ ਕੇ ਹਿਸਾਬ ਦਿੱਤਾ ਜਾਵੇ।

ਲਾਹੌਰ ਇਕ ਹੋਰ ਗੱਲ ਹੋਈ। ਫੀਨ੍ਹਾ ਸਿੰਘ ਹੋਰੀਂ ਤਿੰਨ ਭਰਾ ਕਿਰਪਾ ਰਾਮ ਦੇ ਪਹਿਲੋਂ ਨੌਕਰ ਸਨ; ਫੇਰ ਸਰਕਾਰ ਦੇ ਪਹਿਰੇ ਦੀ ਨੌਕਰੀ ਉਤੇ ਹੋਏ। ਕਿਸੇ ਰਾਤ

---

*੧ ਰਸਾਲਾ ਫੁਲਵਾੜੀ, ਮਈ ੧੯੩੦ ਈਸਵੀ, ਪੰਨਾ ੬੪੧।*

 www.sikhbookclub.com

ਦੁਸ਼ਮਣ (ਜੋ ਚਾਣਚੱਕ ਆਇਆ ਸੀ) ਦੇ ਨਾਲ ਲੜਨ ਲਈ ਤਿਆਰ ਹੋ ਕੇ ਸਰਦਾਰ ਦੀ ਜਾਨ ਬਚਾਈ, ਜਿਸ ਕਰਕੇ ਉਸ ਨੂੰ 'ਰਾਜਾ' ਦਾ ਖਿਤਾਬ ਦਿੱਤਾ ਗਿਆ। ਅਜਿਹੇ ਖਿਤਾਬਾਂ ਵਾਲਿਆਂ ਦੀ ਬੜੀ ਇੱਜ਼ਤ ਸੀ; ਹਰ ਇਕ ਨੌਕਰ ਸਿਰ ਝੁਕਾਉਂਦਾ ਅਤੇ ਨਜ਼ਰਾਂ ਪੇਸ਼ ਕਰਦਾ ਹੁੰਦਾ ਸੀ। ਜਦੋਂ ਕਿਰਪਾ ਰਾਮ ਆਇਆ ਤਾਂ ਉਸ ਨੂੰ ਵੀ ਫੀਨ੍ਹਾ ਸਿੰਘ ਨੂੰ 'ਜੈ ਦੇਵਾ' ਆਖਣ ਦਾ ਹੁਕਮ ਹੋਇਆ। ('ਜੈ ਦੇਵਾ' ਪਹਾੜੀਆਂ ਦੀ ਬੋਲੀ ਵਿਚ ਸਾਡੀ 'ਫਤਹਿ' ਦੇ ਬਰਾਬਰ ਹੈ)। ਕਿਰਪਾ ਰਾਮ ਨੇ ਨੌਕਰ ਅੱਗੇ ਸਿਰ ਝੁਕਾਉਣਾ ਚੰਗਾ ਨਾ ਜਾਤਾ, ਪਰ ਸਰਕਾਰ ਦਾ ਹੁਕਮ ਸੀ; ਅੰਤ ਨੂੰ ਲੈ ਦੇ ਕੇ ਗੱਲ ਨਜ਼ਰ ਉਤੇ ਠਹਿਰੀ। ਫੀਨ੍ਹਾ ਸਿੰਘ ਨੇ ਡਿਉਢੀ ਦਾ ਦਰਵਾਜ਼ਾ ਬੰਦ ਕਰ ਕੇ ਅਜਿਹਾ ਇੰਤਜ਼ਾਮ ਕੀਤਾ ਕਿ ਸਿਰ ਪਹਿਲੋਂ ਅੰਦਰ ਆਵੇ ਤਾਂ ਕਿ ਸਿਰ ਝੁਕ ਜਾਵੇ। ਪਰ ਕਿਰਪਾ ਰਾਮ ਨੇ ਲੱਤਾਂ ਹੀ ਪਹਿਲੋਂ ਅੰਦਰ ਕੀਤੀਆਂ। ਜਾਂ ਨੌਕਰ ਨੇ ਇਹ ਗੱਲ ਦੱਸੀ ਤਾਂ ਫੀਨ੍ਹਾ ਸਿੰਘ ਪਿਸ਼ਾਬ ਕਰਨ ਚਲਾ ਗਿਆ। ਇਸ ਬਹਾਨੇ ਨਾਲ ਮੁਲਾਕਾਤ ਨਾ ਹੋਈ। ਤਿੰਨ ਦਿਨ ਏਸੇ ਤਰ੍ਹਾਂ ਹੋਈ। ਸਰਕਾਰ ਜਿੱਚ ਹੋਈ ਕਿ ਅਜੇ ਤੀਕ ਨਜ਼ਰ ਨਹੀਂ ਦਿੱਤੀ ਅਤੇ ਹਿਸਾਬ ਨਹੀਂ ਹੋਇਆ।

ਇਕ ਦਿਨ ਤੁਰਦਿਆਂ ਕਿਰਪਾ ਰਾਮ ਨੇ ਕਹਿਆ, ਨੌਕਰ ਨੂੰ ਪਿਸ਼ਾਬ ਆਇਆ ਹੈ। ਉਸ ਤੜੱਕ ਬਰਤਨ ਪੇਸ਼ ਕੀਤਾ। ਕਿਰਪਾ ਰਾਮ ਨੇ ਖੁਸ਼ ਹੋ ਕੇ ਹੱਥਾਂ ਦੀ ਮੋਤੀਆਂ ਦੀ ਜੜਤ ਸੋਨੇ ਦੀ ਜੋੜੀ ਲਾਹ ਕੇ ਦੇ ਦਿੱਤੀ। ਗੱਲ ਉੱਡ ਕੇ ਸਰਕਾਰ ਦੀ ਕੰਨੀਂ ਪਈ, ਕਿ ਕਿੱਡਾ ਦਿਆਲੂ ਹੈ ! ਮਹਾਰਾਜ ਨੇ ਪਿਛਲੀ ਗੱਲ ਬਖਸ਼ ਦਿੱਤੀ ਅਤੇ ਮੁੜ ਕਸ਼ਮੀਰ ਜਾਣ ਨੂੰ ਕਿਹਾ। ਪਰ ਨਾਜ਼ਮ ਜੀ ਨੇ ਨਾਂਹ ਹੀ ਕੀਤੀ ਅਤੇ ਤੀਰਥਾਂ ਨੂੰ ਚਲੇ ਗਏ। ਨਾਲ ਹੀ ਉਹਨਾਂ ਦੇ ਜਾਨ-ਨਿਸਾਰ ਵੀ ਗਏ। ਬਥੇਰਾ ਕਿਹਾ ਕਿ ਮੈਂ ਤਾਂ ਹੁਣ ਫਕੀਰ ਹਾਂ, ਤੁਸੀਂ ਜਾਓ, ਪਰ ਕਿਸੇ ਨਾ ਮੰਨਿਆ।

ਬਾਬਾ ਜੀ ਲਾਹੌਰ ਹੀ ਰਹੇ ਅਤੇ ਚਾਨਣੀ ਸ੍ਰੀ ਦਰਬਾਰ ਸਾਹਿਬ ਘਲਵਾ ਦਿੱਤੀ। ਕੁਝ ਚਿਰ ਮਗਰੋਂ ਮੁਲਤਾਨ ਦਾ ਸੂਬਾ ਸਾਵਣ ਮੱਲ ਸਰਕਾਰ ਪਾਸ ਕਿਸੇ ਕੰਮ ਲਈ ਆਇਆ। ਬਾਬਾ ਜੀ ਨੂੰ ਵੀ ਮਿਲਿਆ। ਮੁੱਢ ਦੇ ਲੰਗੋਟੀਏ ਯਾਰ ਸਨ। ਸਾਵਣ ਮੱਲ ਦੇ ਘਰ ਦੇ ਸਾਹਮਣੇ ਇਨ੍ਹਾਂ ਦਾ ਸਹੁਰੇ ਘਰ ਸੀ, ਇਸ ਕਰਕੇ ਚੰਗੀ ਵਾਕਫੀ ਸੀ। ਨਾਜ਼ਮ ਨੇ ਬਾਬਾ ਜੀ ਨੂੰ 'ਸੂਜੇ ਖਾਂ ਦਾ ਕੋਟ' (ਲੱਖ ਦੀ ਜਗੀਰ ਵਜੋਂ) ਦਿੱਤਾ ਤੇ ਉਹ ਉਥੇ ਹੀ ਜਾ ਰਹੇ। ਪਿਤਾ ਜੀ ਵੀ ਉਥੇ ਹੀ ਸਨ ਅਤੇ ਇਕ ਕਾਰਦਾਰ ਪਾਸੋਂ ਪੜ੍ਹਿਆ ਕਰਦੇ ਸਨ; ਨਾਲੇ ਪੜ੍ਹਨਾ ਨਾਲੇ ਮਾਮਲੇ ਦੇ ਦਾਣੇ ਉਗਰਾਹੁਣੇ। ਪਾਰੋਂ ਬੇੜੀਆਂ ਵਿਚ ਆਇਆ ਕਰਦੇ ਸਨ। ਸੌਣਾ ਕੁੱਲੀਆਂ ਵਿਚ ਅਤੇ ਮਲ੍ਹਿਆਂ ਉਤੇ। ਇਕ ਦਿਨ ਕਾਰਦਾਰ ਨੇ ਬਹੁਤਾ ਸਾਰਾ ਰੁਪਿਆ ਜੋ ਪਿਤਾ ਜੀ ਨੇ ਜਮ੍ਹਾਂ ਕੀਤਾ ਹੋਇਆ ਸੀ, ਚੁਰਾ ਲਿਆ। ਇਨ੍ਹਾਂ ਬਾਬਾ ਜੀ ਨੂੰ ਲਿਖਿਆ ਕਿ ਰੁਪਿਆ ਜਾਂਦਾ ਰਿਹਾ ਹੈ। ਉਹ ਉਦੋਂ ਪਾਸ ਨਹੀਂ ਸਨ, ਆਪ ਸ਼ਰਾਬ ਪੀਂਦੇ ਸਨ

ਅਤੇ ਕੰਜਰੀਆਂ ਦੇ ਮੁਜਰੇ ਵੇਖਦੇ ਸਨ। ਸੁਣਦਿਆਂ ਹੀ ਸ਼ੱਕ ਕਾਰਦਾਰ 'ਤੇ ਪਿਆ ਅਤੇ ਉਸ ਨੂੰ ਬੰਨ੍ਹ ਲਿਆ। ਉਸ ਬਥੇਰੇ ਤਰਲੇ ਕੱਢੇ ਪਰ ਕਿਸੇ ਨੇ ਨਾ ਸੁਣੀ। ਅੰਤ ਨੂੰ ਉਸ ਨੇ ਸਾਡੇ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਸ਼ਾਗਿਰਦ ਹੋ, ਛੁਡਾਓ। ਉਹਨਾਂ ਦੇ ਬਹੁਤ ਸਾਰਾ ਕਹਿਣ ਨਾਲ ਬਾਬਾ ਜੀ ਮੰਨ ਗਏ ਅਤੇ ਰੁਪਏ ਦਾ ਰੁਪਿਆ ਦੇਣਾ ਕਰ ਕੇ ਕਾਰਦਾਰ ਛੁੱਟਾ! ਜਾਂ ਰੁਪਿਆ ਲੈਣ ਮੁਲਤਾਨ ਵੱਲ ਆਇਆ ਤਾਂ ਆ ਗਿਲਾ ਕੀਤਾ ਸਾਵਣ ਮੱਲ ਪਾਸ, ਕਿ ਗਣਪਤ ਰਾਇ ਪਰਜਾ ਨੂੰ ਲੁੱਟਦਾ ਹੈ ਆਦਿ। ਇਹ ਸੁਣਦਿਆਂ ਹੀ ਸਾਵਣ ਮੱਲ ਨੇ ਥਾੜਾ ਮੱਲ ਅਤੇ ਪੈੜਾ ਮੱਲ ਆਪਣੇ ਦੋ ਹਿਸਾਬ ਕਰਨ ਵਾਲਿਆਂ ਨੂੰ ਪੜਤਾਲ ਲਈ ਘੱਲਿਆ।

ਉਹ ਵੱਡੀਆਂ ਵੱਡੀਆਂ ਸੁੱਥਣਾਂ ਅਤੇ ਖੁੱਲ੍ਹੇ ਅੰਗੇ ਪਾਈ ਆ ਹਾਜ਼ਰ ਹੋਏ ਅਤੇ ਲੱਗੀ ਪੜਤਾਲ ਹੋਣ। ਕੁਣ ਕੱਢੀ ਕਿ ਸਰਕਾਰੀ ਹੁਕਮ ਦੁੱਧ ਘਾਹ ਅਤੇ ਦਾਣਾ ਲੈਣ ਦਾ ਨਹੀਂ ਹੈ, ਤੁਸੀਂ ਲੈਂਦੇ ਰਹੇ ਹੋ। ਇਸ ਕਰਕੇ ਹਜ਼ਾਰ ਦਾ ਮਾਲ ਤੁਸਾਂ ਖਾਧਾ ਹੈ। ਉਦੋਂ ਹੁਕਮ ਸੀ ਜੋ ਇਕ ਰੁਪਿਆ ਵਾਧੂ ਨਿਕਲੇ ਤਾਂ ਦਸ ੧੦) ਲਵੋ। ਇਸ ਲਈ ਇਨ੍ਹਾਂ ਨੂੰ ੧੦,੦੦੦) ਦਸ ਹਜ਼ਾਰ ਦੇਣਾ ਪਿਆ। ਇਹ ਵੀ ਡਰ ਸੀ ਸਾਵਣ ਮੱਲ ਛੱਡਣ ਵਾਲਾ ਨਹੀਂ, ਹਜ਼ਾਰ ਲੈ ਕੇ ਹੀ ਛੱਡੇਗਾ; ਬੜਾ ਨਿਆਂ ਕਰਨ ਵਾਲਾ ਹੈ। ਇਕ ਵਾਰ ਉਸ ਦੇ ਆਪਣੇ ਛੋਟੇ ਪੁੱਤਰ ਨੇ ਕਿਸੇ ਦੀ ਗੰਨਿਆਂ ਵਾਲੀ ਪੈਲੀ ਰਤਾ ਕੁ ਵੈਰਾਨ ਕੀਤੀ ਸੀ; ਹਾੜ ਦੇ ਮਹੀਨੇ ਵਿਚ ਤਿੰਨ ਘੰਟੇ ਬਾਹਰ ਧੁੱਪੇ ਖਲੋਣ ਦਾ ਹੁਕਮ ਦਿੱਤਾ; ਵਿਚਾਰਾ ਧੁੱਪੇ ਹੀ ਮਰ ਗਿਆ।

ਇਕ ਦਿਨ ਇਕ ਨਾਥ ਆਇਆ। ਬਾਬਾ ਜੀ ਨੇ ਬੜੀ ਸੇਵਾ ਕੀਤੀ ਅਤੇ ਮੂੰਹੋਂ ਜੋ ਉਸ ਨੇ ਆਖਿਆ, ਉਸ ਨੂੰ ਦਿੱਤਾ। ਨਾਥ ਨੇ ਕਿਹਾ, 'ਜਾਓ ਬੱਚਾ, ਜਾਓ !' ਇਸ ਕਿਹਾ, ਮਹਾਰਾਜ ਜੀ! ਜਾਣਾ ਵੀ ਨਹੀਂ ਮਿਲਦਾ। ਏਸੇ ਤਰ੍ਹਾਂ ਤਿੰਨ ਵਾਰੀ ਕਿਹਾ ਅਤੇ ਤਿੰਨੇ ਵਾਰੀ ਨਾਥ ਨੇ ਪਹਿਲਾ ਹੀ ਉੱਤਰ ਦਿੱਤਾ। ਸਭ ਕੁਝ ਖਾਧਾ ਪੀਤਾ ਗਿਆ। ਅੰਤ ਨੂੰ ਬਾਬਾ ਜੀ ਇਕ ਦਿਨ ਬਹੁਤ ਹੀ ਗੁੱਸੇ ਵਿਚ ਸਾਵਣ ਮੱਲ ਪਾਸ ਗਏ ਅਤੇ ਬਹੁਤ ਹੀ ਕੜਕਵੀਂ ਅਤੇ ਉੱਚੀ ਸੁਰ ਵਿਚ 'ਰਾਮ ਰਾਮ' ਕਿਹਾ ਅਤੇ ਪੁੱਛਿਆ ਸਾਡਾ ਕੀ ਬੰਦੋਬਸਤ ਹੈ? ਤਾਂ ਉੱਤਰ ਮਿਲਿਆ, ਹਿਸਾਬ ਦਿਓ। ਜਾਂ ਵਹੀਆਂ ਵੇਖੀਆਂ ਤਾਂ ਦੋ ਬਿੰਦੀਆਂ ਉੱਡ ਜਾਣ ਦੇ ਕਾਰਣ ੧੦੦) ਰਹਿ ਗਿਆ। ਪਰ ਬਾਬਾ ਜੀ ਨੇ ਬਹੁਤ ਹੀ ਅਯੋਗ ਉੱਤਰ ਦਿੱਤਾ, ਜਿਸ ਨੂੰ ਸੁਣ ਕੇ ਨਾਜ਼ਮ ਨੇ ਕਿਹਾ-'ਜੇ ਤੂੰ ਲੰਗੋਟੀਆ ਨਾ ਹੁੰਦੋਂ ਤਾਂ ਜ਼ਰੂਰ ਹੀ ਸਜ਼ਾ ਦਿੰਦਾ ! ਹੱਛਾ! ਹੁਣ ਜਾਹ।' ਇਹ ਗੱਲ ਇਕਾਦਸ਼ੀ ਵਾਲੇ ਦਿਨ ਹੋਈ ਸੀ।

ਕੁਦਰਤ ਅਜਿਹੀ ਹੋਈ ਕਿ ਇਕ ਪਠਾਣ ਬੜਾ ਹੀ ਹਠੀ ਕੈਦੀ ਹੋਇਆ। ਸਾਵਣ ਮੱਲ ਰੋਜ਼ ਉਸ ਨੂੰ ਧਮਕਾਵੇ ਅਤੇ ਭੇਤ ਪੁੱਛਣਾ ਚਾਹਵੇ ਪਰ ਉਹ ਨਾ ਦੱਸੇ। ਅੰਤ ਨੂੰ ਧਮਕਾਵੇ ਅਤੇ ਆਖੇ, "ਦੱਸ ਸੂਰਾ, ਦੱਸ।" ਰਵਾਜ ਸੀ ਕਿ ਕੈਦੀ ਨੂੰ ਰੋਟੀ

ਘਰੋਂ ਆਉਂਦੀ ਸੀ। ਪਠਾਣ ਰੋਜ਼ ਦੀਆਂ ਧਮਕੀਆਂ ਅਤੇ ਕੁਬੋਲਾਂ ਤੋਂ ਅੱਕ ਗਿਆ। ਵਹੁਟੀ ਨੂੰ ਕਿਹੋ ਸੁ ਕਿ ਭਲਕੇ ਮੇਰਾ ਤੁਮੰਚਾ ਭਰ ਦੇ ਕੇ ਜਾਵੀਂ। ਸੁ ਉਸ ਨੇ ਅਗਲੇ ਦਿਨ ਪੁੱਛਣ ਆਏ ਨਾਜ਼ਮ ਨੂੰ ਦਾੜ ਮਾਰਿਆ, ਕੁਝ ਦਿਨਾਂ ਮਗਰੋਂ ਸਾਵਣ ਮੱਲ ਮਰ ਗਿਆ ਅਤੇ ਮੂਲ ਰਾਜ ਉਸ ਦੀ ਥਾਂ ਹੋਇਆ।

## ਮੁਲਤਾਨ ਵਿਚ ਅੰਗਰੇਜ਼ਾਂ ਦਾ ਕਤਲ

ਜਦੋਂ ਦੋ ਅੰਗਰੇਜ਼ ਆਏ ਅਤੇ ਕਿਲ੍ਹੇ ਦਾ ਉਨ੍ਹਾਂ ਸਭ ਕੁਝ ਵੇਖ ਲਿਆ, ਤਾਂ ਮੁੜੇ ਆਉਂਦਿਆਂ ਨੂੰ ਅਜਬ ਗੱਲ ਹੋਈ। ਭੰਗਾ ਸਿੰਘ ਪੂਰਬੀਆ ਤੀਜੀ ਡਿਉਢੀ ਵਿਚ ਰਿਹਾ ਕਰਦਾ ਸੀ। ਇਕ ਬੰਨੇ ਤਲਵਾਰ ਲਟਕਦੀ ਰੱਖਦਾ ਸੀ, ਦੂਜੇ ਬੰਨੇ ਨੇਜ਼ਾ। ਜਦੋਂ ਕਿਲ੍ਹਾ ਵੇਖ ਕੇ ਕੁੰਜੀਆਂ ਲੈ ਕੇ ਬਾਹਰ ਵੱਲ ਆਏ ਤਾਂ ਮੂਲ ਰਾਜ ਵਿਚਕਾਰ ਅਤੇ ਅੰਗਰੇਜ਼ ਦੋਹੀਂ ਲਾਂਭੀ ਸਨ। ਤੀਜੀ ਕਿ ਦੂਜੀ ਡਿਉਢੀ ਆਇਆ ਕਿ ਇਕ ਅੰਗਰੇਜ਼ ਨੇ ਨਾਮ ਮਾਤਰ ਹੀ ਚਾਬਕ ਮੂਲ ਰਾਜ ਦੇ ਘੋੜੇ ਨੂੰ ਪਿੱਠ ਨੂੰ ਲਾਇਆ, ਘੋੜਾ ਚੰਗੀ ਨਸਲ ਦਾ ਹੋਣ ਕਰ ਕੇ ਚਮਕਿਆ ਅਤੇ ਭੰਗਾ ਸਿੰਘ ਨੂੰ ਗੁੱਸਾ ਆ ਗਿਆ, ਕਿ ਹੋਵੇ ਕੌਣ ਜੋ ਸਾਡੇ ਦੀਵਾਨ ਦੇ ਘੋੜੇ ਨੂੰ ਚਾਬਕ ਮਾਰੇ। ਤਲਵਾਰ ਨਾਲ ਇਕ ਨੂੰ ਤਾਂ ਪਾਰ ਬੁਲਾਇਆ ਅਤੇ ਦੂਜੇ ਨੂੰ ਨੇਜ਼ਾ ਮਾਰਿਆ ਜੋ ਮਰਿਆ ਤਾਂ ਨਾ, ਪਰ ਜ਼ਖ਼ਮੀ ਜ਼ਰੂਰ ਹੋ ਗਿਆ।

SIKHBOOKCLUB.COM

ਮੂਲ ਰਾਜ ਦੀ ਮਾਂ ਨੇ ਕਿਹਾ-ਪੁੱਤਰ! ਹੁਣ ਮਾਰਿਆ ਤਾਂ ਤੂੰ ਜਾਣਾ ਹੀ ਹੈ, ਲੜ ਕੇ ਮਰ। ਫੌਜਾਂ ਭਰਤੀ ਹੋਣ ਲੱਗ ਪਈਆਂ ਤੇ ਕਿਲ੍ਹਾ ਮਜ਼ਬੂਤ ਕਰ ਲਿਆ ਗਿਆ। ਕਈ ਮਹੀਨੇ ਕਿਲ੍ਹਾ ਸਰ ਨਾ ਹੋਇਆ। ਚਾਚੇ ਨੇ ਜਾ ਕੇ ਭੇਤ ਅੰਗਰੇਜ਼ ਨੂੰ ਜਾ ਦਿੱਤਾ ਕਿ ਫਲਾਣੇ ਥਾਂ ਤੋਂ ਮਸੀਤ ਉਤੇ ਗੋਲੇ ਮਾਰੋ। ਬਰੂਦ ਅਤੇ ਖਾਣਾ ਦਾਣਾ ਲਾਗੇ ਹੀ ਸੀ, ਗੋਲਿਆਂ ਨਾਲ ਅੱਗ ਲੱਗਣ ਨਾਲ ਸਭ ਕੁਝ ਉੱਡ ਗਿਆ। ਫੌਜ ਹੈਰਾਨ, ਸਭ ਨੂੰ ਮੌਤ ਸਾਹਮਣੇ ਦਿੱਸੇ। ਪਿਤਾ ਜੀ ਨੇ ਕੁਝ ਮੋਹਰਾਂ ਲਈਆਂ ਅਤੇ ਸਭ ਕਪੜੇ ਲਾਹ ਕੇ ਅਤੇ ਪੈਰਾਂ ਉਦਾਲੇ ਟਾਕੀਆਂ ਵਲ੍ਹੇਟ ਕੇ ਵਿਚ ਕੁਝ ਮੋਹਰਾਂ ਬੰਨ੍ਹ, ਫਸੀਲ ਉਤੋਂ ਟੱਪ ਕੇ ਬਾਹਰ ਆ ਗਏ। ਤਿੰਨ ਮੀਲ ਮੁਰਦੇ ਹੀ ਮੁਰਦੇ ਸਨ। ਫੇਰ ਫੌਜਾਂ ਦਿੱਸੀਆਂ, ਜਿਹਨਾਂ ਨੇ ਘੇਰ ਲਿਆ ਪਰ ਮਗਰੋਂ ਫਕੀਰ ਜਾਣ ਕੇ ਛੱਡ ਦਿੱਤਾ। ਦਰਿਆ ਕੰਢੇ ਆ ਕੇ ਤਰ ਕੇ ਪਾਰ ਹੋਏ ਅਤੇ ਫੇਰ ਆਪਣੇ ਰਾਹ ਪਏ।

*[ਜੋ ਕੁਝ ਰਾਂਗਾ ਰਾਮ ਨੇ ਦੱਸਿਆ ਲਿਖ ਲਿਆ, ਵਿਚਾਰ ਸਾਰਿਆਂ ਲੇਖਾਂ ਉੱਤੇ ਮਗਰੋਂ ਹੋਵੇਗੀ, ਜ਼ਰੂਰੀ ਨਹੀਂ ਕਿ ਸਭ ਸੱਚੇ ਹੋਣ ਜਾਂ ਸਭ ਝੂਠੇ ਹੀ। -ਕਰਮ ਸਿੰਘ]*

# ੧੩

# ਮਾਈ ਸਤਿਨਾਮੋ ਦਾ ਬਿਆਨ

## (੨ ਮਾਰਚ, ੧੯੦੭ ਈ: ਵੀਰਵਾਰ)

ਮਾਈ ਦੀ ਉਮਰ ਕੋਈ ੧੧੫ ਵਰ੍ਹਿਆਂ ਦੀ ਸੀ। ਇਸ ਨੂੰ ਬਥੇਰਾ ਪੁੱਛਿਆ, ਪਰ ਨਾ ਆਪਣਾ ਨਾਮ ਦੱਸੇ, ਨਾ ਪਤੀ ਦਾ ਤੇ ਨਾ ਹੀ ਸਹੁਰੇ ਦਾ। ਸਹੁਰਾ ਪਿੰਡ ਤੇ ਆਪਣੀ ਜਨਮ ਭੂਮੀ ਦਾ ਟਿਕਾਣਾ ਭੀ ਨਹੀਂ ਸੀ ਦੱਸਦੀ। ਜਦ ਮੁੜ ਮੁੜ ਪੁੱਛੀਏ ਤਾਂ ਆਖੇ, "ਉਹ ਵੇਲੇ ਹੀ ਲੱਦ ਗਏ, ਇਹ ਵੀ ਲੱਦ ਜਾਣਗੇ।" ਮੈਂ ਵੀ ਹੋਰ ਜ਼ੋਰ ਦੇਣਾ ਮੁਨਾਸਬ ਨਾ ਸਮਝਿਆ ਤੇ ਜੋ ਕੁਝ ਉਸ ਨੇ ਲਿਖਾਇਆ, ਲਿਖ ਲਿਆ :–

ਮੇਰੀ ਉਮਰ ੧੧੫ ਵਰ੍ਹਿਆਂ ਦੀ ਹੈ। ਮੇਰਾ ਸਹੁਰਾ ਸਰਕਾਰ ਦਾ ਅੰਗੀਠੀਆ ਸੀ। ਰੋਜ ਸਵੇਰੇ ਅੰਗੀਠੀ ਵਿਚ ਜੰਡ ਦੇ ਕੋਲੇ ਭਖਾ ਕੇ ਦੋ ਆਦਮੀਆਂ ਨੂੰ ਚੁਕਾਉਂਦਾ ਅਤੇ ਆਪ ਮਗਰ ਪਾਲਕੀ ਵਿਚ ਬੈਠਦਾ। ਦਰਵਾਜ਼ੇ ਉਤੋਂ ਅਵਾਜ਼ ਜਾਂਦੀ, 'ਅੰਗੀਠੀਏ ਆਏ ਹਨ।' ਹਜ਼ੂਰੀ ਵਿਚ ਬਸੰਤਰ ਦੇਵਤਾ ਨੂੰ ਲੈ ਜਾਂਦੇ। ਸਰਕਾਰ ਤਿੰਨ ਪਰਦੱਖਣਾ ਕਰਦੀ, ਫੇਰ ਦੋ ਮੋਹਰਾਂ ਦੇ ਕੇ ਮੋੜ ਦੇਂਦੀ। ਅੰਗੀਠੀ ਸਿਆਲ ਵਿਚ ਸੋਨੇ ਦੀ ਅਤੇ ਹਾੜ੍ਹ ਵਿਚ ਚਾਂਦੀ ਦੀ ਹੁੰਦੀ ਸੀ। ਇਸ ਕੰਮ ਬਦਲੇ ਸਰਕਾਰ ਨੇ ਸੱਠ ਹਜ਼ਾਰ ਦੀ ਜਗੀਰ ਵੀ ਦੇ ਛੱਡੀ ਸੀ ਜਿਸ ਵਿਚ ਵਜ਼ੀਰਾਬਾਦ, ਗੁਜਰਾਤ, ਮੁਘੇਵਾਲ, ਧਾਰੋਵਾਲ, ਸ਼ਾਦੀਵਾਲ, ਚਕਰੀਆਂ, ਚੱਕਰਾਂ, ਫੂਲਾਂ ਆਦਿ ਪਿੰਡ ਸਨ। ਮਾਂਹ, ਚੀਣਾਂ ਆਦਿ ਜੋ ਬੀਜਿਆ ਜਾਂਦਾ, ਮਾਮਲੇ (ਮਾਲੀਏ) ਵਜੋਂ ਸਾਡੇ ਘਰ ਵੀ ਆ ਜਾਂਦਾ।

ਮੈਂ ਨਕੈਣ ਪਾਸ ਰਹਿੰਦੀ ਹੁੰਦੀ ਸਾਂ, ਜੋ ਸਰਕਾਰ ਤੋਂ ਵਰ੍ਹਾ ਕੁ ਪਹਿਲਾਂ ਪੂਰੀ ਹੋ ਗਈ ਸੀ। ਮੇਰਾ ਪਤੀ ਪੰਜ ਹਜ਼ਾਰ ਫੌਜ ਦਾ ਜੀਟਣ ਸੀ। ਪੰਜ ਰੁਪਏ ਰੋਜ ਪਾਉਂਦਾ ਸੀ। ਸੁੱਖਾ ਸਿੰਘ ਹਸੋਵਾਲੀਆ (ਹਸਨਵਾਲੀਆ) ਇਹਨਾਂ ਦਾ ਬੜਾ ਮਿੱਤਰ ਸੀ। ਇਕੱਠੇ ਸ਼ਰਾਬਾਂ ਪੀਂਦੇ ਤੇ ਬੇੜੀ ਉਤੇ ਚੜ੍ਹ ਕੇ ਸੈਰ ਕਰਿਆ ਕਰਦੇ ਸਨ। ਸਾਵਣ ਵਿਚ ਚੌਦੋਂ ਵਾਲੇ ਦਿਨ ਸ਼ਰਾਬ ਵਿਚ ਕੁਝ ਪਾ ਕੇ ਬੇੜੀ ਉਤੇ ਹੀ ਮਾਰ ਦਿੱਤਾ ਗਿਆ।

 www.sikhbookclub.com

ਸਰਕਾਰ ਬਸੰਤਰ ਦੇਵਤੇ ਮਗਰੋਂ ਗਊਆਂ ਦੇ ਖੁਰਾਂ ਦਾ ਦਰਸ਼ਨ ਕਰਦੀ। ਫੇਰ ੧੧ ਬ੍ਰਾਹਮਣਾਂ ਦੀਆਂ ਕੰਜਕਾਂ ਰੋਜ਼ ਖੁਆਉਂਦੀ, ਪੈਰ ਧੁਆਉਂਦੀ ਅਤੇ ਸੋਨੇ ਦਾ ਚੌਂਕ, ਨੱਥ ਤੇ ਆਰਸੀ, ਇਕ ਬੁਦਕੀ ਅਤੇ ਪੰਜ ਭਾਂਡੇ ਪਿੱਤਲ, ਕੈਂਹ ਦੇ ਅਤੇ ਇਕ ਸੁੱਚੀ ਪੁਸ਼ਾਕ ਦੇਂਦੀ, ਜਿਸ ਵਿਚ ਗੁਲਬਦਨ ਦੀ ਸੁੱਥਣ, ਦਰਿਆਈ ਦੀ ਓਢਣੀ ਅਤੇ ਦਰਿਆਈ ਦਾ ਹੀ ਝੱਗਾ ਹੁੰਦਾ। ਫੇਰ ਰਾਜ-ਕਾਜ ਕਰਦੀ।

ਸਰਕਾਰ ਮਗਰੋਂ ਸਭ ਕੁਝ ਖੁੱਸ ਗਿਆ। ਜਦੋਂ ਅਸੀਂ ਤੀਰਥਾਂ ਨੂੰ ਗਏ ਤਾਂ ਬਨਾਰਸ ਸ਼ੇਰ ਸਿੰਘ ਦੀ ਵਹੁਟੀ ਪਾਸ ਰਹੇ ਸਾਂ। (ਪਰਤਾਪ ਸਿੰਘ ਨੂੰ ਤਾਂ ਲਹਿਣਾ ਸਿੰਘ ਨੇ ਵੱਢ ਘੱਤਿਆ ਸੀ)। ਸ਼ਿਵਦੇਵ ਸਿੰਘ ਦੋ ਵਰ੍ਹੇ ਦਾ ਸੀ, ਭੋਰੇ ਵਿਚ ਪਾ ਲਿਆ, ਸ਼ਿਵਦੇਵ ਸਿੰਘ ਬਾਂਸ-ਬਰੇਲੀ ਵਿਆਹਿਆ ਗਿਆ।

ਜਗੀਰ ਅਠਾਰਾਂ ਹਜ਼ਾਰ ਦੀ ਸੀ। ਦਲੀਪ ਸਿੰਘ ਤਾਂ ਕੁਰਾਨੀ ਹੋ ਗਿਆ, ਪਰ ਇਹ ਨਾ ਹੋਇਆ।

*[ਸੁੱਖਾ ਸਿੰਘ ਦਾ ਪਿੰਡ ਕਦੇ ਹਸਨ ਕਦੇ ਰਾਮ ਨਗਰ ਦੱਸੇ। ਆਪਣਾ ਸ਼ੈਦ 'ਕੁੰਜਾਹ' ਦੱਸਿਆ ਸੀ। ਸ਼ਿਵਦੇਵ ਸਿੰਘ ਦੀ ਸ਼ਾਦੀ ਕਦੀ ਬਾਂਸ-ਬਰੇਲੀ ਅਤੇ ਕਦੇ ਥਾਨੇਸਰ ਦੱਸੇ ]।*

SIKHBOOKCLUB.COM

## ੧੪

# ਬਿਰਧਾਂ ਦੇ ਬਿਆਨ ਨੰਬਰ ੪[1]

## ਰੁਲਦੂ ਰਾਮ ਭੁਬਾਲੀਏ ਦੀ ਜ਼ਬਾਨੀ

### (ਜੋ ਉਸ ਨੇ ਆਪਣੇ ਪਿਤਾ ਦੀ ਜ਼ਬਾਨੋਂ ਸੁਣੇ ਸਨ)

ਜਮਰੌਦ ਦੇ ਕਿਲ੍ਹੇ ਪਾਸ ਇਕ ਪਾਣੀ ਦਾ ਨਾਲਾ ਸੀ, ਜਿਸ ਨੂੰ ਸਿੰਘਾਂ ਨੇ ਡੱਕ ਲਿਆ ਅਤੇ ਬੰਨ੍ਹ ਮਾਰ ਦਿੱਤਾ ਕਿ ਪਾਣੀ ਜਮ੍ਹਾਂ ਰਹੇ, ਪਰ ਪਹਿਰੇ ਨਾ ਹੋਣ ਕਰਕੇ ਵਲੈਤੀਆਂ ਨੇ ਇਤਨੀਆਂ ਗਊਆਂ ਵੱਢ ਕੇ ਪਾ ਦਿੱਤੀਆਂ ਕਿ ਪਾਣੀ ਸੁਰਖ ਹੋ ਗਿਆ। ਸਿਪਾਹੀ ਲੱਗੇ ਔਖੇ ਹੋਣ, ਕੋਈ ਕੋਈ ਬੇਸਬਰਾ ਹੀ ਪੀਵੇ, ਬਾਕੀ ਸਭ ਤਿਹਾਏ। ਇਕ ਦਿਨ ਇਕ ਨਿਹੰਗ ਸਿੰਘ ਲੌਢੇ ਵੇਲੇ ਤੀਕ ਜਾਪ ਕਰਦਾ ਰਿਹਾ। ਜਦੋਂ ਉਠਿਆ ਤਾਂ ਅਸਮਾਨ ਵੱਲ ਦੇਖ ਕੇ ਆਖਿਆ ਕਿ ਇੰਦਰ ਸਿੰਘ ਨੂੰ ਹੁਕਮ ਕਰ ਦਿੱਤਾ ਹੈ, ਹੁਣ ਬੇਖਬਰ ਰਹੋ। ਉਸ ਤੋਂ ਥੋਹੜਾ ਚਿਰ ਮਗਰੋਂ ਹੀ ਮੋਹਲੇਧਾਰ ਮੀਂਹ ਵਰ੍ਹਿਆ, ਅਜਿਹਾ ਕਿ ਬੰਨ੍ਹ ਵੀ ਟੁੱਟ ਗਿਆ ਅਤੇ ਗੰਦਾ ਪਾਣੀ ਵੀ ਨਿਕਲ ਪਿਆ, ਲੋਕਾਂ ਨੇ ਤੰਬੂਆਂ ਦੇ ਅੰਦਰੋਂ ਹੀ ਕੌਲ ਭਰ ਭਰ ਕੇ ਪੀਤੇ, ਫੇਰ ਤਾਂ ਪਹਿਰੇ ਵੀ ਬਿਠਾ ਦਿੱਤੇ।

ਦੁਆਦਸ਼ੀ ਦਾ ਦਿਨ ਸੀ ਅਤੇ ਫੌਜ ਬੁੱਧੂ ਸ਼ਾਹ ਦੇ ਆਵੇ ਉਤਰੀ ਹੋਈ ਸੀ। ਚੁਮਾਹੇ ਫੌਜਾਂ ਦੇ ਮੁਨਸ਼ੀਆਂ ਪਾਸ ਆਏ ਹੋਏ ਸਨ ਅਤੇ ਸਾਡੇ ਪਿਤਾ ਜੀ ਨੇ ਜੋ ਬਖਸ਼ੀਸ਼ ਸਿੰਘ ਦੀ ਰਜਮੈਂਟ ਵਿਚ ਬਖਸ਼ੀ ਸਨ ਚੌਲਾਂ ਦਾ ਪਲਾ (ਪਲਾਓ) ਤਿਆਰ ਕੀਤਾ ਹੋਇਆ ਸੀ ਕਿ ਐਨ ਉਸੇ ਵੇਲੇ ਛੇ ਮਲਵਈ ਸਿੰਘ ਆਪਣੀ ਰਜਮੈਂਟ ਦੇ ਤੰਬੂ ਅੰਦਰ ਆਏ ਅਤੇ ਕਿਹਾ ਕਿ ਸਰਦਾਰ ਜੀ, ਖੁਸ਼ਹਾਲ ਦੀ ਹਵੇਲੀ ਆਪ ਨੂੰ ਯਾਦ ਕਰਦੇ ਹਨ। ਭੁੱਖੇ ਹੀ ਤੁਰ ਪਏ। ਚੁਮਾਹਿਆ ਤਾਂ ਉਹਨਾਂ ਉਥੇ ਹੀ ਲੈ ਲਿਆ, ਪਰ ਦਰਵਾਜ਼ੇ ਅੰਦਰ ਆ ਕੇ ਉਹਨਾਂ ਦੀ ਸਲਾਹ ਜਾਨੋਂ ਮਾਰਨ ਦੀ ਵੀ ਹੋ ਗਈ। ਉਹਨਾਂ ਛੇਆਂ ਭਰਾਵਾਂ ਵਿਚੋਂ ਦੋਹਾਂ ਨੇ ਕਿਹਾ ਕਿ ਜੋ ਲੈਣਾ ਸੀ, ਸੋ ਤਾਂ ਲੈ ਲਿਆ, ਹੁਣ ਜਾਨ ਨੂੰ ਕੀ ਕਰਨਾ ਹੈ, ਪਰ ਦੂਜੇ ਚਾਰ ਨਾ ਮੰਨਣ। ਅੰਤ ਨੂੰ ਉਨ੍ਹਾਂ ਦੀ ਆਪਸ ਵਿਚ ਹੀ ਬਖਾਂਧ ਹੋ ਪਈ। ਇਕ ਨੇ ਬੰਦੂਕ ਦਾ ਕੁੰਦਾ ਪੁੜਪੁੜੀ ਵਿਚ ਮਾਰਿਆ

---

*੧ ਰਸਾਲਾ ਫੁਲਵਾੜੀ, ਜੂਨ ੧੯੩੦, ਪੰਨਾ ੭੨੯।*


www.sikhbookclub.com

ਜਿਸ ਨਾਲ ਲਹੂ ਨਿਕਲਣ ਲੱਗ ਪਿਆ। ਇਹ ਵੇਖ ਕੇ ਕਿ ਉਹ ਦੋਵੇਂ ਤਾਂ ਜੁਟ ਪਏ ਹਨ, ਪਿਤਾ ਹੁਰੀਂ ਮੌਕਾ ਤਾੜ ਕੇ ਲਾਗੇ ਹੀ ਕੰਜਰੀ ਦੀ ਬੈਠਕ ਉਤੇ ਚੜ੍ਹ ਗਏ। ਓਥੋਂ ਦਿੱਲੀ ਦਰਵਾਜ਼ੇ ਆਪਣੀ ਮਾਸੀ ਦੇ ਘਰ ਜਾ ਲੁਕੇ। ਜਾਂ ਠੰਢ ਠੰਢੋਰਾ ਵਰਤਿਆ ਤਾਂ ਝਬਾਲ ਦੇ ਫੌਜੀਆਂ ਪਾਸ ਚਲੇ ਗਏ ਅਤੇ ਸਭ ਗੱਲ ਜਾ ਸੁਣਾਈ। ਅਗਲੇ ਦਿਨ ਦੋ ਮਲਵੱਈ ਉਹਨਾਂ ਵਿਚੋਂ ਘੋੜਿਆਂ ਨੂੰ ਪਾਣੀ ਡਾਹੁਣ ਲਈ ਆਏ। ਝਬਾਲੀਆਂ ਦਾ ਡੇਰਾ ਪਾਸ ਹੀ ਸੀ, ਪਛਾਣੇ ਗਏ ਅਤੇ ਬੰਨ੍ਹ ਲਏ। ਰਜਮੈਂਟ ਵਿਚ ਖਬਰ ਵੀ ਪੁਚਾ ਦਿੱਤੀ, ਸਭ ਅਸਬਾਬ ਵਾਪਸ ਮੁੜ ਆਇਆ ਅਤੇ ਭੋਗ ਪਵਾ ਕੇ ਸੁਲ੍ਹਾ ਸਫਾਈ ਕਰਾਈ।

"ਸੂਦ" ਝਬਾਲ ਦਾ ਰਹਿਣ ਵਾਲਾ ਕਾਰਦਾਰ ਸੀ। ਉਨ੍ਹੀਂ ਦਿਨੀਂ ਕਾਰਦਾਰ ਦਾ ਕੰਮ ਅੱਜ-ਕੱਲ੍ਹ ਦੇ ਪਟਵਾਰੀ ਜਿੱਡਾ ਹੁੰਦਾ, ਪਰ ਉਸ ਦੇ ਮੁਕੱਦਮ ਦੀ ਅਪੀਲ ਕੋਈ ਨਹੀਂ ਹੁੰਦੀ ਸੀ। ਖੁਸ਼ਹਾਲ ਸਿੰਘ ਜਮਾਂਦਾਰ ਬੜਾ ਲਾਲਚੀ ਸੀ। ਉਹ ਜਿਸ ਨੂੰ ਪੈਸੇ ਵਾਲਾ ਵੇਖਦਾ, ਪੈਸਾ ਖਿੱਚ ਲੈਂਦਾ। ਇਸ ਨੂੰ ਵੀ ਕਿਸੇ ਨਿਕੰਮੇ ਜਿਹੇ ਜੁਰਮ ਵਿਚ ਫੜ ਮੰਗਾਇਆ ਅਤੇ ਡਿਉੜ੍ਹੀ ਵਿਚ ਕੈਦ ਕਰ ਦਿੱਤਾ ਤਾਂ ਕਿ ਆਉਂਦਿਆਂ ਜਾਂਦਿਆਂ ਨਜ਼ਰ ਹੇਠ ਰਹੇ। ਵੱਡੇ ਵੱਡੇ ਮੁਰਗੇ ਡਿਉੜ੍ਹੀ ਵਿਚ ਕੈਦ ਕਰਦਾ ਹੁੰਦਾ ਸੀ। ਪਹਿਲੋਂ ਕਿਹਾ ਕਿ ਹਜ਼ਾਰ ਦੇਵੇਂ ਤਾਂ ਛੁਟਕਾਰਾ ਹੁੰਦਾ ਹੈ। ਜਦ ਉਹ ਹਜ਼ਾਰ ਮਿਲ ਗਿਆ ਤਾਂ ਹਜ਼ਾਰ ਹੋਰ ਮੰਗ ਲਿਆ। ਗੱਲ ਕੀ, ਗਰੀਬ ਪਾਸੋਂ ਚਾਰ ਹਜ਼ਾਰ ਖਿੱਚਿਆ ਪਰ ਛੱਡਿਆ ਅਜੇ ਵੀ ਨਾ। ਉਸ ਨੇ ਪੁੱਤਰ ਨੂੰ ਤੋਰ ਦਿੱਤਾ ਕਿ ਕੀ ਪਤਾ ਹੈ ਮੈਂ ਬਚਾਂ ਜਾਂ ਨਾ ਬਚਾਂ, ਤੁਸੀਂ ਤਾਂ ਜਾਓ ! ਲਾਲ ਸਿੰਘ ਚਾਚੇ ਦੇ ਪੁੱਤਰ ਭਰਾ ਨੇ ਜਮਾਂਦਾਰ ਦੀਆਂ ਗੋਲੀਆਂ ਅਤੇ ਬਾਂਦੀਆਂ ਨੂੰ ਰੁਪਿਆ ਦੇ ਕੇ ਇਸ ਕੰਮ ਲਈ ਤਿਆਰ ਕਰਵਾਇਆ ਕਿ ਜਦੋਂ ਮੌਕਾ ਮਿਲੇ ਝਬਾਲੀਏ ਨੂੰ ਛੁਡਾ ਦਿੱਤਾ ਜਾਵੇ। ਓਦੋਂ ਹੀ ਜਮਾਂਦਾਰ ਬੀਮਾਰ ਹੋ ਕੇ ਮਰ ਗਿਆ ਅਤੇ ਰਾਣੀਆਂ ਸਤੀਆਂ ਨੇ ਸਤੀ ਹੋਣ ਦੇ ਪੁੰਨ ਵਿਚ ਡਿਉੜ੍ਹੀ ਦੇ ਕੈਦੀ ਛੱਡ ਦਿੱਤੇ। ਮਗਰਲਿਆਂ ਨੂੰ ਮਗਰੋਂ ਪਤਾ ਲੱਗਾ ਕਿ ਵੱਡੀਆਂ ਸਾਮੀਆਂ ਤਾਂ ਛੁੱਟ ਗਈਆਂ, ਬੜਾ ਨੁਕਸਾਨ ਹੋਇਆ, ਫੇਰ ਫੜੇ ਜਾਣ ਦਾ ਹੁਕਮ ਹੋਇਆ ਪਰ ਹੁਣ ਕਾਬੂ ਕੌਣ ਆਉਂਦਾ ਸੀ ? ਜਦੋਂ ਆਦਮੀ ਆਵੇ ਤਾਂ ਪਿੰਡ ਦੇ ਆਖ ਛੱਡਣ ਮਾਲਵੇ ਵਿਚ ਆਪਣੇ ਸਹੁਰੇ ਘਰ ਹੋਇਆ ਹੈ। ਚਾਰ ਪੰਜ ਵਾਰ ਆਦਮੀ ਆ ਕੇ ਮੁੜ ਗਿਆ। ਜ਼ੁਲਮ ਅਤੇ ਇਤਫਾਕ ਦਾ ਪੂਰਾ ਨਮੂਨਾ ਹੈ।

SIKHBOOKCLUB.COM

## ੧੫

# ਇਕ ਮੁਸਲਮਾਨ ਪਿੰਡ ਅਕਾਲਗੜ੍ਹ ਦਾ ਬਿਆਨ

ਸਿੱਖ ਅਕਾਲਗੜ੍ਹ ਵਧ ਆਏ ਸਨ, ਗਿਰਦੇ ਦੇ ਸਭ ਬੁਰਜ ਰੋਕ ਬੈਠੇ। ਕਰਮ ਨਰੈਣ ਨੂੰ ਫੜ ਲੈ ਗਏ ਕਿ ਸਾਨੂੰ ਮਦਦ ਦੇਹ। ਉਹ ਆਪਣਾ ਸਭ ਪ੍ਰਵਾਰ ਲੈ ਕੇ ਜਾ ਰਲਿਆ। ਫੇਰ ਪਿੰਡ ਦਾਦਨ ਖਾਂ ਘੱਲ ਦਿੱਤਾ ਕਿ ਲੂਣ ਦੀ ਖਾਨ ਉਤੇ ਰਹੇ ਅਤੇ ਵੇਚ ਵੇਚ ਕੇ ਰੁਪਏ ਘੱਲਿਆ ਕਰੇ। ਅੰਗਰੇਜ਼ ਸਹਾਰਨਪੁਰ ਆ ਉਤਰੇ। ਅਗਲੇ ਦਿਨ ਉਹਨਾਂ ਦੀ ਇਕ ਬਿਕਟ ਆਈ ਅਤੇ ਪਿੰਡ ਦੇ ਚੁਤਰਫੀਂ ਫਿਰ ਕੇ ਚਲਦੀ ਗਈ। ਬੁਰਜ ਵਿਚ ਦੇ ਇਕ ਸਿੱਖ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਫਰੰਗੀਆਂ ਦੀ ਬਿਕਟ ਨੂੰ ਪਤਾ ਲੱਗ ਗਿਆ ਕਿ ਸਿੱਖ ਇਥੇ ਵੀ ਹਨ। ਉਹ ਗਿਰਦੇ ਫਿਰਦੇ ਮੁੜ ਗਏ।

ਐਨ ਅੱਧੀ ਰਾਤ ਵੇਲੇ ਸਿੱਖ ਬੁਰਜ ਛੱਡ ਕੇ ਪਿੱਛੇ ਹਟ ਗਏ। ਦੋ ਵਜੇ ਅੰਗਰੇਜ਼ ਸਹਾਰਨਪੁਰੋਂ ਤੁਰ ਅਤੇ ਤੜਕੇ ਹੀ ਰਾਮ ਨਗਰ ਲੜਾਈ ਜਾ ਲੱਗੀ। ਤੋਪਾਂ ਦਾ ਇਕੱਠਾ ਹੀ ਰਾਬਾ ਸੁਣੀਂਦਾ ਸੀ।

ਮੈਂ ਇਕ ਆਦਮੀ ਨੂੰ ਮਿਲਣ ਵਾਸਤੇ, ਜੋ ਕਰਮ ਨਰੈਣ ਨਾਲ ਸੀ, ਪੱਬੀ ਉਤੇ ਗਿਆ; ਅੱਗੇ ਕੀ ਵੇਖਦਾ ਹਾਂ ਕਿ ਛੋਲਦਾਰੀਆਂ ਵੀ ਹਨ, ਬਜ਼ਾਰ ਵੀ ਹੈ, ਦੋ ਤੋਪਾਂ ਕਰੀਰਾਂ ਦੇ ਮੁੱਢਾਂ ਵਿਚ ਨਰੜੀਆਂ ਹੋਈਆਂ ਵੀ ਹਨ ਅਤੇ ਮੂੰਹ ਫਰੰਗੀਆਂ ਵੱਲ ਹੈ। ਮੈਂ ਤੋਪਾਂ ਪਾਸ ਕਿਤਨਾ ਚਿਰ ਖੜ੍ਹਾ ਰਿਹਾ ! ਅੰਤ ਨੂੰ ਇਕ ਤੰਬੂ ਵੱਲ ਵਧਿਆ, ਜਿਸ ਵਿਚ ਇਕ ਸਿੱਖ ਸਰਦਾਰ ਵੇਖਿਆ। ਪੁੱਛਣ 'ਤੇ ਪਤਾ ਲੱਗਾ ਕਿ ਕਰਮ ਨਰੈਣ, ਪਿੰਡ ਦਾਦਨ ਖਾਨ ਹੈ। ਮੈਂ ਉਧਰ ਵੱਲ ਨੂੰ ਹੀ ਹੋਇਆ।

ਪੱਤਣ ਵੱਲ ਤੁਰਿਆ ਜਾਂਦਾ ਸੀ ਕਿ ਅੱਗੋਂ ਇਕ ਅਰਾਈਂ ਅਤੇ ਇਕ ਅਰਾਇਣ ਨੇ ਆ ਖਬਰ ਦਿੱਤੀ ਜੋ ਸਵੇਰੇ ਅਸੀਂ ਪਾਰੋਂ ਗਾਜਰਾਂ ਵੇਚਣ ਆਏ ਸਾਂ, ਜਾਂ ਹੁਣ ਪਾਰ ਜਾਣ ਲੱਗੇ ਤਾਂ ਅੱਗੇ ਕੋਈ ਬੇੜੀ ਨਾ ਵੇਖੀ। ਪਤਾ ਲੱਗਾ ਹੈ ਕਿ ਸਿੰਘ ਸਭ ਧੂਹ ਕੇ ਜੇਹਲਮ ਹੇਠ ਲੈ ਗਏ ਹਨ। ਗੱਲ ਕਾਹਦੀ, ਜੇਹਲਮੋਂ ਜਾ ਕੇ ਲੰਘਿਆ: ਰਾਤ ਡਾਚੀਆਂ ਵਾਲਿਆਂ ਪਾਸ ਰਿਹਾ, ਦਿਨੇ ਗਾਜਰਾਂ ਹੀ ਖਾਧੀਆਂ ਅਤੇ ਰਾਤ ਨੂੰ ਵੀ ਇਕ ਪਿੰਡ ਗਾਜਰਾਂ ਹੀ ਉਬਾਲ ਕੇ ਖਾਧੀਆਂ। ਅਗਲੇ ਦਿਨ ਪਿੰਡ ਦਾਦਨ ਖਾਂ ਅੱਪੜਿਆ। ਆਦਮੀ ਕਿਲ੍ਹੇ ਵਿਚ ਰਹਿੰਦੇ ਸਨ। ਸਾਥੀ ਨੂੰ ਮਿਲ ਕੇ ਅਗਲੇ ਦਿਨ ਫੇਰ ਮੁੜਿਆ ਦੋ ਦਿਨ ਰਾਹ ਵਿਚ ਲੱਗੇ। ਤੀਜੇ ਦਿਨ ਰਾਮ ਨਗਰ ਦੇ ਪੱਤਣ ਆ ਗਿਆ। ਅੱਗੇ ਬੰਬਈ ਬੇੜਾ ਜਲਦੀ ਜਲਦੀ ਲੰਘ ਰਿਹਾ ਸੀ, ਜੋ ਜਾਂਦਾ ਹੀ ਗੁਜਰਾਤੇ ਲੜਿਆ।

 www.sikhbookclub.com

# ੧੬

# ਰਾਮ ਸਿੰਘ ਚੋਪੜਾ ਭਰਾ ਮੂਲ ਰਾਜ ਦਾ ਬਿਆਨ

## (ਅਕਾਲਗੜ੍ਹ)

ਦੀਵਾਨ ਸਾਵਣ ਮੱਲ ਦਾ ਇਨਸਾਫ ਜ਼ਮਾਨੇ ਵਿਚ ਨੌਸ਼ੇਰਵਾਂ ਵਾਂਗ ਮਸ਼ਹੂਰ ਸੀ। ਕੁਝ ਮਸਾਲਾਂ ਇਹ ਹਨ :-

(੧) ਜਦੋਂ ਦੀਵਾਨ ਜੀ ਸੁਜਾਹ ਅਬਾਦ ਗਏ ਜਿਥੋਂ ਦਾ ਹਾਕਮ ਦੀਵਾਨ ਜੀ ਦਾ ਵੱਡਾ ਪੁੱਤਰ ਸੀ ਤਾਂ ਹੁਕਮ ਗੰਨੇ ਲਿਆਉਣ ਦਾ ਦਿੱਤਾ। ਓਦੋਂ ਜੋ ਚੀਜ਼ ਲਈ ਜਾਂਦੀ ਸੀ, ਵਾਰੀ ਨਾਲ ਹੀ ਲਈ ਜਾਂਦੀ ਸੀ, ਮੁਹੱਸਲ ਜਿਸ ਪਾਸੋਂ ਪਹਿਲੋਂ ਗੰਨੇ ਲਏ, ਨੇ ਅਰਜ਼ ਕੀਤੀ ਅਤੇ ਮੁਹੱਸਲ ਨੇ ਆਖ ਦਿੱਤਾ ਕਿ ਆਪ ਦੇ ਪੁੱਤਰ ਦੇ ਹੁਕਮ ਨਾਲ ਹੀ ਲਿਆਇਆ ਹਾਂ। ਪੁੱਤਰ ਤੜੱਕ ਕੈਦ ਕੀਤਾ ਗਿਆ। ਅੱਠ ਪਹਿਰ ਮਗਰੋਂ ਕੁਝ ਭਲੇ ਮਾਣਸਾਂ ਦੇ ਕਹਿਣ ਕਰ ਕੇ ਛੱਡਿਆ ਤਾਂ ਉਹ ਪਿੰਡ ਆ ਕੇ ਛੇ ਮਹੀਨਿਆਂ ਮਗਰੋਂ ਮਰ ਗਿਆ।

(੨) ਰਾਜਾ ਧਿਆਨ ਸਿੰਘ, ਦੀਵਾਨ ਜੀ ਨਾਲ ਸਦਾ ਹੀ ਖੌਰ੍ਹ ਰੱਖਦਾ ਸੀ ਅਤੇ ਮੁਲਤਾਨ ਦੀ ਦੀਵਾਨੀ ਉਹ ਕਿਸੇ ਆਪਣੇ ਨੂੰ ਦਿਵਾਉਣੀ ਚਾਹੁੰਦਾ ਸੀ। ਸ਼ਿਕਾਇਤ ਕੀਤੀ ਗਈ ਕਿ ਹਜ਼ੂਰ ਦਾ ਮੁਲਕ ਲੁੱਟ ਖਾਧਾ ਹੈ, ਆਪ ਜਾ ਕੇ ਹਿਸਾਬ ਦੀ ਪੜਤਾਲ ਕਰੋ। ਜਦੋਂ ਮਹਾਰਾਜਾ ਪਿੰਡੀ ਭੱਟੀਆਂ ਦੀ ਆਇਆ ਤਾਂ ਵਪਾਰੀ ਮਾਖਿਓਂ ਦਾ ਭਰਿਆ ਹੋਇਆ ਮਸ਼ਕੀਜਾ ਨਜ਼ਰ ਲੈ ਕੇ ਆਏ ਅਤੇ ਬਾਕੀ ਦੇ ਕੁੱਪੇ ਖੂਹ ਉਤੇ ਹੀ ਛੱਡ ਆਏ। ਮਹਾਰਾਜਾ ਨੇ ਕਿਹਾ ਕਿ ਉਹਨਾਂ ਨੂੰ ਤਾਂ ਮਗਰੋਂ ਕੁੱਤੇ ਪਾੜ ਜਾਣਗੇ, ਤੁਸਾਂ ਆਦਮੀ ਛੱਡ ਆਉਣਾ ਸੀ ! ਵਪਾਰੀਆਂ ਕਿਹਾ, ਮਹਾਰਾਜਾ ਜੀ! ਜਿਥੇ ਦੀਵਾਨ ਸਾਵਣ ਮੱਲ ਦਾ ਰਾਜ ਹੈ ਉਥੇ ਕੁੱਤੇ ਬਿੱਲੇ ਆ ਕੇ ਕਦ ਨੁਕਸਾਨ ਕਰ ਸਕਦੇ ਹਨ !

(੩) ਬੁਖਾਰੇ ਦੇ ਵਪਾਰੀ ਦੀ ਇਕ ਖੱਚਰ ਦੀ ਖੁਰਜੀ ਘਾਹ ਦੇ ਜੰਗਲ ਵਿਚ ਗੁਆਚ ਗਈ। ਉਸ ਨੇ ਅਰਜ਼ ਕੀਤੀ ਤਾਂ ਰੁਪਿਆ ਉਸ ਨੂੰ ਗਿਣ ਕੇ ਦੇ ਦਿੱਤਾ, ਜਦੋਂ ਘਾਹ ਸੜਿਆ ਅਤੇ ਉਹ ਖੁਰਜੀ ਲੱਭੀ ਤਾਂ ਦੋ ਆਦਮੀਆਂ ਦੇ ਹੱਥ ਬੁਖਾਰੇ ਘੱਲੀ ਗਈ। ਉਥੋਂ ਦੇ ਹਾਕਮ ਨੇ ਸਿਰਪਾਉ ਬੜਾ ਕੀਮਤੀ ਘੱਲਿਆ। ਦੀਵਾਨ ਮਹਾਰਾਜ ਨੂੰ ਵੀ ਖਬਰ ਹੋਈ। ਅਖਵਾ ਘੱਲਿਆ......ਦੀਵਾਨ ਜੀ ਨੇ ਉੱਤਰ ਦਿੱਤਾ,

 www.sikhbookclub.com

ਰੁਪਿਆ ਕੀ ਚੀਜ਼ ਹੈ ! ਆਪੋ ਵਿਚ ਦੇ ਮਾਲ ਦਾ ਜੋ ਗੱਫਾ ਹੈ, ਉਹ ਸਭ ਨਾਲੋਂ ਵੱਡਾ ਹੈ, ਸੋ ਉਹ ਆਪ ਨੂੰ ਮਿਲ ਚੁਕਾ ਹੈ।

ਜਦੋਂ ਮੂਲ ਰਾਜ ਦੀਵਾਨੀ ਦੇਣ ਵਾਸਤੇ ਲਾਹੌਰ ਗਿਆ ਸੀ ਤਾਂ ਆਪਣੀ ਸਾਰੀ ਫੌਜ ਨੂੰ ਹਟਾ ਗਿਆ ਸੀ। ਫੌਜ ਖਾਸ ਈਦਗਾਹ ਵਾਲੀ, ਨਸੀਬਾ ਵਾਲੀ, ਗੋਰਖਿਆਂ ਵਾਲੀ ਵਿਚੋਂ ਕੋਈ ਆਦਮੀ ਨਹੀਂ ਰਿਹਾ ਸੀ, ਕੇਵਲ ਪਹਿਰੇ ਵਾਸਤੇ ਥੋੜ੍ਹੇ ਜਿਹੇ ਆਦਮੀ ਲਏ ਸਨ। ਜਦੋਂ ਅੰਗਰੇਜ਼ ਆਏ ਅਤੇ ਮਾਰੇ ਗਏ, ਤਾਂ ਦੀਵਾਨ ਰਾਮ ਰੰਗ ਅਤੇ ਦੇਵੀ ਦਿੱਤਾ ਮੁਸਾਹਿਬ (ਇਥੋਂ ਦਾ ਹੀ ਸੀ) ਤਿੰਨੇ ਅੰਗਰੇਜ਼ਾਂ ਨੂੰ ਮਿਲਣ ਚੱਲੇ, ਪਰ ਰਾਹ ਵਿਚ ਭਗੀਰਥ ਨਾਮੀ ਹਿੰਦੁਸਤਾਨੀ ਨੇ ਵਾਗ ਫੜ ਲਈ ਅਤੇ ਜਦੋਂ ਕਿਹਾ ਕਿ ਤੁਸਾਂ ਅੱਗੇ ਹੀ ਕੰਮ ਖਰਾਬ ਕਰ ਦਿੱਤਾ ਹੈ ਤਾਂ ਉਸ ਨੇ ਰੰਗ ਰਾਮ ਨੂੰ ਜ਼ਖ਼ਮੀ ਕੀਤਾ ਅਤੇ ਦੀਵਾਨ ਦੀ ਵਾਗ ਫੜ ਕੇ ਲੈ ਗਏ।

ਪਹਿਲੀ ਲੜਾਈ ਵਿਚ ਮੁਸਤਫਾ ਖਾਂ, ਸਾਦਕ ਖਾਂ, ਮੁਹੰਮਦ ਆਦਿਕ ਪਠਾਣ ਸਵਾਰਾਂ ਦੇ ਅਫਸਰ ਅੰਗਰੇਜ਼ਾਂ ਨਾਲ ਰਲ ਗਏ ਅਤੇ ਸਿਰਾਂ ਵਿਚ ਸ਼ਰੀਂਹ ਦੀਆਂ ਟਾਹਣੀਆਂ ਟੰਗ ਕੇ ਜਾ ਰਲੇ, ਇਹ ਨਿਸ਼ਾਨੀ ਸੀ ਕਿ ਕੋਈ ਸਾਨੂੰ ਦੁਸ਼ਮਣ ਨਾ ਸਮਝੇ। ਫੌਜ ਤਾਂ ਪਾਸ ਕੋਈ ਨਹੀਂ ਸੀ ਜੋ ਮਾੜੇ ਦਾ ਆਵੇ, ਨੌਕਰ ਰੱਖ ਲਈਏ। ਆਈ ਚਲਾਈ ਵਾਲਾ ਮਾਮਲਾ ਹੀ ਸੀ। ਅੜਦਲ ਦੀਆਂ ਤੋਪਾਂ ਅਫਸਰ ਬੱਬਰ ਅਲੀ ਅਤੇ ਕਿਲ੍ਹੇ ਦੀਆਂ ਦੇ ਗੋਲੰਦਾਜ਼ ਹਿੰਦੂ ਸਿੰਘ ਅਤੇ ਲਾਇਕ ਰਾਮ ਮਸ਼ਹੂਰ ਸਨ।

SIKHBOOKCLUB.COM

## ੧੭

# ਬਿਰਧਾਂ ਦੇ ਬਿਆਨ ਨੰਬਰ ਪ[1]

ਕੁਝ ਕੁ ਸੱਜਣਾਂ ਨੇ ਪੁੱਛ ਕੀਤੀ ਹੈ ਕਿ ਜਿਨ੍ਹਾਂ ਬਿਰਧਾਂ ਦੇ ਬਿਆਨ ਦਿੱਤੇ ਜਾ ਰਹੇ ਹਨ, ਉਨ੍ਹਾਂ ਦੀ ਉਮਰ ਵੀ ਦੱਸ ਦਿੱਤੀ ਜਾਇਆ ਕਰੇ। ਮੈਂ ਐਸਾ ਕਰਨ ਦੀ ਕੁਝ ਲੋੜ ਨਹੀਂ ਸਮਝਦਾ, ਕਿਉਂ ਜੁ ਮੈਂ ਕੇਵਲ ਉਹਨਾਂ ਬਿਰਧਾਂ ਪਾਸੋਂ ਹੀ ਹਾਲ ਪੁੱਛੇ ਸਨ, ਜਿਨ੍ਹਾਂ ਲਾਹੌਰ ਦਰਬਾਰ ਦੀ ਨੌਕਰੀ ਕੀਤੀ ਸੀ ਅਤੇ ਜਿਨ੍ਹਾਂ ਸਾਰੇ ਹਾਲ ਆਪਣੀ ਅੱਖੀਂ ਵੇਖੇ ਹੋਏ ਸਨ। ਇਹ ਉਸ ਸਮੇਂ ਤੋਂ ਸੱਠ ਪੈਂਹਠ ਵਰ੍ਹੇ ਪਹਿਲਾਂ ਦੀਆਂ ਗੱਲਾਂ ਸਨ ਤੇ ਨੌਕਰ ਹੋਣ ਵੇਲੇ ਕਿਸੇ ਦੀ ਉਮਰ ਵੀਹ ਵਰ੍ਹੇ ਤੋਂ ਤਾਂ ਘੱਟ ਕੀ ਹੋਣੀ ਹੈ ! ਸੁ ਜਦ ਮੈਂ ਹਾਲ ਇਕੱਠੇ ਕੀਤੇ ਸਨ, ਓਦੋਂ ਹਰ ਇਕ ਬਿਰਧ ਦੀ ਉਮਰ ੯੦ ਵਰ੍ਹੇ ਦੇ ਏੜ-ਗੇੜ ਹੀ ਹੋਵੇਗੀ। ਉਮਰ ਵੱਲ ਧਿਆਨ ਕਰਨ ਦੀ ਕੋਈ ਲੋੜ ਨਹੀਂ, ਵੇਖਣ ਵਾਲੀ ਗੱਲ ਕੇਵਲ ਇਹ ਹੈ ਕਿ ਜੋ ਕੁਛ ਉਹ ਦੱਸ ਰਿਹਾ ਹੈ ਉਹ ਅੱਖੀਂ ਡਿੱਠੇ ਤੇ ਹੱਡੀਂ ਵਾਪਰੇ ਹਾਲ ਹਨ। ਇਸ ਲਈ ਇਹ ਬਿਆਨ ਖਾਸ ਮੁੱਲ ਰੱਖਦੇ ਹਨ ਅਤੇ ਆਮ ਇਤਿਹਾਸਾਂ ਨਾਲੋਂ ਇਹਨਾਂ ਦੀ ਗਵਾਹੀ ਵਧੇਰੇ ਮਾਨਯੋਗ ਹੈ।

ਦੂਜੀ ਗੱਲ ਇਹ ਹੈ ਕਿ ਜਦ ਮੈਂ ਇਹ ਹਾਲ ਇਕੱਠੇ ਕੀਤੇ ਸਨ ਤਾਂ ਲਾਹੌਰ ਦਰਬਾਰ ਸੰਬੰਧੀ ਜੋ ਕੁਝ ਇਤਿਹਾਸਾਂ ਵਿਚ ਦਿੱਤਾ ਹੋਇਆ ਸੀ, ਉਹ ਸਭ ਕੁਝ ਮੈਂ ਪੜ੍ਹ ਵੀ ਚੁਕਿਆ ਹੋਇਆ ਸਾਂ ਅਤੇ ਬਿਰਧਾਂ ਪਾਸੋਂ ਮੈਂ ਨਵੀਆਂ ਗੱਲਾਂ ਹੀ ਮਲੂਮ ਕਰਨੀਆਂ ਚਾਹੁੰਦਾ ਸਾਂ, ਜੋ ਇਤਿਹਾਸਾਂ ਵਿਚ ਨਹੀਂ ਆਈਆਂ ਸਨ। ਇਸ ਲਈ ਮੈਂ ਕੇਵਲ ਉਹੋ ਗੱਲਾਂ ਨੋਟ ਕੀਤੀਆਂ ਜੋ ਮੇਰੇ ਲਈ ਨਵੀਆਂ ਸਨ। ਹੋਰ ਸਭ ਹਾਲ ਮੈਂ ਛੱਡ ਦਿੱਤੇ ਸਨ ਅਤੇ ਕੇਵਲ ਯਾਦਦਾਸ਼ਤ ਵਾਸਤੇ ਸੰਖੇਪ ਜਿਹੇ ਨੋਟ ਲਿਖ ਲਏ ਸਨ। ਭਾਵੇਂ ਆਮ ਆਦਮੀਆਂ ਲਈ ਇਹ ਨੋਟ ਰਸਦਾਇਕ ਨਹੀਂ ਹੋ ਸਕਦੇ, ਪਰ ਉਸ ਸਮੇਂ ਦੇ ਹਾਲਾਂ ਦੇ ਖੋਜੀ ਲਈ ਇਹਨਾਂ ਦਾ ਬਹੁਤ ਮੁੱਲ ਹੈ ਤੇ ਇਕ ਇਕ ਸਤਰ ਇਕ ਇਕ ਅਧਿਆਇ ਦੇ ਤੁੱਲ ਹੈ। ਬਾਬਾ ਦੇਵਾ ਸਿੰਘ ਦਾ ਬਿਆਨ ਜੋ ਮੈਂ ਅੱਗੇ ਦਿੱਤਾ ਹੈ, ਉਸ ਵਿਚ ਆਉਂਦਾ ਹੈ:-

"ਜਦੋਂ ਮਹਾਰਾਜਾ ਖੜਕ ਸਿੰਘ ਜੀ ਨੂੰ ਸਸਕਾਰਨ ਗਏ ਤਾਂ ਸਾਡੀ ਪੜਤਲ

---

*੧ ਰਸਾਲਾ ਫੁਲਵਾੜੀ, ਜੁਲਾਈ ੧੯੩੦, ਪੰਨਾ ੮੨੭।*


www.sikhbookclub.com

ਨੌਨਿਹਾਲ ਸਿੰਘ ਦੀ ਅੜਦਲ ਵਿਚ ਸੀ। ਸਸਕਾਰ ਕਰ ਕੇ ਨਾਲਾ ਲੰਘੇ ਤੇ ਹੱਥ ਮੂੰਹ ਧੋ ਕੇ ਦਰਵਾਜ਼ੇ ਹੇਠ ਆਏ ਤਾਂ ਛੱਜਾ ਡਿੱਗਾ, ਘੁੱਟ ਕੇ ਮਾਰ ਸੁੱਟਿਆ ਪਰ ਲੁਕਾ ਰਖਿਆ। ਗੱਲ ਇਹ ਸੀ ਕਿ ਸਸਕਾਰ ਨਾਲੇ ਤੋਂ ਪਾਰ ਕੀਤਾ ਗਿਆ ਸੀ; ਸਸਕਾਰ ਅਸਥਾਨ ਤੋਂ ਵਾਪਸ ਹੋ ਕੇ ਜਦ ਕੰਵਰ ਨੌਨਿਹਾਲ ਸਿੰਘ ਜੀ ਨਾਲਾ ਲੰਘੇ, ਤਾਂ ਨਾਲੇ ਉਥੇ ਹੱਥ ਮੂੰਹ ਧੋਤਾ ਅਤੇ ਫੇਰ ਕਿਲ੍ਹੇ ਵੱਲ ਆਏ, ਉਥੇ ਭਾਣਾ ਵਰਤਿਆ। ਬਾਬਾ ਦੇਵਾ ਸਿੰਘ ਜੀ ਦਾ ਖਿਆਲ ਹੈ ਕਿ ਕੰਵਰ ਜੀ ਨੂੰ ਗਲ ਘੁੱਟ ਕੇ ਮਾਰ ਦਿੱਤਾ ਗਿਆ।

*ਮੈਂ ਇਹ ਬਿਆਨ ਆਮ ਆਦਮੀਆਂ ਦੇ ਰਸ ਦੀ ਖਾਤਰ ਨਹੀਂ ਦੇ ਰਿਹਾ, ਬਲਕਿ ਇਸ ਲਈ ਕਿ ਕਿਸੇ ਇਤਿਹਾਸ ਖੋਜੀ ਦੇ ਕੰਮ ਆ ਜਾਣ। ਮੇਰਾ ਖਿਆਲ ਹੈ ਕਿ ਇਸ ਵੇਲੇ ਪੰਜਾਬ ਵਿਚੋਂ ਸ਼ਾਇਦ ਹੀ ਕੋਈ ਆਦਮੀ ਮਿਲੇ ਜਿਸ ਨੇ ਲਾਹੌਰ ਦਰਬਾਰ ਦੇ ਹਾਲ ਆਪਣੀ ਅੱਖੀਂ ਵੇਖੇ ਹੋਣ ! ਅੱਜ ਤੋਂ ਪੰਝੀ ਵਰ੍ਹੇ ਪਹਿਲਾਂ ਜੋ ਆਦਮੀ ਮਿਲ ਸਕਦੇ ਸਨ, ਉਨ੍ਹਾਂ ਨੂੰ ਮੈਂ ਪਿੰਡ ਪਿੰਡ ਫਿਰ ਕੇ ਲੱਭਾ ਸੀ ਤੇ ਉਹਨਾਂ ਨਾਲ ਗੱਲਾਂ ਬਾਤਾਂ ਕਰ ਕੇ ਇਹ ਨੋਟ ਕੀਤੇ ਸਨ, ਹੁਣ ਉਹ ਸਾਰੇ ਬਿਰਧ ਬਾਬੇ ਗੁਜ਼ਰ ਚੁਕੇ ਹੋਣਗੇ। ਹੁਣ ਸੌ ਜਤਨ ਕੀਤਿਆਂ ਵੀ ਉਹ ਹਾਲ ਨਹੀਂ ਲੱਭ ਸਕਦੇ, ਜੋ ਇਹਨਾਂ ਬਿਆਨਾਂ ਦੀ ਸ਼ਕਲ ਵਿਚ ਮੈਂ ਪ੍ਰਕਾਸ਼ਤ ਕਰਵਾ ਰਿਹਾ ਹਾਂ। ਮੈਂ ਫਿਰ ਕਹਿੰਦਾ ਹਾਂ ਕਿ ਇਹ ਬਿਆਨ ਖਾਸ ਮੁੱਲ ਰੱਖਦੇ ਹਨ ਅਤੇ ਇਹ ਕੋਈ ਐਸੀ ਵੈਸੀ ਚੀਜ਼ ਨਹੀਂ ਹਨ। (ਕਰਮ ਸਿੰਘ)*

## ਬਿਆਨ ਬਾਬਾ ਦੇਵਾ ਸਿੰਘ ਜੀ

**(ਪਿੰਡ ਬ੍ਰਹਮਪੁਰਾ, ਤਹਿਸੀਲ ਤਰਨ ਤਾਰਨ)**

ਮੈਂ ਮਹਾਰਾਜਾ ਖੜਕ ਸਿੰਘ ਜੀ ਦੇ ਵੇਲੇ ਨੌਕਰ ਹੋਇਆ ਸਾਂ। ਅਸੀਂ ਪਹਿਲਾਂ ਤਾਂ ਅੰਮ੍ਰਿਤਸਰ ਰਹੇ, ਫੇਰ ਦੁਸਹਿਰਾ ਕਰ ਕੇ ਲਾਹੌਰ ਨੂੰ ਚਲੇ। ਪਹਿਲਾਂ ਤਾਂ ਸਾਡੀ ਇਕ ਪੜਤਲ ਮਹਾਰਾਜਾ ਖੜਕ ਸਿੰਘ ਨੇ ਹੀ ਰੱਖੀ ਸੀ, ਪਰ ਮਗਰੋਂ ਚਾਰ ਹੋ ਜਾਣ ਕਰਕੇ ਤੇ ਮਾਨਾਂਵਾਲੀਆਂ ਦੇ ਤਹਿਤ ਹੋਣ ਕਰਕੇ, ਚਾਰ ਪੜਤਲਾਂ ਮਾਨਾਂਵਾਲੀਆਂ ਵੱਜਣ ਲੱਗ ਪਈਆਂ। ਜਦ ਅਸੀਂ ਪੁਲ ਕੰਜਰੀ ਪਾਸ ਅੱਪੜੇ ਤਾਂ ਕਰਨੈਲ ਅਮੀਰ ਸਿੰਘ ਮਾਨ, ਸ਼ਿਕਾਰ ਖੇਡਣ ਪਾਸ ਦੇ ਜੰਗਲ ਵਿਚ ਚਲਿਆ ਗਿਆ, ਅੱਗੇ ਸਹਿਆ ਨਿਕਲਿਆ, ਪਿੱਛੇ ਇਸ ਨੇ ਘੋੜਾ ਛੱਡਿਆ। ਨੇੜ ਨਾਲ ਘੋੜੇ ਦਾ ਪੈਰ ਚੂਹੇ ਦੀ ਕੋਰ ਉਤੇ ਆਉਣ ਕਰਕੇ ਇਹ ਡਿੱਗ ਪਿਆ ਤੇ ਲੱਤ ਉਤੇ ਜਰਬ ਆਈ, ਜਿਸ ਕਰਕੇ ਵੀਹ ਕੁ ਦਿਨ ਲਾਹੌਰ ਬੀਮਾਰ ਰਹਿ ਕੇ ਚੜ੍ਹ ਗਿਆ।

ਲਾਹੌਰ ਹੀ ਸਾਨੂੰ ਛੁੱਟੀਆਂ ਹੁੰਦੀਆਂ। ਉਦੋਂ ਜੋ ਪੜਤਲ ਲਾਹੌਰ ਹੁੰਦੀ ਸੀ, ਉਸ ਨੂੰ ਵਰ੍ਹੇ ਵਿਚੋਂ ਦੋ ਮਹੀਨੇ ਛੁੱਟੀ ਹੁੰਦੀ ਸੀ। ਪਰ ਜੋ ਪੜਤਲ ਪਸ਼ੌਰ, ਮੁਲਤਾਨ,

ਕਸ਼ਮੀਰ ਜਾਂ ਕਿਤੇ ਹੋਰ ਥੇ ਹੁੰਦੀ ਉਸ ਨੂੰ ਉਦੋਂ ਹੀ ਛੁੱਟੀ ਮਿਲਦੀ, ਜਦੋਂ ਉਹ ਲਾਹੌਰ ਆ ਜਾਂਦੀ, ਇਸ ਕਰਕੇ ਲਾਹੌਰ ਦੀ ਫੌਜ ਸਦਾ ਬਦਲਦੀ ਰਹਿੰਦੀ। ਛੁੱਟੀ ਜੇਠ, ਹਾੜ ਤੇ ਸਾਉਣ ਵਿਚੋਂ ਕਿਸੇ ਜੋੜੇ ਮਹੀਨੇ ਦੀ ਹੁੰਦੀ। ਕਿਸੇ ਥੇੜੇ ਨੂੰ ਦਸ ਦਿਨ ਅੱਗੋਂ, ਕਿਸੇ ਨੂੰ ਦਸ ਦਿਨ ਪਿੱਛੋਂ।

ਜਦੋਂ ਮਹਾਰਾਜਾ ਖੜਕ ਸਿੰਘ ਨੂੰ ਸਸਕਾਰਨ ਗਏ, ਤਾਂ ਸਾਡੀ ਪੜਤਲ ਨੌਨਿਹਾਲ ਸਿੰਘ ਦੀ ਪੜਤਲ ਵਿਚ ਸੀ। ਸਸਕਾਰ ਕਰ ਕੇ ਨਾਲਾ ਲੰਘੇ ਤੇ ਹੱਥ ਮੂੰਹ ਧੋ ਕੇ ਜਦੋਂ ਉਹ ਦਰਵਾਜ਼ੇ ਹੇਠ ਆਏ, ਤਾਂ ਛੱਜਾ ਡਿੱਗਾ, ਘੁਟ ਕੇ ਮਾਰ ਸੁਟਿਆ ਪਰ ਲੁਕਾ ਰਖਿਆ, ਅਤੇ ਸ਼ੇਰ ਸਿੰਘ ਨੂੰ ਆਉਣ ਵਾਸਤੇ ਲਿਖ ਘੱਲਿਆ। ਜਦੋਂ ਉਹ ਅਠਵੇਂ ਦਿਨ ਆਇਆ ਤਦ ਸਸਕਾਰ ਕੀਤਾ ਨੌਨਿਹਾਲ ਸਿੰਘ ਦਾ। ਪਰ ਜਦੋਂ ਕੰਮ ਬਣਦਾ ਨਾ ਵੇਖਿਆ, ਤਾਂ ਸ਼ਿਕਾਰ ਦੇ ਪੱਜ ਹਜ਼ੂਰੀ ਬਾਗੋਂ ਨਿਕਲ ਗਿਆ। ਅਜੇ ਸਾਨੂੰ ਦੁਮਾਹਾਂ ਹੀ ਤਰਿਆ ਸੀ ਕਿ ਧਿਆਨ ਸਿੰਘ ਨੇ ਫੇਰ ਬੁਲਵਾਇਆ ਮਾਘ ਵਿਚ। ਸੰਧਾਂਵਾਲੀਏ ਉਸ ਨੂੰ ਪੁਲ ਕੰਜਰੀ ਪਾਸ ਮਿਲੇ। ਉਨ੍ਹਾਂ ਕਿਹਾ-ਚਲੋ ਭਾਈਆ ਜੀ, ਅਸੀਂ ਅੰਮ੍ਰਿਤਸਰ ਜੀ ਦਾ ਅਸ਼ਨਾਨ ਕਰ ਕੇ ਆਉਂਦੇ ਹਾਂ। ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਖਬਰ ਲੱਗ ਚੁੱਕੀ ਸੀ, ਜਿਸ ਕਰਕੇ ਉਹ ਪਹਿਲਾਂ ਹੀ ਖਿਸਕ ਗਏ।

ਜਮਾਂਦਾਰ ਵਾਲੇ ਥੇੜੇ ਨਾਲ ਇਕ 'ਦੰਗਈ' ਰਜਬਣ ਸੀ, ਜੋ ਮੀਆਂ ਮੀਰ ਦੀ ਸਰਾਂ ਵਿਚ ਰਹਿੰਦੀ ਸੀ; ਸਭ ਤੋਂ ਪਹਿਲਾਂ ਇਹ ਸ਼ੇਰ ਸਿੰਘ ਨਾਲ ਰਲੀ। ਫੇਰ ਤਾਂ ਸਭ ਪੜਤਲਾਂ ਉਸ ਦੇ ਮਗਰ ਹੋ ਗਈਆਂ। ਅਸੀਂ ਹਜ਼ੂਰੀ ਬਾਗ ਵਿਚ ਸਾਂ। ਜਦ ਬਾਹਰੋਂ ਪਹਿਲੀ ਵਾਰੀ ਹੋਈ, ਤਾਂ ਸਾਡੇ ਕਈ ਫੱਟੜ ਹੋ ਗਏ। ਸਭ ਜਣੇ ਸਣੇ ਮਾਨ ਕਰਨੈਲ ਤੇ ਕੁਮੇਦਾਨ ਰਛਪਾਲ ਸਿੰਘ ਪੂਰਬੀਏ ਦੇ ਕੋਠੜੀਆਂ ਵਿਚ ਜਾ ਵੜੇ। ਮਲੂਮ ਹੁੰਦਾ ਹੈ ਰਲ ਗਏ ਸਨ। ਜਦੋਂ ਧਿਆਨ ਸਿੰਘ ਨੇ ਆ ਕੇ ਸੁਲਹ ਕਰਵਾਈ, ਤਾਂ ਗੁਲਾਬ ਸਿੰਘ ਰਾਤੋ ਰਾਤ ਮਾਲ ਲੈ ਕੇ ਮੋਰੀ ਦਰਵਾਜ਼ੇ ਥਾਣੀਂ ਖਿਸਕ ਗਿਆ। ਸ਼ੇਰ ਸਿੰਘ ਨੇ ਚੰਦ ਕੌਰ ਤੇ ਉਸ ਦੇ ਹਮੈਤੀ ਇਕ ਬ੍ਰਾਹਮਣ ਨੂੰ (ਨਾਂ ਨਹੀਂ ਦੱਸ ਸਕਿਆ) ਫੜ ਕੇ ਕੈਦ ਕਰ ਲਿਆ।

ਜਦ ਤੇਜਾ ਸਿੰਘ ਪਸ਼ੌਰ ਦਾ ਨਾਜ਼ਮ ਹੋਇਆ ਤਾਂ ਮਾਨਾਂ-ਵਾਲੀਆਂ ਪੜਤਲਾਂ ਉਸ ਨਾਲ ਘੱਲੀਆਂ ਗਈਆਂ। ਧਿਆਨ ਸਿੰਘ ਸੰਧਾਵਾਲੀਆਂ ਨਾਲ ਮਿਲਣ ਦੀ ਸਲਾਹ ਨਹੀਂ ਦੇਂਦਾ ਸੀ। ਸ਼ੇਰ ਸਿੰਘ ਨੇ ਕਿਹਾ, ਤੂੰ ਭਰਾਵਾਂ ਨੂੰ ਰਲ ਕੇ ਬਹਿਣ ਨਹੀਂ ਦੇਂਦਾ। ਜਦ ਸੰਧਾਵਾਲੀਆਂ ਸ਼ੇਰ ਸਿੰਘ ਨੂੰ ਮਾਰਿਆ, ਤਾਂ ਉਸ ਦੇ ਨਾਲ ਬੂੜ ਸਿੰਘ ਮਹਿਰਾ ਵੀ ਮਾਰਿਆ ਗਿਆ।

ਮੰਗਲਵਾਰ ਸੰਗਰਾਂਦ ਨੂੰ ਇਹ ਕਾਰਾ ਹੋਇਆ। ਚੌਥੇ ਦਿਨ ਪਸ਼ੌਰ ਖਬਰ ਅੱਪੜੀ ਕਿ ਦਲੀਪ ਸਿੰਘ ਮਹਾਰਾਜਾ ਤੇ ਹੀਰਾ ਸਿੰਘ ਵਜ਼ੀਰ ਹੈ। ਸ਼ੇਰ ਸਿੰਘ ਨੇ

੭) ਤੋਂ ੮।।) ਕੀਤੇ ਸਨ ਹੀਰਾ ਸਿੰਘ ਨੇ ੧੧) ਨਾਲੀ ਕੀਤੇ। ਹੀਰਾ ਸਿੰਘ ਨੇ ਭਾਈ ਵੀਰ ਸਿੰਘ ਆਦਿ ਜਦੋਂ ਮਾਰ ਲਏ, ਤੇ ਸਭ ਬਖੇੜੇ ਹੋ ਹਟੇ, ਤਾਂ ਦੰਗਈ ਰਜਬਣ ਤੇ ਮਿਸ਼ਰਾਂ ਵਾਲੀਆਂ ਚਾਰ ਪੜਤਲਾਂ ਨੇ ਸਾਡੀ ਬਦਲੀ ਆਣ ਕਰਵਾਈ। ਅਸੀਂ ਲਾਹੌਰ ਆ ਗਏ।

ਸਭ ਜਣੇ ਜਲ੍ਹੇ ਦੇ ਹਰਮਾਂ ਅੰਦਰ ਜਾਣ ਉੱਤੇ ਗੁੱਸੇ ਸਨ। ਫੌਜਾਂ ਨੇ ਹੀਰਾ ਸਿੰਘ ਪਾਸੋਂ ਜਲ੍ਹਾ ਮੰਗਿਆ। ਹੀਰਾ ਸਿੰਘ ਤੇ ਜਲ੍ਹੇ ਨੇ ਆਪੋ ਵਿਚ ਸੁਗੰਧਾਂ ਕਰ ਲਈਆਂ। ਇਕ ਦਿਨ ਫੌਜ ਦਾ ਇਕੱਠ ਹੋਇਆ ਤੇ ਸਭ ਘੁਸਰ ਮੁਸਰ ਕਰਨ ਲੱਗ ਪਏ। ਅਗਲੇ ਦਿਨ ਸਵੇਰੇ ਹੀ ਕਿਲ੍ਹੇ ਉਤੇ ਜਾ ਪਏ, ਪਰੇਟ ਦੀ ਪਰੇਟ ਤੇ ਘੇਰੇ ਦਾ ਘੇਰਾ। ਗੱਠਾ ਪਖਰ[2] ਵਰਤ ਗਿਆ ਤੇ ਸੁਣਾਇਆ ਗਿਆ ਕਿ ਜੋ ਹੀਰਾ ਸਿੰਘ ਆਦਿ ਹਥਣੀ ਉਤੇ ਸਵਾਰ ਹੋ ਟਕਸਾਲੀ ਦਰਵਾਜ਼ਿਓਂ ਨਿਕਲੇ। ਅਸਾਂ ਜਾਣਿਆ ਸਾਡੇ ਵੱਲ ਆਉਂਦੇ ਹਨ, ਪਰ ਉਹ ਸ਼ਾਹਦਰੇ ਨੂੰ ਹੋ ਤੁਰੇ। ਮਗਰੇ-ਮਗਰ ਅਸੀਂ ਲੱਗ ਪਏ। ਸ਼ਾਹਦਰੇ ਦੀ ਸਰਾਂ ਵਿਚ ਸ਼ਾਹੀ ਨਸਲ ਦੇ ਪਸ਼ੌਰੀ ਪਠਾਣ ਰਹਿੰਦੇ ਸਨ। ਹੀਰਾ ਸਿੰਘ ਓਧਰ ਗਿਆ, ਪਰ ਉਨ੍ਹਾਂ ਵੜਨ ਨਾ ਦਿੱਤਾ। ਰਾਵੀਓਂ ਪਾਰ ਖੁੱਲ੍ਹੇ ਘੋੜ-ਚੜ੍ਹਿਆ ਦਾ ਡੇਰਾ ਸੀ। ਕਲ੍ਹ ਉਨ੍ਹਾਂ ਨੂੰ ਉਰਾਰ ਆਉਣ ਦਾ ਹੁਕਮ ਹੋਇਆ ਸੀ, ਪਰ ਉਹ ਨਹੀਂ ਆਏ ਸਨ। ਅੱਜ ਉਹ ਅੱਗੋਂ ਹੋ ਕੇ ਹੀਰਾ ਸਿੰਘ ਉੱਤੇ ਪਏ, ਪਰ ਹੀਰਾ ਸਿੰਘ ਆਪਣਾ ਆਪ ਬਚਾ ਗਿਆ। ਅੱਗੇ ਜਾ ਕੇ ਬ੍ਰਾਹਮਣਾਂ ਵਾਲਿਓਂ ਪਰਲੇ ਪਿੰਡ ਮਾਰ ਲਿਆ। ਫੌਜ ਇਤਨੀ ਸੀ, ਕਿ ਸਾਨੂੰ ਵੇਖਣਾ ਵੀ ਨਹੀਂ ਮਿਲਿਆ।

ਜਦੋਂ ਕਚਹਿਰੀਆਂ ਵਿਚ ਤਲਵਾਰ ਚੱਲੀ ਤਾਂ ਕਚਹਿਰੀਆਂ ਕਦੋਂ ਰਹੀਆਂ ! ਜਵਾਹਰ ਸਿੰਘ ਦਾ ਵੀ ਅੰਤ ਆਇਆ। ਕੁਝ ਪਤਾ ਨਹੀਂ ਕੀ ਹੋਇਆ, ਇਕ ਦਿਨ ਉਹ ਅਲੀਮਾ ਲੈਣ ਆਇਆ ਤੇ ਛੁੱਟੀ ਦਾ ਹੁਕਮ ਦੇ ਦਿੱਤਾ। ਸੱਜਿਓਂ ਲੈਂਦਾ ਲੈਂਦਾ ਖੱਬੇ ਨੂੰ ਆਉਂਦਾ ਸੀ। ਸਾਡੇ ਤੀਕ ਅਪੜਨਾ ਹੀ ਨਾ ਮਿਲਿਆ, ਕਿਉਂ ਜੋ ਕੁਰਟਾਂ ਵਾਲੀ ਨੇ ਰਾਹ ਵਿਚ ਹੀ ਰਖਿਆ। ਮਗਰੋਂ ਜੰਗ ਦੇ ਤਿਆਰੇ ਹੋ ਪਏ। ਮਾਝੇ ਮਾਲਵੇ ਤੇ ਦੁਆਬੇ ਵਾਲੇ ਬੜਾ ਜ਼ੋਰ ਲਾਉਣ ਕਿ ਸਾਡੇ ਘਰ ਤਾਂ ਨੇੜੇ ਹੋਣਗੇ।

## ਅੰਗਰੇਜ਼ਾਂ ਨਾਲ ਲੜਾਈ

ਰਣਜੋਧ ਸਿੰਘ ਨਾਲ ਮਿਸਰਾਂ ਵਾਲੀਆਂ ਪੜਤਲਾਂ ਰਲ ਕੇ ਅੱਠ ਪੜਤਲਾਂ ਕਪੂਰਥਲੇ ਨੂੰ ਗਈਆਂ। ਲਾਲ ਸਿੰਘ ਵਾਲਾ ਬੇੜਾ ਸਾਡੇ ਅੱਗੇ ਅੱਗੇ ਹਰੀਕੇ, ਸਭਰਾਵਾਂ ਦੇ ਨਗਰ ਆਦਿ ਦੇ ਪੱਤਣਾਂ ਤੋਂ ਲੰਘੇ। ਮਗਰੇ ਮਗਰ ਤੇਜਾ ਸਿੰਘ ਵਾਲਾ ਬੇੜਾ ਤੁਰਿਆ। ਇਸ ਵਿਚ ਮਾਨਾਂ ਵਾਲੀਆਂ, ਜਮੇਂਦਾਰ ਵਾਲੀਆਂ, ਜਿਨ੍ਹਾਂ ਨਾਲ ਦੰਗਈ ਰਜਬਣ ਸੀ, ਪਹੂ ਵਾਲੀਆਂ ਕੁੱਲ ਬਾਰਾਂ ਪੜਤਲਾਂ ਸਨ। ਲਾਹੌਰੋਂ ਤੁਰ ਕੇ

---

[2] ਓਦੋਂ ਪਖਰ ਕਲਾਂ ਬੰਦੋਲਾਂ ਹੁੰਦੀਆਂ ਸਨ।

ਕਾਨ੍ਹੇ ਕਾਛਿਓਂ ਉਰੇ ਹੀ ਇਕ ਪਿੰਡ ਅਸੀਂ ਰਾਤ ਰਹੇ। ਅਗਲੇ ਦਿਨ ਰੰਡਾ ਸਿੰਘ ਵਾਲੇ ਪੱਤਣ ਉੱਤੇ ਪੁੱਜ ਪਏ। ਪਾਰ ਹੋ ਕੇ ਮੱਲਾਂ ਵਾਲੇ ਗਿਰਦੇ ਜਾ ਡੇਰੇ ਲਾਏ। ਸਾਨੂੰ ਥੋੜ੍ਹਾ ਚਿਰ ਹੀ ਉੱਥੇ ਟਿਕਣਾ ਮਿਲਿਆ। ਅਸਾਂ ਸੁਣਿਆ, ਕਿ ਮੁਦਕੀ ਪਾਣੀ ਮੱਲਣ ਵਾਸਤੇ ਨਿਹੰਗ, ਸਵਾਰੀ ਤੇ ਚਾਰ ਕੰਪਨੀਆਂ ਗਈਆਂ ਸਨ, ਸੁ ਤੋਪਾਂ ਛੱਡ ਕੇ ਤੁਰ ਆਏ ਅਤੇ ਜਿਸ ਦਿਨ ਅਸੀਂ ਮੱਲਾਂ ਵਾਲੇ ਗਿਰਦੇ ਆਏ ਸਾਂ, ਉਸ ਦਿਨ ਇਹ ਗੱਲ ਹੋਈ ਸੀ।

ਇਕ ਇਕ ਕੰਪਨੀ ਨਾਲ ਛੇ ਛੇ ਊਠ ਸਨ। ਆਪੋ ਆਪਣੇ ਸਲੀਤੇ ਬੰਨ੍ਹ ਕੇ ਉਨ੍ਹਾਂ ਉਤੇ ਸੁੱਟ ਦੇਂਦੇ, ਅਤੇ ਊਠਾਂ ਵਾਲੇ ਬਲੋਚ ਊਠਾਂ ਨੂੰ ਲਈ ਆਉਂਦੇ। ਹਰ ਇਕ ਕੰਪਨੀ ਵਿਚ ਇਕ ਸੂਬੇਦਾਰ, ਦੋ ਜਮੇਂਦਾਰ, ਚਾਰ ਹੌਲਦਾਰ ਚਾਰ ਨਾਇਕ, ਇਕ ਸਰਜਨ (ਜੋ ਤਨਖਾਹ ਆਦਿ ਦਾ ਹਿਸਾਬ ਦੇਂਦਾ ਦਿਵਾਉਂਦਾ) ਤੇ ਇਕ ਖੁਰੀਆ (ਜੋ ਸਰਜਨ ਦੇ ਹੇਠਾਂ ਤਨਖ਼ਾਹ ਦੇਂਦਾ ਦਿਵਾਉਂਦਾ ਤੇ ਕੂਚ ਵੇਲੇ ਬਲੋਚਾਂ ਸਲੀਤਿਆਂ ਆਦਿ ਦਾ ਪ੍ਰਬੰਧ ਰਖਦਾ) ਹੁੰਦੇ ਸਨ।

ਰਾਤ ਹੀ ਅਸੀਂ ਰਹੇ ਸਾਂ। ਅਗਲੇ ਦਿਨ ਸੰਝ ਵੇਲੇ ਫੇਰੂ ਸ਼ਹਿਰ ਲੜਾਈ ਸ਼ੁਰੂ ਹੋ ਪਈ। ਤੋਪ ਦੀ ਅਵਾਜ਼ ਸੁਣਦਿਆਂ ਹੀ ਤਿਆਰੀ ਦਾ ਹੁਕਮ ਹੋ ਗਿਆ। ਸਭ ਸਨੱਧਬੱਧ ਹੋ ਗਏ। ਫੇਰ ਤੇਜਾ ਸਿੰਘ ਨੇ ਕਿਹਾ, ਕਿ ਰਾਹ ਵਿਚ ਸੁਕੜ ਨੈਂ ਦੇ ਖਾਲ ਹੋਣਗੇ, ਉਤੋਂ ਅੱਧੀ ਰਾਤ ਦਾ ਚਾਨਣਾ ਹੈ, ਸਿੱਧਾ ਰਾਹ ਕੋਈ ਫੇਰੂ ਸ਼ਹਿਰ ਨੂੰ ਹੈ ਨਹੀਂ, ਨਾਲ ਤੋਪਾਂ ਹੈਨ, ਹਨੇਰੇ ਵਿਚ ਇਨ੍ਹਾਂ ਦਾ ਉੱਚੇ ਨੀਵੇਂ ਥਾਵਾਂ ਥਾਣੀਂ ਲਿਜਾਣਾ ਬਹੁਤ ਔਖਾ ਹੈ, ਜੇ ਇਕੱਲੀ ਪੈਦਲ ਫੌਜ ਹੁੰਦੀ, ਤਦ ਤਾਂ ਕੋਈ ਗੱਲ ਨਹੀਂ ਸੀ, ਇਸ ਲਈ ਜਦੋਂ ਚੰਨ ਚੜ੍ਹੂ, ਉਦੋਂ ਹੀ ਤੁਰਨਾ ਠੀਕ ਹੈ। ਨਾਲੇ ਏਨੇ ਚਿਰ ਵਿਚ ਰੋਟੀ ਪਾਣੀ ਖਾਧਾ ਜਾਊ। ਬੰਦੂਕਾਂ ਕੁੰਡਲੇ ਕੀਤੀਆਂ ਗਈਆਂ, ਤੇ ਸਭ ਪ੍ਰਸ਼ਾਦ ਵਿਚ ਰੁੱਝ ਪਏ੩।

ਅੱਧੀ ਰਾਤ ਚੰਨ੍ਹ ਚੜ੍ਹਿਆ ਅਤੇ ਸਭ ਤੁਰ ਪਏ। ਪਹਿਰ ਕੁ ਤੁਰੇ ਸਾਂ ਕਿ ਅੱਗੋਂ ਦੋ ਸਿੰਘ ਅਸਵਾਰ ਅਕਾਲ ਰਜਬਣ ਦੇ ਆ ਕੇ ਮਿਲੇ, ਜਿਨ੍ਹਾਂ ਦੱਸਿਆ ਕਿ ਅਜੇ ਤੀਕ ਮੋਰਚੇ ਕਾਇਮ ਹੈਨ। ਹੋਰ ਕੁਝ ਨਾ ਕਿਹਾ। ਸੂਰਜ ਦੀ ਟਿੱਕੀ ਨਿਕਲਦਿਆਂ ਹੀ ਅਸੀਂ ਫੇਰੂ ਸ਼ਹਿਰ ਦੀ ਹੱਦ ਵਿਚ ਜਾ ਵੜੇ। ਸਾਹਮਣੇ ਕੀ ਵੇਖਦੇ ਹਾਂ ਕਿ ਛੋਲਦਾਰੀਆਂ, ਤੰਬੂ, ਕਨਾਤਾਂ, ਤੋਪਾਂ ਸਭ ਲੱਗੀਆਂ ਹੋਈਆਂ ਹਨ ਪਰ ਆਦਮੀ ਉਨ੍ਹਾਂ ਵਿਚ ਇਕ ਵੀ ਨਹੀਂ। ਇਸ ਦਿਨ ਤੇਜਾ ਸਿੰਘ ਦੀ ਪੜਤਲ ਵਿਚ ਸਾਡੀ ਹੀ ਕੰਪਨੀ ਸੀ, ਜਿਸ ਦਾ ਸੂਬੇਦਾਰ ਗੁਰਮੁਖ ਸਿੰਘ ਕਲੇਰਾਂ ਘੁੰਮਣਾਂ (ਜ਼ਿਲ੍ਹਾ ਅੰਮ੍ਰਿਤਸਰ) ਦਾ ਸੀ। ਸੰਤਰ ਵਿਚ ਮਾਨਾਂਵਾਲੀਏ ਸਨ, ਸੱਜੇ ਹੱਥੇ ਜਮੇਂਦਾਰ ਵਾਲੀਏ ਤੇ ਦੰਗਈ ਰਜਬਣ, ਅਤੇ ਖੱਬੇ ਹੱਥ ਪਹੂਵਾਲੀਏ ਸਨ। ਫਰੰਗੀ ਦੇ ਰਸਾਲੇ ਨੇ ਪਿੰਡੋਂ ਦੱਖਣ-ਦੱਖਣ ਹੋ ਕੇ ਪਿੰਡੋਂ ਚੜ੍ਹਦੇ ਵੱਲ ਸਾਡੇ ਖੱਬਿਓਂ ਤੋਪ ਆ ਚਲਾਈ। ਸਭ ਪੜਤਲਾਂ

*੩ ਇਸ ਸਮੇਂ ਫੌਜ ਨੂੰ ਰੋਕਣਾ ਤੇਜਾ ਸਿੰਘ ਦੀ ਪਹਿਲੀ ਬੇਈਮਾਨੀ ਸੀ।*

 www.sikhbookclub.com

ਖੇਤਾਂ ਵਿਚ ਬਹਿ ਗਈਆਂ। ਕਣਕ ਜੰਮੀ ਹੋਈ ਸੀ। ਦੋ ਚਾਰ ਫਾਇਰ ਕਰ ਕੇ ਉਹ ਰਸਾਲਾ ਫੇਰ ਲਹਿੰਦੇ ਵੱਲ ਆ ਗਿਆ ਅਤੇ ਦੋ ਚਾਰ ਫਾਇਰ ਕਰ ਕੇ ਫੇਰ ਚੜ੍ਹਦੇ ਵੱਲ ਦੋ ਚਾਰ ਫੇਰ ਜਾ ਕੀਤੇ। ਇਸ ਤੋਂ ਬਿਨਾਂ ਸਾਨੂੰ ਹੋਰ ਕੋਈ ਫੌਜ ਨਹੀਂ ਦਿੱਸਦੀ ਸੀ, ਇਸ ਲਈ ਸਾਡੀ ਵੱਲੋਂ ਕੋਈ ਫਾਇਰ ਨਾ ਹੋਇਆ।

ਤੇਜਾ ਸਿੰਘ ਇਕ ਵਣ ਨਾਲ ਢੋਹ ਲਾਈ ਖੜ੍ਹਾ ਸੀ ਅਤੇ ਮੈਂ ਵਣ ਦੇ ਪਿੱਛੇ ਖੜ੍ਹਾ ਸਾਂ। ਵਿਚਾਰੀਂ ਪਏ ਪਏ ਤੇਜਾ ਸਿੰਘ ਨੇ ਆਪ ਹੀ ਕਿਹਾ, ਕਿ ਕੁਝ ਪਤਾ ਨਹੀਂ, ਲਾਲ ਸਿੰਘ ਦੀ ਫੌਜ ਕਿੱਧਰ ਗਈ ? ਐਤਨੀ ਸੀ, ਇਕ ਵੀ ਨਹੀਂ ਬਹੁੜਿਆ ! ਪਿੱਛੇ ਹਟ ਕੇ ਸਾਡੇ ਵੱਲ ਕਿਉਂ ਨਾ ਆਏ[੪]। ਇਤਨੇ ਚਿਰ ਨੂੰ ਇਕ ਪੂਰਬੀਆ ਮੁੰਡਾ ਜੋ ਸਤਾਰਾਂ ਵਰ੍ਹਿਆਂ ਦਾ ਅਣਦਾੜ੍ਹੀਆ ਹੀ ਸੀ, ਫਰੰਗੀ ਦੀ ਫੌਜ ਵਲੋਂ ਆਇਆ ਅਤੇ ਦੱਸਿਆ ਕਿ ਫਰੰਗੀ ਨੱਸ ਗਿਆ ਹੈ। ਤੇਜਾ ਸਿੰਘ ਨੇ ਕਿਹਾ, ਕਿ ਪੱਕੀ ਖਬਰ ਲਿਆ ਕੇ ਦੱਸ, ਤੈਨੂੰ ਬਹੁਤ ਇਨਾਮ ਮਿਲੇਗਾ। ਉਹ ਚਲਿਆ ਗਿਆ।

ਮਗਰੇ ਹੀ ਤੁਰਮ ਵਜਵਾ ਕੇ ਸਭ ਸਰਦਾਰਾਂ ਨੂੰ ਇਕੱਠੇ ਕਰ ਕੇ ਤੇਜਾ ਸਿੰਘ ਨੇ ਕਿਹਾ ਕਿ ਜੇ ਹੁਣ ਅਸੀਂ ਪਿੰਡ ਉੱਤੇ ਜਾ ਪਈਏ, ਤਾਂ ਪਹਿਲੀ ਫੌਜ ਦਾ ਅਸਬਾਬ ਖਿੰਡਿਆ ਪੁੰਡਿਆ ਪਿਆ ਹੈ, ਆਪਣੀ ਫੌਜ ਉਸ ਦੇ ਲੁੱਟਣ ਵਿਚ ਰੁੱਝ ਜਾਊ, ਅਤੇ ਪਤਾ ਨਹੀਂ ਫਰੰਗੀ ਕਿੱਥੋਂ ਨਿਕਲ ਕੇ ਆ ਪਵੇ। ਇਸ ਕਰਕੇ ਚੰਗੀ ਗੱਲ ਇਹ ਹੈ ਕਿ ਅਸੀਂ ਪਿੱਠ ਪਿਛਲੇ ਪਿੰਡ ਸੁਲਤਾਨ ਖਾਂ ਵੱਲੇ ਚੱਲ ਉਤਰੀਏ ਅਤੇ ਖੂਬ ਤਿਆਰ ਹੋ ਕੇ ਭਲਕੇ ਲੜੀਏ।[੫]

ਅਸੀਂ ਵੇਖਦੇ ਸਾਂ, ਕਿ ਕਈ ਆਪਣੇ ਆਦਮੀ ਲਾਲ ਸਿੰਘ ਦੀ ਫੌਜ ਦੇ ਤੰਬੂਆਂ ਵਿਚ ਜਾ ਵੀ ਵੜੇ ਸਨ। ਅਸੀਂ ਐਤਨੀ ਨੇੜੇ ਸਾਂ। ਝੰਡੇ ਗੱਡੇ ਗਏ, ਛੌਲਦਾਰੀਆਂ ਤੰਬੂ ਕਨਾਤਾਂ ਆਦਿ ਲੱਗ ਗਈਆਂ ਅਤੇ ਅਸੀਂ ਦੁਪਹਿਰ ਕੁ ਢਲੇ ਦਾਲ ਪਾਣੀ ਵੇਲੇ ਪਿੱਛੇ ਹਟੇ। ਬੱਸ, ਸਿੰਘ ਹਿੱਲ ਖੜੋਤੇ। ਤੇਜਾ ਸਿੰਘ, ਜਮੇਂਦਾਰ ਦਾ ਪੁੱਤ ਤੇ ਦੋ ਬੁੱਗ, ਚਾਰੇ ਜਣੇ ਘੋੜਿਆਂ ਉੱਤੇ ਚੜ੍ਹੇ ਹੋਏ ਖੜੋਣ ਲਈ ਤੇ ਹੌਸਲਾ ਕਰਨ ਲਈ ਫੌਜ ਦੇ ਅੱਗੇ ਅੱਗੇ ਆਖਦੇ ਫਿਰਨ, ਪਰ ਕਿਸੇ ਨਾ ਮੰਨੀ, ਅਤੇ

---

੪ *ਇਹੋ ਹੀ ਤਾਂ ਲਾਲ ਸਿੰਘ ਦੀ ਬੇਈਮਾਨੀ ਸੀ, ਕਿ ਫੌਜ ਨੂੰ ਹਰੀਕਿਆਂ ਦੇ ਰਾਹ ਪਾ ਦਿੱਤਾ। ਆਮ ਫੌਜ ਨੂੰ ਕੁਝ ਪਤਾ ਨਹੀਂ ਸੀ ਕਿ ਤੇਜਾ ਸਿੰਘ ਵੀ ਫੌਜ ਲਈ ਕਿਤੇ ਪਾਸ ਹੀ ਪਿਆ ਹੈ, ਇਸ ਗੱਲ ਦਾ ਪਤਾ ਕੇਵਲ ਅਫਸਰਾਂ ਨੂੰ ਹੀ ਸੀ। ਤੇਜਾ ਸਿੰਘ ਨੇ ਵੀ ਜਾਣ ਬੁਝ ਕੇ ਇਸ ਕਰਕੇ ਦੇਰੀ ਲਾਈ ਸੀ ਕਿ ਲਾਲ ਸਿੰਘ ਦਾ ਬੇੜਾ ਨੱਸ ਜਾਵੇ।*

੫ *ਇਹ ਤੇਜਾ ਸਿੰਘ ਦੀ ਦੂਜੀ ਬੇਈਮਾਨੀ ਸੀ ਕਿ ਥੱਕੇ ਹੋਏ ਵੈਰੀ ਨੂੰ ਸਾਹ ਲੈਣ ਲਈ ਛੱਡ ਦਿੱਤਾ। ਜੇਕਰ ਉਹ ਅੱਗੇ ਵਧਦਾ ਤਾਂ ਜਿੱਤ ਉਸ ਦੀ ਸੀ। ਵੈਰੀ ਤਾਂ ਰਾਤ ਲੜਾਈ ਨਾਲ ਹੀ ਥੱਕਿਆ ਟੁੱਟਿਆ ਪਿਆ ਸੀ।*

 www.sikhbookclub.com

ਰਾਤੋ-ਰਾਤ ਹੀ ਹਰੀਕੇ ਆ ਗਏ।[੬]

ਸਭਰਾਵਾਂ ਦੀ ਲੜਾਈ ਵੇਲੇ ਤੇਜਾ ਸਿੰਘ ਤੇ ਕੁਝ ਕੁ ਸਰਦਾਰ ਕਹਿਣ ਕਿ ਪਾਰ ਨਾ ਜਾਉ। ਉਰਾਰ ਹੀ ਜੰਮੇ ਰਹੋ। ਅੰਗਰੇਜ਼ ਪਾਰ ਹੀ ਰਹਿਣਗੇ, ਆਪੇ ਦਰਿਆ ਦਾ ਦੋਹਾਂ ਵਿਚ ਬੰਨਾ ਪੈ ਜਾਊ ਅਤੇ ਪਾਰ ਦਾ ਮੁਲਖ ਜੇ ਜਾਂਦਾ ਰਹੂ ਤਾਂ ਕੋਈ ਲੰਮੀ ਗੱਲ ਨਹੀਂ। ਪਰ ਕਿਸੇ ਨੇ ਇਹ ਗੱਲ ਨਾ ਮੰਨੀ। ਮੋਰਚੇ ਵਿਚ ਸਰਦਾਰ ਸ਼ਾਮ ਸਿੰਘ ਦਾ ਬੇੜਾ ਸਾਡੇ ਖੱਬੇ ਹੱਥ ਨਾਲ ਖਹਿੰਦਾ ਸੀ ਅਤੇ ਜਮਾਂਦਾਰ ਦਾ ਸੱਜੇ ਸੀ। ਸਵੇਰੇ ਹੀ ਸਾਡੇ ਵਲੋਂ ਤੋਪ ਚੱਲੀ, ਪਰ ਜੋਰ ਸੱਜਿਓਂ ਜਾ ਪਾਇਆ ਅਤੇ ਉਧਰੋਂ ਹੀ ਅੰਗਰੇਜ਼ ਧੱਕੀ ਆਏ। ਪੁਲ ਟੁੱਟ ਗਿਆ ਸੀ ਇਸ ਕਰਕੇ ਜਮੇਂਦਾਰ ਦਾ ਪੁੱਤਰ ਵੀ ਡੁੱਬਾ। ਜੋ ਗਾਹਣ ਤੋਂ ਸੱਜੇ ਹੱਥ ਪਿਆ ਉਹ ਤਾਂ ਗੋਤੇ ਖਾਵੇ, ਪਰ ਜੋ ਗਾਹਣੇ ਪਿਆ, ਉਹ ਬਚ ਗਿਆ। ਸਾਡੀ ਵੱਲ ਕੋਈ ਹੱਲਾ ਨਹੀਂ ਹੋਇਆ।

ਪਾਰ ਜਾ ਕੇ ਬਚੇ ਬਚਾਏ ਫੇਰ ਇਕੱਠੇ ਹੋਏ, ਤੇ ਤੇਜਾ ਸਿੰਘ ਆਦਿ ਨੇ ਸਲਾਹ ਕੀਤੀ, ਕਿ ਹੁਣ ਕੀ ਕੀਤਾ ਜਾਵੇ ਫੌਜ ਕਹੇ ਕਿ ਵਜ਼ੀਰ ਗੁਲਾਬ ਸਿੰਘ ਆਵੇ, ਤਦ ਅਸੀਂ ਸਲਾਹ ਕਰਾਂਗੇ। ਪਰ ਉਸ ਨੇ ਤਾਂ ਅੰਗਰੇਜ਼ਾਂ ਨਾਲ ਰਲ ਕੇ ਆਪਣਾ ਕੰਮ ਸਵਾਰ ਲਿਆ। ਭੜਾਣੇ ਦੇ ਉਰੇ ਇਕ ਪਿੰਡ ਹੈ। ਸਾਰੀ ਫੌਜ ਉੱਥੇ ਹੀ ਡੱਕੀ ਰਹੀ। ਫੇਰ ਛਾਂਟ ਹੋਈ। ਜਵਾਹਰ ਸਿੰਘ ਮਾਰਨ ਬਦਲੇ ਕੁਰਟਾਂ ਵਾਲੀਆਂ ਚਾਰੇ ਪੜਤਲਾਂ ਤੋੜੀਆਂ ਗਈਆਂ, ਮਾਲਵੇ ਅਤੇ ਦਵਾਬੇ ਦੇ ਸਭ ਕੱਢੇ ਗਏ ਅਤੇ ਮਾਝੇ ਦੇ ਵੀ ਉਹ ਰੱਖੇ ਗਏ। ਜੋ ਨੌਨਿਹਾਲ ਸਿੰਘ ਦੇ ਵੇਲੇ ਨੌਕਰ ਹੋਏ ਸਨ। ਇਸ ਤਰ੍ਹਾਂ ਦੋ ਪੜਤਲਾਂ ਦੀ ਇਕ ਪੜਤਲ ਰਹਿ ਗਈ ਅਤੇ ਸਭੋ ਅਠਾਰਾਂ ਪੜਤਲਾਂ ਹੀ ਰਹੀਆਂ। ਸਾਡੀਆਂ ਵੀ ਚੌਹਾਂ ਦੀਆਂ ਦੋ ਹੀ ਰਹਿ ਗਈਆਂ।

ਪਠਾਨਕੋਟ ਦਾ ਘੇਰਾ ਰਾਜਪੂਤਾਂ ਜੱਟਾਂ ਨੇ ਪਾਇਆ ਹੋਇਆ ਸੀ। ਰਾਤ ਵਿਚ ਸਾਡੀਆਂ ਪੜਤਲਾਂ ਓਧਰ ਚਲੀਆਂ ਗਈਆਂ। ਥੋਹੜੇ ਦਿਨ ਹੀ ਔਖੂ ਗਿਆ ਸੀ, ਕਿ ਫਿਰ ਅਸੀਂ ਦੀਨਾ ਨਗਰ ਆ ਗਏ। ਪੋਹ ਮਾਘ ਦੀਆਂ ਛੁੱਟੀਆਂ ਕੱਟੀਆਂ ਅਤੇ ਫੱਗਣ ਵਿਚ ਜਾ ਇਕੱਠ ਕੀਤਾ। ਅੱਪੜਦਿਆਂ ਹੀ ਸਿਆਲਕੋਟ ਜਾਣ ਦਾ ਹੁਕਮ ਹੋ ਗਿਆ। ਜੇਠ ਵਿਚ ਪੰਜੇ ਸਾਹਿਬ ਦੇ ਉਰੇ ਹਸਤ ਨਗਰ ਘੱਲੇ ਗਏ। ਕੇਵਲ ਸਾਡੀ ਕੰਪਨੀ ਲਾਹੌਰ ਮੰਗਵਾਈ ਗਈ ਅਤੇ ਤੇਜਾ ਸਿੰਘ ਦੇ ਤਾਬਿਆ ਕੀਤੀ ਗਈ। ਮਹੀਨੇ ਮਗਰੋਂ ਪੱਥਰੀ, ਗੋਲੀ, ਬਾਰੂਦ ਆਦਿ ਊਠਾਂ ਉਤੇ ਲਦਵਾ ਕੇ ਸਾਡੇ ਨਾਲ ਕੀਤਾ ਕਿ ਹਸ਼ਤ ਨਗਰ ਲੈ ਜਾ ਕੇ ਫੌਜ ਨੂੰ ਦੇ ਦੇਈਏ।

---

*੬ ਇਹ ਤੇਜਾ ਸਿੰਘ ਦਾ ਤੀਜਾ ਧਰੋਹ ਸੀ। ਪਹੂ ਵਾਲੀਏ ਦੇ ਤੋਪਖਾਨੇ ਨੇ ਵੈਰੀ ਨੂੰ ਭੁੰਨ ਸੁੱਟਿਆ। ਕੇਵਲ ਭਜਾਉਣ ਵਾਸਤੇ ਹੀ ਪਿੱਛੇ ਹਟਾਇਆ ਤੇ ਫਿਰ ਆਪ ਹੀ ਆਖ ਆਖ ਕੇ ਦੱਸਿਆ ਕਿ ਫੌਜ ਭੱਜਣ ਨੂੰ ਤਿਆਰ ਹੈ।*

## ਹਜ਼ਾਰੇ ਵਿਚ ਲੜਾਈ–

ਓਦੋਂ ਹਜ਼ਾਰੇ ਵਿਚ ਦੋ ਸਾਡੀਆਂ ਪੜਤਲਾਂ ਸਨ ਅਤੇ ਦੋ ਹੋਰ ਪੜਤਲਾਂ ਮਾਨ ਸੇਹਰੇ ਵੱਲ ਸਨ। ਉਦੋਂ ਹੀ ਮੁਲਤਾਨ ਦੁੰਦ ਪਈ, ਪਰ ਪੱਕੀ ਖਬਰ ਸਾਨੂੰ ਕਦੀ ਨਹੀਂ ਅੱਪੜਦੀ ਸੀ। ਚੁਤਰਫੀਂ ਸਭ ਅਮਨ ਚੈਨ ਸੀ। ਇਕ ਦਿਨ ਸਵੇਰੇ ਅਸੀਂ ਕੀ ਵੇਖਦੇ ਹਾਂ ਕਿ ਸ਼ਹਿਰ ਦੇ ਮੁਕਤੇ[੭], ਜੋ ਓਧਰ ਦੇ ਹੀ ਆਦਮੀ ਸਨ ਚਲੇ ਗਏ ਸਨ। ਅਸੀਂ ਸਭ ਸਵੇਰੇ ਹੈਰਾਨ ਕਿ ਉਹ ਕਿਧਰ ਨਿਕਲ ਗਏ ! ਪਤਾ ਲੱਗਾ ਕਿ ਐਬਟ ਸਾਹਿਬ ਵੱਲ ਖਿਸਕ ਗਏ ਹਨ। ਸਾਡੇ ਨਾਲ ਇਕ ਤੋਪਖਾਨਾ ਸੀ, ਜਿਸ ਦਾ ਅਫਸਰ ਅੰਗਰੇਜ਼ ਸੀ। ਉਹ ਤੋਪਖਾਨਾ ਵੀ ਤੁਰਿਆ। ਅਸੀਂ ਡਰ ਗਏ ਕਿ ਤੋਪਾਂ ਤੋਂ ਬਿਨਾਂ ਵੇਖ ਕੇ ਮੁਲਖਈਆ ਤਾਂ ਸਾਨੂੰ ਅੱਜ ਹੜੱਪ ਕਰ ਜਾਏਗਾ, ਸੁ ਅਸੀਂ ਤੋਪਾਂ ਉਤੇ ਜਾ ਪਏ ਅਤੇ ਖੋਹਣ ਵਿਚ ਅੰਗਰੇਜ਼ ਮਾਰਿਆ ਗਿਆ। ਚਤਰ ਸਿੰਘ ਸਾਡੇ ਨਾਲ ਸੀ।

ਬੱਸ ਫੇਰ ਕੀ ਸੀ, ਚੁਤਰਫੀਂ ਢੋਲ ਵੱਜ ਪਏ। ਪਿੰਡ ਪਿੰਡ ਝੰਡੀਆਂ ਨਿਕਲ ਪਈਆਂ ਅਤੇ ਐਬਟ ਸਾਹਿਬ ਇਸ ਮੁਲਖਈਏ ਨੂੰ ਲੈ ਕੇ ਲੜਨ ਲਈ ਆ ਗਿਆ। ਅਸੀਂ ਵੀ ਵਧੇ ਅਤੇ ਟਾਕਰਾ ਮਾਨਸੇਹਰੇ ਵੱਲ ਇਕ ਗਲੇ ਵਿਚ ਹੋਇਆ। ਅੱਖ ਦੇ ਫੋਰ ਵਿਚ ਮੁਲਖਈਆ ਉੱਡ ਗਿਆ ਅਤੇ ਐਬਟ ਸਾਹਿਬ ਇਕ ਘੋੜੀ ਉਤੇ ਚੜ੍ਹ ਕੇ ਪਹਾੜੀ ਉਤੇ ਚੜ੍ਹ ਗਿਆ।

SIKHBOOKCLUB.COM

ਅਸੀਂ ਰਵਾਂ ਰਵੀਂ ਮਾਨਸੇਹਰੇ ਵੱਲ ਵਧੇ ਅਤੇ ਓਧਰ ਦੀਆਂ ਦੋਹਾਂ ਪੜਤਲਾਂ ਨੂੰ ਆਪਣੇ ਨਾਲ ਰਲਾ ਕੇ ਹਰੀਪੁਰ ਆ ਗਏ। ਸ਼ਾਮ ਸਿੰਘ ਦਾ ਪੁੱਤਰ ਤੇਜਾ ਸਿੰਘ ਪੰਜੇ ਸਾਹਿਬ ਆਇਆ ਸੀ, ਐਬਟ ਦੇ ਕਹੇ ਮੁਲਖਈਏ ਨੇ ਉਸ ਨੂੰ ਘੇਰ ਲਿਆ ਅਤੇ ਵਲ ਕੇ ਲਾਹੌਰ ਨੂੰ ਲੈ ਤੁਰੇ। ਜਦੋਂ ਚਤਰ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਝੱਟ ਸਵਾਰ ਦੁੜ੍ਹਾਏ, ਜੋ ਉਤੋਂ ਦੀ ਗਏ ਅਤੇ ਤੇਜਾ ਸਿੰਘ ਨੂੰ ਮਾਰ ਗਲੇ ਵਿਚ ਆਣ ਮਿਲੇ। ਪਹਿਰੂਏ ਨੱਸ ਗਏ ਅਤੇ ਮੁੰਡਾ ਹਰੀ ਪੁਰ ਲਿਆਂਦਾ ਗਿਆ।

ਫੇਰ ਅਟਕ ਵੱਲ ਵਧੇ। ਇਸ ਅੰਦਰ ਵੀ ਇਕ ਅੰਗਰੇਜ਼ ਸੀ। ਜਾਂਦਿਆਂ ਤੋਪਾਂ ਹੀ ਲਾ ਦਿੱਤੀਆਂ। ਤੀਜੇ ਕੁ ਦਿਨ ਅਟਕ ਦੇ ਪੱਤਣ ਕੰਢਿਓਂ ਭੱਜਣ ਲੱਗਾ ਅੰਗਰੇਜ਼ ਫੜ ਲਿਆ। ਅਸੀਂ ਤਾ ਫੇਰ ਉਰਾਰ ਹੀ ਰਹੇ। ਫੇਰ ਪਠਾਣ ਤੇ ਪਸ਼ੌਰ ਦੀਆਂ ਪੜਤਲਾਂ ਆ ਰਲੀਆਂ। ਚਾਰ ਹਜ਼ਾਰੋ ਦੀਆਂ ਤੇ ਅਟਕ ਦੀ ਫੌਜ ਰਲਾ ਕੇ ਸਾਰੀਆਂ ਸੋਲਾਂ ਕੁ ਸਨ। ਸਿੱਧੇ ਸੋਂਗ ਰਸੂਲ ਨੂੰ ਤੁਰ ਪਏ। ਰਾਹ ਵਿਚ ਪੜੀਆਂ ਵਾਲੀ ਸਰਾਏਂ ਇਕ ਇਕ ਮਹੀਨੇ ਦੀ ਤਲਬ ਸਭ ਨੂੰ ਦਿੱਤੀ ਗਈ। ਦੋ ਕੁ ਦਿਨ ਰਸੂਲ ਰਹੇ। ਫੇਰ ਗੁਜਰਾਤ ਆ ਗਏ।

---

੭ ਚੌਕੀਦਾਰ ਜਾਂ ਪੁਲਸ।

ਦੂਜੇ ਦਿਨ ਦੀ ਰਾਤ ਇਕ ਇਕ ਸਿਪਾਹੀ ਨੂੰ ਦੋ ਦੋ ਰੁਪੈ ਖਰਚ ਲਈ ਦੇਣ ਦਾ ਹੁਕਮ ਹੋਇਆ ਸੀ, ਪਰ ਉਹ ਮੇਜਰਾਂ ਪਾਸ ਹੀ ਰਹੇ, ਕਿਉਂ ਜੁ ਤੀਜੇ ਦਿਨ ਸਵੇਰੇ ਲੜਾਈ ਹੋ ਪਈ। ਗੁਜਰਾ ਤੋਂ ਦੱਖਣ ਵੱਲ ਜੋ ਨਾਲਾ ਹੈ, ਉਸ ਵਿਚ ਸਭ ਫੌਜ ਸੀ। ਅਸੀਂ ਸੈਂਟਰ ਕੁ ਵਿਚ ਸਾਂ, ਸ਼ੇਰ ਸਿੰਘ ਦਾ ਡੇਰਾ ਸਾਡੇ ਪਿੱਛੇ ਸੀ। ਪਠਾਣਾਂ ਦੇ ਹਿਲਦਿਆਂ ਸਭ ਹਿਲ ਖੜ੍ਹੋਤੇ। ਅਗਲੇ ਦਿਨ ਕਰੜਾ ਪੂਰਾ ਵਗਿਆ, ਜਿਸ ਨੇ ਖੇਤੀਆਂ ਲੂਹੀਆਂ ਸਨ। ਰਾਵਲਪਿੰਡੀ ਸਾਡੇ ਹਥਿਆਰ ਲੈ ਕੇ ਇਕ ਇਕ ਰੁਪਿਆ ਸਾਨੂੰ ਦਿੱਤਾ ਗਿਆ।

ਸਾਡੇ ਪਿੰਡ ਇਕ ਸਿੰਘ ਸੀ (ਨਾਮ ਯਾਦ ਨਹੀਂ ਰਿਹਾ) ਜਿਸ ਦੀ ਅਵਾਜ਼ ਮਾਰੀ ਹੋਈ ਪੰਜ ਕੋਹ ਤੀਕ ਅੱਪੜਦੀ ਸੀ ਅਤੇ ਤਿੰਨਾਂ ਕੋਹਾਂ ਤੀਕ ਤਾਂ ਕਈਆਂ ਦੀ ਅੱਪੜਦੀ ਸੀ।

SIKHBOOKCLUB.COM

## ੧੮

# ਬਿਰਧਾਂ ਦੇ ਬਿਆਨ ਨੰਬਰ ੬[1]

## ਬਾਬਾ ਜਵਾਲਾ ਸਿੰਘ ਦਾ ਬਿਆਨ[2]

### (ਪਿੰਡ ਗਜੂ ਮੱਤਾ, ਉਮਰ ਸੌ ਸਾਲ)

*[ਇਸ ਸਾਲ ਦੇ ਆਰੰਭ ਤੋਂ ਬਿਰਧਾਂ ਦੇ ਬਿਆਨ ਦਿੱਤੇ ਜਾ ਰਹੇ ਹਨ, ਇਹ ਮੈਂ ੧੯੦੫ ਈਸਵੀ ਵਿਚ ਥਾਉਂ ਥਾਈਂ ਫਿਰ ਕੇ ਪੁਰਾਣੇ ਬਿਰਧਾਂ ਪਾਸੋਂ ਇਕੱਠੇ ਕੀਤੇ ਸਨ। ਉਸ ਸਮੇਂ ਮੈਂ ਕਿਸੇ ਬਿਰਧ ਦੀ ਉਮਰ ਲਿਖਣ ਦੀ ਲੋੜ ਨਹੀਂ ਸੀ ਸਮਝੀ, ਪਰ ਕਿਤੇ ਮੈਂ ਉਮਰ ਲਿਖ ਵੀ ਦਿੱਤੀ ਸੀ। ਸੋ ਜਦ ਕਿਸੇ ਬਿਰਧ ਦੇ ਨਾਮ ਹੇਠਾਂ ਕੋਈ ਉਮਰ ਦਿੱਤੀ ਹੋਈ ਹੋਵੇ, ਤਾਂ ਇਹ ਸਮਝਣਾ ਚਾਹੀਦਾ ਹੈ ਕਿ ਇਹ ਉਮਰ ੧੯੦੫ ਈ: ਵਿਚ ਸੀ। ਮੈਂ ਨਹੀਂ ਕਹਿ ਸਕਦਾ ਕਿ ਜਿਹਨਾਂ ਬਿਰਧਾਂ ਦੇ ਬਿਆਨ ਮੈਂ ਦੇ ਰਿਹਾ ਹਾਂ, ਉਹਨਾਂ ਵਿਚੋਂ ਅੱਜ ਕਲ੍ਹ ਵੀ ਕੋਈ ਜੀਉਂਦਾ ਹੈ ਯਾ ਕਿ ਨਹੀਂ; ਜਿਹਨਾਂ ਸੱਜਣਾਂ ਨੂੰ ਉਸ ਸਮੇਂ ਦੇ ਹਾਲਾਂ ਦੀ ਖੋਜ ਦੀ ਚਾਹ ਹੋਵੇ, ਉਹ ਉਹਨਾਂ ਪਿੰਡਾਂ ਵਿਚੋਂ ਪਤਾ ਕਰ ਲੈਣ, ਜੋ ਬਿਰਧਾਂ ਦੇ ਨਾਮ ਨਾਲ ਦਿੱਤੇ ਗਏ ਹਨ। -ਕਰਮ ਸਿੰਘ ]*

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਅੰਮ੍ਰਿਤਸਰ ਦੇ ਗਿਆਨੇ ਨੇ ਬਾਰਾਂ ਤੋਪਾਂ ਦਾ ਤੋਪਖਾਨਾ ਬਣਾਇਆ ਸੀ, ਜੋ ਫੇਰ ਗੁਲਾਬ ਸਿੰਘ ਭਾਗੋਵਾਲੀਏ ਦੇ ਨਾਮ ਤੋਂ ਵੱਜਿਆ। ਅਸੀਂ ਇਸੇ ਤੋਪਖਾਨੇ ਵਿਚ ਨੌਕਰ ਹੋਏ ਸਾਂ।

ਜਦੋਂ ਮਹਾਰਾਜਾ ਸ਼ੇਰ ਸਿੰਘ ਨੂੰ ਕਿਹਾ, ਕਿ ਸਰਕਾਰ! ਫੌਜਾਂ ਵਿਚ ਦਾਰੂ-ਸਿੱਕਾ ਵਰਤ ਗਿਆ ਹੈ, ਆਪ ਸੋਘੇ ਰਹੋ; ਤਾਂ ਆਪ ਨੇ ਉੱਤਰ ਦਿੱਤਾ, ਕਿ ਤੁਸੀਂ ਭਰਾਵਾਂ ਨੂੰ ਮਿਲਣ ਨਹੀਂ ਦੇਂਦੇ।

ਧਿਆਨ ਸਿੰਘ ਮਰੇ ਮਗਰੋਂ ਰਾਜਾ ਹੀਰਾ ਸਿੰਘ ਦੀ ਹਮੈਤ ਪਹਿਲਾਂ ਕੁਰਟਾਂ ਵਾਲੀਆਂ ਪੜਤਲਾਂ ਨੇ ਕੀਤੀ ਸੀ। ਹੀਰਾ ਸਿੰਘ ਦੇ ਵੇਲੇ ਮਤਾਬ ਸਿੰਘ ਨੇ ਲੰਡੀ ਪਸ਼ੌਰ ਦੀ ਬਦਲੀ ਵੇਲੇ ਬਾਈ ਹਜ਼ਾਰ ਦੀ ਸਰਕਾਰੀ ਰਕਮ ਆਪ ਹੀ ਖਾ ਲਈ।

---

*੧ ਰਸਾਲਾ ਫੁਲਵਾੜੀ, ਜਨਵਰੀ ੧੯੩੧ ਈਸਵੀ।*

*੨ ਨੋਟ-ਸ੍ਰ. ਕਰਮ ਸਿੰਘ ਜੀ ਦੇ ਚਲਾਣੇ ਮਗਰੋਂ ਇਹ ਬਿਆਨ ਉਨ੍ਹਾਂ ਦੇ ਸਪੁੱਤਰ ਸ੍ਰ. ਰਣਬੀਰ ਸਿੰਘ ਨੇ ਕਾਗਜ਼ਾਂ ਵਿਚੋਂ ਲੱਭ ਕੇ ਭੇਜੇ ਸਨ। (ਐਡੀਟਰ)*

 www.sikhbookclub.com

ਹੀਰਾ ਸਿੰਘ ਨੇ ਉਸ ਨਾਲ ਸਖਤੀ ਕੀਤੀ। ਦੂਜੇ ਮੇਵਾ ਸਿੰਘ ਨੂੰ ਵੀ ਝਿੜਕੀ-ਝਪਟੀ ਦਿੱਤੀ ਸੀ। ਇਹ ਦੋਵੇਂ ਪਹਿਲਾਂ ਰਾਜੇਕਿਆਂ ਵੱਲ ਸਨ, ਪਰ ਮਗਰੋਂ ਇਹ ਉਨ੍ਹਾਂ ਦੇ ਪੱਕੇ ਦੁਸ਼ਮਣ ਹੋ ਗਏ, ਸੁ ਜਦੋਂ ਹੀਰਾ ਸਿੰਘ ਨੱਠਾ, ਤਾਂ ਇਨ੍ਹਾਂ ਹੀ ਰੌਲਾ ਪਾ ਕੇ ਫੌਜ ਉਨ੍ਹਾਂ ਦੇ ਮਗਰ ਲਾਈ ਸੀ। ਪਸ਼ੌਰਾ ਸਿੰਘ ਨੂੰ ਸੂਰਮੇ ਚੂਹੜੇ ਨੇ ਮਾਰਿਆ ਸੀ।

ਜਦ ਲੜਾਈ ਛਿੜੀ ਤਾਂ ਰਣਜੋਧ ਸਿੰਘ ਨਾਲ ਗੁਲਾਬ ਸਿੰਘ ਭਾਗੋਵਾਲੀਏ ਦਾ ਤੋਪਖਾਨਾ ਕੀਤਾ ਗਿਆ, ਅਤੇ ਸਭ ਫੌਜ ਅੰਤ ਨੂੰ ਫਲੌਰ ਜਾ ਠਹਿਰੀ। ਓਥੇ ਆ ਕੇ ਇਕ ਮਲਵਈ ਨੇ ਦੱਸਿਆ ਕਿ ਲੁਧਿਆਣੇ ਦੇ ਬਜ਼ਾਰ ਵਿਚ ਇਕ ਥਾਂ ਮੈਂ ਆਪਣੀ ਹੱਥੀਂ ਗਾਰਾ ਲਾਉਂਦਾ ਰਿਹਾ ਹਾਂ, ਉਸ ਹੱਟੀ ਵਿਚ ਸ਼ਾਹੂਕਾਰ ਦਾ ਇਕ ਲੱਖ ਰੁਪਿਆ ਹੈ, ਮੇਰੇ ਨਾਲ ਆਓ, ਮੈਂ ਦਸ ਦੇਂਦਾ ਹਾਂ। ਪਰ ਕਿਸੇ ਨੇ ਉਸ ਦੀ ਗੱਲ ਵੱਲ ਕੰਨ ਨ ਕੀਤਾ।

ਮਹੀਨਾ ਕੁ ਭਰ ਤਾਂ ਅਸੀਂ ਫਲੌਰ ਹੀ ਬੈਠੇ ਰਹੇ। ਅੰਤ ਨੂੰ ਪਾਰੋਂ ਅਜੀਤ ਸਿੰਘ ਲਾਡਵੇ ਵਾਲਾ ਅੱਠ ਘੁੜਨੈਲਾਂ ਤੇ ਇਕ ਜਿਨਸੀ ਤੋਪ ਲੈ ਕੇ ਸਾਡੇ ਨਾਲ ਆ ਮਿਲਿਆ ਤਾਂ ਪਾਰ ਹੋ ਕੇ ਫੇਰ ਬੱਦੋਵਾਲ ਦੇ ਗਿਰਦ ਜਾ ਉਤਰੇ। ਇਕ ਰਾਤ ਨੂੰ ਇਕ ਮਲਵਈ ਨੇ ਆ ਕੇ ਖਬਰ ਦਿੱਤੀ, ਕਿ ਸਵੇਰੇ ਫਰੰਗੀ ਆਵੇਗਾ; ਪਰ ਰਣਜੋਧ ਸਿੰਘ ਨੇ ਇਸ ਗੱਲ ਵੱਲ ਗਹੁ ਹੀ ਨਾ ਕੀਤਾ। ਤੜਕ ਸਾਰ ਹੀ ਸੀ, ਕਿ ਕੋਹ ਕੁ ਲਾਂਭੇ ਫਰੰਗੀ ਆ ਨਜ਼ਰੀਂ ਪਿਆ। ਸਿੰਘ ਅੱਧੀ ਫੌਜ ਤੇ ਅੱਧਾ ਤੋਪਖਾਨਾ ਲੈ ਕੇ ਜਾ ਪਏ। ਉਹ ਨਾਲੇ ਤਾਂ ਲੜਦੇ ਜਾਣ, ਨਾਲੇ ਤਿਲਕਦੇ ਜਾਣ। ਉਨ੍ਹਾਂ ਦੇ ਸਭ ਊਠ ਫੜ ਲਏ। ਕਈ ਗੋਰੇ ਤਾਂ ਕਮਾਦਾਂ ਵਿਚ ਲੁਕ ਗਏ। ਪਰ ਉਨ੍ਹਾਂ ਨੂੰ ਆਖਿਆ ਵੇਖਿਆ ਕਿਸੇ ਨੇ ਕੁਝ ਨਹੀਂ, ਤੰਬੂਆਂ ਵਿਚ ਉਹ ਸਾਡੇ ਸਾਹਮਣੇ ਹੀ ਮੂੰਹ ਪਏ ਧੋਣ।

ਜਦ ਉਹ ਲੁਧਿਆਣਿਓਂ ਹੋ ਕੇ ਆ ਕੇ ਪਏ ਤਾਂ ਅਸੀਂ ਭੂੰਦੜੀ ਅਤੇ ਅਲੀਵਾਲ ਦੇ ਵਿਚਕਾਰ ਸਾਂ। ਸਾਡੇ ਖੱਬੇ ਪਾਸੇ ਭੂੰਦੜੀ ਵੱਲ ਖੁਲ੍ਹੇ ਘੋੜ-ਚੜ੍ਹੇ ਸਨ। ਸਾਡੇ ਸੱਜੇ ਪਾਸੇ ਸਾਡੇ ਨਾਲ ਇਕ ਹੋਰ ਤੋਪਖਾਨਾ ਸੀ। ਬਹੁਤ ਚਿਰ ਲੜਾਈ ਹੋਈ। ਪਹਿਲਾ ਗੋਲਾ ਸਾਡੇ ਤੋਪਖਾਨੇ ਦਾ ਚੱਲਿਆ ਸੀ, ਅਤੇ ਦੋ ਫੈਰਾਂ ਮਗਰੋਂ ਅੰਗਰੇਜ਼ਾਂ ਦਾ ਫੈਰ ਹੋਇਆ ਸੀ। ਪਹਿਲਾਂ ਘੋੜ-ਚੜ੍ਹੇ ਭੱਜੇ; ਫੇਰ ਪੜਤਲਾਂ ਵੀ ਭੱਜੀਆਂ। ਅੰਤ ਨੂੰ ਅਸਾਂ ਕਿਹਾ ਕਿ ਸਰਦਾਰ ਜੀ! ਤੁਸੀਂ ਤਾਂ ਚੱਲੇ, ਅਸੀਂ ਕਿੱਥੇ? ਪਰ ਉਹ ਚੁੱਪ, ਅਤੇ ਘੋੜਾ ਸੱਟੀ ਗਿਆ। ਅਸਲ ਵਿਚ ਰਣਜੋਧ ਸਿੰਘ ਦਿਲੋਂ ਹਾਰ ਹੀ ਚਾਹੁੰਦਾ ਸੀ। ਅੰਤ ਅਸੀਂ ਵੀ ਨੱਠੇ।

ਅੱਗੇ ਰੇਤ, ਤੁਰਿਆ ਜਾਵੇ ਨਾ। ਤਲਵਣ ਦੇ ਗਾਹਣੋਂ ਪਾਰ ਹੋਏ। ਪੰਜ ਸੱਤ ਤੋਪਾਂ ਹੀ ਸਾਡੇ ਨਾਲ ਆਈਆਂ, ਬਾਕੀ ਸਭ ਪਿੱਛੇ ਛੱਡ ਆਏ। ਆਏ ਕਿਲ੍ਹੇ ਫਲੌਰ ਦੇ, ਅਸੀਂ ਤਾਂ ਪਾਸਾ ਭੰਨ ਕੇ ਅੰਦਰ ਜਾ ਵੜੇ ਪਰ ਪੈਦਲ ਵਿਚਾਰੇ ਬਾਹਰ ਹੀ ਪਏ

ਠਰਨ। ਫੇਰ ਹੌਲੀ ਹੌਲੀ ਲਾਹੌਰ ਆ ਗਏ।

ਤੋਪਖਾਨਾ ਤਾਂ ਜਾਂਦਾ ਰਿਹਾ; ਲਾਹੌਰ ਆ ਕੇ ਅਸੀਂ ਦੇਵੀ ਸਹਾਇ ਅਕਾਲ-ਗੜ੍ਹੀਏ ਦੇ ਖੁੱਲ੍ਹੇ ਘੋੜ-ਚੜ੍ਹਿਆਂ ਵਿਚ ਨੌਕਰ ਹੋ ਗਏ। ਜਦੋਂ ਕਰਮ ਸਿੰਘ ਦਵਾਬੀਆ, ਲਾਹੌਰ ਦਾ ਅਦਾਲਤੀ ਮੁਲਤਾਨ ਦਾ ਸੂਬਾ ਹੋਣ ਲਈ ਗਿਆ ਅਤੇ ਦੋਵੇਂ ਅੰਗਰੇਜ਼ ਮਾਰੇ ਗਏ ਤੇ ਸਾਰੀ ਫੌਜ ਮੂਲ ਰਾਜ ਨਾਲ ਰਲ ਗਈ ਅਤੇ ਫੇਰ ਮਗਰੋਂ ਰਾਜਾ ਸ਼ੇਰ ਸਿੰਘ ਦਾ ਵੱਡਾ ਡੇਰਾ ਤੁਰਿਆ ਤਾਂ ਅਸੀਂ ਉਸ ਡੇਰੇ ਵਿਚ ਸਾਂ। ਮੁਲਤਾਨ ਜਾ ਕੇ ਕੁਝ ਚਿਰ ਅਸੀਂ ਲੜਦੇ ਰਹੇ, ਪਰ ਜਦੋਂ ਚਤਰ ਸਿੰਘ ਦੀਆਂ ਚਿੱਠੀਆਂ ਆਈਆਂ ਤਾਂ ਸ਼ੇਰ ਸਿੰਘ ਫਿਰ ਗਿਆ।

ਇਕ ਦਿਨ ਮੋਰਚਾ ਲੱਗਾ ਹੋਇਆ ਸੀ ਅਤੇ ਅੰਦਰੋਂ ਮਨ੍ਹਿਆਲੀਆ ਸਰਦਾਰ, ਜੋ ਕਾਨ੍ਹ ਸਿੰਘ ਵੇਲੇ ਦਾ ਮੂਲ ਰਾਜ ਨਾਲ ਰਲਿਆ ਹੋਇਆ ਸੀ ਅਤੇ ਬੜਾ ਲਾਇਕ ਤੋਪਾਂ ਵਾਲਾ ਸੀ, ਤੋਪਾਂ ਮਾਰਦਾ ਸੀ ਅਤੇ ਬਾਹਰੋਂ ਬਾਲ ਸਿੰਘ ਚੂਹੜਕਾਣੀਆਂ, ਪਰ ਮੈਂ ਜਾਚ ਲਿਆ ਕਿ ਸਾਡੀ ਤੋਪ ਖਾਲੀ ਚਲ ਰਹੀ ਹੈ, ਕਿਉਂ ਜੋ ਮੈਂ ਤਾਂ ਕੁਝ ਚਿਰ ਤੋਪਖਾਨੇ ਵਿਚ ਰਿਹਾ ਹੋਇਆ ਸਾਂ। ਮੇਰੇ ਚਾਚੇ ਬੁੱਢਾ ਸਿੰਘ ਨੇ ਬਾਲ ਸਿੰਘ ਨੂੰ ਮੇਰੀ ਗੱਲ ਕਹੀ ਕਿ ਸਾਡਾ ਮੁੰਡਾ ਇਸ ਤਰ੍ਹਾਂ ਕਹਿੰਦਾ ਹੈ; ਉਸ ਕਿਹਾ, ਚੁੱਪ ਰਹੁ। ਫੇਰ ਤਾਂ ਸਭ ਮੂਲ ਰਾਜ ਵੱਲ ਹੋ ਗਏ, ਕੇਵਲ ਸਹੀ ਸਿੰਘ ਭਸੀਣੀਆ ਜਗੀਰ ਦੇ ਡਰ ਕਰਕੇ ਮੁੜ ਗਿਆ।

ਓਦੋਂ ਹੀ ਮੈਨੂੰ ਤਾਪ ਚੜ੍ਹਨ ਲੱਗ ਪਿਆ; ਮੈਂ ਤਿੰਨ ਦਿਨ ਤਾਪੀਦਾ ਰਿਹਾ। ਸ਼ੇਰ ਸਿੰਘ ਦੀ ਫੌਜ ਫਰੰਗੀ ਨਾਲ ਲੜਨ ਲਈ ਤਿੰਨੇ ਦਿਨ ਜਾਂਦੀ ਰਹੀ, ਪਰ ਦਾਓ ਨਾ ਲੱਗਾ। ਅੰਤ ਨੂੰ ਅੰਗਰੇਜ਼ਾਂ ਨੇ ਹਿਕਮਤ ਕੀਤੀ ਕਿ ਇਕ ਕਾਗਜ਼ ਲਿਖ ਕੇ ਕਿਲ੍ਹੇ ਦੇ ਦਰਵਾਜ਼ੇ ਨਾਲ ਲਾ ਦਿੱਤਾ ਕਿ ਰਾਜਾ ਸ਼ੇਰ ਸਿੰਘ, ਤੂੰ ਖੂਬ ਹਿਕਮਤ ਕੀਤੀ ਹੈ, ਮੂਲ ਰਾਜ ਨੂੰ ਫੜ ਲਿਆ ਈ। ਕਿਸੇ ਨੇ ਇਹ ਕਾਗਜ਼ ਪੜ੍ਹ ਕੇ ਮੂਲ ਰਾਜ ਨੂੰ ਖਬਰ ਦੇ ਦਿੱਤੀ, ਜਿਸ ਕਰਕੇ ਆਪੋ ਵਿਚ ਅ-ਜੋੜ ਹੋ ਗਿਆ।

ਰਾਜਾ ਸ਼ੇਰ ਸਿੰਘ ਫੇਰ ਰਾਮ ਨਗਰ ਵੱਲ ਆਇਆ। ਉਥੇ ਰਾਮ ਸਿੰਘ ਛਾਪੇ ਵਾਲੇ ਦੀ ਫੌਜ ਨਾਲ ਅੰਗਰੇਜ਼ਾਂ ਦੀ ਲੜਾਈ ਹੋਈ। ਪਾਰਵਾਰ ਸੰਤਰ ਵਿਚ ਬਾਲ ਸਿੰਘ ਵਾਲਾ ਤੋਪਖਾਨਾ ਸੀ, ਸੁ ਉਸ ਨੇ ਤੋਪ ਮਾਰ ਕੇ ਫਰੰਗੀ ਦੀ ਤੋਪ ਦਾ ਧੁਰਾ ਤੋੜ ਦਿੱਤਾ ਅਤੇ ਫੇਰ ਹਾਥੀ ਘੱਲ ਕੇ ਗਾਹਣ ਥਾਣੀਂ ਉਹ ਤੋਪ ਆਪਣੀ ਵੱਲ ਲੈ ਗਏ।

ਜਿਸ ਦਿਨ ਲੌਂਗਾਂ ਵਾਲੀ ਲੜਾਈ ਹੋਈ ਹੈ, ਉਸ ਰਾਤ ਅਸੀਂ ਬਿਕਟ ਦੇ ਤੌਰ ਦਰਿਆਓਂ ਪਾਰ ਗਾਹਣ ਪਾਸ ਅੰਗਰੇਜ਼ਾਂ ਵੱਲ ਸਾਰੀ ਰਾਤ ਰਹੇ ਸਾਂ। ਦਿਨ ਚੜ੍ਹੇ ਫੇਰ ਡੇਰੇ ਗਏ। ਕਾਰਨ ਇਹ ਜਾਚਣ ਦਾ ਸੀ, ਕਿ ਕਿਤੇ ਅੰਗਰੇਜ਼ ਰਾਤ-ਬਰਾਤੀ ਗਾਹਣ ਲੰਘ ਕੇ ਸਾਡੇ ਉਤੇ ਨਾ ਆ ਪੈਣ। ਦਿਨੇ ਫੌਜ ਤਾਂ ਲੜਨ ਲਈ ਲੌਂਗਾਂ ਨੂੰ

ਗਈ, ਪਰ ਅਸੀਂ ਡੇਰੇ ਹੀ ਰਹੇ। ਲੌਂਗਾਂ ਤੋਂ ਆ ਕੇ ਤੋਪਾਂ ਦੀ ਸ਼ਲਕ ਕੀਤੀ, ਅਤੇ ਰਾਤੋ ਰਾਤ ਮੋਂਗ ਰਸੂਲ ਨੂੰ ਕੂਚ ਕੀਤਾ। ਉਥੇ ਸਾਡੇ ਡੇਰੇ ਦੇ ਬਾਈ ਸੌ ਅਸਵਾਰ ਸਨ, ਜੋ ਦੇਵੀ ਸਹਾਇ ਤੇ ਗਣਪਤਿ ਆਦਿ ਦੇ ਕਹੇ ਜਾਂਦੇ ਸਨ, ਮੀਂਹਾ ਸਿੰਘ ਦਾਸ ਵਾਲੀਏ ਦੇ ਪੁੱਤਰ (ਬਹਾਦਰ ਸਿੰਘ ਦਾ ਸੁਦਾਗਰ ਸਿੰਘ) ਦੀਆਂ ਚਾਰ ਪੜਤਲਾਂ ਸਨ। ਸੂਰਤ ਸਿੰਘ ਦਾ ਡੇਰਾ ਲਾਮ ਦੇ ਸੱਜੇ ਹੱਥ ਕੋਈ ਦੋ ਕੁ ਕੋਹ ਲਾਂਭੇ ਸੀ। ਪਰ ਜਦੋਂ ਸੂਰਤ ਸਿੰਘ ਨੇ ਹੱਲਾ ਕੀਤਾ ਹੈ ਕਿ ਖੱਬੇ ਸਿਰਿਓਂ ਹੀ ਕੀਤਾ ਹੈ।

ਸਾਨੂੰ ਐਨ ਲੜਾਈ ਵੇਲੇ ਹੁਕਮ ਹੋਇਆ ਕਿ ਸਾਡਾ ਡੇਰਾ ਸਰਦਾਰ ਸੂਰਤ ਸਿੰਘ ਨਾਲ ਰਲ ਜਾਵੇ, ਜਦੋਂ ਅਸੀਂ ਡੇਰੇ ਵੱਲ ਵਧੇ, ਤਾਂ ਪਤਾ ਲੱਗਾ ਕਿ ਸਰਦਾਰ ਜੀ ਲੜ ਰਹੇ ਹਨ। ਅਸੀਂ ਵੀ ਉਧਰ ਹੀ ਵਧੇ। ਅੱਗੇ ਰਣਭੂਮੀ ਵਿਚ ਆ ਕੇ ਵੇਖਦੇ ਹਾਂ, ਕਿ ਸਰਦਾਰ ਸੂਰਤ ਸਿੰਘ ਜੀ ਸ਼ੇਰ ਰਜਬਣ ਦੇ ਸਿਰ ਉਤੇ ਖੜ੍ਹੇ ਲੜ ਰਹੇ ਹਨ, ਆਪ ਦੇ ਸੱਜੇ ਮੋਢੇ ਉੱਤੇ ਲਹੂ-ਝਾੜਦੀ ਤਲਵਾਰ ਹੈ, ਆਪ ਦੇ ਸਾਹਮਣੇ ਫਰੰਗੀ ਦੀਆਂ ਘੋੜੇ ਜੁਪੀਆਂ ਛੇ ਤੋਪਾਂ ਪਈਆਂ ਹਨ, ਅਤੇ ਗੋਰੇ ਜ਼ਮੀਨ ਉਤੇ ਲੁਛ ਰਹੇ ਹਨ। ਮੂੰਹ ਸ਼ੇਰ ਰਜਬਣ ਦਾ ਦੱਖਣ ਵੱਲ ਹੈ। ਫੇਰ ਸਰਦਾਰ ਜੀ ਨੇ ਇਕ ਹੋਰ ਹੱਲਾ ਕਰਨ ਲਈ ਕਿਹਾ, ਪਰ ਸਿੰਘ ਕਿਸੇ ਕਾਰਨ ਕਰਕੇ ਨਾ ਵਧੇ, ਸ਼ੈਦ ਲੁੱਟ ਦੇ ਆਹਰ ਕਰਕੇ, ਕਿਉਂਜੁ ਫਰੰਗੀ ਦੇ ਊਠ ਆਦਿ ਫੜ ਲਏ ਸਨ। ਰਣਭੂਮੀ ਵਿਚ ਹੀ ਡੇਰਾ ਰਖਿਆ, ਪਿੱਛੇ ਆਪਣੇ ਡੇਰੇ ਵਿਚ ਫਤਹਿ ਦੀ ਖੁਸ਼ੀ ਵਿਚ ਸ਼ਲਕ ਹੋਈ, ਅਤੇ ਅਸੀਂ ਅੱਧੀ ਰਾਤ ਪਿੱਛੇ ਨੂੰ ਤੁਰ ਪਏ, ਰਾਤ ਕਣੀਆਂ ਵੀ ਪਈਆਂ ਸਨ।

ਜਦੋਂ ਅਸੀਂ ਡੇਰੀਂ ਆਏ, ਤਾਂ ਰਾਜਾ ਸ਼ੇਰ ਸਿੰਘ ਨੇ ਸਭ ਫੌਜ ਨੂੰ ਕਿਹਾ, ਕਿ ਪਿੱਛੇ ਸਤਾਈ ਕੁ ਤੋਪਾਂ ਛੱਡ ਆਏ ਹਾਂ, ਹਿੰਮਤ ਕਰ ਕੇ ਲੈ ਆਉ, ਸੁ ਲੈ ਆਂਦੀਆਂ ਗਈਆਂ। ਸਵੇਰੇ ਫਰੰਗੀ ਆਏ, ਅਤੇ ਕਿਹਾ ਕਿ ਤਿੰਨ ਦਿਨ ਤੀਕ ਕੋਈ ਕੁਝ ਨਾ ਕਰੇ, ਆਪੋ ਆਪਣੇ ਮੁਰਦੇ ਸਾੜੇ; ਸੁ ਅਸਾਂ ਸਭ ਸਿੰਘਾਂ ਦੀਆਂ ਲੋਥਾਂ ਕਰੀਰਾਂ ਨਾਲ ਝੁਲੂਸੀਆਂ।

## ਗੁਜਰਾਤ ਦੀ ਲੜਾਈ

ਫੇਰ ਕੁਝ ਦਿਨਾਂ ਮਗਰੋਂ ਦੋ ਡੇਰੇ ਹੋਏ। ਇਕ ਅੱਗੇ ਗਿਆ, ਅਤੇ ਇਕ ਪੱਬੀ ਉੱਤੇ ਰਿਹਾ। ਅਸੀਂ ਮਗਰਲੇ ਡੇਰੇ ਵਿਚ ਸਾਂ। ਅੰਤ ਨੂੰ ਇਕੱਠੇ ਹੋ ਕੇ ਗੁਜਰਾਤ ਗਏ। ਅਸੀਂ ਪਹਾੜ ਵੱਲ ਸਾਂ, ਵਲੈਤੀ ਨਾਲ ਸਨ। ਜਦੋਂ ਲੜਾਈ ਛਿੜੀ, ਤਾਂ ਵਲੈਤੀਆਂ ਨੇ 'ਸ਼ਮਸ਼ੇਰ' ਕਿਹਾ। ਦੇਵੀ ਸਹਾਇ ਨੇ ਉੱਤਰ ਦਿੱਤਾ ਕਿ ਸਾਨੂੰ ਹੁਕਮ ਹੈ, ਕਿ ਜਦ ਤੀਕ ਅੱਗੇ ਵਧਣ ਦਾ ਹੁਕਮ ਨਾ ਹੋਵੇ, ਲਾਮੋਂ ਅੱਗੇ ਨਹੀਂ ਵਧਣਾ, ਪਰ ਜਦੋਂ ਫੇਰ ਵਲੈਤੀਆਂ ਕਿਹਾ ਤਾਂ ਦੇਵੀ ਸਹਾਇ ਨੇ ਕਹਿਆ ਕਿ ਹੱਥ ਕਰ ਲਵੋ, ਜੇਕਰ ਕਰ ਸਕਦੇ ਹੋ; ਤਾਂ ਵਲੈਤੀਆਂ ਦਾ ਡੇਰਾ ਅੱਗੇ ਵਧਿਆ, ਪਰ ਅੱਗੋਂ ਦੋ ਤੋਪਾਂ ਹੀ ਵੱਜੀਆਂ ਸਨ ਕਿ ਪਿੱਛੇ ਹਟ ਕੇ ਨੱਠ ਗਏ।

ਫੇਰ ਤਾਂ ਵਹੀਰ ਪੈ ਗਿਆ। ਜੇਹਲਮੋਂ ਪਾਰ ਹੋ ਕੇ ਸਾਡੇ ਚਾਚੇ ਨੇ ਕਿਹਾ, ਕਿ ਹੁਣ ਜੋ ਹੋਣੀ ਸੀ ਹੋ ਚੁਕੀ, ਆਓ ਜਾਨਾਂ ਬਚਾਈਏ; ਸੁ ਅਸੀਂ ਕਾਹਨ ਸਿੰਘ ਵੱਲ ਸੈਦ ਪੁਰ ਨੂੰ ਹੋ ਪਏ। ਅੱਗੋਂ ਪਠਾਣਾਂ ਨੇ ਰਾਜਾ ਸ਼ੇਰ ਸਿੰਘ ਨੂੰ ਕਿਹਾ, ਕਿ ਅਸਾਂ ਇਕ ਜੀਅ ਨੂੰ ਵੀ ਖੈਬਰੋਂ ਲੰਘਣ ਨਹੀਂ ਦੇਣਾ। ਸਿੰਘਾਂ ਸੋਚਿਆ ਕਿ ਫਰੰਗੀ ਸਾਨੂੰ ਹੁਣ ਮਾਰ ਦੇਵੇਗਾ, ਕਾਬਲ ਹੀ ਚਲੇ ਜਾਈਏ। ਪਰ ਅੰਤ ਨੂੰ ਹਥਿਆਰ ਦੇ ਕੇ ਘਰੋ-ਘਰੀਂ ਚਲੇ ਗਏ। ਸਾਡੇ ਵੀ ਹਥਿਆਰ ਲੈ ਲਏ ਗਏ, ਅਤੇ ਰਾਹਦਾਰੀ ਦਾ ਪਰਵਾਨਾ ਮਿਲ ਗਿਆ।

ਸਾਡੇ ਤਪੇ ਵਿਚ ਅਮਰੀਕ ਸਿੰਘ ਕਾਛੇ ਪਿੰਡ ਦਾ ਵੱਡਾ ਜੋਧਾ ਹੋਇਆ ਹੈ। ਸੋਭਾ ਸਿੰਘ ਘਨੱਈਏ ਦੇ ਵੇਲੇ ਜੋ ਲਾਹੌਰ ਦੇ ਤੀਜੇ ਹਿੱਸੇ ਦਾ ਮਾਲਕ ਸੀ, ਸਾਡਾ ਬਾਬਾ ਉਸ ਦਾ ਮੁਸਾਹਿਬ ਸੀ। ਰਣਜੀਤ ਸਿੰਘ ਦੇ ਵੇਲੇ ਗੁਜਰਾਂਵਾਲੇ ਵਿਚ ਦੋ ਪਿੰਡ ਜਗੀਰ ਸਨ, ਪਰ ਲੜਾਈ ਮਗਰੋਂ ਜ਼ਬਤ ਹੋ ਗਏ।

SIKHBOOKCLUB.COM

# ੧੯

## ਬਿਆਨ ਇਕ ਸਿੰਘ ਦਾ

*[ਮੇਰੇ ਪੁਰਾਣੇ ਕਾਗਜ਼ਾਂ ਵਿਚ ਜੋ ਇਸ ਵੇਲੇ ਮੇਰੇ ਸਾਹਮਣੇ ਹਨ ਇਸ ਬਾਬਾ ਜੀ ਦਾ ਨਾਮ ਜਾਂ ਪਿੰਡ ਨਹੀਂ ਲਿਖਿਆ ਹੋਇਆ। ਮੈਂ ਜਦ ਕਿਸੇ ਬਿਰਧ ਕੋਲੋਂ ਹਾਲ ਪੁੱਛਿਆ ਕਰਦਾ ਸਾਂ, ਤਾਂ ਐਵੇਂ ਯਾਦਦਾਸ਼ਤ ਲਈ ਮੋਟੀਆਂ ਮੋਟੀਆਂ ਗੱਲਾਂ ਨੋਟ ਕਰ ਲਿਆ ਕਰਦਾ ਸਾਂ, ਅਤੇ ਫੇਰ ਵਿਹਲੇ ਵੇਲੇ ਜ਼ਰੂਰੀ ਜ਼ਰੂਰੀ ਗੱਲਾਂ ਜੋ ਮੇਰੇ ਲਈ ਨਵੀਆਂ ਹੁੰਦੀਆਂ ਸਨ, ਸੰਖੇਪ ਨਾਲ ਲਿਖ ਲਿਆ ਕਰਦਾ ਸਾਂ। ਮੇਰੀ ਨੋਟ ਬੁਕ ਵਿਚ ਇਸ ਬਾਬਾ ਜੀ ਦੀਆਂ ਦੱਸੀਆਂ ਮੋਟੀਆਂ ਮੋਟੀਆਂ ਗੱਲਾਂ ਹੀ ਦਰਜ ਹਨ। ਹੋ ਸਕਦਾ ਹੈ ਕਿ ਹੋਰਨਾਂ ਬਿਆਨਾਂ ਵਾਂਗ ਮੈਂ ਇਸ 'ਬਿਆਨ' ਨੂੰ ਕਿਤੇ ਸਿਲਸਿਲੇ ਵਾਰ ਲਿਖ ਲਿਆ ਹੋਵੇ, ਪਰ ਉਹ ਕਾਗਜ਼ ਐਸ ਵੇਲੇ ਮੇਰੇ ਪਾਸ ਨਹੀਂ। ਇਸ ਲਈ ਮੈਂ ਕੇਵਲ ਮੋਟੀਆਂ ਮੋਟੀਆਂ ਗੱਲਾਂ ਨੂੰ ਹੀ ਜੋੜ ਕੇ ਇਸ ਆਨ ਨੂੰ ਪੂਰਾ ਕਰਦਾ ਹਾਂ। —ਕਰਮ ਸਿੰਘ]*

ਜਦ ਕੰਵਰ ਨੌਨਿਹਾਲ ਸਿੰਘ ਤਰਨ ਤਾਰਨ ਆਇਆ ਸੀ, ਅਸੀਂ ਉਦੋਂ ਨੌਕਰ ਹੋਏ ਸਾਂ। ਫਿਰ ਅਸੀਂ ਅੰਮ੍ਰਿਤਸਰ ਕਵੈਦ ਸਿਖਦੇ ਰਹੇ, ਤੇ ਦੁਸਹਿਰੇ ਨੂੰ ਲਾਹੌਰ ਗਏ, ਅਤੇ ਨੌਨਿਹਾਲ ਸਿੰਘ ਦੀ ਅੜਦਲ ਵਿਚ ਹੋ ਗਏ।

ਜਦ ਨੌਨਿਹਾਲ ਸਿੰਘ ਗੁਜ਼ਰਿਆ, ਤੇ ਸ਼ੇਰ ਸਿੰਘ ਲਾਹੌਰ ਆਇਆ, ਤਾਂ ਸਾਡੀਆਂ ਮਾਨਾਂਵਾਲੀਆਂ ਦੀਆਂ ਦੋ ਕੰਪਨੀਆਂ ਕਿਲ੍ਹੇ ਅੰਦਰ ਸਨ। ਰਾਜਾ ਗੁਲਾਬ ਸਿੰਘ ਨੇ ਸਾਨੂੰ ਕਿਲ੍ਹੇ ਤੋਂ ਬਾਹਰ ਕੱਢ ਦਿੱਤਾ; ਅੰਦਰ ਡੋਗਰੇ ਹੀ ਰਹੇ। ਅਸੀਂ ਮੋਤੀ ਬਾਜ਼ਾਰ ਤੋਸ਼ੇਖਾਨੇ ਆ ਗਏ। ਕਿਲ੍ਹੇ ਅੰਦਰ ਡੋਗਰੇ ਆਕੀ ਹੋ ਗਏ ਅਤੇ ਅੰਤ ਨੂੰ ਗੁਲਾਬ ਸਿੰਘ ਖਜ਼ਾਨਾ ਲੈ ਕੇ ਜੰਮੂ ਨੂੰ ਚਲਿਆ ਗਿਆ।

ਜਦ ਲੜਾਈ ਲੱਗੀ ਤਾਂ ਰਣਜੋਧ ਸਿੰਘ ਦਾ ਡੇਰਾ ਲਾਹੌਰੋਂ ਏਕਲਗੱਡੇ ਗਿਆ। ਫਿਰ ਕਪੂਰਥਲੇ ਤੇ ਜਲੰਧਰ। ਭੂੰਦੜੀ ਦੀ ਲੜਾਈ ਵੇਲੇ ਚਾਰੇ ਮਾਨਾਂਵਾਲੀਆਂ ਪੜਤਲਾਂ ਅੱਧ-ਵਿਚਾਲੇ ਸਨ– ਅਬੂ ਤਬੇਲਾ ਵਾਲੀਆਂ ਸਾਡੇ ਸੱਜੇ ਤੇ ਆਹਲੂਵਾਲੀਆ ਸਾਡੇ ਖੱਬੇ ਸਨ; ਆਹਲੂਵਾਲੀਏ ਦੇ ਮੁੰਡੇ ਹੀ ਸਨ। ਸਾਨੂੰ ਫਰੰਗੀ ਨੇ ਵਲ ਲਿਆ। ਰਾਤ ਤਲਵਣ ਦੇ ਪੱਤਣ ਆ ਗਏ, ਫੇਰ ਫਲੌਰ ਦੇ ਕਿਲ੍ਹੇ ਆ ਰਹੇ ਮਹੀਨਾ ਕੁ।

ਬੱਦੋਵਾਲ ਮਲ੍ਹਿਆਂ ਵਿਚ ਲੜਾਈ ਹੋਈ ਸੀ। ਰੋਟੀਆਂ ਤੇ ਮਾਸ ਦੇ ਊਠ ਲੁੱਟੇ ਸਨ। ਪੰਝੀ ਕੁ ਗੋਰੇ ਫੜੇ ਸਨ। ਮਗਰੋਂ ਹੁਕਮ ਆਇਆ ਕਿ ਗੋਰਿਆਂ ਨੂੰ ਲਾਹੌਰ ਘੱਲ ਦੇਵੋ, ਸੁ ਘੱਲ ਦਿੱਤੇ।

# ੨੦

# ਬਿਰਧਾਂ ਦੇ ਬਿਆਨ ਨੰਬਰ ੭[1]

## ਬਿਆਨ ਬਾਬਾ ਅਮੀਰ ਸਿੰਘ

## (ਪਿੰਡ ਘੁਮਾਣ)

### ਜਵਾਹਰ ਸਿੰਘ ਵਜ਼ੀਰ ਦਾ ਕਤਲ–

ਮੈਂ ਪਹੂਆਂ ਦੀ ਪੜਤਲ ਵਿਚ ਨੌਕਰ ਸਾਂ। ਜਦੋਂ ਵਜ਼ੀਰ ਜਵਾਹਰ ਸਿੰਘ ਆਪਣੇ ਭਣੇਵੇਂ ਦਲੀਪ ਸਿੰਘ ਨੂੰ ਲੈ ਕੇ ਹਾਥੀ ਉਤੇ ਮੀਆਂ ਮੀਰ ਨੂੰ ਗਿਆ ਤਾਂ ਸਾਡੀ ਕੰਪਨੀ ਵਜ਼ੀਰ ਦੇ ਨਾਲ ਸੀ। ਫੌਜ ਦੇਖਦੇ ਦੇਖਦੇ ਜਦ ਅਸੀਂ ਕੁਰਟਾਂ ਵਾਲੀਆਂ ਪੜਤਲਾਂ ਦੇ ਸਾਹਮਣੇ ਆਏ, ਤਾਂ ਇਕ ਕੰਪਨੀ ਨੇ ਆ ਕੇ ਹਾਥੀ ਘੇਰ ਲਿਆ ਅਤੇ ਮਹਾਵਤ ਨੂੰ ਕਿਹਾ ਕਿ ਹਾਥੀ ਬਿਠਾ ਦੇਵੇ। ਮਹਾਵਤ ਨੇ ਕੁੰਡਾ ਮਾਰਿਆ, ਜਿਸ ਕਰਕੇ ਹਾਥੀ ਨੇ ਆਪਣੇ ਗੋਡੇ ਧਰਤੀ ਉਤੇ ਲਾ ਦਿੱਤੇ। ਉਹਨਾਂ ਨੇ ਮਹਾਰਾਜੇ ਦਲੀਪ ਸਿੰਘ ਨੂੰ ਵਜ਼ੀਰ ਪਾਸੋਂ ਲੈ ਲਿਆ ਤੇ ਤੰਬੂ ਵਿਚ ਲੈ ਗਏ। ਜਦ ਹਾਥੀ ਉਠਣ ਲੱਗਾ ਤਾਂ ਇਕ ਨੇ ਵਜ਼ੀਰ ਦੇ ਢਿੱਡ ਵਿਚ ਸੰਗੀਨ ਮਾਰੀ, ਦੂਜੇ ਨੇ ਸੱਜੀ ਪੁੜਪੁੜੀ ਵਿਚ ਗੋਲੀ ਮਾਰੀ ਤੇ ਵਜ਼ੀਰ ਨੂੰ ਮਾਰ ਦਿੱਤਾ। ਫੇਰ ਮਾਂਗੇ ਪਿੰਡ ਦਾ ਇਕ ਸਿੰਘ (ਮੰਗਈ) ਹਾਥੀ ਦੀ ਪੂਛ ਬਾਣੀ ਉਤੇ ਚੜ੍ਹ ਗਿਆ ਤੇ ਵਜ਼ੀਰ ਦੇ ਗਹਿਣੇ ਲਾਹ ਲਏ, ਪਰ ਜਦ ਉਹ ਉਤਰ ਕੇ ਹੇਠਾਂ ਆਇਆ ਤਾਂ ਸਾਰੇ ਉਸ ਉਤੇ ਜਾ ਪਏ ਤੇ ਮਗਰੋਂ ਉਸ ਦੀ ਟਾਕੀ ਵੀ ਨਹੀਂ ਲੱਭੀ, ਪਤਾ ਨਹੀਂ ਬਚਿਆ ਕਿ ਨਾ ਬਚਿਆ।

ਜਵਾਹਰ ਸਿੰਘ ਦੀ ਲੋਥ ਬਾਹਰ ਹੀ ਪਈ ਰਹੀ। ਰਾਣੀ ਜਿੰਦਾਂ ਬਾਹਰ ਆ ਕੇ ਪਿੱਟਣ ਲੱਗੀ। ਸਿੰਘਾਂ ਨੇ ਉਸ ਨੂੰ ਕਿਹਾ ਕਿ ਭਰਾ ਦੇ ਨਾਲ ਹੀ ਤੋਰਾਂਗੇ। ਸੁ ਡਰਦੀ ਮਾਰੀ ਅੰਦਰ ਚਲੀ ਗਈ। ਸਵੇਰੇ ਉਸ ਦੀਆਂ ਵਹੁਟੀਆਂ ਨੂੰ ਕਿਹਾ ਕਿ ਪੱਤ ਰੱਖਣੀ ਹੈ ਤਾਂ ਸਤੀ ਹੋ ਜਾਓ ਅਤੇ ਜੇ ਤਲੰਗਿਆਂ ਦੇ ਵੱਸ ਪੈਣਾ ਹੈ ਤਾਂ ਜਿਉਂਦੀਆਂ ਰਵ੍ਹੋ। ਸੁ ਤਿੰਨ ਰਾਣੀਆਂ ਤੇ ਟਹਿਲਣਾਂ ਸਤੀ ਹੋਣ ਲਈ ਤਿਆਰ

---

*੧ ਰਸਾਲਾ ਫੁਲਵਾੜੀ, ਅਪ੍ਰੈਲ ੧੯੩੧ ਈ; ਪੰਨਾ ੪੩੪।*


www.sikhbookclub.com

ਹੋਈਆਂ।

ਦੋ ਵੱਡੇ ਵੱਡੇ ਡੋਲੇ ਬਣਵਾਏ ਗਏ ਅਤੇ ਇਕ ਇਕ ਡੋਲੇ ਵਿਚ ਦੋ ਦੋ ਹੋ ਕੇ ਬੈਠ ਗਈਆਂ। ਹਰ ਪੜਤਲ ਵਿਚੋਂ ਇਕ ਇਕ ਪਹਿਰਾ ਅਰਥਾਤ ਛੇ ਛੇ ਆਦਮੀ ਲੈ ਗਏ ਸਨ। ਸਤੀਆਂ ਰਾਹ ਵਿਚ ਮੁੱਠਾਂ ਦੀਆਂ ਮੁੱਠਾਂ ਰੁਪਈਆਂ ਦੀਆਂ ਸੁੱਟਾਂ ਕਰਦੀਆਂ ਜਾਂਦੀਆਂ ਸਨ। ਇਕ ਸਿੰਘ ਦੇ ਗਲ ਵਿਚ ਦੋ ਕੰਠੇ ਸਨ, ਉਸ ਨੇ ਕਿਹਾ ਕਿ ਸਤੀਆਂ ਦਾ ਰੁਪਿਆ ਚੁਗਣਾ ਧੀ ਭੈਣ ਦਾ ਪੈਸਾ ਲੈਣਾ ਹੈ। ਇਸ ਲਈ ਮੈਂ ਵੀ ਹੱਥ ਨਾ ਲਾਇਆ, ਮਗਰੋਂ ਉਹ ਸਿੰਘ ਆਪ ਹੀ ਰੁਪਏ ਚੁਗਣ ਲੱਗ ਪਿਆ, ਅਤੇ ਮੈਂ ਉਸ ਦੀ ਮੁੱਠ ਖੋਹਲ ਲਈ। ਇਕ ਰੁਪਿਆ ਤਾਂ ਉਸ ਪਾਸ ਰਿਹਾ ਅਤੇ ਯਾਰਾਂ ਰੁਪਏ ਮੇਰੇ ਹੱਥ ਆ ਗਏ। ਉਹ ਰੁਪਏ ਮੈਂ ਝੱਟ ਮੱਥੇ ਦੇ ਕੇਸਾਂ ਵਿਚ ਉੜੰਗ ਲਏ। ਰਾਹ ਵਿਚ ਕਿਸੇ ਸਿੰਘ ਨੇ ਸਤੀਆਂ ਨੂੰ ਕੁਝ ਨਹੀਂ ਕਿਹਾ, ਨੱਕ, ਕੰਨ ਧੂਹਣ ਦੀ ਐਵੇਂ ਗੱਪ ਹੀ ਹੈ।

ਘਿਉ ਤੇਲ ਦੀ ਚਿਖਾ ਬਣੀ ਹੋਈ ਸੀ, ਉਸ ਉੱਤੇ ਤਿੰਨ ਤਾਂ ਚੜ੍ਹ ਗਈਆਂ, ਜਾਂ ਚੌਥੀ ਨੇ ਲੱਕੜ ਉੱਤੇ ਪੈਰ ਹੀ ਰਖਿਆ ਤਾਂ ਪਿੱਛੋਂ ਇਕ ਸਿੰਘ ਨੇ ਉਸ ਦੀ ਝਿੰਮਣੀ (ਮੋਤੀਆਂ ਵਾਲਾ ਉਤਲਾ ਕੱਪੜਾ) ਨੂੰ ਹੱਥ ਪਾਇਆ, ਉਸ ਨੇ ਉੱਥੇ ਖੜ੍ਹੋਤੀ ਹੀ ਨੇ ਭੌਂ ਕੇ ਉਸ ਦੇ ਮੂੰਹ 'ਤੇ ਟਿਕਾ ਕੇ ਚਪੇੜ ਮਾਰੀ ਅਤੇ ਕਿਹਾ ਕਿ ਸਾਡਾ ਲੰਗ ਵੀ ਲਾਹੁਣ ਲੱਗੇ ਹੋ? ਫੇਰ ਉਹ ਚਿਖਾ ਉੱਤੇ ਚੜ੍ਹ ਗਈ ਅਤੇ ਵੰਝ ਦੇ ਸਹਾਰੇ ਖੜ੍ਹੋ ਗਈ। ਲੋਕਾਂ ਪੁੱਛਿਆ ਕਿ ਜਹਾਨ ਦਾ ਕੀ ਹਾਲ? ਕਿਹਾ ਕਿ ਜਿਹੋ ਜਿਹਾ ਸਾਡਾ ਹੋਇਆ, ਤਿਹਾ ਤੁਸਾਡਾ ਹੋਊ। ਫੇਰ ਕਿਹਾ, ਕਿ ਸਾਡੇ ਉੱਤੇ ਛੱਪਰ ਨਾ ਪਾਉਣਾ, ਅਤੇ ਹਿਲਾਂਗੀਆਂ ਵੀ ਨਹੀਂ। ਫਿਰ ਉਹ ਦੀਵੇ ਦੀ ਲਾਟ ਵਾਂਗ ਡੋਲੀ ਅਤੇ ਹੱਥ ਹਿਲਾ ਕੇ ਲੰਬੂ ਲਾਉਣ ਦੀ ਸੈਨਤ ਕੀਤੀ। ਅੱਗ ਲੱਗਿਆਂ ਬੈਠ ਗਈ, ਮਾਨੋ ਜਾਨ ਪਹਿਲਾਂ ਹੀ ਨਿਕਲ ਚੁਕੀ ਸੀ।

ਸਾਡਾ ਕਰਨੈਲ ਦੇਵਾ ਸਿੰਘ ਸਰਾਈਆਂ (ਵੇਦੀ ਪਿੰਡ ਦਾ) ਸੀ। ਜਦ ਲੜਾਈ ਲੱਗੀ, ਤਾਂ ਅਸੀਂ ਤੇਜਾ ਸਿੰਘ ਦੇ ਬੇੜੇ ਨਾਲ ਸਾਂ। ਅਸੀਂ ਚੰਦ ਚੜ੍ਹੇ ਫੇਰੂ ਸ਼ਹਿਰਾਂ ਵੱਲ ਤੁਰੇ ਸਾਂ, ਤੇ ਸੂਰਜ ਚੜ੍ਹਦੇ ਨਾਲ ਹੀ ਅੱਪੜ ਗਏ ਸਾਂ। ਆਪੇ ਹੀ ਭਾਜ ਪੈ ਗਈ, ਅਤੇ ਅਸੀਂ ਮੁੜ ਪਿੰਡੋਂ ਨਹੀਂ ਗਏ।

 www.sikhbookclub.com

# ੨੧

# ਬਿਆਨ ਬਾਬਾ ਜਵਾਹਰ ਸਿੰਘ

## (ਪਿੰਡ ਕੁਮਾਹਾਂ, ਉਮਰ ਸੌ ਵਰ੍ਹਾ)

ਜਦੋਂ ਰਾਜਾ ਸ਼ੇਰ ਸਿੰਘ ਰਾਮ ਨਗਰ ਵੱਲ ਆਇਆ ਤਾਂ ਉਸ ਨੇ ਦੇਸ਼ ਵਿਚ ਹੋਕਾ ਦਿਵਾ ਦਿੱਤਾ, ਕਿ ਜੋ ਪੁਰਾਣਾ ਨੌਕਰ ਹੈ, ਉਹ ਪਹਿਲੇ ਅਹੁਦੇ ਉਤੇ ਕੀਤਾ ਜਾਵੇਗਾ ਅਤੇ ਜੋ ਨਵਾਂ ਆਵੇ ਉਹ ਵੀ ਨੌਕਰ ਰੱਖ ਲਿਆ ਜਾਊ। ਸੋ ਸਾਡੇ ਪਿੰਡੋਂ ਪੰਝੀ ਆਦਮੀ ਟੋਲਾ ਬੰਨ੍ਹ ਕੇ ਤੁਰੇ। ਮੈਂ ਵੀ ਘਰੋਂ ਤਲਵਾਰ ਲੈ ਕੇ ਅਤੇ ਬੰਦੂਕ ਚਾਰ ਰੁਪਏ ਨੂੰ ਮੁੱਲ ਲੈ ਕੇ ਇਨ੍ਹਾਂ ਨਾਲ ਹੋ ਗਿਆ। ਅਸੀਂ ਸਿੱਧੇ ਤੁਰੇ ਗਏ। ਰਾਹ ਵਿਚ ਕਿਸੇ ਨੇ ਹੂੰ ਦੀ ਹਾਂ ਨਹੀਂ ਕੀਤੀ।

ਅਸੀਂ ਮੋਂਗ ਰਸੂਲ ਅੱਪੜੇ, ਅਤੇ ਜਾਂਦੇ ਹੀ ਦੀਵਾਨ ਦੇਵੀ ਸਹਾਇ ਦੀ ਪੜਤਲ ਵਿਚ ਨੌਕਰ ਹੋ ਗਏ। ਇਸ ਦੀਆਂ ਦੋ ਪੜਤਲਾਂ ਤੇ ਇਕ ਰਜਬਣ ਸੀ, ਪਰ ਨਵੀਆਂ। ਈਨ ਦੇ ਪੁਰਾਣੇ ਡੇਰੇ ਤੋਂ ਅੱਗੇ ਸਾਡੀਆਂ ਅੱਠ ਨਵੀਆਂ ਪੜਤਲਾਂ ਇਕ ਟਿੱਬੇ ਜਿਹੇ ਉੱਤੇ ਸਨ, ਜਿੱਥੇ ਅੱਜ ਕਲ੍ਹ ਕਤਲ ਗਾੜ੍ਹ ਹੈ। ਅਸੀਂ ਆਪਣੇ ਉਦਾਲੇ ਉਦਾਲੇ ਛਪਿਆਂ ਦੀ ਸੰਘਣੀ ਵਾੜ ਕੀਤੀ ਹੋਈ ਸੀ ਅਤੇ ਛਾਹੀਆਂ ਪੁੱਟੀਆਂ ਹੋਈਆਂ ਸਨ। ਇਨ੍ਹਾਂ ਅੱਠਾਂ ਪੜਤਲਾਂ ਤੋਂ ਅੱਗੇ ਦਸ ਸਵਾਰਾਂ ਅਤੇ ਏਨੇ ਕੁ ਹੀ ਪੈਦਲਾਂ ਦੀ ਇਕ ਬਿਕਟ ਸੀ। ਕੁਝ ਕੋਹ ਪਰ੍ਹੇ ਅਤੇ ਸਾਡੇ ਅੱਗੇ ਕੁਝ ਕੁ ਕੋਹ ਪਰ੍ਹੇ ਪੰਜ ਸਵਾਰਾਂ ਦੀ ਬਿਕਟ ਸੀ ਕਿ ਕਿਤੇ ਅਚਣ-ਚੇਤ ਹੀ ਫਰੰਗੀ ਨਾ ਆ ਪੈਣ।

ਇਕ ਦਿਨ ਮੈਂ ਵਿਚਲੀ ਬਿਕਟ ਵਿਚ ਸਾਂ ਕਿ ਦਿਨ ਚੜ੍ਹਦੇ ਹੀ ਅੱਗੋਂ ਸਵਾਰ ਘੋੜਾ ਭਜਾਈ ਆਏ, ਅਤੇ ਕਿਹਾ ਕਿ ਫਰੰਗੀ ਆਉਂਦਾ ਹੈ, ਪਿੱਛੇ ਹਟ ਜਾਓ। ਅਸੀਂ ਆਪੋ ਆਪਣੀ ਪੜਤਲ ਵਿਚ ਆ ਗਏ। ਫਰੰਗੀ ਨੇ ਤਿੰਨੀਂ ਪਾਸੀਂ ਹੋ ਕੇ ਸਾਡੀਆਂ ਅੱਠ ਨਵੀਆਂ ਪੜਤਲਾਂ ਨੂੰ ਆ ਘੇਰਿਆ। ਚੌਥਾ ਪਾਸਾ ਖਾਲੀ ਰਿਹਾ। ਸਾਨੂੰ ਅਜੇ ਤੀਕ ਪਿੱਛੇ ਹਟਣ ਦਾ ਹੁਕਮ ਨਹੀਂ ਹੋਇਆ ਸੀ। ਦੋ ਦੇਵੀ ਸਹਾਇ ਅਤੇ ਚਾਰ ਕੁ ਮੁਕੱਦਮ ਸਿੰਘ ਸੁਲਤਾਨ ਕਿਆਂ ਵਾਲੇ ਦੀਆਂ ਪੜਤਲਾਂ ਸਨ। ਫਰੰਗੀ ਨੇ ਤੋਪ ਛੱਡੀ, ਅਤੇ ਅਸੀਂ ਸਭ ਛਹੀਆਂ ਵਿਚ ਲੁਕ ਗਏ। ਬੰਦੂਕ ਚਲਾਉਣੀ ਤਾਂ ਸਾਨੂੰ ਆਉਂਦੀ ਹੀ ਨਹੀਂ ਸੀ। ਅਜੇ ਤਾਂ ਅਸੀਂ ਪੁਰਾਣੇ ਸਿਪਾਹੀਆਂ ਪਾਸੋਂ ਕਵੈਦ ਹੀ ਸਿੱਖਦੇ ਹੁੰਦੇ ਸਾਂ। ਸਾਡੇ ਪਾਸ ਕੁੱਲ ਦੋ ਜੰਬੂਰੇ ਸਨ, ਸੁ ਚਲਣ ਲੱਗ ਪਏ, ਪਰ ਫਰੰਗੀ ਦੇ ਇਕ ਗੋਲੇ ਨੇ ਊਠ ਮਾਰ ਦਿੱਤਾ, ਅਤੇ ਪਲੀਤਾ ਫੂਕ ਦਿੱਤਾ, ਸੁ ਰਹਿ ਗਿਆ ਇਕ ਜੰਬੂਰਾ, ਹੁਣ ਉਹ ਹੀ ਪਿਆ ਚੱਲੇ। ਅੰਤ ਨੂੰ ਤੰਗੀ ਵੇਖ ਕੇ ਫਲ੍ਹੇ ਲਾਹ

 www.sikhbookclub.com

ਕੇ ਪਿੱਛੇ ਨੂੰ ਨੱਠੇ। ਸਾਡੇ ਸਾਹਮਣੇ ਰੌੜ ਸੀ। ਫਰੰਗੀ ਨੇ ਹੁਣ ਰੇੜ੍ਹਵੇਂ ਗੋਲੇ ਮਾਰੇ, ਜੋ ਗਾਉਣੀ ਪਾਉਂਦੀ ਜਾਣ, ਅਤੇ ਇਕ ਇਕ ਗੋਲਾ ਕਈਆਂ ਨੂੰ ਲੰਗਿਆਂ ਕਰਦਾ ਜਾਵੇ। ਪਰ ਦੋ ਹੀ ਫਾਇਰ ਚਲੇ ਸਨ ਕਿ ਅਸੀਂ ਅਜਿਹੇ ਖਿੱਲਰੇ, ਮੁੜ ਅੱਠੇ ਪੜਤਲਾਂ ਕੱਠੀਆਂ ਨਾ ਹੋਈਆਂ ਅਤੇ ਨਾ ਹੀ ਲੜਾਈਆਂ ਵਿਚ ਲੜੀਆਂ। ਅਸੀਂ ਪੁਰਾਣੀਆਂ ਪੜਤਲਾਂ ਦੇ ਪਿੱਛੇ ਹੋ ਕੇ ਲੜਾਈ ਵੇਖਦੇ ਰਹੇ।

ਵਿਚਕਾਰ ਪੁਰਾਣੀਆਂ ਪਸ਼ੌਰ ਵਾਲੀਆਂ ਅੱਠ ਪੜਤਲਾਂ ਸਨ, ਜੋ ਮੁਦਕੀ, ਫੇਰੂ ਸ਼ਹਿਰ ਨਹੀਂ ਲੜੀਆਂ ਸਨ ਅਤੇ ਇਸ ਵੇਲੇ ਤੀਕ ਫਰੰਗੀ ਦੇ ਲਹੂ ਨੂੰ ਤਰਸਦੀਆਂ ਅਤੇ ਆਪਣੇ ਹੱਥ ਵੱਢ ਵੱਢ ਖਾਂਦੀਆਂ ਸਨ। ਫਰੰਗੀ ਸੱਜਿਓਂ ਖੱਬਿਓਂ ਤਾਂ ਤੋਪਾਂ ਚਲਾਈ ਗਿਆ ਅਤੇ ਵਿਚਕਾਰੋਂ ਹੱਲਾ ਕਰ ਦਿੱਤਾ। ਜਦੋਂ ਗੋਰੇ ਸੱਥ ਵਿਚੋਂ ਨਿਕਲ ਕੇ ਅੱਠਾਂ ਪਿਸ਼ੌਰ ਵਾਲੀਆਂ ਦੇ ਮੋਹਰੇ ਆਏ ਤਾਂ ਕਿਧਰੋਂ ਤੋਪਾਂ ਦਾ ਫਾਇਰ ਹੋਇਆ। ਅਗਲਾ ਫਾਇਰ ਹੋਣ ਤੋਂ ਪਹਿਲਾਂ ਹੀ ਗੋਰੇ ਤੋਪਾਂ ਉਤੇ ਆ ਪਏ। ਪਰ ਸਿੰਘਾਂ ਨੇ ਤਲਵਾਰ ਦੀ ਲੜਾਈ ਨਾਲ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਇਸੇ ਤਰ੍ਹਾਂ ਉਹ ਤਿੰਨ ਵਾਰ ਆ ਕੇ ਪਏ, ਪਰ ਤਿੰਨੇ ਵਾਰ ਪਿੱਛੇ ਹਟਾਏ ਗਏ। ਅੰਤ ਨੂੰ ਰਾਜਾ ਸ਼ੇਰ ਸਿੰਘ ਨੇ ਪੁਰਾਣੀਆਂ ਰਜਬਣਾਂ ਨੂੰ ਕਿਹਾ ਕਿ ਐਤਕੀਂ ਦੀ ਤੁਸਾਡੀ ਵਾਰੀ ਹੈ, ਪੜਤਲਾਂ ਨੂੰ ਆਪਣਾ ਹੱਕ ਦੇ ਦਿੱਤਾ। ਸੁ ਚੌਥਾ ਹੱਲਾ ਰਜਬਣਾਂ ਨੇ ਤੋੜਿਆ; ਫੇਰ ਗੋਰੇ ਅੱਗੇ ਨਹੀਂ ਆਏ।

SIKHBOOKCLUB.COM

ਮੈਂ ਫਰਾਂਸੀਸਾਂ ਦੇ ਡੇਰੇ ਆਪਣੇ ਚਾਚੇ ਨਾਲ ਜਾ ਸਵਾਰ ਬਣਿਆ। ਪੜਤਲਾਂ ਨੂੰ ਪੰਦਰੀਂ ਦਿਨੀਂ ਦੋ ਰੁਪਏ ਅਤੇ ਸਵਾਰਾਂ ਨੂੰ ਚਾਰ ਰੁਪਏ ਮਿਲਦੇ ਹੁੰਦੇ ਸਨ, ਖਰਚ ਵਜੋਂ। ਕੋਈ ਕੰਪੂ ਵਿਚ ਆਟਾ ਨਾ ਲਿਆਵੇ। ਸੁ ਪੰਜ ਸੇਰ ਦੇ ਭਾਅ ਵਿਕਦਾ ਸੀ।

ਸੁਣਿਆ ਕਿ ਗੁਜਰਾਤ ਗੁਦਾਮ ਅਤੇ ਖਜ਼ਾਨਾ ਹੈ, ਸੁ ਲੁੱਟਣ ਲਈ ਉਥੇ ਜਾ ਪਏ। ਲੌਢੇ ਵੇਲੇ ਤੀਕ ਲੁੱਟ ਰਹੀ ਅਤੇ ਅਗਲੇ ਦਿਨ ਲੜਾਈ ਹੋਈ। ਅਸੀਂ ਭਿੰਬਰ ਵਾਲੇ ਨਾਲੇ ਪਾਸ ਪਹਾੜ ਵਾਲੇ ਬੰਨੇ ਲਾਮ ਦੇ ਖੱਬੇ ਪਾਸੇ ਸਾਂ। ਫਰੰਗੀ ਹੌਲੀ ਹੌਲੀ ਇਕ ਪਿੰਡ ਦੇ ਉਹਲੇ ਆਪਣੀਆਂ ਤੋਪਾਂ ਲੈ ਆਇਆ ਅਤੇ ਲੱਗਾ ਵਾੜਾਂ ਝਾੜਨ; ਸੁ ਭਾਂਜ ਪੈ ਗਈ।

ਅੱਗੇ ਅੱਗੇ ਅਸੀਂ, ਮਗਰ ਮਗਰ ਫਰੰਗੀ ਦੀਆਂ ਘੁੜਨੈਲਾਂ ਜਦੋਂ ਕੁਝ ਚਿਰ ਹੋ ਜਾਵੇ ਤਾਂ ਸਿੰਘ ਕਹਿਣ, ਕਿ ਲੱਥਾ ਹੈ ਕੁੱਤਾ ਮਗਰੋਂ; ਡੇਰਾ ਕਰਦੇ ਹੀ ਹੋਈਏ ਕਿ ਪਿੱਛੋਂ ਤੋਪ ਆ ਦਗੇ, ਸੁ ਫੇਰ ਭੱਜਏ। ਅੰਤ ਨੂੰ ਇਸੇ ਤਰ੍ਹਾਂ ਲਈਏ ਦਈਏ ਜਿਹਲਮੋਂ ਪਾਰ ਹੋ ਗਏ।

ਅਸੀਂ ਗਾਹਣ ਥਾਣੀਂ ਜਿਹਲਮੋਂ ਪਾਰ ਹੋਏ ਸਾਂ। ਉਤੇ ਉਤੇ ਤਾਂ ਸਵਾਰ ਹੋਏ ਅਤੇ ਉਹਨਾਂ ਦੇ ਨਾਲ ਨਾਲ ਹੇਠ ਹੋਰ ਪੈਦਲ ਕਿ ਪਾਣੀ ਦਾ ਜ਼ੋਰ ਪੈਦਲ ਉਤੇ ਨਾ ਪਵੇ। ਸਵਾਰਾਂ ਤੋਂ ਮਗਰੋਂ ਜੋ ਪੈਦਲ ਆਏ, ਉਨ੍ਹਾਂ ਵਿਚੋਂ ਕੁਝ ਡੁੱਬ ਗਏ। ਭਾਵੇਂ ਪਾਣੀ ਤਾਂ ਛਾਤੀ ਛਾਤੀ ਤਕ ਹੀ ਸੀ, ਪਰ ਪੈਰਾਂ ਹੇਠ ਰੋੜੇ ਪੱਥਰ ਸਨ, ਸੁ ਪੈਰ ਤਿਲ੍ਹਕ ਜਾਵੇ ਤੇ ਅਨਜਾਣ ਡੁੱਬ ਜਾਵੇ। ਜਦੋਂ ਪਾਰ ਹੋਏ ਤਾਂ ਡੇਰੇ ਕਰ ਦਿੱਤੇ ਅਤੇ

ਸਭ ਪੱਤਣਾਂ ਦੀਆਂ ਬੇੜੀਆਂ ਆਪਣੇ ਵੱਲ ਧੂਹ ਲਈਆਂ। ਫਰੰਗੀ ਵੀ ਦੂਜੇ ਪਾਸੇ ਆ ਗਿਆ।

ਰਾਜਾ ਸ਼ੇਰ ਸਿੰਘ ਨੂੰ ਪਤਾ ਲੱਗਾ ਕਿ ਮਲਾਹ ਫਰੰਗੀ ਨਾਲ ਮਿਲ ਗਏ ਹਨ, ਸੁ ਰਾਜੇ ਨੇ ਸਭ ਬੇੜੀਆਂ ਫੂਕ ਦਿੱਤੀਆਂ ਅਤੇ ਗਾਹਣ ਦੇ ਮੂੰਹ ਵੱਲ ਤੋਪਾਂ ਬੀੜ ਦਿੱਤੀਆਂ। ਏਥੇ ਹੀ ਕਲੇਜਾ ਵਿੰਨ੍ਹਵੀਂ ਖਬਰ ਆਈ ਕਿ ਮੁਲਖਈਏ ਨੇ ਰਾਜਾ ਜੀ ਦੇ ਘਰਾਂ ਨੂੰ ਲੁੱਟ ਲਿਆ ਹੈ[੨] ਆਪ ਨੇ ਕਿਹਾ, ਬਾਜ਼ੀ ਤਾਂ ਹੁਣ ਹਾਰ ਗਈ, ਪਰ ਇਹ ਤਾਂ ਸੁੱਕੇ ਨਾ ਜਾਣ। ਅਗਲੇ ਦਿਨ ਕੂਚ ਕੀਤਾ ਅਤੇ ਰਵਾਂ-ਰਵੀਂ ਧਮਕਦੇ ਇਲਾਕੇ ਅੱਪੜੇ, ਜੋ ਜਗੀਰ ਰਾਜੇ ਸ਼ੇਰ ਸਿੰਘ ਦੀ ਸੀ। ਮਗਰੋਂ ਹੀ ਤੋਪਾਂ ਮੰਗਵਾ ਲਈਆਂ। ਜੋ ਪੜਾਉ ਅਸੀਂ ਛੱਡਦੇ, ਉੱਥੇ ਹੀ ਫਰੰਗੀ ਆ ਉਤਰਦਾ। ਰਾਜਾ ਜੀ ਨੇ ਹੁਕਮ ਦਿੱਤਾ ਕਿ ਸਭ ਮੁਲਖਈਏ ਦੇ ਘਰਾਂ ਨੂੰ ਲੁੱਟ ਕੇ ਫੂਕ ਦਿਉ, ਸੁ ਅਜਿਹਾ ਹੀ ਕੀਤਾ ਗਿਆ। ਫਿਰ ਅਸੀਂ ਰਾਵਲਪਿੰਡੀ ਅੱਪੜ ਪਏ। ਉੱਥੇ ਰਾਜਾ ਜੀ ਨੇ ਪੁਰਾਣੀਆਂ ਰਜਬਣਾਂ ਨੂੰ ਇਕ ਇਕ ਬੁਤਕੀ ਅਤੇ ਪੁਰਾਣੀਆਂ ਪੜਤਲਾਂ ਨੂੰ ਚਾਰ ਚਾਰ ਰੁਪਏ ਦਿੱਤੇ। ਜਦੋਂ ਪੁਰਾਣਿਆਂ ਨੂੰ ਬੁਤਕੀਆਂ ਮਿਲੀਆਂ ਤਾਂ ਉਹ ਧਾਹਾਂ ਮਾਰ ਮਾਰ ਕੇ ਰੋਏ, ਕਿ ਹੁਣ ਤਾਂ ਰਾਜ-ਅੰਤ ਹੋ ਗਿਆ, ਜਦੋਂ ਗਹਿਣਿਆਂ ਉਤੇ ਗੱਲ ਆ ਗਈ।

ਜਦੋਂ ਗੁਜਰਾਤੋਂ ਤੁਰੇ ਸਾਂ ਤਾਂ ਪਹਿਲੋਂ ਸਲਾਹ ਕਸ਼ਮੀਰ ਵੱਲ ਜਾਣ ਦੀ ਸੀ, ਪਰ ਰਾਜਾ ਗੁਲਾਬ ਸਿੰਘ ਨੇ ਅਖਵਾ ਘੱਲਿਆ ਕਿ ਜੇ ਮੇਰੇ ਮੁਲਕ ਅੰਦਰ ਪੈਰ ਵੀ ਧਰਿਆ ਤਾਂ ਆਪ ਮਾਰੇ ਜਾਵੋਗੇ। ਸੁ ਫਿਰ ਜਿਹਲਮ ਵੱਲ ਹੋਏ। ਹੁਣ ਪਿੰਡੀ ਰਾਜਾ ਜੀ ਨੇ ਵਿਚਾਰਿਆ ਕਿ ਨਾ ਤਾਂ ਰਸਤ ਹੈ, ਨਾ ਰੁਪਈਆ, ਸੁ ਗੜ੍ਹ ਕੀ ਆਕੀ ਕਰਨਾ ਹੈ। ਉਥੋਂ ਹੀ ਅੰਗਰੇਜ਼ਾਂ ਦੇ ਡੇਰੇ ਆਏ ਜੋ ਸਵਾਂ ਨਦੀ ਦੇ ਕੰਢੇ ਉਤਰੇ ਹੋਏ ਸਨ। ਫੇਰ ਆਪਣੇ ਡੇਰੇ ਮੁੜ ਕੇ ਹੁਕਮ ਦੇ ਦਿੱਤਾ ਕਿ ਤਿੰਨ ਦਿਨ ਵਿਚਾਲੇ ਹਨ। ਜਿਸ ਜਿਸ ਦਾ ਸੋਨੇ ਦਾ ਕਬਜ਼ਾ ਹੈ ਲਾਹ ਲਵੇ। ਫੇਰ ਸਭ ਹਥਿਆਰ ਦੇ ਕੇ ਰਾਹਦਾਰੀ ਦਾ ਪਰਵਾਨਾ ਲੈ ਕੇ ਘਰੋ ਘਰੀ ਚਲੇ ਜਾਵੇ। ਤੀਜੇ ਦਿਨ ਮਗਰੋਂ ਅਜਿਹਾ ਹੀ ਕੀਤਾ ਗਿਆ। ਇਕ ਬੰਨੇ ਫਰੰਗੀ ਆਉਣ, ਪਰ ਕੋਈ ਕਿਸੇ ਦਾ ਪੱਲਾ ਤੀਕ ਨਾ ਫੜੇ। ਅੰਤ ਅਸੀਂ ਘਰੋ-ਘਰੀ ਆ ਗਏ।

ਜਦੋਂ ਮੋਗ ਰਸੂਲ ਵੇਲੇ ਦੂਜੇ ਨਵੇਂ ਆਦਮੀ ਘਰੋ-ਘਰੀ ਆ ਗਏ ਅਤੇ ਮੈਂ ਨਾ ਗਿਆ ਤਾਂ ਮੇਰੀ ਮਾਂ ਰੋਵੇ ਕਿ ਦੂਜੇ ਤਾਂ ਘਰੀਂ ਆ ਗਏ ਹਨ, ਪਰ ਮੈਂ ਨਹੀਂ ਆਇਆ, ਮਾਰਿਆ ਹੀ ਗਿਆ ਹੋਵਾਂਗਾ। ਜਦੋਂ ਅਸੀਂ ਪਿੰਡੀ ਹਥਿਆਰ ਦਿਤੇ ਤਾਂ ਅੱਗੇ ਢੇਰ ਲੱਗਾ ਹੋਇਆ ਸੀ, ਦੁਵੱਲੀ ਗੋਰੇ ਖੜ੍ਹੇ ਸਨ। ਹਰ ਕੋਈ ਆਪਣੇ ਹਥਿਆਰ ਸੁੱਟੇ ਅਤੇ ਅੱਗੋਂ ਇਕ ਇਕ ਰੁਪਈਆ ਲੈ ਕੇ ਤੁਰਦਾ ਜਾਵੇ। ਸਵਾਰਾਂ ਨੂੰ ਚਾਰ ਰੁਪਏ ਮਿਲੇ ਸਨ। ਲਾਹੌਰ ਤੀਕ ਇਕੱਠੇ ਆਏ, ਫਿਰ ਅੱਡੋ ਅੱਡ ਹੋ ਗਏ।

---

*੨ ਰਾਜਾ ਜੀ ਦੀ ਜਗੀਰ ਪੋਠੋਹਾਰ ਵਿਚ ਸੀ, ਜਿਧਰ ਆਪ ਦੇ ਕਿਲ੍ਹੇ ਹਵੇਲੀਆਂ ਸਨ।*

 www.sikhbookclub.com

## ੨੨

# ਹੋਰ ਬਿਰਧਾਂ ਦੇ ਬਿਆਨ ਨੰਬਰ ੮[1]

*[ਇਸ ਤੋਂ ਪਹਿਲੋਂ ਬਿਰਧਾਂ ਦੇ ਬਿਆਨ ਸ੍ਰ: ਕਰਮ ਸਿੰਘ ਜੀ ਆਪ ਸੋਧ ਕੇ 'ਫੁਲਵਾੜੀ' ਵਿਚ ਪ੍ਰਕਾਸ਼ਤ ਕਰਨ ਲਈ ਭੇਜਦੇ ਰਹੇ ਸਨ ਤੇ ਕੁਝ ਆਪਣੇ ਅਕਾਲ ਚਲਾਣੇ ਤੋਂ ਪਹਿਲੇ ਭੇਜੇ ਗਏ ਸਨ। ਇਹ 'ਹੋਰ ਬਿਰਧਾਂ ਦੇ ਬਿਆਨ' ਉਹਨਾਂ ਦੇ ਸਪੁੱਤਰ ਸ੍ਰ: ਰਣਬੀਰ ਸਿੰਘ ਜੀ ਨੇ ਭੇਜੇ ਸਨ ਜੋ ਦਸੰਬਰ ੧੯੩੪ ਤੋਂ ਫਿਰ ਛਪਦੇ ਰਹੇ ਸਨ। ਇਹ ਉਨ੍ਹਾਂ ਦੇ ਕਾਗਜ਼ਾਂ ਵਿਚੋਂ ਲੱਭ ਕੇ ਭੇਜੇ ਗਏ ਸਨ। —ਸੰਪਾਦਕ ]*

### "ਖਾਸ ਬੂਟਾ ਸਿੰਘ ਪਾਸੋਂ ਲੁਹਾਮਾ ਦਾ"

ਮੁਦਕੀ ਪਹਿਲੋਂ ਨਿਹੰਗਾਂ ਨੇ ਲਾਮ ਡੋਰੀ ਲੁੱਟੀ ਅਤੇ ਗੋਰਾ ਕੁੱਟਿਆ, ਉਹ ਜਦੋਂ ਚਲਿਆ ਗਿਆ, ਮਗਰੋਂ ਅੰਗਰੇਜ਼ਾਂ ਨੇ ਆ ਕੇ ਦੋਵੇਂ ਰਸਾਲੇ ਅਕਾਲੀਆਂ ਦੇ ਭਜਾ ਦਿੱਤੇ। ਜਦੋਂ ਹੱਦ ਕੋਲ ਆਏ ਤਾਂ ਅੱਗੋਂ ਫਰਾਂਸੀਸਾਂ ਦੀਆਂ ਪੜਤਲਾਂ ਮਿਲ ਪਈਆਂ, ਖ਼ੂਬ ਤੋਪ ਚੱਲੀ, ਅਕਾਲੀ ਨੱਠ ਉਠੇ ਅਤੇ ਆਖਦੇ ਜਾਣ, ਭੱਜ ਆਓ ਜੀ, ਭੱਜ ਆਓ ਖਾਲਸਾ ਜੀ! ਤਿੰਨ ਪੜਤਲਾਂ ਅੱਗੇ ਲੜਦੀਆਂ ਅਤੇ ਇਕ ਪੜਤਲ ਪਿੱਛੇ ਸਿਵਿਆਂ ਪਾਸ ਸੀ, ਉਸ ਨੇ ਉਥੋਂ ਹੀ ਅਖੀਰੀ ਵਾਰ ਵਾੜ ਝਾੜੀ; ਪੈਲੀਆਂ ਸੁੰਮਾਂ ਅਤੇ ਪੈਰਾਂ ਨਾਲ ਉੱਡ ਗਈਆਂ। ਛੇ ਮਹੀਨੇ ਤੀਕ ਅਸੀਂ ਮੁੜ ਕੇ ਪਿੰਡ ਨਹੀਂ ਆਏ ਅਤੇ ਨਾ ਹੀ ਪੈਲੀਆਂ ਦੀ ਸੁਰਤ ਲਈ; ਕੁੱਤੇ ਮੁਰਦੇ ਖਾ ਖਾ ਕੇ ਸੂ ਪਏ, ਕੁਰੰਗਾਂ ਵਿਚ ਅਤੇ ਐਤਨੇ ਭੂਏ ਹੋ ਗਏ ਕਿ ਕਿਸੇ ਰਾਹੀ ਨੂੰ ਉਸ ਰਾਹੇ ਨਾ ਲੰਘਣ ਦਿਆ ਕਰਨ। ਪਹਿਲੋਂ ਛੱਪੜੀ ਪਾਸ ਲੜਾਈ ਹੋਈ, ਫੇਰ ਹਟ ਕੇ ਖੂਹ ਪਾਸ ਮੁੜ ਭੇੜ ਹੋਈ। ਸਿਵਿਆਂ ਵਾਲੀ ਪੜਤਲ ਵਾੜਾਂ ਝਾੜ ਕੇ ਮੁੜ ਗਈ। ਸਿੱਖ ਵੀ ਹਟ ਗਏ ਅਤੇ ਅੰਗਰੇਜ਼ ਵੀ। ਫੇਰ ਘੁਮੰਡਾ ਸਿੰਘ ਅਤੇ ਮੀਹਾਂ ਸਿੰਘ ਅੰਗਰੇਜ਼ਾਂ ਨੂੰ ਮਿਸਰੀ ਵਾਲੇ ਸਿੱਖਾਂ ਦੇ ਰੋਟੀ ਪਕਾਉਂਦਿਆਂ ਲੈ ਗਏ।

### "ਕਈ ਆਦਮੀ ਲੁਹਾਮਾ ਦੇ"

ਮੁਦਕੀ ਪਹਿਲੋਂ ਪਹਿਲ ਸਿੱਖਾਂ ਨੇ ਅੰਗਰੇਜ਼ਾਂ ਦੀ ਲਾਮ ਡੋਰੀ ਲੁੱਟੀ ਅਤੇ ਮਗਰੋਂ ਫੌਜਾਂ ਲੈ ਕੇ ਵਧੇ। ਫੌਜ ਵਿਚ ਬਹੁਤੇ ਲੁਟੇਰੇ ਸਨ, ਜੋ ਬੇਟ ਵਿਚੋਂ ਮਿਰਚਾਂ ਹੀ

---

*੧ ਰਸਾਲਾ ਫੁਲਵਾੜੀ, ਦਸੰਬਰ ੧੯੩੪ ਈਸਵੀ, ਪੰਨਾ ੧੧੨।*


www.sikhbookclub.com

ਲੁੱਟ ਲਿਆਏ ਸਨ ਅਤੇ ਜੋ ਮੁਦਕੀ ਨੂੰ ਵੀ ਲਈ ਆਉਂਦੇ ਸਨ। ਲੜਾਈ ਤੋਂ ਮਗਰੋਂ ਖੇਤਾਂ ਵਿਚ ਖਿਲਰੀਆਂ ਹੋਈਆਂ ਬਹੁਤ ਮਿਲਦੀਆਂ ਸਨ। ਅਸਲ ਮਤਲਬ ਸਿੱਖਾਂ ਦਾ ਜਾ ਕੇ ਪਾਣੀ ਦੀ ਢਾਬ ਮੱਲਣਾ ਸੀ; ਪਿੰਡ ਦੇ ਉਤੇ ਉਤੇ ਦੀ ਗਏ। ਅੱਗੇ ਅੱਗੇ ਇਕ ਹਾਥੀ ਸੀ, ਜੋ ਪਿੱਪਲ ਦੇ ਪਰੇ ਲੰਘਿਆ। ਜਿਸ ਵੇਲੇ ਹੱਦ ਉਤੇ ਅੱਪੜੇ ਤਾਂ ਅੰਗਰੇਜ਼ਾਂ ਦੇ ਆਉਣ ਦਾ ਵੀ ਪਤਾ ਲੱਗ ਗਿਆ। ਸਿੰਘਾਂ ਨੇ ਤੋਪ ਛੱਡੀ, ਜਵਾਰ ਭੁੱਜਣ ਵਾਂਗ ਬੰਦੂਕਾਂ ਚੱਲੀਆਂ; ਘੋੜ ਚੜ੍ਹੇ ਤਾਂ ਨੱਠ ਉਠੇ ਪਰ ਤੋਪਖਾਨਾ ਅਤੇ ਪੜਤਲਾਂ ਜੰਮ ਗਈਆਂ; ਸਾਹਮਣੇ ਬੜੀਆਂ ਝਾੜੀਆਂ ਸਨ, ਜੋ ਬਹੁਤ ਚਿਰ ਮਗਰੋਂ ਅਸਾਂ ਕਟੀਆਂ ਸਨ। ਅੰਗਰੇਜ਼ ਆਪਣੇ ਸੱਜੇ ਹੱਥ ਥਾਣੀਂ ਰਸਾਲੇ ਦਾ ਧਾਵਾ ਦੇ ਕੇ ਪਏ ਅਤੇ ਸਿੱਖ ਭਜਾ ਦਿੱਤੇ। ਸਿੱਖ ਤੇਹ ਨਾਲ ਮਰ ਰਹੇ ਸਨ ਅਤੇ ਕਟੋਰੇ ਪਾਣੀ ਦਾ ਇਕ ਰੁਪਿਆ ਦੇਂਦੇ ਸਨ ਪਰ ਅਸਾਂ ਨਾ ਮੰਨਿਆ। ਖਾਸ ਲੜਾਈ ਵਾਲੀ ਥਾਂ ਤਾਂ ਚਾਰ ਚਾਰ ਲੋਥਾਂ ਹੇਠਾਂ ਉਤੇ ਪਈਆਂ ਸਨ, ਸਿੱਖ ਆਖਦੇ ਸਨ ਅਸੀਂ ਮਲਵੈਣਾਂ ਲਿਆਵਾਂਗੇ, ਇਕ ਕੇਸ ਸਾਫ ਕੀਤਾ ਕਰੂ ਅਤੇ ਇਕ ਦਾੜ੍ਹਾ। ਜਿਥੇ ਸਿੰਘ ਪਏ ਸਨ, ਉਹ ਜ਼ਮੀਨ ਥਿੰਦੀ ਹੋ ਗਈ ਸੀ; ਜੋ ਫਟੇ ਹੋਏ ਸਨ, ਵਣਾਂ ਅਤੇ ਫਰਵਾਹਾਂ ਉਤੇ ਚੜ੍ਹ ਗਏ; ਪਰ ਰਾਤ ਪਾਲੇ ਨਾਲ ਮਰ ਗਏ, ਇਕ ਸਿੰਘ ਕੜੇ ਕੈਂਠੇ ਵਾਲਾ ਐਸਾ ਹੀ ਫਰਵਾਹ ਦੇ ਖੇਤ ਵਿਚੋਂ ਮੋਇਆ ਹੋਇਆ ਨਿਕਲਿਆ ਸੀ। ਇਕ ਗੋਰਾ ਵੀ ਸਿੰਘਾਂ ਦੇ ਮਗਰ ਹੌਂਕਦਾ ਆਉਂਦਾ ਸੀ, ਇਕ ਸਿੰਘ ਸਵਾਰ ਨੇ ਪਿੱਛੇ ਹੋ ਕੇ ਨੇਜ਼ੇ ਨਾਲ ਉੜੰਬਿਆ। ਨੌਂ ਵਜੇ ਰਾਤ ਦੇ ਅਸੀਂ ਪਿੰਡ ਛੱਡ ਕੇ ਬਾਹਰ ਚਲੇ ਗਏ।


www.sikhbookclub.com

# ੨੩

# ਬਿਆਨ ਅਤਰ ਸਿੰਘ ਫੇਰੂ ਸ਼ਹਿਰ ਵਾਲਾ

## (ਇਕ ਹੋਰ ਮੋਚੀ ਅਤੇ ਚੂਹੜਾ)

ਏਥੇ ਫੌਜ ਨੇ ਚੁਤਰਫੀਂ ਥੋੜ੍ਹੀ ਥੋੜੀ ਛੋਈ ਪੁੱਟੀ ਹੋਈ ਸੀ ਅਤੇ ਬਾਹਰ ਤੋਪਾਂ ਅਤੇ ਅੰਦਰ ਪੜਤਲਾਂ ਅਤੇ ਖੁਲ੍ਹੇ ਘੋੜ-ਚੜ੍ਹੇ ਸਨ। ਪਹਾੜ ਦੇ ਦਾਅ ਨੂੰ ਜਬੂਰਖਾਨਾ ਮਾਖੇ ਖਾਂ ਦੀਆਂ ਤੋਪਾਂ ਅਤੇ ਲਾਲ ਸਿੰਘ ਦਾ ਡੇਰਾ ਸੀ, ਪਰ ਹਟਦੀ ਇਕ ਜਿਨਸੀ ਤੋਪ ਸੀ, ਜਿਸ ਦੇ ਚੱਲਿਆਂ ਸਾਡੇ ਘਰਾਂ ਦੀਆਂ ਛੱਤਾਂ ਦੀ ਮਿੱਟੀ ਕਿਰਦੀ ਸੀ। ਇਹ ਸਾਰੀ ਰਾਤ ਚਲਦੀ ਰਹੀ ਸੀ। ਪਰੋਜ ਪੁਰ (ਫ਼ੀਰੋਜ਼ਪੁਰ) ਵੱਲ ਫਰਾਂਸੀਸੀ ਆਦਿ ਸਨ ਅਤੇ ਸਾਰੇ ਦੱਖਣ ਤੇ ਲਹਿੰਦੇ ਦੇ ਅੱਧ ਤੱਕ ਧਿਆਨ ਸਿੰਘ ਲੰਡੀ ਭੜਾਣੀਏ ਦਾ ਡੇਰਾ ਸੀ, ਜੋ ਸਵੇਰੇ ਕੁਝ ਚਿਰ ਲੜਾਈ ਕਰ ਕੇ ਸੁਲਤਾਨ ਖਾਨ ਵਾਲੇ ਨੂੰ ਭੱਜ ਗਿਆ ਸੀ। ਜਿਸ ਦਿਨ ਲੜਾਈ ਹੋਈ, ਉਸ ਦਿਨ ਸਵੇਰੇ ਲਾਲ ਸਿੰਘ ਨੇ ਹੁਕਮ ਦਿੱਤਾ ਸੀ ਕਿ ਤੁਸੀਂ ਆਪਣਿਆਂ ਖੂਹਾਂ ਤੋਂ ਖਾਲਸੇ ਨੂੰ ਪਾਣੀ ਦਿਉ, ਇਕ ਜੁਟ ਦਾ ਮੈਂ ਪੰਜ ਰੁਪਏ ਰੋਜ਼ ਦਿਆ ਕਰਾਂਗਾ। ਲੌਢੇ ਕੁ ਵੇਲੇ ਅੰਗਰੇਜ਼ ਆ ਪਏ। ਮਾਖੇ ਖਾਂ ਦੀਆਂ ਤੋਪਾਂ ਤੇ ਜੰਬੂਰਖਾਨੇ ਨੇ ਐਸੇ ਫੈਰ ਕੀਤੇ ਕਿ ਬਹੁਤ ਦੂਰ ਤੱਕ ਅੰਗਰੇਜ਼ਾਂ ਦੀ ਫੌਜ ਵਿਛ ਗਈ। ਜਦੋਂ ਅੰਗਰੇਜ਼ ਪਏ, ਲਾਲ ਸਿੰਘ ਹਾਥੀ ਉਤੇ ਖੜ੍ਹਾ ਰੇਸ਼ਮ ਦਾ ਖੇਸ ਭਵਾਈ ਜਾਂਦਾ ਸੀ, 'ਖਾਲਸਾ ਜੀ ਹੱਲਾ, ਖਾਲਸਾ ਜੀ ਹੱਲਾ' ਕਹੀ ਜਾਂਦਾ ਸੀ ਕਿ ਉਦੋਂ ਹੀ ਮੇਰੇ ਸਾਹਮਣੇ ਪੰਜਾਂ ਛੇਆਂ ਹਾਥੀਆਂ ਸਣੇ ਪਹਾੜ ਦੇ ਦਾ ਨੂੰ ਨੱਠ ਉਠਿਆ ਅਤੇ ਫੌਜ ਉਸੇ ਤਰ੍ਹਾਂ ਲੜਦੀ ਰਹੀ, ਜੰਬੂਰਖਾਨਾ ਵੀ ਚਲਿਆ ਗਿਆ। ਰਾਤ ਨੂੰ ਲਾਲ ਸਿੰਘ ਦੀਆਂ ਪੇਟੀਆਂ ਨੂੰ ਸਾਰੀ ਰਾਤ ਲੋਕੀਂ ਤੋੜਦੇ ਰਹੇ, ਸਾਨੂੰ ਘਰਾਂ ਤੀਕ ਖੜਾਕ ਸੁਣੀਂਦਾ ਸੀ। ਦੱਖਣ ਬੰਨੇ ਦਾ ਡੇਰਾ ਸਾਰੀ ਰਾਤ ਜੰਮਿਆ ਰਿਹਾ, ਰਤਾ ਭਰ ਨਹੀਂ ਹਿੱਲਿਆ। ਸਵੇਰੇ ਜਦੋਂ ਲੜਾਈ ਹੋਈ ਤਾਂ ਹਿੱਲ ਖੜ੍ਹੋਤਾ।

ਤੇਜਾ ਸਿੰਘ ਦਾ ਡੇਰਾ ਬੁੰਗੇ ਕੇ ਪਿੱਪਲ ਡੋਗਰਾਂ ਦੇ ਸੀ। ਚੰਗੇ ਦਿਨ ਚੜ੍ਹੇ ਬੇੜੇ ਲੈ ਕੇ ਆਇਆ ਅਤੇ ਛੋਹੀਆਂ ਤੀਕ ਅੱਪੜ ਪਿਆ, ਅੰਗਰੇਜ਼ ਲੁਕ ਗਏ, ਬਹੁਤੇ ਭੱਜ ਗਏ। ਗੌਲੇ ਵਾਲੇ ਤੀਕ। ਅੰਤ ਨੂੰ ਇਹ ਆਖ ਕੇ ਕਿ ਮੈਦਾਨ ਵਿਚ ਮਹੋਂ ਅਤੇ ਮੁਰਦੇ ਪਏ ਹਨ, ਸੁਲਤਾਨ ਖਾਂ ਵਾਲੇ ਹੱਟ ਗਿਆ। ਫੇਰ ਉਥੇ ਹੀ ਸਭ ਕੁਝ ਪਿਆ

 www.sikhbookclub.com

ਛੱਡ ਕੇ ਪਿੱਛੇ ਨੂੰ ਭੱਜ ਗਿਆ। ਸਿੰਘ ਲਾਂਭ ਦਿਆਂ ਪਿੰਡਾਂ ਤੋਂ ਪਾਣੀ ਲਿਆਉਂਦੇ ਸਨ, ਪਰ ਲੱਭਦਾ ਘੱਟ ਵੱਧ ਹੀ ਸੀ। ੧੩ ਪੋਹ ਵੀਰਵਾਰ ਮੁਦਕੀ ਦੀ ਲੜਾਈ ਹੋਈ ਸੀ, ਲਾਲ ਸਿੰਘ ਦੇ ਹਟਕਦਿਆਂ ਵੀ।

ਕੁਵਾਹ ਹੋਣ ਦੇ ਕਾਰਨ




ਚੂਹੜੇ ਨੇ ਦੱਸਿਆ ਸੀ ਕਿ ਅੱਜ ਕਲ੍ਹ ਦੇ ਕਤਲ ਗੜ੍ਹ ਦੇ ਉਰਲੇ ਬੰਨੇ ਵੱਲ ਇਕ ਤੋਪ ਸੀ ਜੋ ਰਾਤ ਬਹੁਤ ਚਿਰ ਚਲਦੀ ਰਹੀ ਸੀ। ਮੋਚੀ ਨੇ ਦੱਸਿਆ ਸੀ ਕਿ ਅਲਾਹੀ ਬਖਸ਼ ਨੇ ਤੋਪ ਵਿਚ ਟਕਿਆਂ ਦੀਆਂ ਥੈਲੀਆਂ ਪਾ ਕੇ ਮਾਰੀਆਂ ਸਨ। ਦੋ ਜਿਨਸੀ ਤੋਪਾਂ ਦੱਖਣ ਦੇ ਆਵੇ ਉਤੇ ਸਨ ਪਰ ਚੂਹੜਾ ਇਨਕਾਰ ਕਰਦਾ ਸੀ ਜੋ ਸਾਰੀ ਰਾਤ ਚਲਦੀਆਂ ਰਹੀਆਂ ਸਨ, ਪਾਣੀ ਖੁਣੋਂ ਖੂਹ ਸੁੱਕ ਗਏ ਸਨ, ਅੰਗਰੇਜ਼ ਸੁਲਤਾਨ ਖਾਂ ਅਤੇ ਸਜਾਦੇ ਵਾਲੇ ਦੇ ਰਾਹੋਂ ਅੰਦਰ ਵੜੇ ਸਨ। ਜਦੋਂ ਤੇਜਾ ਸਿੰਘ ਆਇਆ ਤਾਂ ਇਕ ਗੋਰੇ ਨੇ ਬੁਰਜ ਉਤੇ ਚੜ੍ਹ ਕੇ (ਜੋ ਅੱਜ ਕਲ੍ਹ ਦੀ ਅੰਦਰਲੀ ਧਰਮਸ਼ਾਲਾ ਦੇ ਲਾਗੇ ਦੇ ਦੱਖਣ ਵੱਲ ਦੇ ਘਰ ਵਿਚ ਸੀ) ਵੇਖਿਆ ਅਤੇ ਫੌਜ ਨੂੰ ਖਬਰ ਦੇ ਦਿੱਤੀ। ਕੁਝ ਚਿਰ ਲੜ ਕੇ ਤੇਜਾ ਸਿੰਘ ਹਟ ਗਿਆ।

ਸਾਨੂੰ ਆਉਂਦਿਆਂ ਹੀ ਸਿੰਘਾਂ ਨੇ ਘਰੋਂ ਕੱਢਣ ਦੀ ਕੀਤੀ, ਪਰ ਕਿਸੇ ਜੱਟ ਨੂੰ ਕੁਝ ਨਾ ਆਖਿਆ, ਰਾਹ ਦੇ ਪਿੰਡ ਵੀ ਬਹੁਤ ਲੁੱਟ ਲਏ ਗਏ ਸਨ। (ਇਕ ਹੋਰ ਹਕੀਮ ਦੀ ਜ਼ਬਾਨੀ) ਪਾਸ ਦੇ ਪਿੰਡ (ਨਾਮ ਯਾਦ ਨਹੀਂ ਰਿਹਾ) ਇਕ ਮੁਲਾਣੇ ਨੇ ਬਾਂਗ ਦਿੱਤੀ, ਨਿਹੰਗ ਨੇ ਸੁਣ ਕੇ ਕਹਿਆ ਕਿ ਸਭ ਕੁਝ ਬਾਂਗਿਆ ਗਿਆ ਹੈ। ਤਲਵਾਰਾਂ ਧੂਹ ਕੇ ਮਸੀਤ ਵੱਲ ਗਏ, ਮੁਲਾਣੇ ਨੇ ਦੂਰੋਂ ਵੇਖ ਕੇ ਭੱਜਣ ਦੀ ਰਾਹ ਤੱਕੀ, ਪਰ ਕੋਈ ਰਾਹ ਨਹੀਂ ਸੀ ਰਹਿੰਦਾ, ਸਿਵਾਇ ਕਿ ਬਹੁਤ ਹੀ ਛੋਟੀ ਗਲੀ ਦੇ ਜੋ ਮਸੀਤ ਦੀ ਕੰਧ ਅਤੇ ਲਾਂਭ ਦੀ ਕੰਧ ਨਾਲ ਬਣੀ ਹੋਈ ਸੀ ਅਤੇ ਜੋ ਇਤਨੀ ਤੰਗ ਹੈ ਕਿ ਪਤਲਾ ਆਦਮੀ ਵੀ ਨਹੀਂ ਲੰਘ ਸਕਦਾ, ਪਰ ਡਰ ਨਾਲ ਉਹ ਸੜਕ ਲੰਘ ਗਿਆ ਅਤੇ ਸ਼ੁਕਰ ਸ਼ੁਕਰ ਕਰ ਕੇ ਜਾਨ ਬਚਾਈ।

# ੨੪

# ਬਿਰਧਾਂ ਦੇ ਬਿਆਨ ਨੰਬਰ ੯

## ਬਿਆਨ ਮੋਹਰ ਸਿੰਘ ੧

*[ਉਮਰ ੧੦੦ ਕੁ ਸਾਲ, ਸਰਹਾਲੀ ਕਲਾਂ ਦਾ ਸ਼ੁੱਕਰ ਦਾ, ਦੱਸਿਆ ਹੋਇਆ ਹਾਲ, ਜੋ ਨੋਟਾਂ ਤੋਂ ਸਾਫ ਕੀਤਾ, ਫਤਿਆਬਾਦ, ਸੋਮਵਾਰ ]*

ਇਹ ਪਿੰਡ ਮੁੱਢ ਤੋਂ ਹੀ ਮਾਰ-ਖੋਰ ਰਿਹਾ ਹੈ, ਸਿੰਘਾਂ ਦੇ ਵੇਲੇ ਸਿੰਘ ਵੀ ਸਜੇ ਸਨ, ਇਥੋਂ ਦੇ, ਮਾਰਾਂ ਇਹਨਾਂ ਦੀਆਂ ਬਹੁਤੀਆਂ ਦਰਿਆਓਂ ਪਾਰ ਅਤੇ ਵਟਾਲੇ ਵੱਲ ਹੁੰਦੀਆਂ ਸਨ, ਅੱਜ ਤੀਕ ਬਟਾਲੇ ਵੱਲ ਇਸ ਪਿੰਡ ਦੇ ਨੂੰ ਰਾਤ ਰਹਿਣ ਨਹੀਂ ਦੇਂਦੇ। ਮਾਰ-ਖੋਰੇ ਹੋਣ ਕਰਕੇ ਚੁਗਿਰਦਾ ਇਨ੍ਹਾਂ ਦਾ ਵੈਰੀ ਸੀ। ਨਿਪਾਲ ਅਤੇ ਡੋਗਰਾ ਪਾਰ ਦੇ ਵੀ ਦੰਦੀਆਂ ਕਰੀਚਦੇ ਹੀ ਰਹਿੰਦੇ। ਪੱਟੀ ਦਾ ਹਾਕਮ ਕਦੀ ਵੀ ਇਧਰ ਨਹੀਂ ਆਇਆ। ਪਹਿਲਿਆਂ ਵੇਲਿਆਂ ਵਿਚ ਜਦੋਂ ਸਿੰਘਾਂ ਉਤੇ ਜੁਲਮ ਹੁੰਦਾ ਸੀ, ਦੋ ਲੜਾਈਆਂ ਮਸ਼ਹੂਰ ਹਨ :-

(੧) ਸਾਡੇ ਪਿੰਡ ਦਿਆਂ ਨੇ ਇਕ ਵਾਰ ਜੰਡਿਆਲੇ ਡਾਕਾ ਮਾਰਿਆ; ਨਿਰੰਜਣੀਆਂ ਕੁਝ ਕੁਝ ਆਪਣੇ ਆਦਮੀ ਤੇ ਇਕ ਤੋਪ, ਗਿਲਾਂ, ਪੁੰਨੂੰਆਂ ਅਤੇ ਨਪਾਲਾਂ ਨੂੰ ਲੈ ਕੇ ਸਰਹਾਲੀ ਉਤੇ ਚੜ੍ਹ ਆਇਆ, ਜੋਗੀਆਂ ਦੇ ਡੇਰੇ ਪਾਸ ਦੇ ਆਵੇ; ਉਤੇ ਜੋ ਪਿੰਡ ਦੇ ਲਹਿੰਦੇ ਵੱਲ ਹੈ, ਤੋਪ ਆ ਲਾਈ ਅਤੇ ਫਾਇਰ ਹੋਣ ਲੱਗ ਪਏ। ਗੋਲੇ ਪਿੰਡ ਦੇ ਉਤੋਂ ਦੀ ਹੀ ਲੰਘ ਜਾਣ, ਇਸ ਕਰਕੇ ਬਚਾ ਹੀ ਰਿਹਾ, ਅੰਦਰੋਂ ਸਾਡੇ ਲੜੀ ਜਾਣ, ਛਹੀਆਂ ਪੁੱਟ ਲਈਆਂ ਸਨ, ਵੱਡੀ ਪੱਤੀ ਦੇ ਇਕ ਸਿੰਘ ਨੇ ਕੋਠੇ ਉਤੇ ਚੜ੍ਹ ਕੇ ਨਿਰੰਜਣੀਏਂ ਨੂੰ ਬੰਦੂਕ ਮਾਰੀ ਜੋ, ਆਵੇ ਪਾਸ, ਘੋੜੀ ਉਤੇ ਚੜ੍ਹਿਆ ਫਿਰ ਰਿਹਾ ਸੀ। ਗੋਲੀ ਮੱਥੇ ਵਿਚ ਬੈਠੀ, ਇਸ ਦੀ ਸਮਾਧ ਟਾਹਲੀ ਵਾਲੇ ਖੂਹ ਉਤੇ ਹੈ।

ਭਾਵੇਂ ਨਿਰੰਜਣੀਆਂ ਤਾਂ ਮਰ ਗਿਆ, ਪਰ ਦੂਜੇ ਪਾਸੇ ਵੈਰ ਲੈਣ ਲਈ ਹੀ ਜੁਟੇ ਰਹੇ। ਪੈਂਚ ਪਿੰਡ ਦੇ, ਜੋ ਮੋਨੇ ਸਨ, ਬਾਹਰ ਦਿਆਂ ਨਾਲ ਰਲ ਗਏ ਅਤੇ ਸਿੰਘਾਂ ਤੇ ਦੂਜੇ ਡਾਕੂਆਂ ਨੂੰ ਫੜਾ ਦੇਣ ਦੀ ਮਿਥ ਲਈ। ਇਨ੍ਹਾਂ ਨੂੰ ਵੀ ਪਤਾ ਲੱਗ ਗਿਆ, ਲੜਦਿਆਂ ਲੜਦਿਆਂ ਰਾਤ ਪੈ ਹੀ ਗਈ ਸੀ। ਇਹ ਸਭੇ ਪਿੰਡੋਂ ਨਿਕਲ ਗਏ।

---

*੧ ਰਸਾਲਾ ਫੁਲਵਾੜੀ, ਜਨਵਰੀ ੧੯੩੫, ਪੰਨਾ ੧੭੭।*

 www.sikhbookclub.com

ਸਵੇਰੇ ਦੁਸ਼ਮਣਾਂ ਨੇ ਪਿੰਡ ਲੁੱਟ ਲਿਆ ਅਤੇ ਤਖ਼ਤਿਆਂ ਤੀਕ ਲਾਹ ਕੇ ਲੈ ਗਏ। ਭਾਰ ਚੁੱਕਣ ਨੂੰ ਉਦੋਂ ਦੇ ਆਦਮੀ ਬੜੇ ਤਕੜੇ ਸਨ, ਅਠਾਰਾਂ ਮਣ ਕੱਚਾ ਭਾਰ (੭ ਮਣ ੮ ਸੇਰ) ਚੁੱਕ ਲੈਂਦੇ ਸਨ। ਇਕ ਵਾਰ ਲਾਗ ਦੇ ਪਿੰਡ ਭਾਂਜ ਪਈ, ਇਕ ਨੇ ਤਿਲਾਂ ਦੀ ਭਰੀ ਭੜੋਲੀ ਹੀ ਉਖੇੜ ਕੇ ਚੁਕ ਲਈ ਅਤੇ ਭੱਜਾ ਭੱਜਾ ਏਥੇ ਆ ਲੁਕਿਆ। ਕਣਕਾਂ ਬੀਜੀਆਂ ਹੋਈਆਂ ਸਨ, ਸਭ ਲਤਾੜੀਆਂ ਗਈਆਂ, ਕਿਉਂਕਿ ਮਹੀਨਾ ਕੱਤਕ ਦਾ ਸੀ। ਪੋਹ ਵਿਚ ਮੀਂਹ ਪਿਆ, ਅਤੇ ਕਣਕਾਂ ਬੜੀਆਂ ਹੋਈਆਂ। ਪਿੰਡ ਫੇਰ ਵੱਸ ਪਿਆ, ਨਹੀਂ ਤਾਂ ਉਦੋਂ ਲਗਪਗ ਵੈਰਾਨ ਹੀ ਹੋ ਚੁੱਕਾ ਸੀ।

(੨) ਪਾਰ ਦੇ ਨਪਾਲਾਂ ਨੂੰ ਸਦਾ ਗੁੱਸਾ ਸੀ। ਇਕ ਵਾਰ ਧਾੜ ਲੈ ਕੇ ਸਰਹਾਲੀ ਉਤੇ ਚੜ੍ਹ ਆਏ। ਉਸ ਦਿਨ ਸਭ ਯੋਧੇ ਚਕਮਰਦੀ ਵਾਲੇ ਥੇਹ ਉਤੇ ਵਟਾਲੇ ਦੀ ਲੁੱਟ ਵੰਡ ਰਹੇ ਸਨ; ਮਰਦ, ਬੁੱਢੀ ਸਭ ਰਾਹੀਆਂ ਨੇ ਕਿਹਾ ਕਿ ਕੀ ਤੁਸੀਂ ਸਰਹਾਲੀ ਦੇ ਹੋ? ਓਧਰ ਤਾਂ ਨਪਾਲ ਪਰ੍ਹਾ ਬੰਨ੍ਹੀਂ ਤੁਰੀ ਆਉਂਦੇ ਹਨ। ਝੱਟ ਕੁਝ ਆਦਮੀ ਲੁੱਟ ਦੀ ਸੌਂਪਣਾਂ ਲਈ ਛੱਡੇ ਅਤੇ ਬਾਕੀ ਨਪਾਲ ਵੱਲ ਹੋਏ। ਰਾਜੂ ਸਿੰਘ ਮੁਰਲ (ਇਹ ਕੇਵਲ ਅਲ ਹੀ ਸੀ, ਜਾਤ ਨਹੀਂ ਸੀ) ਸਭ ਦਾ ਮੋਹਰੀ ਸੀ। ਇਹ ਚੌਦਾਂ ਪੰਦਰਾਂ ਨਪਾਲਾਂ ਨੂੰ ਘੋੜੀ ਨਾਲ ਵਲ ਲੈਂਦਾ ਅਤੇ ਪਿਛਲੇ ਉਨ੍ਹਾਂ ਨੂੰ ਵੱਢ ਸੁਟਦੇ, ਏਸ ਤਰ੍ਹਾਂ ਸੱਤ ਵੀਹਾਂ ਵੱਢੇ ਨਪਾਲਾਂ ਦੇ ਆਗੂ ਰੰਘੜ ਨੇ ਮਾਛੀ ਨੂੰ ਕਿਹਾ ਕਿ ਇਹ ਤਾਂ ਸਾਨੂੰ ਜਿਉਂਦੇ ਘਰ ਨਹੀਂ ਅਪੱੜਨ ਦੇਂਦੇ, ਹੁਣ ਤਾਂ ਬੀ ਨਾਸ ਹੋਣ ਲੱਗਾ ਹੈ, "ਮਾਰੋ ਰਾਜੂ ਸਿੰਘ ਨੂੰ" ਉਹ ਮਾਛੀ ਇਕ ਝਾੜੀ ਉਹਲੇ ਲੁਕ ਖਲੋਤਾ, ਅਤੇ ਪਾਸ ਆਏ ਰਾਜੂ ਸਿੰਘ ਨੂੰ ਗੋਲੀ ਮਾਰੀ। ਗੋਲੀ ਲੱਗਦਿਆਂ ਹੀ ਘੋੜੀ ਮੁੜੀ ਅਤੇ ਲੋਥ ਨੂੰ ਪਿੰਡ ਲੈ ਆਈ, ਇਥੇ ਅੱਜ ਕਲ੍ਹ ਉਸ ਦੀ ਸਮਾਧ ਹੈ ਅਤੇ ਸ਼ਹੀਦ ਕਰ ਕੇ, ਮੰਨਿਆ ਜਾਂਦਾ ਹੈ। ਜਦੋਂ ਰਾਜੂ ਦੇ ਪੁੱਤਰ ਗਰੀਬ ਹੋਏ ਤਾਂ ਉਸ ਨੇ ਸੁਫਨੇ ਵਿਚ ਇਕ ਨੂੰ ਵਿਖਾਲੀ ਦੇ ਕੇ ਦੱਸਿਆ, ਜਿਸ ਨੇ ਉਸ ਦੇ ਪੁੱਤਰਾਂ ਨੂੰ ਦੱਸਿਆ ਜੋ ਠੀਕ ਨਿਕਲਿਆ। ਬਾਕੀ ਨੇ ਨਪਾਲਾਂ ਨੂੰ ਧਤਲਾਂ ਦੇ ਗਿੱਲ ਜੱਟਾਂ ਨੇ ਘਰੀਂ ਵਾੜ ਲਿਆ, ਇਸ ਤਰ੍ਹਾਂ ਉਨ੍ਹਾਂ ਦਾ ਬੀ ਬਚਿਆ।

ਇਸ ਤੋਂ ਮਗਰੋਂ ਕਈ ਵਾਰ ਨਪਾਲ ਡੋਗਰਾਂ ਦੇ ਸੂਹੀਏ ਪਿੰਡ ਉਦਾਲੇ ਫਿਰਦੇ ਰਹਿੰਦੇ, ਜਦੋਂ ਪੁੱਛਦੇ ਤਾਂ ਕਹਿੰਦੇ ਕਿ ਅਸੀਂ ਫਕੀਰ ਹਾਂ। ਇਕ ਵਾਰ ਰਾਤ, ਚੁਗਿਰਦੇ ਦੀ ਧਾੜ ਨਿੱਕੀ ਜਹੀ, ਖੂਹ ਉੱਤੇ ਆ ਪਈ; ਗਾਹਧੀ ਵਾਲਾ, ਮਾਹਲ ਥਾਣੀ ਖੂਹ ਵਿਚ ਉੱਤਰ ਗਿਆ। ਧਾੜ ਨੇ ਢੋਲ ਝੁਵਕਲੀ ਬੈੜ ਆਦਿ ਸਭ ਖੂਹ ਵਿਚ ਸੁੱਟ ਦਿੱਤਾ, ਕਿ ਆਪੇ ਸੱਟ ਖਾ ਕੇ ਮਰ ਜਾਏਗਾ, ਪਰ ਉਹ ਘਾਹੀ ਵਿਚ ਹੋ ਬੈਠਾ ਸੀ, ਬਚ ਗਿਆ। ਜਦੋਂ ਪਿੰਡ ਵਾਲੇ ਆਏ, ਉਨ੍ਹਾਂ ਨੇ ਉਸ ਨੂੰ ਕੱਢਿਆ।

ਮਿਸਲਾਂ ਵਿਚੋਂ ਪਹਿਲੋਂ ਮਲਕੀਅਤ ਇਸ ਪਿੰਡ ਦੀ ਸੀ (ਜੋ ਇਸ ਪਿੰਡ ਦੀ ਹੋਈ ਤਾਂ ਤਪੇ ਦੀ ਆਪੇ ਹੋ ਗਈ) ਸਿੰਘ ਪੁਰੀਆਂ ਦੀ ਹੋਈ (ਪੱਟੀ ਲੈਣ ਤੋਂ ਮਗਰੋਂ

ਹੀ ਹੋਈ ਹੋਵੇਗੀ ਅਤੇ ਪੱਟੀ ਮੁੱਢ ਤੋਂ ਹੀ ਕਮਜ਼ੋਰ ਜਾਪਦੀ ਹੈ) ਜਿਨ੍ਹਾਂ ਨੇ ਠੂਟੇ ਪਾਸ ਸਰਹਾਲੀ ਵੱਲ ਇਕ ਕੱਚਾ ਕਿਲ੍ਹਾ ਪਾਇਆ। ਜਿਸ ਵਿਚ ਇਕ ਖੂਹ, ਇਕ ਪੱਕੀ ਮੋਰੀ, ਬਾਹਰ ਔਠ ਨੌਂ ਹੱਥ ਡੂੰਘੀ ਪਾਣੀ ਹਾਂਡੇ ਖਾਈ ਸੀ।

ਫਿਰੋ ਚੌਧਰੀ ਦਾ ਸੂਤ ਫੇਰ ਭੰਗੀਆਂ ਨਾਲ ਹੋ ਗਿਆ। ਉਹ ਅੰਮ੍ਰਿਤਸਰੋਂ ਉਨ੍ਹਾਂ ਦੇ ਸਿਪਾਹੀ ਲੈ ਆਇਆ ਅਤੇ ਜੇਠੇਆਣੇ ਛੱਪੜ ਵਿਚ ਖੜਾ ਕਰ ਕੇ ਸਮਝਾ ਗਿਆ ਕਿ ਤੁਸੀਂ ਲੁਕੇ ਰਹੋ। ਜਦੋਂ ਮੈਂ ਕਿਲ੍ਹੇ ਉੱਤੋਂ ਕਮਲੀ ਭਵਾਊਂ, ਤੁਸਾਂ ਛੇਤੀ ਨਾਲ ਆ ਜਾਣਾ, ਇਹ ਕਹਿ ਕੇ 'ਫਿਰਾ' ਕਿਲ੍ਹੇ ਵਿਚ ਚਲਿਆ ਗਿਆ। ਹਾੜ੍ਹ ਦਾ ਮਹੀਨਾ, ਦੁਪਹਿਰ ਦਾ ਵੇਲਾ, ਸਭ ਸੁੱਤੇ ਪਏ ਸਨ। ਸਭ ਹਥਿਆਰ ਖੂਹ ਵਿਚ ਸੁੱਟ ਦਿੱਤੇ ਅਤੇ ਕੋਠੇ ਚੜ੍ਹ ਕੇ ਰੱਸੀ ਨਾਲ ਕਮਲੀ ਭਵਾਈ। ਭੰਗੀ ਸਿਪਾਹੀ ਝੱਟ ਆ ਗਏ। ਫਸੀਲ ਥਾਣੀਂ ਹੀ ਅੰਦਰ ਚੜ੍ਹਵਾ ਲਿਆ ਅਤੇ ਕਬਜ਼ਾ ਕਰਵਾ ਦਿੱਤਾ, ਪਰ ਪਹਿਲੇ ਸਿਪਾਹੀਆਂ ਵਿਚੋਂ ਕਿਸੇ ਨੂੰ ਜ਼ਰਾ ਭਰ ਵੀ ਨੁਕਸਾਨ ਨ ਪਹੁੰਚਾਇਆ, ਅਡੋਲ ਹੀ ਕੱਢ ਦਿੱਤੇ ਗਏ।

ਉਦੋਂ ਮਾਤਹਿਤੀ ਮੰਨ ਕੇ ਕੁਝ ਦੇਣਾ ਲੈਣਾ ਨਹੀਂ ਪੈਂਦਾ ਸੀ; ਹਾਂ, ਵੇਲੇ ਸਿਰ ਕੁਝ ਆਦਮੀ ਦੇਣੇ ਪੈਂਦੇ ਸਨ, ਇੰਨਾ ਸਮਾਂ ਸਾਡੀ ਸੰਭਾਲ ਤੋਂ ਪਹਿਲੋਂ ਦਾ ਹੈ। ਭੰਗੀਆਂ ਦਾ ਕੁਝ ਸਮਾਂ ਅਸੀਂ ਵੇਖਿਆ ਹੈ। ਅੰਦਰਲਾ ਖੂਹ ਅਸੀਂ ਵਾਹੁੰਦੇ ਹੁੰਦੇ ਸਾਂ, ਜਿਸ ਬਦਲੇ ਸਾਨੂੰ ਰੋਟੀ ਮਿਲਿਆ ਕਰਦੀ ਸੀ।

ਮਾਹੋਂ ਨਾਮੇ ਗੁਲਾਬ ਸਿੰਘ ਦੀ ਟਹਿਲਣ ਸੀ, ਆਪਣੇ ਵੇਲੇ ਇਸੇ ਦਾ ਤੋਰਾ ਟਿੱਕਾ ਸੀ, 'ਫਿਰੋ' ਦੇ ਘਰ ਵਾੜ ਦਿੱਤੀ। ਇਕ ਧੀ ਹੋਈ, ਪੁੱਤਰ ਕੋਈ ਨਾ ਹੋਇਆ। ਮਾਹੋਂ ਦੇ ਨਾਮ ਦਾ ਇਕ ਖੂਹ ਵੀ ਹੈ, ਅਤੇ ਭੰਗੀਆਂ ਨੇ ਹੋਰ ਵੀ ਕਈ ਖੂਹ ਲਵਾਏ ਸਨ। ਭੰਗੀਆਂ ਨੇ ਨੇਪਾਲਾਂ ਤੇ ਡੋਗਰਾਂ ਦੇ ਰੋਕਣ ਲਈ ਇਕ ਕਿਲ੍ਹਾ ਕੱਚਾ ਸਰਹਾਲੀ ਦੇ ਚੜ੍ਹਦੇ ਅਤੇ ਦੱਖਣ ਦੀ ਨੁੱਕਰ ਉਤੇ ਪਿੰਡੋਂ ਅੱਧ ਕੁ ਕੋਹ ਵਾਟ ਉਤੇ ਬਣਵਾਇਆ ਸੀ। ਸਿੰਘ ਪੁਰੀਆਂ ਦੇ ਕਿਲ੍ਹੇ ਦੀ ਥਾਂ ਤਾਂ ਹੁਣ ਪੈਲੀਆਂ ਹਨ, ਪਰ 'ਕਿਲ੍ਹੇ ਵਾਲੀਆਂ' ਅਖਵਾਉਂਦੀਆਂ ਹਨ ਅਤੇ ਭੰਗੀਆਂ ਦੇ ਵੀ ਟੁੱਟੇ ਭੱਜੇ ਫਸੀਲ (ਤੇ ਬੁਰਜ) ਖੜ੍ਹੇ ਹਨ।

ਗੁਲਾਬ ਸਿੰਘ ਮਗਰੋਂ ਫੇਰ ਕਬਜ਼ਾ ਆਹਲੂ ਕਿਆਂ ਦਾ ਹੋ ਗਿਆ। ਕਾਰਣ ਇਹ ਸੀ ਕਿ ਪਿੰਡ ਦੇ ਜਿੰਨੇ ਨੌਕਰ ਸਨ ਸਭ ਫਤਹ ਸਿੰਘ ਆਹਲੂਵਾਲੀਆ ਪਾਸ ਹੀ ਸਨ, ਇਸ ਕਰਕੇ 'ਫਿਰੋ' ਮਗਰੋਂ ਰਾਜਾ ਸਿੰਘ ਜੋ ਆਹਲੂ ਕਿਆਂ ਪਾਸ ਹੀ ਸੀ, ਆਹਲੂ ਕਿਆਂ ਨੂੰ ਲੈ ਆਇਆ। ਇਨ੍ਹਾਂ ਨੇ ਪਹਿਲੋਂ ਤਾਂ ਕੱਚਾ ਕਿਲ੍ਹਾ ਬਣਾਇਆ, ਜਿਸ ਦਾ ਥੇਹ ਸਰਾਂ ਦੇ ਥਾਣੇ ਦੇ ਦੱਖਣ ਨੂੰ ਹੈ, ਪਰ ਮਗਰੋਂ ਇਕ ਤਕੜਾ ਅਤੇ ਪੱਕਾ ਬਣਾਇਆ, ਇਸ ਦੀ ਨੀਂਹ ਦਾਸ ਕਰਮਾਂ ਸੀ, ਇਸੇ ਦੀਆਂ ਇੱਟਾਂ ਤੋਂ ਅੱਜ ਕਲ੍ਹ ਦਾ ਥਾਣਾ, ਸਰਾਂ ਅਤੇ ਤਰਨ ਤਾਰਨ ਦਾ ਥਾਣਾ ਬਣਿਆ ਹੈ।

 www.sikhbookclub.com

ਅੰਤਮ ਰਣਜੀਤ ਸਿੰਘ ਆਇਆ ਜਿਸ ਨੇ ਇਹ ਅਤੇ ਨੌਂ ਲੱਖ ਦਾ ਇਲਾਕਾ ਦੇਸਾ ਸਿੰਘ ਮਜੀਠੀਏ ਨੂੰ ਦਿੱਤਾ।

ਭੰਗੀਆਂ ਵੇਲੇ ਸਾਡੇ ਪਿੰਡ ਦੀ ਇਕ ਜੰਞ ਮਾਲਵੇ ਵਿਚ ਗਈ ਸੀ। ਆਉਂਦਿਆਂ ਨੂੰ ਤਲਵੰਡੀ ਦਾ (ਮਖੂ ਪਾਸ) ਮੌਜਾ ਨਾਮੀ ਜੰਞ ਨੂੰ ਘੇਰ ਬੈਠਾ, ਪਰ ਇਹ ਬਚ ਨਿਕਲੇ। ਮਗਰ ਮਗਰ ਕਮੀਣ ਕਾਂਦੂ ਸਨ, ਉਹ ਘੇਰੇ ਗਏ। ਸ਼ਾਮੇ ਨਾਮੀ ਛੀਂਬੇ ਨੇ ਇਹ ਚਲਿੱਤਰ ਕੀਤਾ ਕਿ ਮੀਸਣਾ ਜਿਹਾ ਬਣ ਕੇ ਪੁੱਛਦਾ ਪੁੱਛਦਾ ਕਿ 'ਕਿਹੜਾ ਸਰਦਾਰ ਹੈ, ਕਿਹੜਾ ਸਰਦਾਰ ਹੈ' ਮੌਜੇ ਪਾਸ ਚਲਿਆ ਗਿਆ, ਜੋ ਵਣ ਹੇਠ ਨਮਾਜ਼ ਪੜ੍ਹਨ ਵਾਲਾ ਸੀ ਅਤੇ ਜਿਸ ਨੇ ਗਾਤਰਾ ਲਾਹ ਕੇ ਅੱਗੇ ਰੱਖਿਆ ਹੀ ਸੀ, ਇਸ ਨੇ ਝਟ ਤਲਵਾਰ ਸੂਤੀ ਅਤੇ ਉਸ ਦੇ ਸਿਰ ਉੱਤੇ ਮਾਰੀ, ਪਰ ਵਣ ਨਾਲ ਡੱਕੀ ਰਹੀ।

ਇਸੇ ਤਰ੍ਹਾਂ ਕਈ ਵਾਰ ਖਾਲੀ ਗਏ, ਪਰ ਹੱਥ ਨੀਵਾਂ ਕਰ ਕੇ ਟੇਢੀ ਚਲਾਉਣ ਦਾ ਉਸ ਨੂੰ ਖਿਆਲ ਨਾ ਆਇਆ, ਬਥੇਰਾ ਮੌਜਾ ਆਖਦਾ ਰਿਹਾ ਕਿ ਇਸ ਬਹਾਦਰ ਨੂੰ ਨਾ ਮਾਰਨਾ, ਪਰ ਕੌਣ ਸੁਣਦਾ ਸੀ। ਡੋਗਰਾਂ ਨੇ ਮਗਰੋਂ ਸੇਲਿਆਂ ਨਾਲ ਪਰੋ ਸੁੱਟਿਆ, ਜੰਞ ਵਾਲੇ ਲੋਥ ਪਿੰਡ ਲੈ ਆਏ ਅਤੇ ਉਸ ਦੀ ਮੜ੍ਹੀ ਹੁਣ ਤੀਕ ਸ਼ਹੀਦ ਮੰਨੀ ਜਾਂਦੀ ਹੈ। ਉਦੋਂ ਦੀ ਅਖੌਤ ਹੈ :-

"ਸ਼ਾਮੇ ਮਾਰੀਆਂ, ਮੌਜੇ ਝੱਲੀਆਂ।

ਮੈਂ ਕੀ ਕਰਾਂ, ਜੇ ਪੈਣ ਅਵੱਲੀਆਂ।"

ਸਿੰਘ ਜ਼ੁਲਮ ਵੇਲੇ ਬਾਹਰ ਝਾੜਾਂ ਵਿਚ ਜੋ ਪਿੰਡ ਉਦਾਲੇ ਬਹੁਤ ਸਨ, ਲੁਕੇ ਰਹਿੰਦੇ ਸਨ।

SIKHBOOKCLUB.COM

## ੨੫

# ਬਿਰਧਾਂ ਦੇ ਬਿਆਨ ਨੰਬਰ ੧੦[1]

## ਬਿਆਨ ਜਗਤ ਸਿੰਘ

*[ਗ੍ਰੰਥੀ ਸਰਹਾਲੀ, ਤਹਿਸੀਲ ਤਰਨ ਤਾਰਨ ਪਾਸੋਂ ਸਰਹਾਲੀ ਵਿਚ ਸ਼ੁੱਕਰਵਾਰ ਨੂੰ ਲਿਖਿਆ ]*

ਬਾਬਾ ਜੱਸਾ ਸਿੰਘ ਜੀ, ਬਾਬਾ ਫੂਲਾ ਸਿੰਘ ਜੀ ਅਕਾਲੀਏ ਦੇ ਸੇਵਕ ਸਨ। ਉਹਨਾਂ ਵਾਂਗ ਹੀ ਦੁਮਾਲੇ ਰੱਖਦੇ, ਗਲ ਗਾਤਰੇ ਸ੍ਰੀ ਸਾਹਿਬ ਤੇ ਪਿੰਡ ਰਹਿੰਦੇ। ਦਸਾਂ ਨਹੁੰਆਂ ਦੀ ਕਮਾਈ ਕਰਦੇ, ਆਪ ਛਕਦੇ ਤੇ ਸੰਗਤਾਂ ਨੂੰ ਛਕਾਉਂਦੇ, ਸੁੱਖਾ ਤੇ ਅਫੀਮ ਛਕਦੇ ਦੋ ਵੇਲੇ। ਸੁੱਖਾ ਤਾਂ ਸਵਾ ਪਹਿਰ ਦੇ ਤੜਕੇ ਤੇ ਤੀਜੇ ਪਹਿਰ, ਪਰ ਅਫੀਮ ਦਾ ਕੋਈ ਨੇਮ ਨਹੀਂ ਸੀ, ਰੋਜ਼ ਪੰਜ ਗ੍ਰੰਥੀ ਤੇ ਦਸ ਗ੍ਰੰਥੀ ਦਾ ਪਾਠ ਜ਼ਬਾਨੋਂ ਕਰਦੇ, ਬੜੀ ਹੀ ਜ਼ਰੂਰਤ ਹੁੰਦੀ ਤਾਂ ਗੱਲ ਕਰਦੇ, ਨਹੀਂ ਤਾਂ ਸਾਰਾ ਦਿਨ ਪਾਠ ਹੀ ਹੁੰਦਾ ਰਹਿੰਦਾ। ਕਦੀ ਪਾਠ ਕਰਦੇ ਕਰਦੇ ਵਿਚ ਅਮੋਘ ਬਚਨ ਕਰਨ ਲੱਗ ਪੈਂਦੇ।

'ਵਿੱਡਾਂ ਨੂੰ ਵਿੱਡ ਖਾਣਗੇ, ਬਾਰ੍ਹਾਂ ਵਰ੍ਹਿਆਂ ਦੀਆਂ ਨਾਨੀਆਂ ਅਖਵਾਉਣਗੀਆਂ, ਰਾਹ ਕੁਰਾਹ ਹੋਣਗੇ, ਕੰਧਾਂ ਘੋੜਿਆਂ ਵਾਂਗ ਤੁਰਨੀਆਂ।'

ਆਪ ਕਦੀ ਵੀ ਕਿਸੇ ਦੇ ਹੱਥ ਵੱਲ ਨਹੀਂ ਤੱਕਦੇ ਸਨ ਤੇ ਵੱਡੇ ਛੋਟੇ ਦਾ ਲਿਹਾਜ਼ ਵੀ ਇਕੋ ਜਿਹਾ ਕਰਦੇ। ਆਪ ਨੇ ਇਕ ਘੋੜਾ ਪਾਲਿਆ ਹੋਇਆ ਸੀ, ਬੜਾ ਹੀ ਸੁੰਦਰ। ਉਦੋਂ ਇਥੇ ਰਾਜ ਆਹਲੂਵਾਲੀਏ ਦਾ ਸੀ। ਉਸ ਨੂੰ ਬੜਾ ਮਾਣ ਸੀ ਕਿ ਹਰ ਇਕ ਦਾ ਚੰਗਾ ਘੋੜਾ ਲੈ ਲੈਣਾ, ਸੁਣਿਆ ਕਿ ਸਰਹਾਲੀ ਦੇ ਨਿਹੰਗ ਪਾਸ ਘੋੜਾ ਹੈ, ਪਿਆਦੇ ਘੱਲ ਦਿੱਤੇ ਕਿ ਮੁੱਲ ਲੈ ਆਵੋ। ਆਇਆਂ ਨੂੰ ਕਿਹਾ-ਘੋੜਾ ਦਸਵੇਂ ਪਾਤਸ਼ਾਹ ਜੀ ਦਾ ਹੈ, ਕੌਣ ਇਸ ਦਾ ਮੁੱਲ ਪਾ ਸਕਦਾ ਹੈ? ਜਾਓ, ਚਲੇ ਜਾਓ। ਰਾਜੇ ਨੇ ਫੇਰ ਘੱਲੇ ਕਿ ਬਦੋ-ਬਦੀ ਲੈ ਆਵੋ। ਪਾਠ ਕਰਦੇ ਸਨ, ਸ੍ਰੀ ਸਾਹਿਬ ਸੂਤ ਕੇ ਹੋ ਖੜ੍ਹੋਤੇ ਕਿ ਕੌਣ ਹੈ ਜੋ ਘੋੜਾ ਲੈਣਾ ਚਾਹੁੰਦਾ ਹੈ! ਸ੍ਰੀ ਸਾਹਿਬ ਦੇ ਹੇਠਾਂ ਦੀ ਲੰਘ ਕੇ ਲੈ ਲਵੇ ! ਮੁੜ ਕੋਈ ਨਾ ਆਇਆ। ਦਿਲ ਪੱਕੇ ਵੀ ਬੇਅੰਤ ਸਨ। ਆਪ

---

*੧ ਰਸਾਲਾ ਫੁਲਵਾੜੀ, ਫਰਵਰੀ ੧੯੩੫ ਈ; ਪੰਨਾ ੨੫੭।*

 www.sikhbookclub.com

ਦੇ ਸਹੁਰੇ ਸਭਰਾਵੀਂ ਸਨ। ਇਹ ਵੀ ਬੜੇ ਧਾੜਵੀ ਲੋਕ ਸਨ। ਇਹ ਜਦੋਂ ਜਾਂਦੇ, ਦਿਨ ਲੱਥੇ ਹੀ ਜਾਂਦੇ। ਇਕ ਵਾਰ ਚਾਰ ਆਦਮੀਆਂ ਨੇ ਘੋੜੀ ਖੋਹਣ ਦੀ ਸਲਾਹ ਕੀਤੀ। ਹਨੇਰੇ ਸਭਰਾਵਾਂ ਨੂੰ ਤੁਰੇ ਜਾਂਦੇ ਸਨ ਕਿ ਚਾਣ ਚੱਕ ਹੀ ਵਾਗਾਂ ਤੇ ਪੈਰਾਂ ਨੂੰ ਆ ਫੜਿਆ ਅਤੇ ਢਾਹੇ ਵੱਲ ਲੈ ਤੁਰੇ। ਇਹ ਸਭ ਕੁਝ ਸਮਝ ਗਏ, ਪਰ ਬੋਲੇ ਰਤਾ ਨਾ। ਉਨ੍ਹਾਂ ਢਾਹੇ ਜਾ ਕੇ ਗਾਤਰਾ ਮੰਗਿਆ, ਇਨ੍ਹਾਂ ਸਣੇ ਸ੍ਰੀ ਸਾਹਿਬ ਦੇ ਦਿੱਤਾ, ਤੇ ਫੇਰ ਕਿਹਾ ਕਿ ਜਿਸ ਦਾ ਡਰ ਸੀ ਉਹ ਤਾਂ ਤੁਸਾਂ ਲੈ ਲਈ, ਹੁਣ ਪੈਰ ਕਿਉਂ ਫੜੇ ਹਨ, ਵਾਗ ਫੜੀ ਚਲੋ। ਉਹ ਵੀ ਨਿਧੜਕ ਹੋ ਗਏ ਕਿ ਇਸ ਨੇ ਭੱਜ ਤਾਂ ਜਾਣਾ ਹੀ ਨਹੀਂ, ਵੱਢ ਕੇ ਦਰਿਆ ਬੁਰਦ ਕਰ ਦੇਵਾਂਗੇ। ਡੰਡੀ ਦਰਿਆ ਦੇ ਕੰਢੇ ਕੰਢੇ ਜਾਂਦੀ ਸੀ, ਅਚਨਚੇਤ ਛਾਲ ਮਾਰ ਕੇ ਦਰਿਆ ਵਿਚ ਜਾ ਪਏ ਤੇ ਰੋੜ੍ਹੇ ਪੈ ਗਏ। ਪਹਿਲਾਂ ਖਿਆਲ ਆਇਆ ਕਿ ਨਾਨਕਿਆਂ ਨੂੰ ਜਾਈਏ, ਪਰ ਫੇਰ ਫੁਰਨਾ ਫੁਰਿਆ ਕਿ ਉਹ ਤਾਂ ਮਿਹਣਾ ਮਾਰਨਗੇ; ਤਲਵਾਰ ਕਿਸ ਵਾਸਤੇ ਗਾਤਰੇ ਪਾਈ ਹੋਈ ਸੀ ਜੋ ਸਭ ਕੁਝ ਚੋਰਾਂ ਤੋਂ ਖੁਹਾ ਬੈਠੇ ਹੋ ? ਅੰਤ ਨੂੰ ਸਭਰਾਵਾਂ ਵੱਲ ਹੀ ਠਿੱਲ੍ਹੇ। ਬਾਹਰ ਆ ਕੱਪੜੇ ਨਿਚੋੜ ਪਿੰਡ ਵਿਚ ਆ ਵੜੇ। ਪਤਾ ਤਾਂ ਹੈ ਸੀ ਕਿ ਫਲਾਣੇ ਸਨ। ਹਵੇਲੀ ਪਾਸ ਆ ਕੇ ਖੰਘੂਰੇ। ਘੋੜੀ ਆਵਾਜ਼ ਪਛਾਣ ਕੇ ਹਿਣਕੀ। ਦਿਲ ਨੂੰ ਤਸੱਲੀ ਹੋਈ। ਗਹੂਰੇ ਉੱਤੇ ਚੜ੍ਹ ਕੇ ਵੇਖਿਆ ਕਿ ਘੋੜੀ ਉਸੇ ਤਰ੍ਹਾਂ ਕਾਜੇ ਹੈ। ਦੋ ਅੰਦਰ ਹਨ ਤੇ ਦੋ ਬਾਹਰ ਬੂਹੇ ਅੱਗੇ। ਗਹੂਰਾ ਕੰਧ ਨਾਲ ਹੀ ਸੀ। ਕੰਧ ਤੋਂ ਹੋ ਕੇ ਅੰਦਰ ਛਾਲ ਮਾਰੀ। ਹਿਣਕਦੀ ਘੋੜੀ ਨੂੰ ਥਾਪੀ ਦੇ ਕੇ ਚੁੱਪ ਕਰਾਇਆ, ਪਰ ਚੋਰ ਅਜੇ ਸੁੱਤੇ ਹੋਏ ਹੀ ਸਨ। ਕੀ ਵੇਖਦੇ ਹਨ ਕਿ ਗਾਤਰਾ ਸਣੇ ਸ੍ਰੀ ਸਾਹਿਬ ਦੇ ਇਕ ਸਿਰਹਾਣੇ ਪਿਆ ਹੈ, ਚੁੱਕ ਕੇ ਸਜਾ ਲਿਆ, ਤੇ ਘੋੜੀ ਉੱਤੇ ਚੜ੍ਹ ਬੈਠੇ, ਅਤੇ ਕੋਲ ਜਾ ਕੇ ਕਿਹਾ ਕਿ ਅਸੀਂ ਤਾਂ ਬਾਣੀ ਰਹਰਾਸਿ ਦਾ ਪਾਠ ਕਰਦੇ ਆਉਂਦੇ ਸਾਂ, ਤੁਸਾਂ ਇਹ ਕੀ ਧਰੋਹ ਕੀਤਾ? ਉਹ ਉਭੜਵਾਹੇ ਉੱਠੇ ਤੇ ਸਿਰ ਦੋ ਕੀਤੇ ਗਏ। ਫੇਰ ਅੱਡੀ ਮਾਰ ਕੇ ਬਾਹਰ ਆ ਗਏ ਤੇ ਉਸੇ ਤਰ੍ਹਾਂ ਦੂਜਿਆਂ ਨੂੰ ਵੀ ਜਗਾਇਆ। ਜੋ ਅੱਗੇ ਹੀ ਕੁਝ ਉਭੜਵਾਹੇ ਸਨ, ਉਨ੍ਹਾਂ ਨੂੰ ਵੀ ਦੋ ਚਾਰ ਜ਼ਖ਼ਮ ਲੱਗੇ। ਇੰਨੇ ਚਿਰ ਨੂੰ ਸਭ ਪਿੰਡ ਜਾਗ ਪਿਆ, ਝੱਟ ਪੱਟ ਆਪਣੇ ਪਿੰਡ ਨੂੰ ਹੋ ਪਏ। ਕਿਰਤੋਵਾਲ ਆਏ ਤਾਂ ਘੋੜੀ ਗੁਜ਼ਰ ਗਈ। ਆਪ ਪੈਦਲ ਹੀ ਅੱਪੜ ਪਏ। ਸਵੇਰੇ ਸਭਰਾਵਾਂ ਦੇ ਆਦਮੀਆਂ ਨੇ ਜਾਣ ਲਿਆ ਕਿ ਇਹ ਬਾਬਾ ਜੱਸਾ ਸਿੰਘ ਹੀ ਸੀ। ਹੱਛਾ ! ਮਰਨ ਵਾਲੇ ਤਾਂ ਮਰ ਗਏ, ਨਾਲੇ ਧੀ ਦਿੱਤੀ ਹੋਈ ਸੀ, ਹੁਣ ਇਸ ਨੂੰ ਵੀ ਕਿਉਂ ਮਰਵਾਉਣਾ ਹੋਇਆ, ਇਸ ਕਰਕੇ ਅਰਜ਼ੀ ਨਾ ਕੀਤੀ। ਇਹ ਘੋੜੀ ਉਸ ਘੋੜੇ ਦੀ ਮਾਂ ਸੀ, ਜਿਸ ਨੂੰ ਆਹਲੂਵਾਲੀਏ ਨੇ ਮੰਗਿਆ ਸੀ। ਮਗਰੋਂ ਸਭਰਾਵਾਂ ਤੇ ਸਰਹਾਲੀ ਦੇ ਆਦਮੀ ਇਕੱਠੇ ਹੋ ਕੇ ਆਏ ਤੇ ਕਿਹਾ ਕਿ ਮਹਾਰਾਜ ਜੀ! ਘੋੜੀ ਤਾਂ ਮਰ ਗਈ ਜੇ, ਲੈਣ ਦੀ

ਕੋਸ਼ਿਸ਼ ਨਾ ਕਰਦੇ ਤਾਂ ਐਨਾ ਖੂਨ ਖਰਾਬਾ ਨਾ ਹੁੰਦਾ। ਤਾਂ ਉੱਤਰ ਦਿੱਤਾ ਕਿ ਘੋੜੀ ਮਰ ਗਈ ਤਾਂ ਉਹ ਜਾਣੇ, ਪਰ ਪਿੱਠ ਵਲਾ ਕੇ ਆਉਣਾ ਤਾਂ ਬਹੁਤ ਹੀ ਮਾੜਾ ਸੀ। ਜਿਸ ਵੇਲੇ ਬਾਬਾ ਵੀਰ ਸਿੰਘ ਜੀ ਮਰ੍ਹਾਣੇ ਪਿੰਡ ਗਏ ਤਾਂ ਇਹ ਵੀ ਉੱਥੇ ਗਏ, ਜਾ ਕੇ ਖੜ੍ਹੋ ਗਏ। ਉਨ੍ਹਾਂ ਇਨ੍ਹਾਂ ਦਾ ਨਾਮ ਥੇਹ ਪੁੱਛਿਆ, ਪਤਾ ਲਗਣੇ ਪੁਰ ਕਿਹਾ, ਆਖਦਾ ਕੀ ਹੈਂ, ਸਿੱਖੀ ਦਾ ਬੀਜ ਮਾਝੇ ਵਿਚ ਰੱਖ ਲਿਆ ਹਈ। (ਸਰਹਾਲੀ)

੨. ਇਨ੍ਹਾਂ ਦੇ ਪੁੱਤਰ ਬਾਬਾ ਨੰਦ ਸਿੰਘ ਜੀ ਸਨ। ਤਿੰਨ ਕੁ ਸਾਲ ਸਰਕਾਰ ਦੀ ਨੌਕਰੀ ਕੀਤੀ, ਇਹ ਆਪਣਾ ਤੰਬੂ ਅੱਡ ਹੀ ਰੱਖਦੇ ਅਤੇ ਸੁੱਖੇ ਤੇ ਪ੍ਰਸ਼ਾਦ ਦੀ ਦੇਗ ਸਦਾ ਵਰਤਾਉਂਦੇ। ਉਨ੍ਹੀਂ ਦਿਨੀਂ ਹੀ ਰਾਜਾ ਭਰਪੂਰ ਸਿੰਘ ਨਾਭੇ ਵਾਲਾ ਇਨ੍ਹਾਂ ਦਾ ਉਪਦੇਸ਼ੀ ਹੋਇਆ। ਜਿਸ ਵੇਲੇ ਸਰਹਾਲੀ ਆ ਗਏ ਤਾਂ ਦੋ ਪੁੱਤਰ ਹੋਏ; ਵੱਡਾ ਜੀਉਣ ਸਿੰਘ ਤੇ ਛੋਟਾ ਰਾਮ ਸਿੰਘ। ਜਦੋਂ ਦੋਵੇਂ ਕੁਝ ਕੁ ਵੱਡੇ ਹੋਏ ਤਾਂ ਇਸਤ੍ਰੀ ਨੂੰ ਕਿਹਾ ਕਿ ਅਸੀਂ ਹੁਣ ਗ੍ਰਿਹਸਤ ਛੱਡਿਆ, ਜੇ ਰਾਜ਼ੀ ਹੋਵੇਂ ਤਾਂ ਵੀ ਚੰਗੀ ਗੱਲ ਨਹੀਂ, ਤਾਂ ਤੇਰੇ ਨਰਾਜ਼ ਹੋਇਆਂ ਵੀ ਅਸਾਂ ਇਸ ਧੰਦੇ ਵਿਚ ਫਸਣਾ ਨਹੀਂ। ਉਸ ਨੇ ਕਿਹਾ- ਮਹਾਰਾਜ ਜੀ! ਅੱਗਾ ਤੁਹਾਡਾ ਅਤੇ ਪਿੱਛਾ ਮੇਰਾ, ਜੋ ਕਰੋ ਮੈਨੂੰ ਮਨਜ਼ੂਰ ਹੈ। ਕਿਹਾ: ਜੇ ਪਿੱਛਾ ਤੇਰਾ ਤੇ ਅੱਗਾ ਸਾਡਾ ਹੈ ਤਾਂ ਲਾਹ ਦੇ ਗਹਿਣੇ। ਉਹ ਲੈ ਕੇ ਲਾਹੌਰ ਜਾ ਕੇ ਵੇਚ ੭੦੦ ਰੁਪਏ ਵੱਟ ਕੇ ਸਭ ਗੁਰਮਤਿ ਸੰਬੰਧੀ ਪੁਸਤਕ ਲੈ ਆਏ ਤੇ ਵਿਚਾਰਦੇ ਰਹਿੰਦੇ। ਮਗਰੋਂ ਘਰੋਂ ਵੀ ਉਪਰਾਮ ਹੋ ਗਏ। ਢਾਬ ਕੰਢੇ ਪਿੰਡ ਦੇ ਲਹਿੰਦੇ ਵੱਲ ਮੜ੍ਹੀਆਂ ਸਨ। ਉਥੇ ਜਾ ਕੇ ਪੰਜ ਛੇ ਕਨਾਲ ਜ਼ਮੀਨ ਵਲ ਲਈ ਤੇ ਇਕ ਕੁਟੀਆ ਪਾ ਕੇ ਰਹਿਣ ਲੱਗ ਪਏ। ਲਾਂਭੇ ਲਾਂਭੇ ਰੁੱਖ ਭੀ ਲਾ ਲਏ, ਫੇਰ ਰੋਜ਼ ਦਾ ਵਤੀਰਾ ਇਹ ਹੋਇਆ ਕਿ ਭਜਨ ਕਰਦੇ ਰਹਿੰਦੇ, ਜਦੋਂ ਬਿਰਤੀ ਉਟਕਦੀ ਤਾਂ ਦੋ ਘੜੇ ਲੈ ਕੇ ਪਾਸ ਦੇ ਟੋਭੇ ਵਿਚੋਂ ਪਾਣੀ ਭਰ ਭਰ ਬੂਟਿਆਂ ਨੂੰ ਪਾਉਣਾ। ਜਦੋਂ ਥੱਕਣਾ ਫੇਰ ਕੁਟੀਆ ਵਿਚ ਜਾ ਕੇ ਮਾਲਾ ਫੇਰਨ ਲੱਗ ਜਾਣੀ, ਫੇਰ ਉਟਕਣਾ ਤਾਂ ਪੁਸਤਕਾਂ ਪੜ੍ਹਨੀਆਂ। ਕਦੀ ਕਦੀ ਕਹੀ ਲੈ ਕੇ ਇਧਰੋਂ ਉਧਰ ਤੇ ਉਧਰੋਂ ਇਧਰ ਮਿੱਟੀ ਸੁੱਟਣ ਲਗ ਪੈਣਾ। ਕਿਸੇ ਬੰਨੇ ਮਨ ਨੂੰ ਜੋੜੀ ਰੱਖਣਾ। ਰਾਤ ਪਈ ਕਿਸੇ ਨਾ ਕਿਸੇ ਵੇਲੇ ਪਿੰਡ ਦੇ ਉਦਾਲੇ ਭੀ ਰੋਜ਼ ਫਿਰ ਆਉਣਾ, ਜੇ ਕਿਤੇ ਕਿਸੇ ਨੂੰ ਮਿਲਣ ਜਾਣਾ ਤਾਂ ਰਾਤੋ ਰਾਤ ਹੀ ਹੋ ਆਉਣਾ, ਜੇ ਅਗਲਾ ਜਾਗਦਾ ਹੋਵੇ ਤਾਂ ਵਾਹ ਭਲਾ ਨਹੀਂ ਤਾਂ ਫੁੱਲ ਬਿਸਤਰੇ ਉਤੇ ਚੰਬੇਲੀ ਆਦਿ ਦੇ ਪੰਜ ਸੁੱਟ ਆਉਣੇ, ਅਗਲੇ ਨੇ ਸਵੇਰੇ ਉੱਠ ਕੇ ਜਾਣ ਲੈਣਾ ਕਿ ਭਾਈ ਨੰਦ ਸਿੰਘ ਜੀ ਹੋ ਗਏ ਹਨ। ਜੇ ਕਿਤੇ ਸ੍ਰੀ ਤਰਨ ਤਾਰਨ ਜੀ ਦਾ ਉਮਾਹ ਹੁੰਦਾ ਤਾਂ ਰਾਤੋ ਰਾਤ ਹੀ ਹੋ ਆਉਂਦੇ। ਮੰਦਰ ਅੱਗੇ ਜਾ ਕੇ ਮੱਥਾ ਟੇਕ ਕੁਝ ਫੁੱਲ ਤੇ ਇਕ ਰੁਪਿਆ ਚੜ੍ਹਾ ਦੇਂਦੇ। ਜੇ ਕੋਈ ਬਾਹਰ ਅਭਿਆਗਤ ਗੁਰਦੁਆਰੇ ਅੱਗੇ ਹੁੰਦਾ ਤਾਂ ਉਸ ਨੂੰ ਦੇ ਆਉਂਦੇ, ਨਹੀਂ ਤਾਂ

 www.sikhbookclub.com

ਗੁਰਦੁਆਰੇ ਦੇ ਦਰਵਾਜ਼ੇ ਅੱਗੇ ਹੀ ਰੱਖ ਆਉਂਦੇ। ਸੇਵਾ ਛੋਟਾ ਪੁੱਤਰ ਰਾਮ ਸਿੰਘ ਹੀ ਕਰਦਾ। ਸਵੇਰੇ ਉੱਠ ਕੇ ਸੁੱਖਾ ਰਗੜ ਕੇ ਪਿਆ ਜਾਂਦਾ, ਮਗਰੋਂ ਹੱਲ ਵਾਹ ਕੇ ਦੋ ਪ੍ਰਸ਼ਾਦੀਆਂ ਦੇ ਜਾਂਦਾ। ਜੇ ਕੋਈ ਆ ਜਾਂਦਾ ਤਾਂ ਉਸ ਨੂੰ ਆਖਦੇ ਕਿ ਮਿਤ੍ਰ ਜੀ! ਜੇ ਵੰਡ ਛਕਣਾ ਹੈ ਤਾਂ ਆਓ ਰਲ ਬੈਠੀਏ, ਜੇ ਹੋਰ ਇੱਛਾ ਹੈ ਤਾਂ ਪਿੰਡ ਚਲੇ ਜਾਓ। ਪਰ ਵੱਡੇ ਪੁੱਤਰ ਦਾ ਕੁਝ ਹੋਰ ਤਰ੍ਹਾਂ ਦਾ ਹੀ ਸੁਰਾ ਤੁਰਾ ਸੀ। ਇਕ ਵਾਰ ਆਪ ਸ੍ਰੀ ਆਨੰਦਪੁਰ ਜੀ ਗਏ, ਰਾਜਾ ਭਰਪੂਰ ਸਿੰਘ ਜੀ ਨੂੰ ਭੀ ਪਤਾ ਲੱਗ ਗਿਆ, ਆਪ ਨੂੰ ਨਾਂਹ ਨਾਂਹ ਕਰਦਿਆਂ ਭੀ ਨਾਭੇ ਜਾਣਾ ਹੀ ਪਿਆ, ਬਾਗ ਵਿਚ ਜਾ ਉਤਾਰਾ ਹੋਇਆ। ਹੋਰ ਭੀ ਬਹੁਤ ਸਾਰੇ ਸੰਤ ਮਹੰਤ, ਗੁਣੀ ਗਿਆਨੀ ਆਏ ਹੋਏ ਸਨ ਕਿਉਂਕਿ ਰਾਜਾ ਜੀ ਨੇ ਕਈਆਂ ਨੂੰ ਸੱਦਿਆ ਸੀ, ਪਰ ਕਈ ਬਿਨ ਸੱਦੇ ਵੀ ਇਸ ਖਿਆਲ ਨਾਲ ਆਏ ਹੋਏ ਸਨ ਕਿ ਇਕ ਵਾਰੀ ਸਾਹਮਣੇ ਚਲੇ ਗਏ ਖਾਲੀ ਤਾਂ ਮੁੜਦੇ ਹੀ ਨਹੀਂ, ਇਸ ਲਈ ਮੁਨਸ਼ੀਆਂ ਮੁਸੱਦੀਆਂ ਨੇ ਬਹੁਤ ਹੀ ਹੱਥ ਰੰਗੇ। ਅੰਤ ਨੂੰ ਇਕ ਦਿਨ ਸਭ ਸੱਦੇ ਗਏ। ਯੋਗ ਪੁਰਖਾਂ ਵਾਸਤੇ ਪਾਲਕੀਆਂ ਵੀ ਘੱਲੀਆਂ ਗਈਆਂ, ਇਨ੍ਹਾਂ ਵਾਸਤੇ ਵੀ ਇਕ ਪਾਲਕੀ ਆਈ, ਪਰ ਖੁਸ਼ ਹੋਣ ਦੀ ਥਾਂ ਹੈਰਾਨ ਹੋ ਕੇ ਕਹਿਣ ਲੱਗੇ ਕਿ ਅਸੀਂ ਪਿੰਡ ਦੇ ਜੱਟ ਹਾਂ, ਸਾਨੂੰ ਪਾਲਕੀਆਂ ਨਾਲ ਕੀ ਲੱਗੇ !! ਤੁਰ ਕੇ ਹੀ ਆਵਾਂਗੇ। ਅੰਤ ਨੂੰ ਕਹਾਰਾਂ ਦੀ ਜ਼ਿੱਦ 'ਤੇ ਪਾਲਕੀ ਵਿਚ ਇਕ ਬੇਰੀ ਦਾ ਗੁੱਦਾ ਰੱਖ ਕੇ ਜੋ ਸਦਾ ਹੱਥ ਰਹਿੰਦਾ ਸੀ, ਕਿਹਾ ਕਿ ਜਾਓ! ਅਸੀਂ ਆਉਂਦੇ ਹਾਂ। ਜਿਸ ਵੇਲੇ ਪਾਲਕੀ ਸਭਾ ਵਿਚ ਗਈ, ਤਾਂ ਆਪ ਰਾਜਾ ਜੀ ਉਠ ਖਲੋਤੇ, ਹਾਲਾਂ ਕਿ ਪਹਿਲੋਂ ਕਿਸੇ ਦੀ ਵਾਰ ਵੀ ਨਹੀਂ ਉਠੇ ਸਨ। ਕਈ ਤਪੱਸੀਆਂ ਨੇ ਕਿਹਾ-ਇਹ ਕੀ ਮਹਾਰਾਜ! ਗੁਣੀਆਂ ਵਾਰੀ ਬੈਠੇ ਰਹਿਣਾ ਤੇ ਗਵਾਰ ਜੱਟ ਦੇ ਗੁੱਦੇ ਲਈ ਉਠ ਬੈਠਣਾ। ਇੰਨੇ ਚਿਰ ਨੂੰ ਭਾਈ ਨੰਦ ਸਿੰਘ ਜੀ ਵੀ ਆ ਬੈਠੇ। ਰਾਜਾ ਜੀ ਫੇਰ ਉਠੇ ਤੇ ਉੱਤਰ ਦਿੱਤਾ ਕਿ ਮੈਂ ਨਹੀਂ ਉਠਿਆ, ਬਦੋਬਦੀ ਉਠਾਇਆ ਗਿਆ ਹਾਂ। ਜੋ ਬੇ-ਖਾਹਸ਼ ਹੈ ਉਸ ਦੀ ਐਸੀ ਹੀ ਖਿੱਚ ਹੈ। ਤੁਸੀਂ ਤਾਂ ਸਭ ਵੱਢੀਆਂ ਦੇ ਕੇ ਏਥੇ ਆਏ ਹੋ—, ਇਹ ਕਹਿ ਉਨ੍ਹਾਂ ਦੇ ਉਜ਼ਰ ਕਰਨ ਪਰ ਸਭ ਅਹਿਲਕਾਰਾਂ ਪਾਸੋਂ ਮੂੰਹ ਰੋਬਰ ਝੂਠੇ ਭੀ ਕਰਵਾ ਦਿੱਤਾ।

ਜਦੋਂ ਆਪ ਤੁਰਨ ਲੱਗੇ ਤਾਂ ਭੇਟਾ ਦੇਣ ਨੂੰ ਬਥੇਰੀ ਵਾਹ ਲਾਈ ਪਰ ਇਨ੍ਹਾਂ ਨੇ ਇਕ ਨਾ ਮੰਨੀ। ਅੰਤ ਨੂੰ ਬਦੋਬਦੀ ਇਕ ਬੱਘੀ ਦੇ ਹੀ ਦਿੱਤੀ ਕਿ ਪੈਂਡਾ ਸੌਖਾ ਮੁਕੂ, ਪਰ ਨੇਤ ਵੇਖੋ ਕਰਤਾਰ ਦੀ, ਰਾਹ ਵਿਚ ਆਇਆਂ ਕਾਬਲਾ ਟੁੱਟ ਗਿਆ। ਹੁਣ ਪੈਸਾ ਪੱਲੇ ਨਹੀਂ ਜਿਸ ਨਾਲ ਮੁਰੰਮਤ ਕਰਾਈ ਜਾਵੇ, ਹਾਰ ਕੇ ਗੜਵੀ ਜੋ ਸਦਾ ਪਾਸ ਹੀ ਹੁੰਦੀ ਸੀ, ਲੁਹਾਰ ਨੂੰ ਦਿੱਤੀ ਤੇ ਕਾਬਲਾ ਲੁਵਾ ਕੇ ਕਿਹਾ ਕਿ ਅਸਾਂ ਤਾਂ ਇਹ ਸਿਆਪਾ ਸਹੇੜਨਾ ਨਹੀਂ ਜਿਸ ਦੀ ਮਰਜ਼ੀ ਹੋਵੇ ਬੱਘੀ ਲੈ ਜਾਵੇ। ਅੰਤ ਨੂੰ ਰਾਮ

 www.sikhbookclub.com

ਸਿੰਘ ਵੇਰਕੀਏ ਨੂੰ ਜੋ ਵਿਸ਼ਵਾਸੀ ਸਿੱਖ ਸੀ ਬੱਘੀ ਦਿੱਤੀ ਗਈ, ਜਿਸ ਨੂੰ ਉਹ ਵੇਰਕੇ ਲੈ ਗਿਆ ਤੇ ਆਪ ਪੈਦਲ ਹੀ ਸਰਹਾਲੀ ਆ ਗਏ।

ਕੁਝ ਕਾਲ ਮਗਰੋਂ ਰਾਜਾ ਭਰਪੂਰ ਸਿੰਘ ਜੀ ਖਾਸ ਸਰਹਾਲੀ ਦਰਸ਼ਨ ਨੂੰ ਆਏ, ਮਕਾਨ ਬਨਉਣ ਵਾਸਤੇ ਬਥੇਰਾ ਕਿਹਾ: ਪਰ ਉੱਤਰ ਦਿੱਤਾ ਕਿ ਜਦੋਂ ਅਸੀਂ ਆਪ ਪੱਕੇ ਨਹੀਂ ਤਾਂ ਮਕਾਨ ਪੱਕੇ ਕਿਉਂ ਬਣਵਾਉਣੇ ਹੋਏ? ਅੰਤ ਨੂੰ ਜਾਣ ਲੱਗੇ ਹਜ਼ਾਰ ਮਣ ਦਾਣੇ, ਇਕ ਮਹਿੰ ਤੇ ਇਕ ਗਾਂ, ਬਾਲਾਂ ਨੂੰ ਕੜੇ ਕੈਂਠੇ ਪਾ ਗਏ।

ਸਤਾਈ ਕੁ ਵਰ੍ਹੇ ਹੋਏ ਸਨ ਕਿ ਬੜੇ ਮੀਂਹ ਪਏ ਸਨ। ਆਪ ਝੁੱਗੀ ਵਿਚ ਬੈਠੇ ਸਨ ਕਿ ਸਾਹਮਣੇ ਖੂਹ ਪਾਸ ਖੇਤ ਵਿਚ ਇਕ ਵੱਛੀ ਗੱਡੀ ਖੜ੍ਹੀ ਹੈ। ਕੋਲ ਜੀਉਣ ਸਿੰਘ ਨੂੰ ਵੇਖ ਕੇ ਆਖਿਆ ਕਿ "ਜਾਹ, ਵੱਛੀ ਨੂੰ ਕੱਢ।" ਆਪ ਫੇਰ ਅੰਤਰ ਧਿਆਨ ਹੋ ਗਏ, ਹਾਸੇ ਦੀ ਗੱਲ ਇਹ ਕਿ ਜੀਉਣ ਸਿੰਘ ਫਸੀ ਹੋਈ ਵੱਛੀ ਨੂੰ ਕੱਢ ਨਾ ਸਕਿਆ। ਜਾਂ ਦੂਜੀ ਵਾਰ ਭਾਈ ਨੰਦ ਸਿੰਘ ਨੇ ਵੱਛੀ ਉਸੇ ਤਰ੍ਹਾਂ ਵੇਖੀ ਤਾਂ ਫੇਰ ਜੀਉਣ ਸਿੰਘ ਨੂੰ ਕਹਿਆ ਕਿ "ਕਿਉਂ ਭਾਈ! ਕਿਹਾ ਮੰਨਣਾ ਨਹੀਂ ਸੀ?" ਅੱਗੇ ਹੀ ਉਹ ਹਰਖਿਆ ਹੋਇਆ ਸੀ, ਉੱਤਰ ਦਿੱਤਾ: "ਮਹਾਰਾਜ ਜੀ, ਮੈਂ ਲੱਤਾਂ ਵੱਢ ਕੇ ਕੱਢ ਲਿਆਉਂਦਾ ਹਾਂ।" ਕਿਹਾ-'ਜਾਹ ਪਾਗਲਾ, ਗਊ ਦੇ ਜਾਏ ਲਈ ਇਹ ਬਚਨ!" ਬਸ ਪਾਗਲ ਹੋ ਗਿਆ, ਅਤੇ ਪਿੰਡ ਵਿਚ ਬੜਾ ਖਰੂਦ ਮਚਾਇਆ, ਕਿਸੇ ਦੀ ਚੀਜ਼ ਭੰਨੇ, ਕਿਸੇ ਨੂੰ ਮਾਰੇ ਕਿਸੇ ਨੂੰ ਕੁਝ ਕਵ੍ਹੇ, ਪਿੰਡ ਦੇ ਲੋਕੀਂ ਅੱਕ ਗਏ। ਆ ਕੇ ਭਾਈ ਜੀ ਪਾਸ ਅਰਜ਼ ਕੀਤੀ ਕਿ ਜੀਉਣ ਸਿੰਘ ਨੂੰ ਸੰਗਲ ਮਾਰੋ, ਸੰਗਲ ਮਰਵਾਇਆ ਗਿਆ ਅਤੇ ਝੁੱਗੀ ਪਾਸ ਇਕ ਮੋਟੀ ਕਰੀਰ ਨਾਲ ਜੂੜ ਦਿੱਤਾ। ਰਾਤ ਵਿਚ ਹੀ ਪੱਟ ਪੱਟ ਥਾਂ ਪੁੱਟ ਸੁੱਟੀ। ਇਹ ਵੇਖ ਸਵੇਰੇ ਕੱਸ ਕੇ ਜੂੜ ਦਿੱਤਾ ਸੰਗਲ ਨਾਲ। ਨੇਤ ਨਾਲ ਓਦਨ ਹੀ ਤਰਨ ਤਾਰਨ ਦਾ ਤਹਿਸੀਲਦਾਰ ਕਨੱਈਆ ਲਾਲ ਖੱਤਰੀ ਦਰਸ਼ਨ ਨੂੰ ਆਇਆ, ਨਾਲ ਹੀ ਥਾਣੇਦਾਰ, ਫੈਲਦਾਰ ਆਦਿਕ ਕਈ ਵੱਡੇ ਪੁਰਸ਼ ਸਨ। ਜਾਂ ਅੰਦਰ ਵੜੇ ਤਾਂ ਇਹ ਬੱਧਾ ਹੋਇਆ ਹੀ ਚਮਕ ਉੱਠਿਆ, "ਲੁਚਿਓ ਹਰਾਮਜ਼ਾਦਿਓ, ਸਾਧ ਤਾਂ ਮੈਂ ਹਾਂ, ਉਹ ਅੰਦਰ ਮਕਰ ਬਣਾਈ ਬੈਠਾ ਹੈ।" ਪਹਿਲੋਂ ਤਾਂ ਤਹਿਸੀਲਦਾਰ ਨੂੰ ਕੁਝ ਕੁ ਗੁੱਸਾ ਆਇਆ, ਪਰ ਸੰਗਲ ਵਜੇ ਤੇ ਪਾਸ ਦਿਆਂ ਦੇ ਦੱਸਣ ਕਰ ਕੇ ਚੁੱਪ ਹੋ ਰਿਹਾ, ਪਰ ਆਉਂਦਿਆਂ ਹੀ ਹੱਥ ਬੰਨ੍ਹ ਕੇ ਅਰਜ਼ ਕੀਤੀ ਕਿ "ਜੀਉਣ ਸਿੰਘ ਨੂੰ ਬਖਸ਼ੋ।" ਕਿਹਾ-"ਭਲਿਆ ਪੁਰਸ਼ਾ! ਜਿਸ ਕੰਮ ਆਇਆ ਹੈਂ, ਉਹ ਤੂੰ ਕਰ, ਤੈਨੂੰ ਦੂਜਿਆਂ ਨਾਲ ਕੀ" !! ਪਰ ਹੁਣ ਤਾਂ ਸਭਨਾਂ ਨੇ ਰਲ ਕੇ ਬੇਨਤੀ ਕੀਤੀ ਕਿ "ਮਹਾਰਾਜ ਜੀ, ਉਹ ਤਾਂ ਬੜੀ ਬਕਵਾਸ ਕਰਦਾ ਹੈ, ਕਿਸੇ ਤਰ੍ਹਾਂ ਚੁਪ ਕਰਵਾਓ ਕਿ ਉਸ ਦਾ ਸਿਰ ਤਾਂ ਨਾ ਖਾਲੀ ਹੋਵੇ"। ਕਿਹਾ-"ਮੰਜੀ ਸਾਹਿਬ ਦੇ ਪਾਵੇ ਤੇ ਪੰਜਾਂ ਸਿੰਘਾਂ ਦੇ ਚਰਨ ਧੋ ਕੇ ਪਿਲਾਵੇ, ਚੁੱਪ ਹੋ ਜਾਵੇਗਾ।" ਬਸ, ਉਹ ਅਜਿਹਾ

ਚੁੱਪ ਹੋਇਆ ਕਿ ਹੁਣ ਬੋਲੇ ਹੀ ਨਾ, ਜੇ ਕੋਈ ਰੋਟੀ ਦੇ ਜਾਵੇ ਤਾਂ ਵਾਹ ਭਲੀ, ਨਹੀਂ ਤਾਂ ਚੁੱਪ। ਪਾਣੀਓਂ ਵੀ ਚੁੱਪ, ਜਿਥੇ ਪਿਆ ਹੈ ਉਥੇ ਹੀ ਪਿਆ ਰਹੇ। ਜੋ ਕੋਈ ਦੇਵੇ ਉਹ ਹੀ ਖਾਵੇ, ਜਿਧਰ ਕੋਈ ਪਾਵੇ ਓਧਰ ਹੀ ਪਵੇ। ਆਪ ਨਾ ਹਿਲੇ, ਨਾ ਬੋਲੇ। ਪਿੰਡ ਦਿਆਂ ਸੋਚਿਆ ਇਹ ਅੱਗੇ ਨਾਲੋਂ ਵੀ ਭੈੜੀ ਹੋਈ, ਅੱਗੇ ਕੁਝ ਮੰਗ ਤਾਂ ਲੈਂਦਾ ਸੀ। ਹੁਣ ਉਹ ਸੁਆਦੋਂ ਵੀ ਗਿਆ। ਆ ਅਰਜ਼ ਕੀਤੀ-'ਮਹਾਰਾਜ ਜੀ! ਬਖਸ਼ੋ।' ਕਿਹਾ-'ਸਾਡੇ ਕੀ ਵੱਸ ਹੈ, ਕਰਮਾਂ ਦਾ ਫਲ ਉਹ ਭੋਗਦਾ ਹੈ। ਕਰਮਾਂ ਦਾ ਹੀ ਅਸੀਂ ਭੋਗਦੇ ਹਾਂ।'

ਅੰਤ ਨੂੰ ਬਹੁਤ ਖਹਿੜੇ ਪੈਣ ਕਰਕੇ ਪਹਿਲਾਂ ਇਲਾਜ ਦੱਸਿਆ, ਜੋ ਕਾਰਗਰ ਹੋਇਆ ਤੇ ਉਹ ਚਰਨੀਂ ਆ ਡਿੱਗਾ। ਕਿਹਾ-ਭਲਿਆ ਪੁਰਸ਼ਾ! ਤੂੰ ਸਾਥੋਂ ਕੁਝ ਲੈਣਾ ਨਹੀਂ, ਆਹ ਲੈ ਚਾਲੀ ਰੁਪਏ, ਜਿਧਰ ਜੀ ਚਾਹੁੰਦਾ ਹਈ ਨਿਕਲ ਜਾ, ਸਾਨੂੰ ਫੇਰ ਦਰਸ਼ਨ ਨਾ ਦੇਈਂ।' ਉਹ ਉਦਨ ਹੀ ਚੀਨ ਚਲਿਆ ਗਿਆ ਅਤੇ ਇਹਨਾਂ ਦੇ ਚੜ੍ਹਾਈ ਕਰਨ ਤੋਂ ਵੀ ਕਈ ਵਰ੍ਹੇ ਮਗਰੋਂ ਆਇਆ।

ਇਕ ਵਾਰ ਗੰਗਾ ਜਾਣ ਦਾ ਖਿਆਲ ਆਇਆ। ਬਗੈਰ ਕਿਸੇ ਪੁਰਬ ਦੇ ਦਰਸ਼ਨ ਲਈ ਹੀ ਤੁਰ ਪਏ। ਨਾਲ ਹੀ ਇਸਤਰੀ, ਛੋਟਾ ਪੁੱਤਰ ਰਾਮ ਸਿੰਘ, ਵੇਰਕੇ ਵਾਲੇ ਰਾਮ ਸਿੰਘ, ਮਤਾਬ ਸਿੰਘ, ਸੁੰਦਰ ਸਿੰਘ ਆਦਿ ਸਨ। ਜਦੋਂ ਫਤਹਿਗੜ੍ਹ ਜੀ ਜਾ ਕੇ ਰਹੇ ਤਾਂ ਇਕ ਦਿਨ ਰਾਮ ਸਿੰਘ ਵੇਰਕੀਏ ਨੂੰ ਕਿਹਾ ਕਿ 'ਕਿਸੇ ਦੇ ਮਿਲਣ ਦੀ ਖ਼ਾਹਿਸ਼ ਹੈ ?'

ਕਹਿਣ ਲੱਗਾ-'ਨਹੀਂ ਜੀ! ਆਪ ਤੋਂ ਪਿੱਛੇ ਹੋਰ ਕੌਣ ਹੈ ਜਿਸ ਦੀ ਖ਼ਾਹਿਸ਼ ਹੈ?' ਹੋਰ ਕਈ ਬਚਨ-ਬਿਲਾਸ ਕੀਤੇ। ਅੰਤ ਨੂੰ ਛੁੱਟੀ ਲਈ। ਬਸ ਉਹ ਤਾਂ ਉਦੋਂ ਹੀ ਚੜ੍ਹ ਗਏ। ਆਪ ਬੜੇ ਜ਼ਰਧਾਲੂ ਸਨ। ਇਹਨਾਂ ਨੇ ਇਹਨਾਂ ਦੇ ਪੁੱਤਰ ਰਾਮ ਸਿੰਘ ਨੂੰ ਕਿਹਾ ਸੀ ਕਿ 'ਭਾਈ ਨੰਦ ਸਿੰਘ ਵਿਚ ਪਿਤਾ ਭਾਵਨਾ ਨਾ ਰੱਖੀਂ।' ਇਸ ਦਾ ਸਬੂਤ ਵੀ ਉਹਨਾਂ ਨੂੰ ਮਿਲ ਗਿਆ ਸੀ, ਜਦੋਂ ਇਕ ਬਾਰ ਬਾਪੂ ਜੀ ਕਿਹਾ ਤਾਂ ਅੱਗੋਂ ਝਿੜਕ ਪਈ ਕਿ 'ਤੇਰਾ ਬਾਪੂ ਇਥੇ ਕੋਈ ਹੈ? ਜਿਥੇ ਹੈ, ਪਿਆ ਲੱਭ। ਜੇ ਦੁਨਿਆਵੀਂ ਸੰਬੰਧ ਕਰਕੇ ਆਉਂਦਾ ਹੈਂ ਤਾਂ ਨਾ ਆਇਆ ਕਰ; ਜੇ ਭਜਨ ਕੀਰਤਨ ਲਈ ਆਉਣਾ ਹਈ ਤਾਂ ਜੰਮ ਜੰਮ ਆ।' ਓਦਣ ਤੋਂ ਹੀ ਭਾਵਨਾ ਉਲਟ ਗਈ।

ਗੰਗਾ ਤੋਂ ਹੋ ਕੇ ਵੇਰਕੇ ਆਏ। ਰਾਮ ਸਿੰਘ ਜੀ ਦੇ ਹੁੰਦਿਆਂ ਛੇ ਮਹੀਨੇ ਹਰ ਵਰ੍ਹੇ ਏਥੇ ਰਹਿੰਦੇ ਸਨ। ਹੁਣ ਅੱਜ ਹੀ ਪਿੱਠ ਮੋੜੀ ਤੇ ਮੁੜ ਵੇਰਕੇ ਨਾ ਵੜੇ। ਆਪ ਨੇ ਚਾਲੀ ਵਰ੍ਹੇ ਕੁੱਲੀ ਵਿਚ ਲੰਘਾਏ ਪਰ ਅੱਗੇ ਅਸਥਿਰ ਆਸਣ ਲਾਏ ਗੰਗਾ ਤੋਂ ਮਗਰੋਂ ਕਿ ਜਦੋਂ ਇਸਤਰੀ ਨੇ ਚੜ੍ਹਾਈ ਕੀਤੀ ਤਦ ਵੀ ਕੁੱਲੀਓਂ ਬਾਹਰ ਨਾ ਨਿਕਲੇ। ਜਦੋਂ ਲੋਥ ਨੂੰ ਮਸਾਣਾਂ ਵੱਲ ਲਿਜਾਂਦੇ ਹੋਏ ਸਾਹਮਣੇ ਆ ਖਲੋਤੇ ਤਾਂ ਇਹ

ਬਚਨ ਕੀਤਾ–

*'ਗੁਜਰੀ ਦੀ ਗੁਜ਼ਰਾਨ। ਜੈਸੀ ਝੌਂਪੜੀ ਤੈਸਾ ਮੈਦਾਨ।'*

ਇਸਤਰੀ ਦਾ ਨਾਮ ਗੁਜਰੀ ਸੀ, ਲੋਕਾਂ ਨੇ ਹੀ ਜਾ ਕੇ ਸਸਕਾਰ ਕੀਤਾ।

ਆਪ ਦੇ ਚੰਗੇ ਵਿਸ਼ਵਾਸੀ ਸਿੱਖ ਚਾਰ ਹੀ ਸਨ- (੧) ਪੁੱਤਰ ਰਾਮ ਸਿੰਘ; (੨) ਰਾਮ ਸਿੰਘ ਵੇਰਕੀਆ, (੩) ਸ਼ਾਮ ਸਿੰਘ ਸਰਨਾਗਾ, (੪) ਧਿਆਨ ਸਿੰਘ ਵਿਰਕਤ। ਪਿਛਲੇ ਦੋਵੇਂ ਖੁਲ੍ਹੇ ਹੀ ਸਨ, ਪਰ ਪਹਿਲੇ ਦੋ ਰਹਿਤ ਬਹਿਤ ਦੇ ਬੜੇ ਪੱਕੇ ਸਨ। ਸ਼ਾਮ ਸਿੰਘ ਜੀ ਰਾਗ ਦੇ ਇਤਨੇ ਮਾਹਰ ਸਨ ਕਿ ਗੁਜਰਾਂ ਵਾਲੇ ਸ਼ਬਦ ਸੁਣਦਿਆਂ ਤਬਲੇ ਵਾਲੇ ਨੂੰ ਕਿਹਾ ਕਿ ਸਾਜ ਤਾਂ ਪੰਚਮ ਵਿਚ ਹੈ, ਤੂੰ ਵੀ ਪੰਚਮ ਹੀ ਵਜਾ, ਸਾਰੀ ਰਾਤ ਝਗੜਾ ਰਿਹਾ, ਕਿ ਉਸ ਤੋਂ ਨਾ ਹੀ ਵੱਜੀ, ਕੁਝ ਬਰੀਕ ਗਲਤੀ ਰਹਿ ਹੀ ਜਾਵੇ। ਧਿਆਨ ਸਿੰਘ ਜੀ ਦੇ ਬੜੇ ਬੜੇ ਸੇਠ ਸੇਵਕ ਸਨ। ਆਪ ਇਕੇਰਾਂ ਡੇਰੇ ਵਿਚ ਝਾੜੂ ਦੇ ਰਹੇ ਸਨ ਕਿ ਸੇਠ ਸੇਵਕ ਦਰਸ਼ਨ ਨੂੰ ਆਇਆ। ਪਰ ਝਾੜੂ ਦੇ ਦਿਆਂ ਵੇਖ ਕੇ ਆਪ ਝਾੜੂ ਦੇਣ ਦੀ ਖਾਹਿਸ਼ ਕੀਤੀ ਕਿ "ਆਪ ਇਹ ਅਵੱਗਿਆ ਨਾ ਕਰੋ।" ਧਿਆਨ ਸਿੰਘ ਜੀ ਨੇ ਕਿਹਾ, "ਅਸੀਂ ਤਾਂ ਇਸ ਦਰ ਦੇ ਕੂਕਰ ਹਾਂ, ਜਿਥੋਂ ਅਸਾਂ ਪਾਈ ਹੈ ਉਸੇ ਦਰ ਢਹਿ ਪਉ।"

ਬਾਬਾ ਰਾਮ ਸਿੰਘ ਜੀ ਨਾਮਧਾਰੀਏ ਦੋ ਵਾਰ ਇਥੇ ਆਏ ਸਨ, ਦਰਸ਼ਨ ਕਰ ਕੇ ਆਪੋ ਵਿਚ ਦੀ ਖੁਸ਼ੀਆਂ ਲੈਂਦੇ ਰਹੇ; ਪਰ ਲਾਂਭ ਚਾਂਭ ਦੇ ਨਾਮਧਾਰੀਆਂ ਨੂੰ ਕੁਤ-ਕੁਤੀ ਲੱਗੀ ਰਹੇ ਅਤੇ ਸਦਾ ਆ ਕੇ ਆਖਦੇ ਰਿਹਾ ਕਰਨ; 'ਮਹਾਰਾਜ ਜੀ! ਗੁਰ-ਮੰਤਰ ਲਵੋ।' ਆਪ ਆਖ ਛੱਡਦੇ-'ਜਿਥੇ ਊਣਾ ਥਾਂ ਹੈ, ਉਥੇ ਪਾ ਦਿਓ।' ਹਾਰ ਕੇ ਇਕ ਵਾਰ ਉਹਨਾਂ ਆਖਿਆ ਕਿ 'ਆਪਣੇ ਸਪੁੱਤਰ ਰਾਮ ਸਿੰਘ ਨੂੰ ਤਾਂ ਲੈਣ ਵਾਸਤੇ ਭਲਾ ਆਖੋ।' ਉੱਤਰ ਦਿੱਤਾ-'ਤੁਸੀਂ ਜਾ ਆਖੋ, ਸਾਨੂੰ ਕੀ ਲੋੜ ਹੈ ?' ਉਹ ਗਏ ਅੱਗੋਂ ਰਾਮ ਸਿੰਘ ਨੇ ਉੱਤਰ ਦਿੱਤਾ- 'ਜਦੋਂ ਗਾਂ ਮੁਸ਼ਕੀ ਹੋਵੇ ਤਾਂ ਆਪ ਹੀ ਸਾਨ੍ਹਾਂ ਮਗਰ ਜਾਂਦੀ ਹੈ। ਜਦੋਂ ਮੈਨੂੰ ਵੀ ਲੋੜ ਹੋਊ, ਆਪੇ ਮਗਰ ਮਗਰ ਫਿਰੂੰ। ਤੁਸੀਂ ਕਿਉਂ ਆ ਕੇ ਆਖਦੇ ਹੋ?'

ਇਹ ਬਚਨ ਸੁਣ ਕੇ ਉਤਸ਼ਾਹੀ ਸੱਜਣ ਫੇਰ ਭਾਈ ਨੰਦ ਸਿੰਘ ਜੀ ਪਾਸ ਆਏ ਅਤੇ ਰਾਮ ਸਿੰਘ ਜੀ ਦਾ ਟਕੇ ਵਰਗਾ ਬਚਨ ਸੁਣਾਇਆ। ਉਦੋਂ ਤਾਂ ਆਪ ਮੇਹਰਵਾਨ ਹੋ ਹੀ ਪਏ-ਕਿਹਾ: 'ਲਵੋ ਫੇਰ ਤੁਸੀਂ ਜੋ ਦੇਣਾ ਹੈ ਤਾਂ ਦੇ ਹੀ ਦਿਓ।' ਕੰਨ ਡਾਹ ਦਿੱਤਾ। ਮਗਰੋਂ ਕਿਹਾ: 'ਬਸ ਦੇ ਦਿੱਤਾ?' ਕਿਹਾ-'ਜੀ ਹਾਂ।' ਕਿਹਾ ਕਿ 'ਹੁਣ ਗੁਰੂ ਜੋ ਕੀਤਾ ਤਾਂ ਟਹਿਲ ਵੀ ਕਰਨੀ ਚਾਹੀਏ।' ਪਾਸ ਹੀ ਇਕ ਗੁੱਦਾ ਪਿਆ ਸੀ, ਚੁੱਕ ਕੇ ਇਕ ਵੀ, ਦੋ ਵੀ, ਮਾਰ ਮਾਰ ਤਹਿ ਕਰ ਦਿੱਤਾ ਅਤੇ ਕਿਹਾ ਕਿ ਨਾਮ ਐਸਾ ਸਸਤਾ ਹੋਇਆ ਜੋ ਬਿਨਾਂ ਵਿਚਾਰੇ ਸੁੱਟਦੇ ਫਿਰਦੇ ਹੋ, ਨਿੱਕੂ ਤੀਕ ਨੇ ਤਾਂ ਨਾਂਹ

ਕੀਤੀ ਹੈ, ਤੁਸੀਂ ਫੇਰ ਵੀ ਚੜ੍ਹੇ ਹੀ ਆਉਂਦੇ ਹੋ ! ਇਹ ਵੀ ਇਕ ਨਿਬੇੜਾ ਹੋਇਆ। ਮੁੜ ਕੋਈ ਨਾ ਆਇਆ।

ਸ਼ਾਮ ਸਿੰਘ ਨਾਮੀ ਸਰਹਾਲੀ ਦਾ ਵਸਨੀਕ ਨਾਮਧਾਰੀਆਂ ਵਲੋਂ ਲਾਹੌਰ ਦਾ ਸੂਬਾ ਸੀ। ਧਨ ਪਦਾਰਥ ਇਤਨਾ ਕਿ ਜੋ ਚੀਜ਼ ਪਿੰਡੋਂ ਤੇ ਚੁਗਿਰਦਿਓਂ ਨਾ ਲੱਭੇ ਉਹ ਇਸ ਦੇ ਘਰੋਂ ਲੱਭੇ। ਇਕ ਦਿਨ ਉਸ ਨੇ ਇਨ੍ਹਾਂ ਦੇ ਕਾਮੇ ਨੂੰ ਪੈਲੀ ਵਿਚ ਵੱਟ ਪਾਉਂਦੇ ਨੂੰ ਰੋਕਿਆ। ਕਾਮੇ ਕਿਹਾ-'ਮੈਂ ਭਾਈ ਨੰਦ ਸਿੰਘ ਜੀ ਦਾ ਕਾਮਾ ਹਾਂ ਤੂੰ ਨਾ ਡੱਕ' ਪਰ ਅੱਗੋਂ ਉਹ ਕੌੜਾ ਹੋ ਕੇ ਬੋਲਿਆ, ਕਿਹਾ: 'ਆਹੋ, ਅਸੀਂ ਉਸ ਬਾਬੇ ਨੂੰ ਜਾਣਦੇ ਹਾਂ। ਸ਼ਰੀਕ ਤਾਂ ਸਾਡਾ ਹੀ ਹੈ, ਅੱਜ ਭਾਗ਼ਾ ਬਾਬਾ ਬਣ ਬੈਠਾ ਹੈ।'

(ਚੋਲ੍ਹਾ, ਸ਼ਨੀਵਾਰ)

ਭਾਈ ਜੀ ਨੇ ਉਸ ਨੂੰ ਕਿਹਾ ਕਿ "ਹੱਛਾ, ਭਈ! ਤੂੰ ਸਾਡਾ ਸ਼ਰੀਕ ਹੈਂ, ਤੈਨੂੰ ਹੱਥੀਂ ਵੀ ਡਾਂਗ ਮਾਰਨ ਦੇ ਹੱਕਦਾਰ ਹਾਂ ਤੇ ਦੂਜੀ ਤਰ੍ਹਾਂ ਵੀ, ਨਾ ਤੇਰਾ ਧਨ ਰਿਹਾ ਨਾ ਧਰਮ।" ਸੋ ਐਸਾ ਹੀ ਹੋਇਆ।

ਲਾਗਲੇ ਪਿੰਡ ਬੁਰਜਾਂ ਦਾ ਇਕ ਘਾਗੜ ਸਿੰਘ ਪੁੱਤਰ ਦੀ ਨੀਤ ਕਰ ਕੇ ਆਇਆ। ਮੱਥਾ ਟੇਕਦੇ ਨੂੰ ਹੀ ਦੋ ਫਲ ਦੇ ਕੇ ਜੋ ਪਾਸ ਪਏ ਸਨ ਕਿਹਾ, "ਜਾ ਭਈ ਤੇਰੀ ਅਸਲੀ ਭਾਵਨਾ ਪੁੱਤਰਾਂ ਦੀ ਹੀ ਸੀ। ਇਕ ਫਲ ਚੰਗਾ ਨਹੀਂ ਹੈ।" ਇਹ ਕਹਿਣ ਉਤੇ ਕਿਹਾ ਕਿ "ਐਸਾ ਹੀ ਹੋਊ।" ਸੋ ਦੋ ਪੁੱਤ੍ਰ ਹੋਏ ਪਾਲਾ ਸਿੰਘ ਅਤੇ ਮਾਹਣਾ ਸਿੰਘ। ਮਾਹਣਾ ਸਿੰਘ ਦੂਜੇ ਫਲ ਦਾ ਸਿੱਟਾ ਹੈ, ਜੋ ਅੱਜ ਕਲ੍ਹ ਆਪਣੇ ਆਪ ਨੂੰ ਖੁਦਾ ਸਿੰਘ ਅਖਵਾਉਂਦਾ ਹੈ।

ਜਦੋਂ ਆਪ ਨੌਕਰ ਸਨ ਤਾਂ ਇਕ ਵਾਰ ਦੜਪ ਦੇ ਦੇਸ਼ ਵੀ ਦੌਰਾ ਹੋਇਆ ਸੀ। ਓਧਰ ਵੀ ਇਨ੍ਹਾਂ ਦੀਆਂ ਜਗ੍ਹਾਂ ਬਣੀਆਂ ਹੋਈਆਂ ਹਨ। ਇਕ ਵਾਰ ਸਰਹਾਲੀ ਦੇ ਆਦਮੀ ਓਧਰ ਗਏ ਅਤੇ ਇਕ ਤਕੀਏ ਵਿਚ ਥੋੜ੍ਹਾ ਜਿਹਾ ਥਾਂ ਵੇਖ ਕੇ ਬੈਠ ਗਏ। ਫਕੀਰ ਗਲ ਆ ਪਿਆ ਤੇ ਧੱਕੇ ਮਾਰ ਕੇ ਉਠਾ ਦਿੱਤਾ। ਇਹਨਾਂ ਦੇ ਮੂੰਹੋਂ ਨਿਕਲ ਗਿਆ-"ਹੁੰਦਾ ਜੇ ਸਾਡਾ ਭਾਈ ਨੰਦ ਸਿੰਘ ਸਾਡੇ ਨਾਲ ਤਾਂ ਇਹ ਹਾਲ ਸਾਡਾ ਹੁੰਦਾ!" ਫੇਰ ਤਾਂ ਉਹ ਪੈਰੀਂ ਪਵੇ, ਅੱਜ ਤੀਕ ਕਈ ਦਾਸਵੰਧ ਰੱਖਦੇ ਹਨ ਅਤੇ ਭਾਈ ਰਾਮ ਸਿੰਘ ਜੀ ਨੂੰ ਉਧਰ ਜਾਣ ਵਾਸਤੇ ਕਹਿ ਰਹੇ ਹਨ। ਪਰ ਇਹ ਨਾ ਹੀ ਗਏ।

ਅੰਤਮ ਵੇਲੇ ਕਹਿਆ ਕਿ ਭਲਕੇ ਬਾਰਾਂ ਵਜੇ ਸਾਡਾ ਚਲਾਣਾ ਹੈ। ਸਵੇਰੇ ਹੀ ਜੰਡ ਹੇਠ ਕੁਰਸੀ ਉੱਤੇ ਹੋ ਬੈਠੇ ਅਤੇ ਦਰਸ਼ਨ ਅਭਿਲਾਖੀ ਜੁੜ ਗਏ। ਆਪ ਦੀ ਬੀਬੀ ਇਕ ਪੰਡਿਤ ਨੂੰ ਨਾਲ ਲੈ ਆਈ ਕਿ ਚਲ ਕੇ ਗ੍ਰਹਿ ਵੇਖੋ ਅਤੇ ਉਸ ਦਾ ਕੁਝ ਉਪਰਾਲਾ ਕਰੋ ਭਾਈ ਸਾਹਿਬ ਸਮਾਧੀ ਅਸਥਿਤ ਸਨ। ਪੰਡਿਤ ਜੀ ਨੇ ਆ ਬਾਂਹ ਫੜੀ। ਭਾਈ ਜੀ ਨੇ ਕਹਿਆ ਕਿ ਪੰਡਿਤ ਜੀ, ਜਦੋਂ ਬਾਦਸ਼ਾਹ ਦਾ ਕੂਚ ਹੁੰਦਾ ਹੈ ਤਾਂ

ਕਿਧਰੇ ਕੁਝ ਹੁੰਦਾ ਹੈ ਤੇ ਕਿਧਰੇ ਕੁਝ, ਕੋਈ ਦਿੰਦਾ ਹੈ, ਕੋਈ ਲੈਂਦਾ ਹੈ। ਤੁਸਾਂ ਵੀ ਜੋ ਲੈਣਾ ਹੈ ਲੈ ਲਓ, ਪਰ ਵੇਲਾ ਕਦੀ ਨਹੀਂ ਘੁਸੇਗਾ। ਪੰਡਿਤ ਜੀ ਬੈਠ ਗਏ। ਬਹੁਤ ਚਿਰ ਪਿੱਛੋਂ ਭਾਈ ਰਾਮ ਸਿੰਘ ਜੀ ਉੱਠੇ ਅਤੇ ਗਲ ਵਿਚ ਪੱਲਾ ਪਾ ਕੇ ਸਾਹਮਣੇ ਹੋ ਖਲੋਤੇ। ਇਸ ਵੇਲੇ ਤੀਕ ਸਭ ਜਣੇ ਖੁਸ਼ੀਆਂ ਲੈ ਚੁੱਕੇ ਸਨ। ਕੁਝ ਚਿਰ ਮਗਰੋਂ ਭਾਈ ਮਤਾਬ ਸਿੰਘ ਜੀ ਨੇ ਕਹਿਆ, "ਕਿਉਂ ਭਈ! ਤੂੰ ਇਸ ਵੇਲੇ ਕੀ ਆਖਦਾ ਹੈਂ? ਪਰ ਉਹ ਚੁਪ ਉਸੇ ਤਰ੍ਹਾਂ ਰਹੇ, ਦੂਜੀ ਵਾਰ ਕਹਿਆ, ਜਦ ਤੀਜੀ ਵਾਰ ਕਹਿਆ ਤਾਂ ਭਾਈ ਰਾਮ ਸਿੰਘ ਜੀ ਕ੍ਰੋਧਿਤ ਹੋ ਕੇ ਬੋਲੇ, "ਜੋ ਕੁਝ ਹਨ ਮੇਰੇ ਇਹੋ ਹੀ ਹਨ। ਮੈਂ ਅੰਤਮ ਵੇਲੇ ਇਹਨਾਂ ਪਾਸੋਂ ਕੁਝ ਪੁਛਾਂ ਭੀ ਨਾ? ਤੇਰਾ ਕੀ ਹੱਕ ਹੈ ਮੈਨੂੰ ਬੈਠਣ ਨੂੰ ਆਖੇਂ !" ਇਹ ਉੱਚੇ ਬਚਨ ਸੁਣ ਭਾਈ ਨੰਦ ਸਿੰਘ ਜੀ ਨੇ ਨੇਤਰ ਖੋਲ੍ਹੇ ਤੇ ਭਾਈ ਜੀ ਨੇ ਅਰਜ਼ ਕੀਤੀ ਕਿ ਸਾਨੂੰ ਕੀ ਹੁਕਮ ਹੈ ਜੀ? ਕਹਿਆ ਕਿ:-

*"ਆਈ ਸੁਰਤ ਨਾ ਰਾਜ਼ੀ ਰਹੁ।*
*ਗਿਆ ਮੁਖ ਤੇ ਗੁਰ ਖੁਸ਼ੀ ਕਹੁ।*
*ਖੀਸਾ ਸਾਡਾ ਤੇ ਹੱਥ ਤੁਹਾਡਾ।*
*ਲੰਗਰ ਚਲਾਵੋ ਤੇ ਨਾਮ ਜਪੋ।"*

ਮਗਰੋਂ ਹੀ ਬੱਸ ਹੋ ਗਏ। ਸੰਮਤ ੧੯੪੦ ਤੇ ਮਾਘ ਦੀ ਚੌਥੀ ਸੀ। (ਜਨਵਰੀ ੧੮੮੪)। ਰਾਮ ਸਿੰਘ ਵੇਰਕੀਏ ਤੋਂ ਚਾਰ ਵਰ੍ਹੇ ਮਗਰੋਂ ਚੜ੍ਹੇ। ਸਤਾਰ੍ਹਵਾਂ ਵੱਡਾ ਭਾਰਾ ਕੀਤਾ। ਸੰਗਤਾਂ ਜੁੜੀਆਂ, ਸ਼ਬਦ ਕੀਰਤਨ ਹੋਏ, ਲੰਗਰ ਵਰਤਿਆ। ਫੁੱਲਾਂ ਨੂੰ ਹਰਿਮੰਦਰ ਜੀ ਤੋਂ ਅਤੇ ਦੂਜੇ ਚੌਹਾਂ ਤੀਰਥਾਂ ਤੋਂ ਅਸ਼ਨਾਨ ਕਰਾ ਕੇ ਡੇਰੇ ਵਿਚ ਹੀ ਆ ਅਸਥਾਪਨ ਕੀਤਾ। (ਫਤਹਿਆਬਾਦ ਸੋਮਵਾਰ)।

x x x x

ਇਹ ਇਤਿਹਾਸਕ ਮਸਾਲਾ 'ਫੁਲਵਾੜੀ' ਜਨਵਰੀ ੧੯੩੦ ਦੇ ਇਤਿਹਾਸ ਨੰਬਰ ਵਿੱਚੋਂ ਤੇ ਕੁਝ ਮਗਰੋਂ ਦੀਆਂ ਫੁਲਵਾੜੀਆਂ ਵਿੱਚੋਂ ਲਿਆ ਗਿਆ ਹੈ। ਫੁਲਵਾੜੀ ਦੇ ਇਤਿਹਾਸ ਨੰਬਰ ਨੂੰ ਸਰਦਾਰ ਕਰਮ ਸਿੰਘ ਜੀ ਨੇ ਆਪ ਸੰਪਾਦਿਤ ਕੀਤਾ ਸੀ ਅਤੇ ਇਸ ਵਿਚ ਹੋਰ ਇਤਿਹਾਸਕ ਖੋਜੀਆਂ ਤੋਂ ਬਿਨਾਂ ਆਪਣੇ ਬਹੁ-ਮੁੱਲੇ ਲੇਖ ਦਰਜ ਕੀਤੇ ਸਨ। ਇਸ ਵਿੱਚੋਂ ਕੁਝ ਖ਼ਾਸ ਲੇਖ ਤੇ ਬਿਰਧਾਂ ਦੇ ਬਿਆਨ ਤਾਂ ਭਾਗ ਨੰ: ੧ ਤੇ ੨ ਵਿਚ ਰੱਖੇ ਗਏ ਹਨ, ਬਾਕੀ ਕੁਝ ਨੋਟ ਰੋਜ਼ਨਾਮਚੇ ਤੇ ਚਿੱਠੀਆਂ ਆਦਿ ਇਸੇ ਭਾਗ ਵਿਚ ਦਰਜ ਹਨ। 'ਇਤਿਹਾਸਕ ਖੋਜ' ਦੀ ਦ੍ਰਿਸ਼ਟੀ ਤੋਂ ਇਹ ਬੜਾ ਬਹੁ-ਮੁੱਲਾ ਮਸਾਲਾ ਹੈ। ਇਸ ਭਾਗ ਵਿਚ ਦਰਜ ਪਹਿਲੀਆਂ ਲਿਖਤਾਂ, ਜੋ ਇਤਿਹਾਸ ਨੰਬਰ ਵਿੱਚੋਂ ਲਈਆਂ ਗਈਆਂ ਹਨ, ਉਹਨਾਂ ਹੇਠਾਂ ਕੋਈ ਹਵਾਲਾ ਦੇਣ ਦੀ ਲੋੜ ਨਹੀਂ ਸਮਝੀ ਗਈ। ਇਸ ਤੋਂ ਅੱਗੇ ਦੇ ਪਰਚਿਆਂ ਵਿੱਚੋਂ ਲਈਆਂ ਲਿਖਤਾਂ ਦੇ ਹੇਠਾਂ ਹਵਾਲੇ ਦਰਜ ਕਰ ਦਿੱਤੇ ਗਏ ਹਨ।

(ਸੰਪਾਦਕ)

SIKHBOOKCLUB.COM

# ੨੯

# ਲਾਹੌਰ ਦਰਬਾਰ ਦੇ ਰੋਜ਼ਨਾਮਚੇ

## ਖਬਰਾਂ ਮੰਗਵਾਉਣ ਦਾ ਪ੍ਰਬੰਧ

ਲਾਹੌਰ ਸਰਕਾਰ ਦੇ ਚਾਰ ਸੂਬੇ ਸਨ: ਲਾਹੌਰ, ਮੁਲਤਾਨ, ਪਸ਼ੌਰ ਤੇ ਕਸ਼ਮੀਰ। ਹਰ ਥਾਂ ਇਕ ਇਕ ਸਰਕਾਰੀ ਅਖ਼ਬਾਰ-ਨਵੀਸ ਰਹਿੰਦਾ ਸੀ, ਜੋ ਰੋਜ਼ ਸੂਬੇ ਦੇ ਦਰਬਾਰ ਅਤੇ ਉਸ ਇਲਾਕੇ ਦੀਆਂ ਖਬਰਾਂ ਲਿਖ ਘੱਲਿਆ ਕਰਦਾ ਸੀ। ਸਰਕਾਰ ਵਲੋਂ ਹਲਕਾਰਿਆਂ ਦਾ ਇਕ ਤਕੜਾ ਅਮਲਾ ਨੌਕਰ ਰੱਖਿਆ ਹੁੰਦਾ ਸੀ, ਜਿਸ ਕਰ ਕੇ ਰੋਜ਼ ਦੇ ਰੋਜ਼ ਸਾਰੇ ਇਲਾਕੇ ਦੀਆਂ ਹਰ ਤਰ੍ਹਾਂ ਦੀਆਂ ਖਬਰਾਂ ਸਰਕਾਰ ਪਾਸ ਪੁੱਜਦੀਆਂ ਰਿਹਾ ਕਰਦੀਆਂ ਸਨ।

ਆਪਣੇ ਇਲਾਕੇ ਤੋਂ ਬਿਨਾਂ ਸਰਕਾਰ ਲਾਹੌਰ ਦੇ ਅਖ਼ਬਾਰ-ਨਵੀਸ ਦੂਜੇ ਦੇਸ਼ਾਂ ਵਿਚ ਵੀ ਰਹਿੰਦੇ ਸਨ ਤੇ ਵੇਲੇ ਵੇਲੇ ਸਿਰ ਉਧਰ ਦੀਆਂ ਜ਼ਰੂਰੀ ਖਬਰਾਂ ਲਿਖ ਘੱਲਿਆ ਕਰਦੇ ਸਨ। ਜਲਾਲਾਬਾਦ, ਕਾਬਲ, ਕੰਧਾਰ, ਲੁਧਿਆਣਾ, ਫ਼ੀਰੋਜਪੁਰ, ਦਿੱਲੀ, ਹੈਦਰਾਬਾਦ, ਸਿੰਧ ਅਤੇ ਸ਼ਕਾਰਪੁਰ ਵਿਚ ਤਾਂ ਇਹ ਅਖ਼ਬਾਰ-ਨਵੀਸ ਉਜਾਗਰ ਹੋ ਕੇ ਰਹਿੰਦੇ ਸਨ, ਪਰ ਹੋਰਨੀਂ ਥਾਈਂ ਲੁਕ-ਛਿਪ ਕੇ।

ਇਹਨਾਂ ਅਖ਼ਬਾਰ-ਨਵੀਸਾਂ ਦੀਆਂ ਰਿਪੋਰਟਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਸਨ। ਸਰਕਾਰੀ ਤੇ ਅਸਰਾਰੀ। ਸਰਕਾਰੀ ਰਿਪੋਰਟਾਂ ਵਿਚ ਉਹ ਗੱਲਾਂ ਹੁੰਦੀਆਂ ਸਨ, ਜੋ ਖੁੱਲ੍ਹੇ ਦਰਬਾਰ ਵਿਚ ਕੀਤੀਆਂ ਜਾਂਦੀਆਂ ਸਨ ਤੇ ਜਿਸ ਨੂੰ ਹਰ ਕੋਈ ਸੁਣਦਾ ਤੇ ਜਾਣਦਾ ਹੁੰਦਾ ਸੀ। ਅਸਰਾਰੀ ਰਿਪੋਰਟਾਂ ਵਿਚ ਭੇਤ ਦੀਆਂ ਗੱਲਾਂ ਹੁੰਦੀਆਂ ਸਨ, ਸਾਰੀ ਹਾਲਤ ਦਾ ਤੱਤ ਤੇ ਅਖ਼ਬਾਰ-ਨਵੀਸ ਦੀ ਆਪਣੀ ਰਾਇ ਉਸ ਵਿਚ ਦਰਜ ਹੁੰਦੀ ਸੀ। ਅਖ਼ਬਾਰ ਨਵੀਸ ਖਾਸ ਖਾਸ ਖਬਰਾਂ ਦਾ ਪਤਾ ਕਰਨ ਲਈ, ਹੋਰ ਆਦਮੀ ਦਾ ਪਤਾ ਕਰਨ ਲਈ, ਹੋਰ ਆਦਮੀ ਆਪਣੇ ਪਾਸ ਨੌਕਰ ਰੱਖ ਸਕਦਾ ਸੀ ਤੇ ਅਖ਼ਬਾਰ-ਨਵੀਸੀ ਦਾ ਕੰਮ ਆਮ ਤੌਰ 'ਤੇ ਸਿਆਣੇ ਮੁਨਸ਼ੀਆਂ ਨੂੰ ਹੀ ਦਿੱਤਾ ਜਾਂਦਾ ਸੀ। ਉਹਨਾਂ ਦੀਆਂ ਤਨਖਾਹਾਂ ਸੌ ਸੌ, ਦੋ ਦੋ ਸੌ, ਬਲਕਿ ਇਸ ਤੋਂ ਵੀ ਵੱਧ ਹੋਇਆ ਕਰਦੀਆਂ ਸਨ।

ਲਾਹੌਰ ਆ ਕੇ ਸਰਕਾਰੀ ਖਬਰਾਂ ਤਾਂ ਆਮ ਦਰਬਾਰ ਵਿਚ ਪੜ੍ਹੀਆਂ ਜਾਇਆ

 www.sikhbookclub.com

ਕਰਦੀਆਂ ਸਨ, ਪਰ ਅਸਰਾਰੀ ਖਬਰਾਂ, ਜੋ ਅੱਡ ਘੱਲੀਆਂ ਜਾਇਆ ਕਰਦੀਆਂ ਸਨ, ਉਹ ਕੇਵਲ ਮਹਾਰਾਜਾ ਸਾਹਿਬ ਲਈ ਹੀ ਹੋਇਆ ਕਰਦੀਆਂ ਸਨ ਇਸ ਲਈ ਉਹਨਾਂ ਦਾ ਪਤਾ ਹਾਰੀ ਸਾਰੀ ਨੂੰ ਨਹੀਂ ਲੱਗ ਸਕਦਾ ਸੀ।

ਲਾਹੌਰ ਦਰਬਾਰ ਵਿਚ ਅੱਡ-ਅੱਡ ਸਰਕਾਰਾਂ ਤੇ ਸਰਦਾਰਾਂ ਦੇ ਚੁਰਾਸੀ ਵਕੀਲ ਹਰ ਵੇਲੇ ਹਾਜ਼ਰ ਰਿਹਾ ਕਰਦੇ ਸਨ, ਜੋ ਰੋਜ਼ ਰੋਜ਼ ਆਪਣੇ ਮਾਲਕਾਂ ਨੂੰ ਲਾਹੌਰ ਦਰਬਾਰ ਦੀਆਂ ਖਬਰਾਂ ਲਿਖ ਘੱਲਿਆ ਕਰਦੇ ਸਨ। ਇਹ ਵੀ ਸਰਕਾਰੀ ਤੇ ਅਸਰਾਰੀ ਦੋਵੇਂ ਤਰ੍ਹਾਂ ਦੀਆਂ ਖਬਰਾਂ ਲਿਖਿਆ ਕਰਦੇ ਸਨ। ਲਾਹੌਰ ਦਰਬਾਰ ਦੇ ਦਫਤਰੀ ਅੱਜ ਕਲ੍ਹ ਦੀ ਰਾਇਟਰ ਏਜੰਸੀ ਵਾਂਗ ਸਨ, ਜੋ ਵਕੀਲਾਂ ਪਾਸੋਂ ਉਜਰਤ ਲੈ ਕੇ ਦਰਬਾਰ ਦੀਆਂ ਖਬਰਾਂ ਤੇ ਰਿਪੋਰਟਾਂ ਉਹਨਾਂ ਨੂੰ ਦਿਆ ਕਰਦੇ ਸਨ। ਭਾਵੇਂ ਐਸਾ ਕਰਨ ਦੀ ਸਰਕਾਰ ਵਲੋਂ ਮਨਾਹੀ ਸੀ, ਪਰ ਦਫਤਰ ਦੇ ਮੁਨਸ਼ੀ ਲੋਭ ਵਸ ਹੋ ਕੇ ਹਰ ਪ੍ਰਕਾਰ ਦੀਆਂ ਖਬਰਾਂ ਨਕਲ ਕਰ ਕੇ ਵੇਚਦੇ ਰਿਹਾ ਕਰਦੇ ਸਨ। ਉਨ੍ਹੀਂ ਦਿਨੀਂ ਲਾਹੌਰ ਵਿਚ ਆਮਦਨ ਦਾ ਇਹ ਚੰਗਾ ਪੇਸ਼ਾ ਸੀ।

SIKHBOOKCLUB.COM

## ੨੭

# ਮੈਂ ਇਹ ਮਸਾਲਾ ਕਿਵੇਂ ਇਕੱਠਾ ਕੀਤਾ ?

ਮੈਂ ਜਦ ੧੯੦੫ ਈਸਵੀ ਵਿਚ ਲਾਹੌਰ ਦਰਬਾਰ ਸੰਬੰਧੀ ਮਸਾਲਾ ਇਕੱਠਾ ਕਰਨ ਲੱਗਾ ਤਾਂ ਹੋਰ ਮਸਾਲੇ ਦੇ ਨਾਲ ਨਾਲ ਮੈਂ ਇਹ ਰੋਜ਼ਨਾਮਚੇ ਵੀ ਲੱਭਦਾ ਤੇ ਇਕੱਠੇ ਕਰੀ ਜਾਂਦਾ ਰਿਹਾ ਸਾਂ। ਲਾਹੌਰ ਵਿਚ ਅਜਿਹੇ ਰੋਜ਼ਨਾਮਚੇ ਬਹੁਤ ਮਿਲ ਸਕਦੇ ਸਨ, ਜੋ ਪੁਰਾਣੇ ਖਾਨਦਾਨੀਆਂ ਦੀ ਘਰੀਂ ਅਤੇ ਪੁਰਾਣੇ ਦਫਤਰੀਆਂ ਦੇ ਵਾਰਸਾਂ ਪਾਸ ਪਏ ਸਨ। ਕਈ ਪੁਰਾਣੇ ਖਾਨਦਾਨਾਂ ਦੀ ਹਾਲਤ ਭੁਰ ਗਈ ਸੀ ਤੇ ਉਹਨਾਂ ਦਾ ਸਭ ਕੁਝ ਵਿਕ ਗਿਆ ਸੀ। ਇਸ ਲਈ ਉਹਨਾਂ ਦੇ ਪੁਰਾਣੇ ਕਾਗਜ਼ ਵੀ ਬਿਗਾਨੀ ਹੱਥੀਂ ਜਾ ਪਏ ਸਨ ਜਿਹਨਾਂ ਨੂੰ ਪਤਾ ਨਹੀਂ ਸੀ ਕਿ ਇਹਨਾਂ ਕਾਗਜ਼ਾਂ ਦਾ ਕੀ ਮੁੱਲ ਹੈ। ਅਜਿਹੀਆਂ ਥਾਵਾਂ ਤੋਂ ਮੈਨੂੰ ਸੁਖਾਲ ਨਾਲ ਪੁਰਾਣੇ ਕਾਗਜ਼ ਮਿਲ ਜਾਂਦੇ ਸਨ।

ਪੁਰਾਣੇ ਕਾਗਜ਼ਾਂ ਨੂੰ ਖਰੀਦਣ ਲਈ ਮੇਰੇ ਪਾਸ ਵਾਧੂ ਰੁਪਿਆ ਕੋਈ ਨਹੀਂ ਸੀ, ਇਸ ਲਈ ਮੈਂ ਆਪਣੇ ਵਿਤ ਅਨੁਸਾਰ ਆਪਣੀ ਵੱਲੋਂ ਜ਼ਰੂਰੀ ਜ਼ਰੂਰੀ ਕਾਗਜ਼ ਹੀ ਖਰੀਦਦਾ ਸਾਂ ਤੇ ਦੂਜੇ ਕਾਗਜ਼ਾਂ ਨੂੰ ਰੱਦੀ ਸਮਝ ਕੇ ਛੱਡ ਦੇਂਦਾ ਸਾਂ। ਇਕ ਦਿਨ ਦੀ ਗੱਲ ਹੈ, ਕਿ ਇਕ ਨਾਈ ਪਾਸ ਮੈਂ ਪਸ਼ੌਰ ਦੇ ਅਖ਼ਬਾਰ-ਨਵੀਸ ਦੀਆਂ ਰਿਪੋਰਟਾਂ ਦੀਆਂ ਤਿੰਨ ਸੋਹਣੀਆਂ ਜਿਲਦਾਂ ਵੇਖੀਆਂ। ਮੈਂ ਉਨ੍ਹਾਂ ਨੂੰ ਪੜ੍ਹਿਆ ਤਾਂ ਮੇਰੇ ਪਸੰਦ ਆ ਗਈਆਂ। ਇਹ ਸੰਮਤ ੧੮੯੮-੯੯ ਦੀਆਂ ਸਨ ਜਦ ਕਿ ਲਾਹੌਰ ਦਰਬਾਰ ਸਰਕਾਰ ਅੰਗਰੇਜ਼ੀ ਨੂੰ ਪਹਿਲੇ ਪਠਾਣ ਯੁੱਧ ਦੀ ਔਕੜ ਸਮੇਂ ਭਾਰੀ ਸਹਾਇਤਾ ਦੇ ਰਿਹਾ ਸੀ। ਮੈਂ ਮੁੱਲ ਪੁੱਛਿਆ, ਤਾਂ ਉਸ ਨੇ ਐਤਨਾ ਦੱਸਿਆ ਜੋ ਮੇਰੇ ਵਿਤ ਤੋਂ ਬਹੁਤ ਹੀ ਵਧੀਕ ਸੀ, ਇਸ ਲਈ ਮੈਂ ਲਾਚਾਰ ਹੋ ਕੇ ਉਹ ਰੋਜ਼ਨਾਮਚੇ ਛੱਡ ਆਇਆ।

ਕੁਝ ਚਿਰ ਮਗਰੋਂ ਮੈਂ ਜਦ ਫੀਰੋਜ਼ਪੁਰ ਅੱਪੜਿਆ, ਤਾਂ ਇਹਨਾਂ ਰੋਜ਼ਨਾਮਚਿਆਂ ਦੀ ਗੱਲ ਮੈਂ ਭਾਈ ਸਾਹਿਬ ਤਖ਼ਤ ਸਿੰਘ ਜੀ ਪਾਸ ਕੀਤੀ। ਆਪ ਨੇ ਕਿਹਾ, ਕਿ ਅਜਿਹੀ ਅਮੋਲਕ ਚੀਜ਼ ਕਿਸੇ ਮੁੱਲੋਂ ਵੀ ਸਸਤੀ ਹੈ, ਚਲੋ ਲੈ ਆਈਏ। ਆਪ ਨੇ ਉਸ ਵੇਲੇ ਰੁਪਏ ਦਾ ਪ੍ਰਬੰਧ ਕੀਤਾ ਅਤੇ ਅਸੀਂ ਦੋਵੇਂ ਜਣੇ ਲਾਹੌਰ ਅੱਪੜ ਪਏ। ਸੰਜੋਗਾ ਦੀ ਗੱਲ ਕਿ ਉਸ ਸਮੇਂ ਤੀਕ ਉਹ ਨਾਈ ਮਰ ਚੁਕਾ ਸੀ ਤੇ ਉਸ ਦਾ ਪੁੱਤਰ ਲਾਹੌਰ ਦੇ ਕਿਸੇ ਹੋਰਸ ਮਹੱਲੇ ਵਿਚ ਜਾ ਰਿਹਾ ਸੀ। ਪਰ ਸਾਨੂੰ ਅੱਗ ਲੱਗੀ ਹੋਈ ਸੀ। ਫਿਰ-ਫਿਰਾ ਕੇ ਉਸ ਨੂੰ ਲੱਭ ਹੀ ਲਿਆ ਅਤੇ ਰੋਜ਼ਨਾਮਚਿਆਂ ਬਾਬਤ ਗੱਲ ਕੀਤੀ। ਉਸ ਨੇ ਕਹਿਆ ਕਿ ਹਾਂ, ਅਜਿਹੀਆਂ ਤਿੰਨ ਜਿਲਦਾਂ ਮੇਰੇ ਪਾਸ ਹੈਗੀਆਂ

ਸਨ, ਪਰ ਕੁਝ ਚਿਰ ਹੋਇਆ ਕਿ ਫਲਾਣਾ ਆਦਮੀ ਮੇਰੇ ਪਾਸੋਂ ਮੁੱਲ ਲੈ ਗਿਆ ਹੋਇਆ ਹੈ। ਅਸਾਂ ਕਹਿਆ ਕਿ ਚਲੋ ਉਸ ਨਾਲ ਹੀ ਸੌਦਾ ਚਲ ਕਰੀਏ। ਸੰਝ ਵੇਲੇ ਉਸ ਦੀ ਹਵੇਲੀ ਅੱਪੜੇ ਅਤੇ ਰੋਜ਼ਨਾਮਿਆਂ ਦੀ ਗੱਲ ਕੀਤੀ। ਉਸ ਨੇ ਕਹਿਆ, ਕਿ ਹਾਂ, ਮੈਂ ਹੀ ਲੈ ਆਇਆ ਸਾਂ। ਪਰ ਮੈਂ ਵੇਚ ਨਹੀਂ ਸਕਦਾ, ਮੈਂ ਆਪਣੇ ਲਈ ਖਰੀਦੇ ਸਨ। ਅਸਾਂ ਕਹਿਆ ਕਿ ਦਰਸ਼ਨ ਹੀ ਕਰਵਾ ਦੇਵੋ। ਉਸ ਨੇ ਕਹਿਆ ਕਿ ਮੈਂ ਹੁਣ ਪੈਨਸ਼ਨ ਲੈ ਕੇ ਆਪਣੇ ਵਤਨ ਝੰਗ ਨੂੰ ਜਾ ਰਿਹਾ ਹਾਂ, ਅਸਬਾਬ ਬੰਦ ਹੋ ਰਿਹਾ ਹੈ, ਇਸ ਲਈ ਪਤਾ ਨਹੀਂ ਉਹ ਰੋਜ਼ਨਾਮਚੇ ਕਿੱਥੇ ਹੋਣਗੇ ਪਰ ਜੇਕਰ ਤੁਸਾਂ ਹੋਰ ਪੁਰਾਣੀਆਂ ਪੁਸਤਕਾਂ ਵੇਖਣੀਆਂ ਹੋਣ ਤਾਂ ਵਿਖਾ ਸਕਦਾ ਹਾਂ। ਅਸਾਂ ਕਿਹਾ ਕਿ ਏਸੇ ਤਰ੍ਹਾਂ ਹੀ ਸਹੀ। ਉਹ ਰੱਬ ਦੇ ਬੰਦੇ ਨੇ, ਪਾਸ ਦੀ ਅਲਮਾਰੀ ਖੋਲ੍ਹੀ, ਜੋ ਲਿਖਤੀ ਪੁਸਤਕਾਂ ਨਾਲ ਭਰੀ ਪਈ ਸੀ। ਮੈਂ ਕੁਝ ਕੁ ਪੁਸਤਕਾਂ ਵੇਖੀਆਂ ਅਤੇ ਹੈਰਾਨ ਰਹਿ ਗਿਆ, ਕਿ ਇਸ ਇਕ ਬੰਦੇ ਪਾਸ ਕਿਤਨਾ ਪੁਰਾਣਾ ਮਸਾਲਾ ਜਮ੍ਹਾਂ ਪਿਆ ਹੈ। ਮੈਂ ਸੱਚ ਕਹਿੰਦਾ ਹਾਂ ਕਿ ਸਾਡੇ ਕਿਸੇ ਸਿੱਖ ਸਰਦਾਰ ਪਾਸ ਉਹਨਾਂ ਪੁਸਤਕਾਂ ਦਾ ਪਾਸੰਗ ਮਾਤਰ ਵੀ ਨਹੀਂ ਹੋਵੇਗਾ।

ਇਹ ਮੈਂ ਇਕ ਸਿਰ-ਬੀਤੀ ਦੀ ਬਾਰਤਾ ਲਿਖੀ ਹੈ, ਕੇਵਲ ਇਹ ਦੱਸਣ ਲਈ ਕਿ ਸਾਡਾ ਬਹੁਤ ਸਾਰਾ ਇਤਿਹਾਸਕ ਮਸਾਲਾ ਅੱਡ-ਅੱਡ ਥਾਈਂ ਖਿੰਡਿਆ ਹੋਇਆ ਹੈ, ਪਰ ਉਸ ਨੂੰ ਇਕੱਠਾ ਕਰਨ ਦਾ ਕੋਈ ਜਤਨ ਨਹੀਂ ਹੋ ਰਿਹਾ। ਅਸਲ ਗੱਲ ਇਹ ਹੈ ਕਿ ਸਾਨੂੰ ਉਹਨਾਂ ਪੁਰਾਣੀਆਂ ਲਿਖਤਾਂ ਦੀ ਕਦਰ ਹੀ ਨਹੀਂ। ਇਹੋ ਹੀ ਕਾਰਨ ਹੈ, ਕਿ ਮੈਨੂੰ ਕਿਸੇ ਵੀ ਸਿੱਖ ਘਰਾਣੇ ਵਿਚੋਂ ਕੋਈ ਪੁਰਾਣੀ ਪੁਸਤਕ ਕਦੇ ਨਹੀਂ ਮਿਲੀ।

ਮੈਨੂੰ ਪਤਾ ਲੱਗਾ, ਕਿ ਪੱਟੀ ਵਿਚ ਪੁਰਾਣੇ ਕਾਗਜ਼ ਪਏ ਹਨ। ਮੈਂ ਉਸ ਕਾਗਜ਼ਾਂ ਵਾਲੇ ਪਾਸ ਪੁੱਜਾ ਤੇ ਪੁਰਾਣੇ ਕਾਗਜ਼ਾਂ ਦੇ ਬਸਤੇ ਵੇਖੇ। ਮੈਨੂੰ ਉਸ ਨੇ ਦੱਸਿਆ ਕਿ ਇਹ ਕਾਗਜ਼ ਤਾਂ ਐਵੇਂ ਰੂੰਗਾ ਝੂੰਗਾ ਹੀ ਹਨ। ਅਸਲ ਕਾਗਜ਼ ਤਾਂ ਫਲਾਣੇ ਪਿੰਡ ਜਾ ਚੁਕੇ ਹਨ। ਉਹ ਰੂੰਗਾ ਝੂੰਗਾ ਵੀ ਕੁਝ ਘੱਟ ਜ਼ਰੂਰੀ ਕਾਗਜ਼ ਨਹੀਂ ਸਨ, ਮੈਂ ਸਭਸ ਨੂੰ ਖਰੀਦ ਲੈਣਾ ਚਾਹੁੰਦਾ ਸਾਂ, ਪਰ ਮੇਰੇ ਪਾਸ ਪੈਸੇ ਨਹੀਂ ਸਨ। ਉਹਨਾਂ ਵਿਚੋਂ ਮੈਂ ਇਕ ਕਾਗਜ਼ ਪਸੰਦ ਕੀਤਾ, ਜੋ ਹੱਥ ਦੀ ਹਥੇਲੀ ਨਾਲੋਂ ਛੋਟਾ ਹੀ ਸੀ, ਤੇ ਉਸ ਦਾ ਮੁੱਲ ਪੁੱਛਿਆ। ਉਸ ਨੇ ਮੇਰੇ ਮੂੰਹ ਵੱਲ ਵੇਖ ਕੇ ਕਹਿਆ, ਕਿ ਤੁਸੀਂ ਕੀ ਦੇਂਦੇ ਹੋ? ਅਸਲ ਵਿਚ ਉਸ ਨੂੰ ਵੀ ਪਤਾ ਨਹੀਂ ਸੀ ਕਿ ਇਹ ਕਾਗਜ਼ ਕਿਸ ਮੁੱਲ ਦਾ ਹੈ। ਮੈਂ ਪੰਜ ਰੁਪਏ ਉਸ ਦੇ ਹੱਥ ਉਤੇ ਰੱਖ ਕੇ ਕਹਿਆ, ਕਿ ਮੇਰੇ ਪਾਸ ਇਹੋ ਕੁਝ ਹੈ। ਉਸ ਨੇ ਕਹਿਆ, ਲੈ ਜਾਵੋ।

ਉਹ ਕਾਗਜ਼ ਉਸ ਸਮੇਂ ਦਾ ਸੀ, ਜਦ ਲਾਹੌਰ ਦੇ ਸੂਬੇ ਅਸਲਮ ਖਾਂ ਨੇ ਨਵਾਬ ਕਪੂਰ ਸਿੰਘ ਨੂੰ ਨਵਾਬੀ ਦਾ ਖਿਤਾਬ ਦਿੱਤਾ ਸੀ ਤੇ ਸ੍ਰੀ ਹਰਿਮੰਦਰ ਜੀ ਦੇ ਨਾਮ ੧੯ ਪਿੰਡਾਂ ਦੀ ਜਗੀਰ ਲਾਈ ਸੀ। ਹਰ ਇਕ ਪਿੰਡ ਦਾ ਨਾਂ ਉਸ ਕਾਗਜ਼ ਵਿਚ ਲਿਖਿਆ ਹੋਇਆ ਸੀ। ਉਹ ਪਿੰਡ ਸ੍ਰੀ ਅੰਮ੍ਰਿਤਸਰ ਜੀ ਤੋਂ ਲੈ ਕੇ ਬਾਸਰਕੇ

ਗੁਮਾਨ ਪੂਰਾ ਤੀਕ ਸਨ। ਅੱਜ ਜੇਕਰ ਕੋਈ ਮੈਨੂੰ ਹਜ਼ਾਰ ਰੁਪਿਆ ਵੀ ਉਸ ਕਾਗਜ਼ ਦਾ ਦੇਵੇ ਤਾਂ ਮੈਂ ਦੇਣ ਨੂੰ ਤਿਆਰ ਨਹੀਂ ਹਾਂ, ਪਰ ਇਹੋ ਜਿਹੇ ਅਨੇਕਾਂ ਕਾਗਜ਼ ਅੱਡ-ਅੱਡ ਥਾਈਂ ਪਏ ਹਨ।

ਜਦ ਥਾਉਂ ਥਾਈਂ ਖਾਲਸਾ ਜੀ ਫੜੀਂਦੇ ਸਨ, ਉਦੋਂ ਦਾ ਇਕ ਸਰਕਾਰੀ ਪਰਵਾਨਾ ਇਕ ਟੱਬਰ ਪਾਸ ਪਿਆ ਹੈ। ਇਹ ਪਰਵਾਨਾ ਲਾਹੌਰ ਦੇ ਸੂਬੇ ਵੱਲੋਂ ਸੀ ਕਿ ਸਿੱਖਾਂ ਨੂੰ ਫੜੋ, ਗ੍ਰਿਫਤਾਰ ਕਰੋ। ਸਾਡੇ ਲਈ ਇਹ ਪਰਵਾਨਾ ਕਿਤਨਾ ਕੁ ਜ਼ਰੂਰੀ ਹੈ, ਪਰ ਮੇਰਾ ਖਿਆਲ ਹੈ ਕਿ ਬਹੁਤ ਥੋਹੜੇ ਆਦਮੀਆਂ ਨੂੰ ਪਤਾ ਹੈ ਕਿ ਅਜਿਹੇ ਪਰਵਾਨੇ ਅਜੇ ਵੀ ਕਿਤੋਂ ਮਿਲ ਸਕਦੇ ਹਨ।

ਮੈਂ ਲਾਹੌਰ ਦਰਬਾਰ ਦੇ ਰੋਜ਼ਨਾਮਚਿਆਂ ਦੀ ਗੱਲ ਦੱਸਣ ਲੱਗਾ ਸਾਂ, ਪਰ ਕਿਧਰ ਦਾ ਕਿਧਰ ਚਲਾ ਗਿਆ। ਮੈਂ ਆਪਣੇ ਵਿੱਤ ਅਨੁਸਾਰ ਲਾਹੌਰ ਦਰਬਾਰ ਸੰਬੰਧੀ ਪੁਰਾਣੇ ਕਾਗਜ਼ ਇਕੱਠੇ ਕੀਤੇ ਸਨ, ਉਹਨਾਂ ਦੀ ਵੰਨਗੀ ਮੈਂ ਅੱਗੇ ਜਾ ਕੇ ਦਿੱਤੀ ਹੈ। ਇਹ ਵੰਨਗੀ ਹੀ ਹੈ, ਇਸ ਤੋਂ ਵੱਧ ਹੋਰ ਕੁਝ ਨਹੀਂ। ਮੈਨੂੰ ਨਿਸਚਾ ਹੈ ਕਿ ਜੇਕਰ ਜਤਨ ਕੀਤਾ ਜਾਵੇ ਤਾਂ ਬਹੁਤ ਪੁਰਾਣਾ ਲਿਖਤੀ ਮਸਾਲਾ ਅਜੇ ਵੀ ਮਿਲ ਸਕਦਾ ਹੈ। ਭਾਵੇਂ ੧੯੦੫ ਤੇ ੧੯੩੦ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ, ਪਰ ਹਿੰਮਤ ਅੱਗੇ ਕੁਝ ਔਖਾ ਨਹੀਂ।

ਮੈਂ ਆਪਣੇ ਕਾਗਜ਼ਾਂ ਵਿਚੋਂ ਛਾਂਟ ਕਰ ਕੇ ਕੇਵਲ ਉਹੋ ਗੱਲਾਂ ਲਿਖੀਆਂ ਹਨ, ਜੋ ਅੱਜ ਤੀਕ ਕਿਸੇ ਤਵਾਰੀਖ਼ ਵਿਚ ਨਹੀਂ ਆਈਆਂ। ਕੋਈ ਤਵਾਰੀਖ ਨਹੀਂ ਦੱਸਦੀ ਕਿ ਚੀਨ ਖ਼ੁਤਨ ਦੀਆਂ ਫੌਜਾਂ ਨੇ ਵੀ ਖਾਲਸਾ ਜੀ ਪਾਸੋਂ ਹਾਰ ਖਾਧੀ ਸੀ ਅਤੇ ਸਿੰਧ ਤੇ ਸ਼ਿਕਾਰਪੁਰ ਦੇ ਹਾਕਮ ਵੀ ਲਾਹੌਰ ਦਰਬਾਰ ਨੂੰ ਹਰ ਸਾਲ ਨਜ਼ਰਾਨੇ ਘੱਲਿਆ ਕਰਦੇ ਸਨ। ਸਾਡੀਆਂ ਤਵਾਰੀਖਾਂ ਵਿਚ ਤਾਂ ਕਿਤੇ ਰਿਹਾ, ਪਹਿਲੇ ਪਠਾਣ ਯੁੱਧ ਦੀ ਕਿਸੇ ਤਵਾਰੀਖ ਵਿਚ ਵੀ ਕਿਸੇ ਇਹ ਨਹੀਂ ਦੱਸਿਆ ਕਿ ਇਹ ਮੁਹਿੰਮ ਕਦੇ ਸਰੇ ਨਾ ਹੁੰਦੀ, ਜੇਕਰ ਲਾਹੌਰ ਦਰਬਾਰ ਦੀ ਸਹਾਇਤਾ, ਸਰਕਾਰ ਅੰਗਰੇਜ਼ੀ ਨੂੰ ਨਾ ਮਿਲਦੀ। ਜਲਾਲਾਬਾਦ ਦੀ ਸਾਰੀ ਫੌਜ ਮਾਰੀ ਜਾਣੀ ਸੀ, ਜੇਕਰ ਪਸ਼ੌਰੋਂ ਲਾਹੌਰ ਦਰਬਾਰ ਦੀ ਸੈਨਾ ਜਲਾਲਾਬਾਦ ਨਾ ਜਾਂਦੀ। ਏਸੇ ਤਰ੍ਹਾਂ ਹੋਰ ਕਈ ਗੱਲਾਂ ਹਨ, ਜੋ ਪਾਠਕ ਅੱਗੇ ਚੱਲ ਕੇ ਆਪ ਪੜ੍ਹ ਲੈਣਗੇ।

ਮੈਂ ਵੇਰਵੇ ਨਾਲ ਕੋਈ ਗੱਲ ਨਹੀਂ ਲਿਖੀ, ਹਰ ਥਾਂ ਸੰਖੇਪ ਤੋਂ ਹੀ ਕੰਮ ਲਿਆ ਹੈ। ਜੇਕਰ ਮੈਂ ਰੋਜ਼ਨਾਮਚਿਆਂ ਤੇ ਚਿੱਠੀਆਂ ਦੀ ਪੂਰੀ ਪੂਰੀ ਨਕਲ ਦੇਣ ਲੱਗਦਾ ਤਾਂ ਸਾਰੇ ਰਸਾਲੇ ਵਿਚ ਕੇਵਲ ਇਕ ਅੱਧੀ ਗੱਲ ਦਾ ਹੀ ਹਾਲ ਆ ਸਕਦਾ ਸੀ। ਪਰ ਮੈਂ ਘਟੋ ਘੱਟ ਪੰਜ ਚਾਰ ਵੰਨਗੀਆਂ ਦੱਸਣੀਆਂ ਚਾਹੁੰਦਾ ਸਾਂ। ਇਸ ਲਈ ਮੈਂ ਛਾਂਟ ਛਾਂਟ ਕੇ ਜ਼ਰੂਰੀ ਖ਼ਬਰਾਂ ਹੀ ਲਿਖੀਆਂ ਹਨ, ਛੋਟੀਆਂ ਛੋਟੀਆਂ ਖ਼ਬਰਾਂ ਨੂੰ ਮੈਂ ਜਾਣ ਬੁਝ ਕੇ ਛੱਡ ਗਿਆ ਹਾਂ।

ਜੋ ਕੁਝ ਮੈਂ ਪੁਰਾਣੇ ਕਾਗਜ਼ਾਂ ਵਿਚੋਂ ਦਿੱਤਾ ਹੈ ਇਹ ਜ਼ਰੂਰੀ ਨਹੀਂ, ਕਿ ਉਹ

ਸਭੋ ਕੁਝ ਸੱਚ ਸੱਚ ਹੋਵੇ। ਇਸ ਲਈ ਇਹਨਾਂ ਖਬਰਾਂ ਯਾ ਹਾਲਾਂ ਨੂੰ ਅੱਖਰੋ ਅੱਖਰ ਸੱਚ ਨਹੀਂ ਮੰਨ ਲੈਣਾ ਚਾਹੀਦਾ। ਜਿਸ ਜਿਸ ਥਾਂ ਮੈਂ ਕੋਈ ਭੁੱਲ ਸਮਝਦਾ ਸਾਂ, ਉਸ ਨੂੰ ਮੈਂ ਸੋਧਣ ਦਾ ਜਤਨ ਨਹੀਂ ਕੀਤਾ। ਮੈਂ ਅਸਲ ਕਾਗਜ਼ਾਂ ਦੀ ਨਕਲ ਦਿੱਤੀ ਹੈ ਕਿ ਉਹ ਦੁੱਧ ਪਾਣੀ ਨੂੰ ਅੱਡ ਅੱਡ ਕਰੇ।

ਮੈਂ ਮਹਿਸੂਸ ਕਰਦਾ ਹਾਂ, ਕਿ ਇਹਨਾਂ ਪੁਰਾਣੇ ਕਾਗਜ਼ਾਂ ਨੂੰ ਇਕੱਠੇ ਨਾ ਕਰਨ ਵਿਚ ਅਸੀਂ ਭਾਰੀ ਭੁੱਲ ਕਰ ਰਹੇ ਹਾਂ। ਕਿਸੇ ਦਿਨ ਨੂੰ ਇਕ ਕਾਗਜ਼ ਵੀ ਨਹੀਂ ਮਿਲ ਸਕੇਗਾ ਅਤੇ ਜੇ ਕੋਈ ਮਿਲੇਗਾ ਵੀ, ਤਾਂ ਬਹੁਤ ਮੁੱਲ ਦੇ ਕੇ। ਅੱਜ ਤੋਂ ਪੰਝੀ ਤੀਹ ਸਾਲ ਪਹਿਲਾਂ, ਲਾਹੌਰ ਕੇਵਲ ਇਕ ਦੁਕਾਨ ਸੀ, ਜਿਸ ਦਾ ਕੰਮ ਪੁਰਾਣੇ ਕਾਗਜ਼ ਖਰੀਦਣਾ ਤੇ ਅੰਗਰੇਜ਼ਾਂ ਪਾਸ ਵੇਚਣਾ ਸੀ। ਅੱਜ-ਕਲ੍ਹ ਅਜਿਹੀਆਂ ਕਈ ਦੁਕਾਨਾਂ ਹਨ ਜਿਸ ਕਰਕੇ ਦਿਨੋਂ ਦਿਨ ਇਹ ਪੁਰਾਣੇ ਕਾਗਜ਼ ਯੂਰਪ ਨੂੰ ਤੁਰੇ ਜਾ ਰਹੇ ਹਨ।

ਲਾਹੌਰ ਦਰਬਾਰ ਦੇ ਇਕ ਕਾਗਜ਼ ਦੀ ਮੈਨੂੰ ਡਾਢੀ ਲੋੜ ਸੀ, ਜਿਸ ਵਿਚ ਖਾਲਸਾ ਜੀ ਦੇ ਲਾਹੌਰੋਂ ਕੂਚ ਕਰਨ ਤੋਂ ਲੈ ਕੇ ਸਭਰਾਵਾਂ ਦੀ ਲੜਾਈ ਦੇ ਅਖੀਰ ਤੀਕ ਦੇ ਤਰੀਕ ਵਾਰ ਹਾਲ ਸਨ। ਮੈਨੂੰ ਪਤਾ ਲੱਗ ਚੁਕਾ ਸੀ ਕਿ ਇਹ ਅਸਲ ਕਾਗਜ਼ ਇੰਗਲੈਂਡ ਜਾ ਚੁਕਾ ਹੈ। ਪਰ ਉਸ ਦੀਆਂ ਨਕਲਾਂ ਕਿਤੇ ਕਿਤੇ ਅਜੇ ਵੀ ਹਨ। ਭਾਲ ਕਰਦਿਆਂ ਮੈਨੂੰ ਪਤਾ ਲੱਗਾ, ਕਿ ਇਹ ਕਾਗਜ਼ ਫਲਾਣੇ ਆਦਮੀ ਪਾਸ ਹੈ, ਜੋ ਪੁਰਾਣੇ ਖਰੀਦਦਾ ਤੇ ਵੇਚਦਾ ਹੈ। ਮੈਂ ਉਸ ਪਾਸ ਪੁੱਜਾ ਤੇ ਉਸ ਨੇ ਮੈਨੂੰ ਦੱਸਿਆ, ਕਿ ਹਾਂ! ਮੇਰੇ ਪਾਸ ਉਹ ਕਾਗਜ਼ ਹੈ, ਉਸ ਤੋਂ ਵੱਧ ਉਸ ਪਾਸ ਕੁਝ ਨਹੀਂ ਅਤੇ ਜਿਸ ਰੋਜ਼ਨਾਮਚੇ ਦੀ ਭਾਲ ਮੈਂ ਕਰ ਰਿਹਾ ਸਾਂ, ਉਸ ਦਾ ਆਖਰੀ ਹਿੱਸਾ ਉਸ ਪਾਸ ਵੀ ਨਹੀਂ, ਇਸ ਲਈ ਗੱਲ ਰਹਿ ਗਈ।

ਤਦ ਉਸ ਨੇ ਮੈਨੂੰ ਗੁਰਮੁਖੀ ਦੀ ਲਿਖਤ ਦੀ ਇਕ ਬਹੁਤ ਪੁਰਾਣੀ ਜਨਮ ਸਾਖੀ ਵਿਖਾਈ, ਜਿਸ ਬਾਬਤ ਉਸ ਨੇ ਮੈਨੂੰ ਦੱਸਿਆ ਕਿ ਮੈਂ ਥੋਹੜੇ ਹੀ ਦਿਨਾਂ ਤੇ ਜਗਦੇਉ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਤੋਂ ਖਰੀਦ ਕੇ ਲਿਆਇਆ ਹਾਂ। ਮੈਨੂੰ ਚੂੰਕਿ ਕੇਵਲ ਲਾਹੌਰ ਦਰਬਾਰ ਦੇ ਰੋਜ਼ਨਮਾਚਿਆਂ ਦੀ ਲੋੜ ਸੀ ਇਸ ਲਈ ਮੈਂ ਕੋਈ ਗਹੁ ਨਾ ਕੀਤਾ। ਪਰ ਮੈਂ ਹੈਰਾਨ ਸਾਂ ਕਿ ਇਹ ਆਦਮੀ ਕਿਸ ਤਰ੍ਹਾਂ ਪਿੰਡਾਂ ਵਿਚੋਂ ਵੀ ਪੁਰਾਣੀਆਂ ਪੁਸਤਕਾਂ ਇਕੱਠੀਆਂ ਕਰੀ ਜਾਂਦੇ ਹਨ ਅਤੇ ਯੂਰਪੀਨਾਂ ਹੱਥ ਵੇਚ ਕੇ ਸਾਡੇ ਦੇਸ਼ ਦੀਆਂ ਅਮੋਲਕ ਚੀਜ਼ਾਂ ਯੂਰਪ ਨੂੰ ਘੱਲ ਰਹੇ ਹਨ।

ਜੇਕਰ ੧੯੦੫-੦੭ ਵਿਚ ਕੋਈ ਜਥਾ ਮੇਰੀ ਸਹਾਇਤਾ ਕਰਨ ਵਾਲਾ ਹੁੰਦਾ ਤਾਂ ਪੁਰਾਣੇ ਕਾਗਜ਼ ਕੌਡੀਆਂ ਦੇ ਮੁੱਲ ਇਕੱਠੇ ਕੀਤੇ ਜਾ ਸਕਦੇ ਸਨ। ਹੁਣ ਵੀ ਉਹ ਕਾਗਜ਼ ਮਿਲ ਸਕਦੇ ਹਨ, ਪਰ ਬਹੁਤ ਮਹਿੰਗੇ ਅਤੇ ਕੁਝ ਸਮੇਂ ਨੂੰ ਹੋਰ ਵੀ ਮਹਿੰਗੇ ਹੋ ਜਾਣਗੇ। ਲੋੜ ਇਸ ਗੱਲ ਦੀ ਹੈ ਕਿ ਕੋਈ ਜਥਾ ਲੱਕ ਬੰਨ੍ਹ ਕੇ ਇਸ ਕੰਮ ਦੇ ਮਗਰ ਪਵੇ, ਇਕੱਲੇ ਦੁਕੱਲੇ ਦੇ ਕਰਨ ਦਾ ਇਹ ਕੰਮ ਨਹੀਂ।

 www.sikhbookclub.com

# ੨੮

# ਅਖ਼ਬਾਰ ਲੁਧਿਆਣਾ

'ਅਖ਼ਬਾਰ ਲੁਧਿਆਣਾ' ਨਾਮ ਦਾ ਇਕ ਅਖ਼ਬਾਰ ਸੰਮਤ ੧੮੩੫ ਈਸਵੀ ਦੀ ਪਹਿਲੀ ਜਨਵਰੀ ਤੋਂ ਲੁਧਿਆਣੇ ਤੋਂ ਨਿਕਲਣਾ ਸ਼ੁਰੂ ਹੋਇਆ ਸੀ। ਇਹ ਹਫਤਾਵਾਰ ਅਖ਼ਬਾਰ ਸੀ ਜੋ 'ਅਮਰੀਕਨ ਮਿਸ਼ਨ ਪ੍ਰੈਸ' ਲੁਧਿਆਣਾ ਵਿਚ ਛਪਦਾ ਸੀ। ਇਸ ਵਿਚ ਲਾਹੌਰ ਦਰਬਾਰ ਦੇ ਹਾਲਾਂ ਦਾ ਰੋਜ਼ਨਾਮਚਾ ਛਪਿਆ ਕਰਦਾ ਸੀ ਅਤੇ ਪੰਜਾਬ ਤੋਂ ਬਿਨਾਂ ਸਿੰਧ ਤੇ ਅਫਗਾਨਿਸਤਾਨ ਦੀਆਂ ਖ਼ਬਰਾਂ ਵੀ ਇਸ ਵਿਚ ਹੁੰਦੀਆਂ ਸਨ।

ਸਰਕਾਰ ਅੰਗਰੇਜ਼ੀ ਦੇ ਉਜਾਗਰ ਜਾਂ ਲੁਕਵੇਂ ਛਿਪਵੇਂ ਅਖ਼ਬਾਰ-ਨਵੀਸ ਸਾਰੇ ਸਰਹੱਦੀ ਇਲਾਕਿਆਂ ਵਿਚ ਰਹਿੰਦੇ ਸਨ ਤੇ ਉਧਰ ਦੀਆਂ ਖ਼ਬਰਾਂ ਘੱਲਦੇ ਰਹਿੰਦੇ ਸਨ। ਇਹ ਅਖ਼ਬਾਰ-ਨਵੀਸ ਗਵਰਨਰ ਜਨਰਲ ਦੇ ਸਰਹੱਦੀ ਏਜੰਟ ਕਲਾਰਕ ਸਾਹਿਬ (ਲੁਧਿਆਣਾ) ਦੇ ਅਧੀਨ ਸਨ, ਜੋ ਸਰਹੱਦੀ ਇਲਾਕੇ ਦੀਆਂ ਖ਼ਬਰਾਂ ਛਾਂਟ ਕੇ ਦਿੱਲੀ ਦੇ ਰੈਜ਼ੀਡੰਟ ਨੂੰ ਘੱਲਿਆ ਕਰਦੇ ਸਨ ਤੇ ਉਹ ਉਥੋਂ ਕਲਕੱਤੇ ਨੂੰ ਘੱਲਿਆ ਕਰਦਾ ਸੀ।

ਅੰਤ ਜਦ ਲਾਹੌਰ ਦਰਬਾਰ ਦਾ ਕੰਮ ਬਹੁਤ ਵਧ ਗਿਆ ਅਤੇ ਸਰਹੱਦੀ ਇਲਾਕੇ ਦੇ ਅਫਸਰਾਂ ਨੂੰ ਸਰਹੱਦੀ ਖ਼ਬਰਾਂ ਤੋਂ ਜਾਣੂੰ ਕਰਨਾ ਜ਼ਰੂਰੀ ਸਮਝਿਆ ਗਿਆ ਤਾਂ ੧੮੩੫ ਈ: ਤੋਂ ਇਹ 'ਅਖ਼ਬਾਰ ਲੁਧਿਆਣਾ' ਜਾਰੀ ਕੀਤਾ ਗਿਆ। ਇਹ ਆਮ ਆਦਮੀਆਂ ਵਾਸਤੇ ਨਹੀਂ ਸੀ। ਇਹ ਇਕ ਤਰ੍ਹਾਂ ਦਾ ਸਰਕਾਰੀ ਪਰਚਾ ਸੀ ਜੋ ਸਰਕਾਰੀ ਅਫਸਰਾਂ ਦੀ ਵਾਕਫ਼ੀ ਲਈ ਛਾਪਿਆ ਜਾਂਦਾ ਸੀ। ਪਰ ਕਿਸੇ ਨਾ ਕਿਸੇ ਤਰ੍ਹਾਂ ਇਸ ਅਖਬਾਰ ਦੇ ਛਪੇ ਪਰਚੇ ਜਾਂ ਇਹਨਾਂ ਦੀਆਂ ਨਕਲਾਂ ਕਈ ਥਾਈਂ ਅੱਪੜ ਪੈਂਦੀਆਂ ਸਨ।

ਜਦ ਮੈਂ ਪੁਰਾਣੇ ਕਾਗਜ਼ਾਂ ਦੀ ਭਾਲ ਕਰ ਰਿਹਾ ਸਾਂ, ਤਾਂ ਓਦੋਂ ਇਸ ਅਖ਼ਬਾਰ ਦੇ ਵੀ ਕੁਝ ਪਰਚੇ ਮੈਨੂੰ ਮਿਲੇ ਸਨ। ਉਹਨਾਂ ਵਿਚੋਂ ਦੋ ਪਰਚਿਆਂ ਦੀ ਨਕਲ ਮੈਂ ਇਸ ਪਰਚੇ ਵਿਚ ਦਿੱਤੀ ਹੈ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕੈਸਾ ਜ਼ਰੂਰੀ ਅਖ਼ਬਾਰ ਹੈ। ਜੇਕਰ ਜਤਨ ਕੀਤਾ ਜਾਵੇ, ਤਾਂ ਇਸ ਅਖ਼ਬਾਰ ਦੀ ਪੂਰੀ ਫਾਇਲ ਕਿਤੋਂ ਨਾ ਕਿਤੋਂ ਜ਼ਰੂਰੀ ਲੱਭ ਸਕਦੀ ਹੈ। ਪਰ ਸਵਾਲ ਇਹ ਹੈ ਕਿ ਜਤਨ ਕੌਣ ਕਰੇ? ਹਰ ਕੋਈ ਇਹੋ ਚਾਹੁੰਦਾ ਹੈ ਕਿ ਮੈਨੂੰ ਕੁਝ ਨਾ ਕਰਨਾ ਪਵੇ, ਪਰ ਦੂਜਾ ਇਹ ਕੰਮ ਜ਼ਰੂਰ ਕਰੇ। ਜਦ ਤੀਕ ਸਾਡੀ ਬਿਰਤੀ ਇਸ ਪ੍ਰਕਾਰ ਦੀ ਨਹੀਂ ਹੁੰਦੀ ਕਿ ਇਹ ਕੰਮ ਮੈਂ ਕਰਦਾ ਹਾਂ, ਦੂਜਾ ਚਾਹੇ ਕੁਝ ਕਰੇ ਚਾਹੇ ਨਾ ਕਰੇ, ਤਦ ਤੀਕ ਅਜਿਹੇ ਕੰਮ ਸਿਰੇ ਨਹੀਂ ਚੜ੍ਹਿਆ ਕਰਦੇ। ਘਾਟਾ ਇਹ ਹੈ ਕਿ ਸਾਡੇ ਵਿਚ ਅਜਿਹੇ ਕੰਮਾਂ

 www.sikhbookclub.com

ਲਈ ਕੋਈ ਉਤਸ਼ਾਹ ਨਹੀਂ। ਨਾ ਕੋਈ ਜਥਾ ਹੈ ਜੋ ਰਲ ਕੇ ਕੰਮ ਕਰੇ, ਨਾ ਕੋਈ ਅਜਿਹਾ ਸਿਰਲੱਥ ਹੀ ਹੈ, ਜੋ ਇਕੱਲਾ ਹੀ ਆਪਣੀ ਦੁਨੀਆਂਦਾਰੀ ਨੂੰ ਛੱਡ-ਛੁਡਾ ਕੇ ਇਸ ਕੰਮ ਮਗਰ ਪੈ ਜਾਵੇ। ਸਿੱਖ ਇਤਿਹਾਸ ਦਾ ਕੰਮ ਤਾਂ ਬੜਾ ਜ਼ਰੂਰੀ ਹੈ, ਪਰ ਬਹੁਤ ਥੋੜ੍ਹੇ ਸੱਜਣ ਇਸ ਲੋੜ ਨੂੰ ਪ੍ਰਤੀਤ ਕਰਦੇ ਹਨ! ਇਹੋ ਕਾਰਨ ਹੈ ਕਿ ਸਾਡਾ ਇਤਿਹਾਸ ਐਵੇਂ ਖੇਡ-ਖਡੱਯਾ ਹੈ, ਇਤਿਹਾਸ ਕੋਈ ਨਹੀਂ।

ਥੋੜ੍ਹੇ ਦਿਨਾਂ ਦੀ ਗੱਲ ਹੈ ਕਿ ਮੈਂ ਇਕ ਅਖ਼ਬਾਰ ਵਿਚ ਖਾਲਸਾ ਦਲ ਦੇ ਇਕ ਹੱਲੇ ਦਾ ਹਾਲ ਪੜ੍ਹਿਆ ਸੀ। ਇਹ ਹਾਲ ਇੰਨ ਬਿੰਨ ਉਸੇ ਤਰ੍ਹਾਂ ਦਰਜ ਸੀ, ਜਿਸ ਤਰ੍ਹਾਂ ਕਿ ਸਾਡੀ ਖਾਲਸਾ ਤਵਾਰੀਖ਼ ਵਿਚ ਦਰਜ ਹੈ, ਅਰਥਾਤ ਅਹਿਮਦ ਸ਼ਾਹ ਦੇ ਪੰਜਾਬੋਂ ਮੁੜਦਿਆਂ ਹੀ ਖ਼ਾਲਸਾ ਦਲ ਨੇ ਚਾਲੇ ਪਾਏ ਅਤੇ ਸਾਰੇ ਰਾਜਪੂਤਾਨੇ ਨੂੰ ਸੋਧ ਕੇ ਤੇ ਰਾਹ ਵਿਚਲੇ ਅੜਨ ਭਿੜਨ ਵਾਲਿਆਂ ਨੂੰ ਭੰਨ ਕੇ ਪੰਜਾਬ ਨੂੰ ਵਾਪਸ ਆ ਗਏ। ਇਸ ਇਕ ਹੱਲੇ ਵਿਚ ਅਖੀਰ ਸੰਮਤ ੧੮੨੩ ਬਿ: ਵਿਚ ਸ਼ਹੀਦ ਹੋਏ ਸਰਦਾਰ ਮਿੱਤ ਸਿੰਘ ਦਾ ਹਾਲ ਵੀ ਹੈ। ਸੰਮਤ ੧੮੫੮ ਬਿ: ਵਿਚ ਹੋਏ ਜਹਾਜ਼ ਸਾਹਿਬ ਨਾਲ ਲੜਾਈ ਵੀ ਹੈ। ਇਸ ਤੋਂ ਮਗਰੋਂ ਹੋਈ ਬੇਗਮ ਸਿਮਰੂ ਨੂੰ ਮਿਲਣਾ ਵੀ ਹੈ ਤੇ ਸੰਮਤ ੧੮੬੫ ਬਿ: ਤੋਂ ਮਗਰੋਂ ਹੋਏ ਲੁਹਾਰੂ ਵਾਲਿਆਂ ਨਾਲ ਵੀ ਗੱਲ-ਬਾਤ ਹੈ। ਅਰਥਾਤ ਚਾਲੀ-ਪੰਤਾਲੀ ਸਾਲ ਦੀ ਵਿੱਥ ਦੀਆਂ ਗੱਲਾਂ ਇਕ ਸਾਲ ਵਿਚ ਇਕੱਠੀਆਂ ਕਰ ਦਿੱਤੀਆਂ ਹਨ। ਇਹ ਹੈ ਉਸ ਸਾਡੀ ਤਵਾਰੀਖ ਦਾ ਹਾਲ, ਜਿਸ ਨੂੰ ਅਸੀਂ ਪ੍ਰਮਾਣੀਕ ਤਵਾਰੀਖ਼ ਕਹਿੰਦੇ ਹਾਂ, ਤੇ ਜਿਸ ਦੇ ਆਧਾਰ 'ਤੇ ਸਾਡੇ ਲਿਖਾਰੀ ਇਤਿਹਾਸਕ ਲੇਖ ਲਿਖਦੇ ਹਨ।

ਸੰਮਤ ੧੮੨੦ ਬਿ: ਤੋਂ ਲੈ ਕੇ ਸੰਮਤ ੧੮੬੫ ਬਿ: ਤੀਕ ਇਨ੍ਹਾਂ ਪੰਜਤਾਲੀ ਸਾਲਾਂ ਵਿਚ ਖਾਲਸਾ ਜੀ ਨੇ ਦਿੱਲੀ ਆਦਿ ਦੇ ਇਲਾਕਿਆਂ ਉਤੇ ਘਟੋ ਘੱਟ ਵੀਹ ਪੰਝੀ ਉੱਘੇ ਉੱਘੇ ਹੱਲੇ ਕੀਤੇ ਹੋਣਗੇ। ਸਾਡੇ ਇਤਿਹਾਸ ਵਿਚ ਇਨ੍ਹਾਂ ਹੱਲਿਆਂ ਦਾ ਕੋਈ ਸਿਲਸਲੇਵਾਰ ਵੇਰਵਾ ਨਹੀਂ ਦਿੱਤਾ ਹੋਇਆ, ਐਵੇਂ ਦਾਲ ਚਉਲ ਰਲਾ ਕੇ ਖਿਚੜੀ-ਭੱਪਾ ਬਣਾਇਆ ਹੋਇਆ ਹੈ। ਸਿਰ ਕਿਤੇ, ਲੱਤ ਕਿਤੇ, ਬਾਂਹ ਕਿਤੇ। ਇਹਨਾਂ ਸਮਾਚਾਰਾਂ ਦੀ ਤਰਤੀਬ ਲਈ ਸਮਕਾਲੀ ਮੁਸਲਮਾਨੀ ਇਤਿਹਾਸਾਂ ਨੂੰ ਵਾਚਣਾ ਬੜਾ ਜ਼ਰੂਰੀ ਹੈ। ਪਰ ਉਹ ਸਮਕਾਲੀ ਇਤਿਹਾਸ ਆਉਣ ਕਿਥੋਂ ਤੇ ਉਹਨਾਂ ਨੂੰ ਵਾਚੇ ਕੌਣ ! ਸਾਡੇ ਇਤਿਹਾਸ ਦੇ ਸਿਰੇ ਚੜ੍ਹਨ ਵਿਚ ਐਤਨੀਆਂ ਔਕੜਾਂ ਹਨ ਕਿ ਸੁਖਾਲਾ ਰਾਹ ਕੋਈ ਨਜ਼ਰ ਨਹੀਂ ਆਉਂਦਾ। ਜੇਕਰ ਸਫਿਆਂ ਦੀ ਖੁੱਲ੍ਹ ਹੁੰਦੀ ਤਾਂ ਮੈਂ ਨਮੂਨੇ ਮਾਤਰ ਖਾਲਸਾ ਦਲ ਦੇ ਕਿਸੇ ਹੱਲੇ ਦਾ ਹਾਲ ਲਿਖ ਕੇ ਦੱਸਦਾ ਅਤੇ ਪੰਜਤਾਲੀ ਸਾਲ ਵਿਚ ਜਦ ਖਾਲਸਾ ਜੀ ਨੇ ਸ਼ਾਹੀ ਇਲਾਕੇ ਉਤੇ ਚੜ੍ਹਾਈ ਕੀਤੀ ਸੀ, ਉਸ ਦਾ ਮੋਟਾ ਮੋਟਾ ਵੇਰਵਾ ਦਿੰਦਾ, ਪਰ ਨਾ ਮੈਨੂੰ ਸਫਿਆਂ ਦੀ ਖੁੱਲ੍ਹ ਹੈ ਤੇ ਨਾ ਹੀ ਮੈਂ ਲਾਹੌਰ ਦਰਬਾਰ ਤੋਂ ਛੁੱਟ ਹੋਰਸ ਕਿਸੇ ਸਮੇਂ ਨੂੰ ਇਸ ਇਤਿਹਾਸ ਨੰਬਰ ਵਿਚ ਜ਼ਿਆਦਾ ਛੋਹਣਾ ਚਾਹੁੰਦਾ ਹਾਂ, ਇਸ ਲਈ ਇਥੇ ਹੀ ਬਸ ਕਰਦਾ ਹਾਂ। 'ਅਖ਼ਬਾਰ ਲੁਧਿਆਣਾ' ਦੀਆਂ ਖ਼ਬਰਾਂ ਦੇ ਨਮੂਨੇ ਅੱਗੇ ਦਿੱਤੇ ਜਾਣਗੇ।

 www.sikhbookclub.com

# ੨੯

# ਸਿੱਖ ਦਰਬਾਰ ਦੇ ਰੋਜ਼ਨਾਮਚੇ ਤੇ ਚਿੱਠੀਆਂ-ਪੱਤਰ

ਜਿਹਾ ਕਿ ਮੈਂ ਆਰੰਭ ਵਿਚ ਲਿਖਿਆ ਸੀ ਕਿ ਸਿੱਖ ਦਰਬਾਰ ਦੇ ਰੋਜ਼ਨਾਮਚਿਆਂ ਤੇ ਪੁਰਾਣੀਆਂ ਚਿੱਠੀਆਂ ਤੋਂ ਉਸ ਸਮੇਂ ਦੇ ਹਾਲਾਂ ਉਤੇ ਕਾਫੀ ਰੋਸ਼ਨੀ ਪੈਂਦੀ ਹੈ, ਸੁ ਹੇਠਾਂ ਕੁਝ ਨਮੂਨੇ ਦਿੱਤੇ ਜਾਂਦੇ ਹਨ। ਇਹਨਾਂ ਦੇ ਪੜ੍ਹਨ ਤੋਂ ਪਾਠਕ ਖੁਦ ਅੰਦਾਜ਼ਾ ਲਾ ਲੈਣਗੇ ਕਿ ਇਹ ਕਿਤਨੀ ਬਹੁ-ਮੁੱਲੀ ਇਤਿਹਾਸਕ ਚੀਜ਼ ਹੈ।[੧]

## ਮਹਾਰਾਜਾ ਸ਼ੇਰ ਸਿੰਘ ਜੀ ਦੇ ਪਹਿਲੇ ਦਿਨਾਂ ਦਾ ਹਾਲ

*[ਇਹ ਚਿੱਠੀ ਕਿਸੇ ਸੁਦਾਗਰ ਖਾਂ ਦੀ ਲਿਖੀ ਹੋਈ ਹੈ, ਜੋ ਲਾਹੌਰ ਨਵਾਂ ਨਵਾਂ ਹੀ ਆਇਆ ਜਾਪਦਾ ਹੈ। ਚਿੱਠੀ ਉੱਤੇ ਵਸਾਖ ਵਦੀ ੯ ਸੰਮਤ ੧੮੯੮ ਬਿਕ੍ਰਮੀ (੧੮੪੧ ਈਸਵੀ) ਦੀ ਤਰੀਕ ਹੈ।]*

"ਇਥੋਂ ਦਾ ਹਾਲ ਇਸ ਤਰ੍ਹਾਂ ਹੈ ਕਿ ਜਦ ਸ਼ੇਰ ਸਿੰਘ ਤਖ਼ਤ ਉਤੇ ਬੈਠਾ ਤਾਂ ਉਸ ਨੇ ਸਾਰੀ ਫੌਜ ਦੀਆਂ ਤਨਖਾਹਾਂ ਵਧਾ ਦਿੱਤੀਆਂ: ਸਿਪਾਹੀ ਦਾ ਡੇਢ ਰੁਪਿਆ, ਛੋਟੇ ਅਹੁਦੇਦਾਰ ਦੇ ਪੰਜ ਰੁਪਏ ਤੇ ਵੱਡੇ ਅਹੁਦੇਦਾਰ ਦੇ ਉਸ ਦੀ ਹੈਸੀਅਤ ਮੂਜਬ ਵਧਾਏ ਗਏ ਅਤੇ ਹੁਕਮ ਦੇ ਦਿੱਤਾ ਕਿ ਅੱਠ ਦਿਨ ਨੌਕਰੀ ਤੇ ਪਰੇਟ ਵਲੋਂ ਛੁੱਟੀ ਹੈ, ਬੇਸ਼ਕ ਮੌਜਾਂ ਕਰੋ। ਜਦ ਸਿਪਾਹੀਆਂ ਨੇ ਸ਼ੇਰ ਸਿੰਘ ਨੂੰ ਨਰਮ ਵੇਖਿਆ ਤਾਂ ਉਹ ਲੋਕਾਂ ਨੂੰ ਲੁੱਟਣ ਲੱਗ ਪਏ; ਬਲਕਿ ਖੂਨ ਕਰਨੋਂ ਵੀ ਨਹੀਂ ਸੰਗਦੇ ਸਨ। ਲੋਕਾਂ ਨੇ ਰੌਲਾ ਪਾਇਆ ਤਾਂ ਸ਼ੇਰ ਸਿੰਘ ਨੇ ਫੌਜਾਂ ਨੂੰ ਇਸ ਬੁਰੇ ਕੰਮੋਂ ਰੁਕ ਜਾਣ ਦਾ ਹੁਕਮ ਦਿੱਤਾ, ਪਰ ਉਹਨਾਂ ਨੇ ਸ਼ੇਰ ਸਿੰਘ ਦੇ ਹੁਕਮ ਨੂੰ ਟਿੱਚ ਜਾਤਾ ਅਤੇ ਆਖਿਆ ਕਿ ਅਸਾਂ ਹੀ ਕਾਹਨੂੰਵਾਨ ਦੇ ਛੰਭ ਦੇ ਇਕ ਜਾਨਵਰ ਨੂੰ ਪਾਤਸ਼ਾਹ ਬਣਾਇਆ ਹੈ, ਨਹੀਂ ਤਾਂ ਉਹ ਹੈ ਕੀ ਸੀ। ਸੋ ਉਹ ਲੁੱਟ-ਮਾਰ ਤੋਂ ਨਾ ਟਲੇ, ਸਗੋਂ ਏਕਾ ਕਰ ਕੇ ਵਧੇਰੇ ਫਸਾਦ ਕਰਨ ਲੱਗ ਪਏ ਅਤੇ ਆਪਣੀਆਂ ਤਨਖ਼ਾਹਾਂ ਧੱਕੇ ਨਾਲ ਵਧੇਰੇ ਵਧੇਰੇ ਲੈਣ ਲੱਗ ਪਏ ਅਤੇ ਕੁਝ ਕੁ ਮੁਸੱਦੀਆਂ ਨੂੰ ਮਾਰ ਵੀ ਦਿੱਤਾ।"

"ਗੱਲ ਕੀ, ਫੌਜ ਦਾ ਕੋਈ ਵੀ ਆਦਮੀ ਸ਼ੇਰ ਸਿੰਘ ਦਾ ਹੁਕਮ ਨਹੀਂ ਮੰਨਦਾ

---

*੧ ਰਸਾਲਾ ਫੁਲਵਾੜੀ ਇਤਿਹਾਸ ਨੰਬਰ, ਪੰਨਾ ੧੩੯।*

 www.sikhbookclub.com

ਅਤੇ ਨਾ ਹੀ ਨੌਕਰੀ ਪਰੇਟ ਦੇਂਦਾ ਹੈ। ਜਦੋਂ ਜੀ ਕਰਦਾ ਹੈ ਇਕੱਠੇ ਹੋ ਕੇ ਆ ਕੇ ਆਪਣੀ ਤਲਬ ਮੰਗਣ ਲੱਗ ਪੈਂਦੇ ਹਨ ਅਤੇ ਕਹਿੰਦੇ ਹਨ ਕਿ ਰਾਜਾ ਧਿਆਨ ਸਿੰਘ ਨੂੰ ਸਾਡੇ ਹਵਾਲੇ ਕਰ ਦੇਵੋ, ਤਾਂ ਜੁ ਅਸੀਂ ਇਸ ਪਾਸੋਂ ਆਪਣੇ ਬਦਲੇ ਲੈ ਲਈਏ ਅਤੇ ਰਾਜਾ ਧਿਆਨ ਸਿੰਘ ਡਰਦਾ ਮਾਰਿਆ ਆਪਣੀ ਹਵੇਲੀ ਤੋਂ ਬਾਹਰ ਨਹੀਂ ਨਿਕਲਦਾ, ਪਰ ਮੁਸਲਮਾਨਾਂ ਦੀ ਫੌਜ ਅਤੇ ਤੋਪਖਾਨੇ ਦੇ ਗੋਲੰਦਾਜ਼ ਦੇ ਕੁਮੇਦਾਨ ਉਸੇ ਤਰ੍ਹਾਂ ਸ਼ੇਰ ਸਿੰਘ ਦਾ ਹੁਕਮ ਮੰਨਦੇ ਹਨ, ਜੀਕੂੰ ਉਹ 'ਸਰਕਾਰ' ਦੇ ਸਮੇਂ ਮੰਨਿਆ ਕਰਦੇ ਸਨ।"

"ਹੋਰ ਹਾਲ ਇਹ ਹੈ ਕਿ ਦੀਵਾਨ ਸਾਵਨ ਮੱਲ ਪਾਸ ਮੁੱਢ ਤੋਂ ਪੰਜ ਪਲਟਨਾਂ ਸਨ। ਜਦ ਉਨ੍ਹਾਂ ਨੇ ਲਾਹੌਰ ਦੀਆਂ ਪਲਟਣਾਂ ਦਾ ਸ਼ੋਰ-ਸ਼ਰਾਬਾ ਸੁਣਿਆ, ਤਾਂ ਉਹ ਵੀ ਵਿਗੜ ਬੈਠੇ ਤੇ ਫਸਾਦ ਕਰਨ ਲੱਗ ਪਏ। ਦੀਵਾਨ ਪਾਸ ਆ ਕੇ ਧੱਕੇ ਨਾਲ ਆਪਣੀਆਂ ਤਲਬਾਂ ਮੰਗਣ ਲੱਗੇ। ਦੀਵਾਨ ਨੇ ਜਦ ਵੇਖਿਆ ਕਿ ਇਨ੍ਹਾਂ ਦੀਆਂ ਅੱਖਾਂ ਫਿਰੀਆਂ ਹੋਈਆਂ ਹਨ ਤਾਂ ਉਸ ਨੇ ਨਰਮਾਈ ਫੜ ਲਈ ਅਤੇ ਉਸੇ ਵੇਲੇ ਪੰਜ ਲੱਖ ਰੁਪਿਆ ਮੰਗਵਾ ਕੇ ਉਨ੍ਹਾਂ ਦੇ ਸਾਹਮਣੇ ਢੇਰ ਕਰ ਦਿੱਤਾ ਅਤੇ ਆਖਿਆ ਕਿ ਤੁਸੀਂ ਮੇਰੇ ਪੁਰਾਣੇ ਨੌਕਰ ਹੋ ਤੇ ਕਈ ਵਾਰ ਮੇਰੇ ਵੱਡੇ ਵੱਡੇ ਕੰਮ ਕਰ ਚੁਕੇ ਹੋ, ਸੋ ਜਿਸ ਦੀ ਜਿਤਨੀ ਜਿਤਨੀ ਤਲਬ ਬਣਦੀ ਹੈ ਲੇਖਾ ਕਰਕੇ ਲੈ ਲਵੇ ਤੇ ਮੇਰੇ ਵੱਲੋਂ ਤੁਹਾਨੂੰ ਦੋ ਮਹੀਨਿਆਂ ਦੀ ਛੁੱਟੀ ਹੈ। ਹਰ ਕੋਈ ਆਪਣੀ ਆਪਣੀ ਬੰਦੂਕ ਤੇ ਤੋਸ਼ਦਾਨ ਤੋਸ਼ਖਾਨੇ ਵਿਚ ਰਖਦਾ ਜਾਵੇ ਤੇ ਇਥੋਂ ਆਪਣੀ ਰਕਮ ਲੈ ਕੇ ਅਨੰਦ ਨਾਲ ਆਪੋ ਆਪਣੇ ਘਰ ਨੂੰ ਚਲਾ ਜਾਵੇ ਦੋ ਦੋ ਮਹੀਨੇ ਕੱਟ ਕੇ ਫੇਰ ਆ ਜਾਵੇ। ਇਸ ਗੱਲ ਨੂੰ ਸਭ ਨੇ ਮੰਨ ਲਿਆ ਤੇ ਆਪਣੀਆਂ ਤਲਬਾਂ ਲੈ ਕੇ ਘਰਾਂ ਨੂੰ ਤੁਰ ਪਏ।"

"ਫਿਰ ਦੀਵਾਨ ਨੇ ਝੱਟ ਪੱਟ ਆਪਣੇ ਮੁਸੱਦੀ ਸੱਦੇ ਤੇ ਇਲਾਕੇ ਦੇ ਜ਼ਿਮੀਦਾਰਾਂ ਦੇ ਨਾਮ ਹੁਕਮ ਲਿਖਵਾ ਘੱਲੇ ਕਿ ਸਾਡੀਆਂ ਪਲਟਣਾਂ ਦਾ ਜੋ ਆਦਮੀ ਤੁਸਾਨੂੰ ਟਕਰੇ, ਉਸ ਨੂੰ ਫੜ ਕੇ ਤੇ ਕੈਦ ਕਰਕੇ ਸਾਡੇ ਪਾਸ ਪੁਚਾ ਦੇਵੋ ਤੇ ਜੇ ਉਹ ਲੜਾਈ ਕਰੇ, ਤਾਂ ਬੇਸ਼ਕ ਜਾਨੋਂ ਮਾਰ ਦੇਵੋ, ਉਨ੍ਹਾਂ ਦਾ ਖੂਨ ਮਾਫ਼ ਹੈ। ਸੋ ਇਸ ਤਰ੍ਹਾਂ ਸਾਰੇ ਸਿਪਾਹੀ ਫੜੇ ਗਏ, ਤੇ ਦੀਵਾਨ ਸਾਵਨ ਮੱਲ ਨੇ ਉਨ੍ਹਾਂ ਦੀਆਂ ਤਲਬਾਂ ਦਾ ਕਾਗਜ਼ ਕਢਵਾਇਆ, ਤੇ ਅਸਾਮੀ ਵਾਰ ਹਰ ਇਕ ਨੂੰ ਜੋ ਜੋ ਰਕਮ ਦਿੱਤੀ ਸੀ; ਉਹ ਲੈ ਲਈ ਤੇ ਆਪਣੇ ਆਦਮੀਆਂ ਪਾਸੋਂ ਜੁੱਤੀਆਂ ਮਰਵਾ ਕੇ ਉਹਨਾਂ ਨੂੰ ਕੱਢ ਦਿੱਤਾ ਤੇ ਕਹਿਆ, ਕਿ ਉਹ ਲਾਹੌਰ ਵਾਲੇ ਹੀ ਉੱਲੂ ਸਨ, ਜਿਹਨਾਂ ਨੇ ਆਪਣੀ ਬੇ-ਇਜ਼ਤੀ ਵੀ ਕਰਵਾਈ ਤੇ ਪਰਜਾ ਵੀ ਲੁਟਵਾਈ ਹੈ ਤੇ ਫੇਰ ਇਹਨਾਂ ਦੀ ਥਾਂ ਮੁਸਲਮਾਨਾਂ, ਹਿੰਦੁਸਤਾਨੀਆਂ ਤੇ ਰੁਹੇਲਿਆਂ ਨੂੰ ਨੌਕਰ ਰੱਖ ਲਿਆ !"

"ਹੋਰ ਹਾਲ ਇਹ ਹੈ ਕਿ ਡੇਢ ਮਹੀਨਾ ਹੋਇਆ ਹੈ ਕਿ ਰਾਜਾ ਗੁਲਾਬ ਸਿੰਘ ਨੂੰ ਬਹੁਤ ਸਾਰਾ ਰੁਪਿਆ ਦੇ ਕੇ ਪਿਸ਼ੌਰ ਦੀ ਫੌਜ ਦੀ ਬਦਲੀ ਲਈ ਤੋਰਿਆ ਸੀ।

ਪਿਸ਼ੌਰ ਵਿਚ ਮੁੱਢ ਤੋਂ ਪੰਦਰਾਂ ਵੀਹ ਹਜ਼ਾਰ ਸਵਾਰ ਪਿਆਦੇ ਰਹਿੰਦੇ ਸਨ। ਰਾਜਾ ਗੁਲਾਬ ਸਿੰਘ ਲਾਹੌਰੋਂ ਤੁਰ ਕੇ ਸ਼ਾਹਦਰੇ ਗਿਆ ਅਤੇ ਆਪਣੀ ਸਾਰੀ ਫੌਜ ਤੇ ਖੰਾਰਾਂ ਤੋਪਾਂ ਸਣੇ, ਜੰਮੂ ਨੂੰ ਚਲਿਆ ਗਿਆ। ਰਾਜਾ ਸੁਚੇਤ ਸਿੰਘ ਪਹਿਲਾਂ ਤੋਂ ਹੀ ਜੰਮੂ ਬੈਠਾ ਸੀ। ਜੰਮੂ ਜਾ ਕੇ ਆਪਣੇ ਸਾਰੇ ਸਿੰਘ ਨੌਕਰਾਂ ਨੂੰ ਹਟਾ ਦਿੱਤਾ। ਲੱਗਪਗ ਚਾਲੀ ਹਜ਼ਾਰ ਪਹਾੜੀਏ, ਰੁਹੇਲੇ ਪਠਾਣ ਤੇ ਹਿੰਦੁਸਤਾਨੀ ਨੌਕਰ ਰੱਖ ਲਏ ਤੇ ਆਕੀ ਹੋ ਬੈਠਾ ਅਤੇ ਆਪਣੇ ਛੋਟੇ ਭਰਾ ਧਿਆਨ ਸਿੰਘ ਨੂੰ ਲਿਖਦਾ ਹੈ, ਕਿ ਮੇਰਾ ਪੁੱਤਰ ਊਧਮ ਸਿੰਘ ਜੋ ਕੰਵਰ ਨੌ-ਨਿਹਾਲ ਸਿੰਘ ਨਾਲ ਮਰਿਆ ਹੈ ਉਹ ਤੂੰ ਮਾਰਿਆ ਹੈ, ਇਸ ਦਾ ਬਦਲਾ ਮੈਂ ਤੈਥੋਂ ਲਵਾਂਗਾ। ਰਾਜਾ ਗੁਲਾਬ ਸਿੰਘ ਤਾਂ ਚੰਦ ਕੌਰ ਵੱਲ ਸੀ, ਰਾਜਾ ਧਿਆਨ ਸਿੰਘ ਸ਼ੇਰ ਸਿੰਘ ਵੱਲ ਹੈ। ਗੱਲ ਕੀ ਲਾਹੌਰ ਵਿਚ ਤੇ ਫੌਜ ਵਿਚ ਅਤੇ ਸਰਦਾਰਾਂ ਵਿਚ ਬੜਾ ਰੌਲਾ-ਗੌਲਾ ਹੈ ਤੇ ਪ੍ਰਬੰਧ ਕੋਈ ਨਹੀਂ, ਹਰ ਇਕ ਸਰਦਾਰ ਦੂਜੇ ਸਰਦਾਰ ਦੇ ਉਲਟ ਹੈ।"

"ਹੋਰ ਗੱਲ ਇਹ ਹੈ ਕਿ ਮੁੱਢ ਤੋਂ ਚਾਰ ਪਲਟਣਾਂ ਕੁਰਸ ਸਾਹਿਬ ਫਰੰਗੀ ਦੇ ਤਹਿਤ ਸਨ, ਪਲਟਣਾਂ ਨੇ ਸਾਹਿਬ ਨੂੰ ਬੇਇੱਜ਼ਤ ਕਰ ਕੇ ਆਪਣੇ ਡੇਰੇ ਵਿਚੋਂ ਕੱਢ ਦਿੱਤਾ, ਤੇ ਸਾਹਿਬ ਡਰਦਾ ਮਾਰਾ ਨੱਸ ਕੇ ਫੀਰੋਜ਼ਪੁਰ ਜਾ ਬੈਠਾ। ਕੁਝ ਦਿਨਾਂ ਮਗਰੋਂ ਸ਼ੇਰ ਸਿੰਘ ਨੇ ਦਿਲਾਸਾ ਦੇ ਕੇ ਕੁਰਸ ਸਾਹਿਬ ਨੂੰ ਮੰਗਵਾ ਲਿਆ, ਤੇ ਪਲਟਣਾਂ ਦੇ ਅਹੁਦੇਦਾਰਾਂ ਤੇ ਕੁਮੇਦਾਨਾਂ ਵੱਲ ਇਸ ਪ੍ਰਕਾਰ ਦਾ ਪਰਵਾਨਾ ਘੱਲਿਆ ਕਿ ਪਹਿਲਾਂ ਵਾਂਗ ਹੀ ਕੁਰਸ ਸਾਹਿਬ ਦੀ ਈਨ ਮੰਨੋ, ਜੇ ਨਾ ਮੰਨੋਗੇ ਤਾਂ ਤੁਹਾਡੇ ਲਈ ਚੰਗਾ ਨਹੀਂ ਹੋਵੇਗਾ। ਪਲਟਣਾਂ ਵਾਲਿਆਂ ਨੇ ਪਰਵਾਨਾ ਲਿਆਉਣ ਵਾਲੇ ਨੂੰ ਪਹਿਲਾਂ ਤਾਂ ਚੰਗਾ ਜੁਤਿਆਇਆ, ਫੇਰ ਉਸ ਦੀ ਦਾੜ੍ਹੀ ਤੇ ਸਿਰ ਮੁੰਨ ਕੇ ਤੇ ਮੂੰਹ ਕਾਲਾ ਕਰ ਕੇ ਖੋਤੇ ਉਤੇ ਚੜ੍ਹਾ ਕੇ ਆਪਣੇ ਡੇਰੇ ਵਿਚ ਫੇਰਿਆ। ਫੇਰ ਛੱਡ ਕੇ ਉਸ ਨੂੰ ਆਖਿਆ ਕਿ ਸ਼ੇਰ ਸਿੰਘ ਕੌਣ ਹੈ? ਅਸਾਂ ਫਰੰਗੀ ਦੀ ਤਾਬੇਦਾਰੀ ਨਹੀਂ ਕਰਨੀ।"

"ਹੋਰ ਹਾਲ ਇਹ ਹੈ ਕਿ ਵਿਸਾਖੀ ਦੇ ਇਸ਼ਨਾਨ ਲਈ ਸ਼ੇਰ ਸਿੰਘ ਅੰਮ੍ਰਿਤਸਰ ਨੂੰ ਜਾਣ ਲਈ ਤਿਆਰ ਹੋਇਆ ਸੀ। ਪਰ ਫੇਰ ਸੋਚ ਫੁਰੀ ਕਿ ਜਦ ਮੈਂ ਲਾਹੌਰੋਂ ਅੰਮ੍ਰਿਤਸਰ ਨੂੰ ਗਿਆ, ਪਿਛੋਂ ਫੌਜਾਂ ਬਲਵਾ ਕਰਕੇ ਕਿਤੇ ਲਾਹੌਰ ਉਤੇ ਹੀ ਕਬਜ਼ਾ ਨਾ ਕਰ ਲੈਣ, ਇਸ ਲਈ ਅੰਮ੍ਰਿਤਸਰ ਨੂੰ ਨਾ ਗਿਆ।"

"ਹੋਰ ਗੱਲ ਇਹ ਹੈ, ਕਿ ਖੜਕ ਸਿੰਘ ਦੇ ਸਮੇਂ ਚੇਤ ਸਿੰਘ ਨੇ ਇਕ ਕਾਗਜ਼ ਅੰਗਰੇਜ਼ਾਂ ਵੱਲ ਲਿਖਿਆ ਸੀ ਕਿ ਜਗੀਰਦਾਰਾਂ ਪਾਸ ਜਿਤਨਾ ਮੁਲਕ ਹੈ. ਉਹ ਸਾਨੂੰ ਛੁਡਵਾ ਦੇਵੇ ਤੇ ਛਿਆਨੀ ਸਾਥੋਂ ਲੈ ਲਵੇ। ਇਸ ਬਾਬਤ ਖੜਕ ਸਿੰਘ ਨੂੰ ਕੁਝ ਪਤ ਨਹੀਂ ਸੀ, ਪਰ ਕਾਗਜ਼ ਉਤੇ ਮੋਹਰ ਖੜਕ ਸਿੰਘ ਦੀ ਲਾ ਦਿੱਤੀ ਗਈ ਸੀ। ਇਸ ਗੱਲ ਕਰਕੇ ਰਾਜਾ ਧਿਆਨ ਸਿੰਘ ਤੇ ਕੰਵਰ ਨੌ-ਨਿਹਾਲ ਸਿੰਘ ਨੇ ਚੇਤ ਸਿੰਘ ਨੂੰ ਮਾਰ ਦਿੱਤਾ ਸੀ। ਜਦ ਖੜਕ ਸਿੰਘ ਤੇ ਕੰਵਰ ਨੌ-ਨਿਹਾਲ ਸਿੰਘ ਗੁਜ਼ਰ ਗਏ ਅਤੇ

ਸ਼ੇਰ ਸਿੰਘ ਅਜੇ ਲਾਹੌਰ ਨਹੀਂ ਆਇਆ ਸੀ ਕਿ ਇਕ ਕਾਗਜ਼ ਚੰਦ ਕੌਰ ਨੂੰ ਲੱਭ ਪਿਆ, ਇਸ ਨੇ ਸਲਾਹ ਕਰ ਕੇ ਇਹ ਕਾਗਜ਼ ਅਜੀਤ ਸਿੰਘ ਸੰਧਾਂਵਾਲੀਏ ਨੂੰ ਦੇ ਦਿੱਤਾ ਅਤੇ ਅਜੀਤ ਸਿੰਘ ਇਹ ਕਾਗਜ਼ ਲੈ ਕੇ ਅੰਗਰੇਜ਼ਾਂ ਪਾਸ ਗਿਆ ਤੇ ਗੱਲ-ਕੱਥ ਕੀਤੀ। ਇਸੇ ਕਾਗਜ਼ ਦੇ ਆਸਰੇ ਅੰਗਰੇਜ਼ਾਂ ਨੇ ਛਿਆਨੀ ਤੇ ਲੁਧਿਆਣੇ, ਫਲੌਰ, ਜਲੰਧਰ, ਕਪੂਰਥਲੇ, ਅੰਮ੍ਰਿਤਸਰ, ਵਜ਼ੀਰਾਬਾਦ ਤੇ ਗੁਜਰਾਤ ਥਾਣੀ ਕਾਬਲ ਦਾ ਰਾਹ ਮੰਗਿਆ ਸੀ, ਪਰ ਫੇਰ ਇਹ ਗੱਲ ਵਿਚੇ ਹੀ ਰਹਿ ਗਈ।"

"ਸੰਧਾਂਵਾਲੀਆ ਦਾ ਜਿਤਨਾ ਮੁਲਕ ਸੀ ਉਸ ਨੂੰ ਤੇ ਉਸ ਦੇ ਸਾਰੇ ਕਿਲ੍ਹਿਆਂ ਨੂੰ ਆਪਣੀ ਨਵੀਂ ਫੌਜ ਤੇ ਪੁਰਾਣੀ ਹੁਕਮ ਮੰਨਣ ਵਾਲੀ ਫੌਜ ਘੱਲ ਕੇ ਸਰ ਕਰ ਲਿਆ ਹੈ ਤੇ ਉਸ ਉਤੇ ਕਬਜ਼ਾ ਕਰ ਲਿਆ ਹੈ ਅਤੇ ਅਤਰ ਸਿੰਘ ਸੰਧਾਂਵਾਲੀਆ ਨੱਸ ਕੇ ਸਤਲੁਜੋਂ ਪਾਰ ਕਾਦੀਆਂ ਲਾਂਦੀਆਂ ਪਿੰਡ ਬੈਠਾ ਹੈ, ਜੋ ਲੁਧਿਆਣੇ ਦੇ ਪਾਸ ਹੈ ਅਤੇ ਅਤਰ ਸਿੰਘ ਦਾ ਛੋਟਾ ਭਰਾ ਲਹਿਣਾ ਸਿੰਘ ਸੰਧਾਂਵਾਲੀਆ ਤੇ ਉਸਦਾ ਲੜਕਾ ਜੋ ਕਮਲਾ ਗੜ੍ਹ ਵੱਲ ਗਏ ਹੋਏ ਸਨ, ਉਹ ਵੀ ਆਪਣੀ ਫੌਜ ਲੈ ਕੇ ਨੱਸ ਗਏ ਹੋਏ ਸਨ ਤੇ ਕੁੱਲੂ ਜਾ ਕੇ ਆਕੀ ਹੋ ਗਏ ਸਨ। ਪਰ ਸੌਹਾਂ-ਸੁਗੰਧਾਂ ਨਾਲ ਉਹ ਪਹਾੜੋਂ ਉਤਰ ਆਏ ਸਨ ਤੇ ਵਿਸਾਖ ਵਦੀ ਛੇ ਨੂੰ ਅੰਮ੍ਰਿਤਸਰ ਅੱਪੜ ਪਏ ਸਨ। ਸੱਤੇ ਨੂੰ ਉਥੋਂ ਲਾਹੌਰ ਵੱਲ ਤੁਰ ਪਏ ਸਨ। ਵੇਖੀਏ ਉਹਨਾਂ ਨਾਲ ਕੀ ਵਾਪਰਦੀ ਹੈ। ਸੰਧਾਂਵਾਲੀਆ ਪਾਸ ਛੇ ਲੱਖ ਰੁਪਏ ਦਾ ਇਲਾਕਾ ਸੀ। ਇਸ ਵਿਚੋਂ ਪੰਜ ਲੱਖ ਦਾ ਇਲਾਕਾ ਤਾਂ ਅਤਰ ਸਿੰਘ ਤੇ ਅਜੀਤ ਸਿੰਘ ਪਾਸ ਸੀ ਅਤੇ ਇਕ ਲੱਖ ਦਾ ਲਹਿਣਾ ਸਿੰਘ ਪਾਸ।"

"ਜਮਾਂਦਾਰ ਖੁਸ਼ਹਾਲ ਸਿੰਘ ਤੇ ਤੇਜਾ ਸਿੰਘ ਦਾ ਕੰਮ ਵੀ ਬੜਾ ਖਰਾਬ ਹੈ। ਸ਼ੇਰ ਸਿੰਘ ਨੇ ਉਹ ਦਾ ਸਾਰਾ ਮੁਲਕ ਤੇ ਫੌਜ ਅਤੇ ਰਹਿਣ ਦੀ ਹਵੇਲੀ ਵੀ ਖੋਹ ਲਈ ਹੈ। ਭਾਈ ਰਾਮ ਸਿੰਘ ਤੇ ਗੋਬਿੰਦ ਰਾਮ ਨੂੰ ਵੀ ਕੋਈ ਨਹੀਂ ਪੁੱਛਦਾ, ਕਿ ਤੁਸੀਂ ਕੌਣ ਹੋ, ਇਹਨਾਂ ਦਾ ਕੰਮ ਵੀ ਖਰਾਬ ਹੈ।"

"ਹੋਰ ਹਾਲ ਇਹ ਹੈ, ਕਿ ਮੇਰੇ ਲਾਹੌਰ ਆਉਣ ਤੋਂ ਕੁਝ ਦਿਨ ਪਹਿਲਾਂ ਸ਼ਾਹ ਜਮਾਨ ਪਾਤਸ਼ਾਹ ਕਾਬਲ ਵੱਲ ਨੂੰ ਤੁਰ ਗਿਆ ਹੈ, ਉਸ ਨਾਲ ਇਕ ਪਲਟਨ ਧੌਂਕਲ ਸਿੰਘ ਕੁਮੇਦਾਨ ਦੀ ਦੂਜੀ ਪਲਟਨ ਚੰਡਕਾ ਪ੍ਰਸਾਦਿ ਕੁਮੇਦਾਨ ਦੀ ਤੇ ਇਕ ਪਲਟਣ ਅੰਗਰੇਜ਼ਾਂ ਦੀ ਸੀ।"

 www.sikhbookclub.com

# ੩੦

## ਧੰਨਾ ਸਿੰਘ ਮੌੜ ਦੀ ਚਿੱਠੀ

*[ਇਹ ਚਿੱਠੀ ਧੰਨਾ ਸਿੰਘ ਮੌੜ ਦੀ ਲਿਖੀ ਹੋਈ ਹੈ। ਜੋ ਮਹਾਰਾਜਾ ਸ਼ੇਰ ਸਿੰਘ ਜੀ ਦੇ ਤਖ਼ਤ ਉਤੇ ਬੈਠਣ ਤੋਂ ਥੋਹੜਾ ਹੀ ਚਿਰ ਪਿੱਛੋਂ ਦੀ ਲਿਖੀ ਹੋਈ ਜਾਪਦੀ ਹੈ; ਲਿਖਣ ਦੀ ਤਰੀਕ ਇਸ ਉਤੇ ਕੋਈ ਨਹੀਂ। —ਕਰਮ ਸਿੰਘ ]*

"ਸਰਦਾਰ ਸ਼ੇਰ ਸਿੰਘ ਦੀ ਬਹੁਤ ਮਿਹਰਬਾਨਗੀ ਹੈ ਜੀ, ਸਤਾਰਾਂ ਸੈ ਦਾ ਸਿਰੋ-ਪਾਉ ਸਰਕਾਰ ਨੇ ਦੀਆ। ਹੋਰ ਜੀ ਬਧਣੀ ਦੇ ਤਲਕੇ ਬਾਰਾਂ ਪਿੰਡ ਇਸ ਗੁਲਾਮ ਨੂੰ ਦਿੱਤੇ ਸਰਕਾਰ ਨੇ। ਹੋਰ ਸੰਧਾਂਵਾਲੀਏ ਫੜੇ ਹੋਏ ਹਨ ਜੀ। ਹੋਰ ਭਾਈ ਰਾਮ ਸਿੰਘ, ਬਸਤੀ ਰਾਮ ਕਾ ਬੇਟਾ, ਨਜ਼ਰਬੰਦ ਫੜਿਆ ਹੋਇਆ ਹੈ ਜੀ। ਜਮਾਂਦਾਰ ਕੁਸਿਯਾਲ ਸਿੰਘ (ਖੁਸ਼ਹਾਲ ਸਿੰਘ) ਤੇਜਾ ਸਿੰਘ, ਨਜ਼ਰਬੰਦ ਫੜੇ ਹੋਏ ਹਨ ਜੀ। ਹੋਰ ਜੀ ਰਾਜਾ ਗੁਲਾਬ ਸਿੰਘ, ਰਾਜਾ ਸੁਚੇਤ ਸਿੰਘ, ਰਾਜਾ ਹੀਰਾ ਸਿੰਘ, ਰਾਜੇ ਧਿਆਨ ਸਿੰਘ ਕਾ ਬੇਟਾ ਤਿੰਨੋ ਕੈਦ ਹਨ ਜੀ। ਦੇਸਾ ਸਿੰਘ ਮਜੀਠੀਏ ਦਾ ਪੁੱਤ ਲਹਿਣਾ ਸਿੰਘ ਕੈਦ ਹੈ, ਇਸ ਦੇ ਬੇੜੀ ਪਈ ਹੈ ਜੀ। ਜੰਬੂਰਚੀਆਂ ਦੇ ਹਵਾਲੇ ਕਰ ਦਿੱਤਾ। ਏਨਾਂ ਕੀ ਗੁਲਾਮ ਅਰਜ਼ ਕਰਦਾ ਹੈ, ਸਰਕਾਰ ਮੰਨਦੀ ਨਹੀਂ।"

 www.sikhbookclub.com

# ੩੧

## ਲਾਹੌਰ ਦਰਬਾਰ ਦੀਆਂ ਖ਼ਬਰਾਂ[2]

*[ਵਿੰਤੂਰਾ ਸਾਹਿਬ ਨੇ ਲਾਹੌਰ ਦਰਬਾਰ ਦੀਆਂ ਖ਼ਬਰਾਂ ਲਈ ਜਵਾਲਾ ਨਾਥ ਨੂੰ ਨੌਕਰ ਰੱਖਿਆ ਹੋਇਆ ਸੀ। ਇਹ ਰੋਜ਼ ਦੀਆਂ ਖ਼ਬਰਾਂ ਲਿਖ ਘੱਲਿਆ ਕਰਦਾ ਸੀ। ਇਸ ਨੇ ਵਸਾਖ ਵਦੀ ੧੫ ਤੋਂ ਵਸਾਖ ਸੁਦੀ ੯ ਤੀਕ ਦਸਾਂ ਦਿਨਾਂ ਦੇ ਜੋ ਸਮਾਚਾਰ ਲਿਖੇ ਸਨ, ਉਨ੍ਹਾਂ ਦਾ ਸੰਖੇਪ ਹੇਠਾਂ ਦਿੱਤਾ ਜਾਂਦਾ ਹੈ। – ਕਰਮ ਸਿੰਘ ]*

ਵਸਾਖ ਸੁਦੀ ੧੫ ਤੋਂ ਵਸਾਖ ਸੁਦੀ ੩ ਤੀਕ। ਸਰਦਾਰ ਗੰਡਾ ਸਿੰਘ ਨੂੰ ਇਕ ਹਾਥੀ ਬਖਸ਼ਿਆ। ਲੱਧਾ ਸਿੰਘ ਦੇ ਨਾਮ ਹੁਕਮ ਹੋਇਆ ਕਿ ਇਕ ਤੋਪ ਮਿਸਰ ਬੇਲੀ ਰਾਮ ਦੇ ਆਦਮੀਆਂ ਨੂੰ ਦੇ ਦਿੱਤੀ ਜਾਵੇ। ਸਰਕਾਰ ਜਵਾਲਾ ਸਿੰਘ ਮਹਿਰੇ ਦੀ ਅਰਜ਼ੀ ਆਈ ਕਿ ਹਜ਼ੂਰ ਦੇ ਪ੍ਰਤਾਪ ਨਾਲ ਬਹਿਰਾਮ ਪੁਰ ਦਾ ਕਿਲ੍ਹਾ ਸੰਧਾਂਵਾਲੀਏ ਦੇ ਆਦਮੀਆਂ ਪਾਸੋਂ ਖਾਲੀ ਕਰਵਾ ਲਿਆ ਹੈ। ਜਰਨੈਲ ਬਹਾਦਰ ਕੁਰਟ ਸਾਹਿਬ ਸਰਦਾਰ ਗੰਡਾ ਸਿੰਘ ਦੀ ਮਾਰਫਤ ਗੱਲ-ਬਾਤ ਕਰ ਕੇ ਇਕ ਘੜੀ ਦਰਬਾਰ ਵਿਚ ਹਾਜ਼ਰ ਹੋਇਆ ਤੇ ਫੇਰ ਫੀਰੋਜ਼ਪੁਰ ਨੂੰ ਚਲਿਆ ਗਿਆ। ਸਰਦਾਰ ਕਿਸ਼ਨ ਸਿੰਘ ਤੇ ਸਰਦਾਰ ਸੱਦਾ ਸਿੰਘ ਨੂੰ ਹੁਕਮ ਹੋਇਆ ਕਿ ਸਰਦਾਰ ਫਤਹਿ ਸਿੰਘ ਮਾਨ ਦੇ ਨਾਲ ਬੰਨੂੰ ਟਾਂਕ ਨੂੰ ਜਾਣ। ਧੌਂਕਲ ਸਿੰਘ ਦੀ ਪਲਟਨ ਨੂੰ ਹੁਕਮ ਹੋਇਆ ਸੀ ਕਿ ਟਾਂਕ ਨੂੰ ਜਾਵੇ। ਉਨ੍ਹਾਂ ਉੱਤਰ ਦਿੱਤਾ ਕਿ ਚਾਰ ਮਹੀਨਿਆਂ ਦੀ ਤਲਬ ਇਥੇ ਦੇ ਦੇਵੋ ਤੇ ਚਾਰ ਮਹੀਨਿਆਂ ਦੀ ਤਲਬ ਦਾ ਰੁਪਿਆ ਪੇਟੀਆਂ ਵਿਚ ਸਾਡੇ ਨਾਲ ਕਰ ਦੇਵੋ, ਤਦ ਅਸੀਂ ਤੁਰਦੇ ਹਾਂ। ਜਮਾਂਦਾਰ ਖੁਸ਼ਹਾਲ ਸਿੰਘ ਨੇ ਰਾਣੀ ਗਿਲਵਾਲਨ ਦੀ ਬੰਦ-ਖਲਾਸੀ ਲਈ ਅਰਜ਼ ਕੀਤੀ। ਹੁਕਮ ਹੋਇਆ ਕਿ ਖਲਾਸੀ ਬਾਬਤ ਮਾਈ ਦਾਸੀ ਪਾਸੋਂ ਪੁੱਛਿਆ ਜਾਵੇ। ਸ਼ੇਖ ਅਮਾਮ ਦੀਨ ਜੋ ਅੱਜ ਕਲ੍ਹ ਲੱਗਪਗ ਕਰੋੜ ਰੁਪਏ ਦੇ ਪਰਗਣਿਆਂ ਦਾ ਆਮਲ ਹੈ, ਉਸ ਦੇ ਨਾਮ ਹੁਕਮ ਹੋਇਆ ਕਿ ਫੌਜ ਦੇ ਖ਼ਰਚ ਲਈ ਪੰਝੀ ਹਜ਼ਾਰ ਰੁਪਿਆ ਘੱਲੇ। ਸ਼ਾਹ ਸ਼ੁਜਾਅ ਦੇ ਕਬੀਲੇ ਜੋਗੀਆਂ ਪਿੰਡ ਅੱਪੜ ਪਏ ਹਨ। ਚਾਰ ਹਜ਼ਾਰ ਊਠ ਤੇ ਅੱਸੀ ਪੀਨਸਾ ਜਮਾਨ ਸ਼ਾਹ ਨਾਲ ਹਨ। ਜਵਾਹਰ ਸਿੰਘ ਬਸਤਣੀ ਨੇ ਆ ਕੇ ਅਰਜ਼ੀ ਕੀਤੀ ਕਿ

*੨ ਇਤਿਹਾਸ ਨੰਬਰ, ਪੰਨਾ ੨੪੩।*


www.sikhbookclub.com

ਬਾਰਕਜ਼ਈ ਪਠਾਣਾਂ ਦੇ ਕਬੀਲੇ ਮਾਹਦ ਲੋਹ ਉਤਾਰ ਕੇ ਆਇਆ ਹਾਂ। ਸਰਦਾਰ ਨਿਹਾਲ ਸਿੰਘ ਆਹਲੂਵਾਲੀਏ ਦੇ ਨਾਮ ਹੁਕਮ ਹੋਇਆ ਕਿ ਚਾਰ ਤੋਪਾਂ ਤੇ ਇਕ ਗੁਬਾਰਾ ਦੁਆਬੇ ਦੇ ਕਾਰਦਾਰ ਸ਼ੇਖ ਨੂਰ ਅਹਿਮਦ ਵੱਲ ਘਲਾ ਦਿੱਤਾ ਜਾਵੇ, ਕਿ ਉਹ ਦੁਆਬੇ ਵਿਚਲੇ ਸੰਧਾਂਵਾਲੀਏ ਸਰਦਾਰਾਂ ਦੇ ਇਲਾਕੇ ਨੂੰ ਸਰ ਕਰ ਲਵੇ।

ਵਸਾਖ ਸੁਦੀ ੪ ਤੋਂ ਵਸਾਖ ਸੁਦੀ ੯ ਤੀਕ ਸਵੇਰੇ ਸੈਰ ਨੂੰ ਜਾਂਦਿਆਂ ਦੋ ਨਫਰਾਂ ਪਾਸ ਕਾਰਬੀਨਾਂ ਵੇਖੀਆਂ ਤੇ ਪਸੰਦ ਕੀਤੀਆਂ। ਰਾਜਾ ਸਾਹਿਬ ਨੇ ਬੇਨਤੀ ਕੀਤੀ ਕਿ ਐਸੀਆਂ ੩੧ ਕਾਰਬੀਨਾਂ ਰਾਜਾ ਗੁਲਾਬ ਸਿੰਘ ਪਾਸ ਹਨ; ਜੇ ਹੁਕਮ ਹੋਵੇ ਤਾਂ ਮੰਗਾਵਾ ਲਈਏ। ਹੁਕਮ ਹੋਇਆ ਕਿ ਜੇ ਅਜਿਹੀਆਂ ਹੀ ਹੋਣ ਤਾਂ ਪਲੰਘ ਦੇ ਪਹਿਰੇ ਲਈ ਚਾਹੀਦੀਆਂ ਹਨ। ਕੁਰਟ ਸਾਹਿਬ ਦੀਆਂ ਪਲਟਣਾਂ ਦੀ ਕਵੈਦ ਵੇਖੀ ਤੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਪਿੱਛੇ ਦੀ ਪਿੱਛੇ ਨਾਲ ਗਈ; ਅੱਗੇ ਨੂੰ ਜੋ ਹੁਕਮ ਨਾ ਮੰਨੂ, ਉਹ ਖਤਾ ਖਾਊ। ਜੋ ਰੁਪਏ ਅਫਸਰਾਂ ਪਾਸੋਂ ਤੁਸਾਂ ਜ਼ੋਰੋ ਜ਼ੋਰੀ ਖੋਹੇ ਹੋਏ ਹਨ, ਉਹ ਮੋੜ ਦੇਵੋ ਤੇ ਅੱਗੇ ਨੂੰ ਉਨ੍ਹਾਂ ਨੂੰ ਹੀ ਆਪਣੇ ਅਫਸਰ ਬਣਾਵੋ। ਬਹੁਤ ਕੁਝ ਸਮਝਾਉਣ ਬੁਝਾਉਣ ਮਗਰੋਂ ਸਿਪਾਹੀ ਸਿੱਧੇ ਹੋਏ ਅਤੇ ਅੱਠ ਸੌ ਰੁਪਿਆ ਜੋ ਅਫਸਰਾਂ ਪਾਸੋਂ ਲਿਆ ਸੀ, ਉਹ ਲਿਆ ਦਿੱਤਾ ਤੇ ਜਿਸ ਜਿਸ ਪਾਸੋਂ ਜਿਤਨੇ ਜਿਤਨੇ ਰੁਪਏ ਲਏ ਸਨ, ਉਨ੍ਹਾਂ ਨੂੰ ਮੋੜ ਦਿੱਤੇ। ਫੇਰ ਪੰਜ ਸੌ ਰੁਪਿਆ ਸਿਪਾਹੀਆਂ ਨੂੰ ਇਨਾਮ ਦਿੱਤਾ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਅੱਗੇ ਨੂੰ ਅਸੀਂ ਪਹਿਲਾਂ ਵਾਂਗ ਹੀ ਤਾਬੇਦਾਰੀ ਕਰਾਂਗੇ।

ਜਰਨੈਲ ਕਾਹਨ ਸਿੰਘ ਮਾਨ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਰਤਨ ਸਿੰਘ ਮਾਨ ਦੀਆਂ ਪਲਟਣਾਂ ਜੋ ਕੁੱਲੂ ਵੱਲ ਸਨ, ਉਹ ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਤੇ ਕੇਹਰ ਸਿੰਘ ਸੰਧਾਂਵਾਲੀਏ ਨੂੰ ਲੈ ਕੇ ਇਧਰ ਨੂੰ ਆਈਆਂ ਹਨ। ਇਹ ਪਰਵਾਨਾ ਅੱਪੜਦਿਆਂ ਹੀ ਸ਼ਾਮ ਸਿੰਘ ਵਾਲੀ, ਜਮਾਂਦਾਰ ਜੀ ਵਾਲੀ ਤੇ ਕਰਨੈਲ ਬਾਜਾ ਸਿੰਘ ਵਾਲੀ ਪਲਟਣ ਸਣੇ ਕੁਲੂ ਨੂੰ ਚਲੇ ਜਾਵੋ ਤੇ ਉਜਲ ਦੀਦਾਰ ਸਰਦਾਰ ਹੁਕਮ ਸਿੰਘ ਦੀ ਮਰਜ਼ੀ ਅਨੁਸਾਰ ਕੰਮ ਕਰੋ।

ਫਤੇ ਪਲਟਨ ਦੀ ਕਵੈਦ ਵੇਖੀ ਤੇ ਚਾਰ ਸੌ ਰੁਪਿਆ ਇਨਾਮ ਦਿੱਤਾ। ਰਾਜਾ ਗੁਲਾਬ ਸਿੰਘ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਇਕ ਮਹੀਨੇ ਲਈ ਕਹਿ ਕੇ ਗਏ ਸੀ ਪਰ ਦੋ ਮਹੀਨਿਆਂ ਤੋਂ ਵਧੇਰੇ ਹੋ ਗਿਆ, ਹਾਜ਼ਰ ਨਹੀਂ ਹੋਏ। ਮੰਡੀ, ਪਸ਼ੌਰ ਤੇ ਹਜ਼ਾਰੇ ਦੇ ਕੰਮ ਤੁਹਾਥੋਂ ਹੀ ਕਰਵਾਉਣੇ ਹਨ। ਲੂਣ ਮੰਡੀ ਦੀ ਆਮਦਨ ਦਾ ਸੱਤ ਲੱਖ ਦਾ ਤੁਹਾਡਾ ਇਕਰਾਰ ਹੈ, ਉਸ ਵਿਚੋਂ ਇਕ ਲੱਖ ਹੀ ਆਇਆ ਹੈ, ਬਾਕੀ ਰਕਮ ਛੇਤੀ ਪੁਚਾਵੋ ਤੇ ਛੇਤੀ ਹਾਜ਼ਰ ਹੋਵੋ।

ਅਮੀਰ ਸਿੰਘ ਮਾਨ ਦੀ ਜਗੀਰ ਮਿਸਰ ਲਾਲ ਸਿੰਘ ਦੇ ਸਪੁਰਦ ਕੀਤੀ ਗਈ। ਸੁਲਤਾਨ ਮਹਿਮੂਦ ਦੇ ਪੁੱਤਰ ਪਾਸੋਂ ਠੀਕ ਪਰੇਟ ਨਹੀਂ ਹੋਈ ਸੀ, ਉਸ ਨੂੰ

ਦਲੇਲ ਦਾ ਹੁਕਮ ਹੋਇਆ। ਜਰਨੈਲ ਅਬੂਤਬੇਲਾ ਦੇ ਨਾਮ ਹੁਕਮ ਹੋਇਆ ਕਿ ਪਿਛਲੇ ਸਾਲਾਂ ਦਾ ਪਿਸ਼ਾਵਰ ਦਾ ਹਿਸਾਬ ਠੀਕ ਕਰਕੇ ਆਪਣੇ ਮੋਹਤਬਰ ਹੱਥ ਘੱਲ ਦੇਵੋ। ਦੀਵਾਨ ਸਾਵਨ ਮੱਲ ਦੇ ਨਾਮ ਪਰਵਾਨਾ ਗਿਆ ਕਿ ਵੁਹ ਮੁਲਤਾਨ ਦਾ ਹਿਸਾਬ ਠੀਕ ਕਰ ਕੇ ਮਤਾ ਦੇਵੇ। ਜਰਨੈਲ ਮੀਹਾਂ ਸਿੰਘ ਦੇ ਨਾਮ ਹੁਕਮ ਹੋਇਆ ਕਿ ਆਪਣੀ ਥਾਂ ਕਸ਼ਮੀਰ ਵਿਚ ਆਪਣੇ ਲੜਕੇ ਨੂੰ ਛੱਡ ਕੇ ਕਸ਼ਮੀਰ ਦਾ ਸਾਰਾ ਹਿਸਾਬ ਤਿਆਰ ਕਰ ਕੇ ਛੇਤੀ ਹਾਜ਼ਰ ਹੋਵੇ ਤੇ ਪੰਡਤ ਗਣੇਸ਼ ਦਾਸ ਨੂੰ ਆਪਣੇ ਤੋਂ ਪਹਿਲਾਂ ਘੱਲ ਦੇਵੇ। ਸ਼ੇਖ ਅਮਾਮਦੀਨ ਦੇ ਨਾਮ ਹੁਕਮ ਹੋਇਆ ਕਿ ਆਪਣੇ ਇਲਾਕੇ ਦਾ ਹਿਸਾਬ ਸ਼ੇਖ ਗੁਲਾਮ ਮੁਹੀਯੁੱਦੀਨ ਹੱਥ ਛੇਤੀ ਘੱਲੋ। ਏਸੇ ਤਰ੍ਹਾਂ ਰਾਜਾ ਗੁਲਾਬ ਸਿੰਘ ਦੇ ਨਾਮ ਤੇ ਸਰਦਾਰ ਲਹਿਣਾ ਸਿੰਘ ਮਜੀਠੀਏ ਦੇ ਨਾਮ ਹੁਕਮ ਹੋਇਆ ਕਿ ਆਪਣੇ ਆਪਣੇ ਇਲਾਕੇ ਦਾ ਹਿਸਾਬ ਛੇਤੀ ਘੱਲੋ।

ਰਾਜਾ ਹੀਰਾ ਸਿੰਘ ਨੂੰ ਰਾਜਾ ਸਾਂਹਸੀ ਗਿਰਦਿਓਂ ਸੰਧਾਂਵਾਲੀਆ ਦੇ ਇਲਾਕੇ ਵਿਚੋਂ ਇੱਕੀ ਹਜ਼ਾਰ ਦੀ ਜਗੀਰ ਤੇ ਦੋ ਦੁਸ਼ਾਲੇ ਤ੍ਰੈ ਸੱਠ ਪਾਰਚੇ ਦਾ ਖ਼ਿਲਤ ਦਿੱਤਾ ਗਿਆ ਅਤੇ ਸਰਦਾਰ ਜਵਾਲਾ ਸਿੰਘ ਮਹਿਰੇ ਨੂੰ ਹੁਕਮ ਹੋਇਆ ਕਿ ਇੱਕੀ ਹਜ਼ਾਰ ਆਮਦਨੀ ਦੇ ਪਿੰਡ ਅੱਡ ਕਰ ਕੇ ਰਾਜਾ ਹੀਰਾ ਸਿੰਘ ਨੂੰ ਦਿਤੇ ਜਾਣ।

SIKHBOOKCLUB.COM

## ੩੨

# ਰਾਣੀ ਗਿਲਵਾਲਣ[੩]

*[ਇਹ ਇਕ ਪੁਰਾਣੀ ਲਿਖਤ ਹੈ, ਜੋ ਕਿਸੇ ਚਿੱਠੀ ਦਾ ਹਿੱਸਾ ਹੈ। ਤਰੀਕ ਕੋਈ ਨਹੀਂ। —ਕਰਮ ਸਿੰਘ ]*

ਕੰਵਰ ਨੌਂ-ਨਿਹਾਲ ਸਿੰਘ ਦੀ ਰਾਣੀ ਗਿਲਵਾਲਣ ਦੀ ਗੱਲ ਇਉਂ ਹੈ ਕਿ ਕੰਵਰ ਸਾਹਿਬ ਦੇ ਗੁਜ਼ਰਨ ਤੋਂ ਮਗਰੋਂ ਰਾਣੀ ਚੰਦ ਕੌਰ ਨੇ ਇਹ ਮਸ਼ਹੂਰ ਕਰ ਦਿੱਤਾ ਸੀ ਕਿ ਰਾਣੀ ਗਿਲਵਾਲਣ ਦੇ ਪੈਰ ਭਾਰੇ ਹਨ। ਜਦ ਸ਼ੇਰ ਸਿੰਘ ਜੀ ਨੇ ਇਹ ਗੱਲ ਸੁਣੀ ਤਾਂ ਉਸ ਨੂੰ 'ਦਾਸੀ' ਪਾਸ, ਬਹੁਤ ਪੁਰਾਣੀ ਸੇਵਕਾ ਹੈ, ਕੈਦ ਕਰ ਦਿੱਤਾ। ਕੋਈ ਤਾਂ ਕਹਿੰਦਾ ਹੈ ਕਿ ਹਮਲ ਗਿਰਵਾ ਦਿੱਤਾ ਤੇ ਕੋਈ ਕਹਿੰਦਾ ਕਿ ਕੁਝ ਸੀ ਹੀ ਨਹੀਂ। ਦਰਬਾਰ ਹੋਇਆ ਅਤੇ ਪੈਂਚ ਤੇ ਹੋਰ ਵੱਡੇ ਸਾਰੇ ਦਰਬਾਰ ਵਿਚ ਸੱਦੇ ਗਏ ਤੇ ਕੁਝ ਕਸ਼ਮੀਰਨਾਂ ਨੂੰ ਦਰਬਾਰ ਵਿਚ ਹਾਜ਼ਰ ਕੀਤਾ ਗਿਆ। ਉਨ੍ਹਾਂ ਨੇ ਭਰੇ ਦਰਬਾਰ ਵਿਚ ਦੱਸਿਆ ਕਿ ਸਾਨੂੰ ਰਾਣੀ ਚੰਦ ਕੌਰ ਨੇ ਰੁਪਏ ਤੇ ਜਗੀਰ ਦਾ ਲਾਲਚ ਦੇ ਕੇ ਆਪਣੇ ਪਾਸ ਰਖਿਆ ਹੋਇਆ ਸੀ ਕਿ ਜਿਸ ਵੇਲੇ ਸਾਡੇ ਵਿਚੋਂ ਕਿਸੇ ਨੂੰ ਪੁੱਤਰ ਹੋਵੇ, ਉਹ ਮਾਲਕ ਰਾਣੀ ਗਿਲਵਾਲਣ ਦੀ ਗੋਦੀ ਪਾ ਕੇ ਕਹਿ ਦਿੱਤਾ ਜਾਵੇ; ਕਿ ਇਹ ਰਾਣੀ ਗਿਲਵਾਲਣ ਦੇ ਹੋਇਆ ਹੈ। ਇਹ ਕਾਰਾ ਜਮਾਂਦਾਰ ਖੁਸ਼ਹਾਲ ਸਿੰਘ ਤੇ ਭਾਈ ਰਾਮ ਸਿੰਘ ਦਾ ਸੀ।

ਰਾਜਾ ਸ਼ੇਰ ਸਿੰਘ ਜੀ ਨੇ ਰਾਣੀ ਚੰਦ ਕੌਰ ਨੂੰ ਖਰਚਾਂ ਲਈ ਸੱਤ ਲੱਖ ਦੀ ਜਗੀਰ ਦਿੱਤੀ ਹੈ, ਅਤੇ ਸਿੰਘ ਸਾਹਿਬ ਖੜਕ ਸਿੰਘ ਜੀ ਦਾ ਜੋ ਚੌਦਾਂ ਲੱਖ ਦਾ ਇਲਾਕਾ ਆਪ ਦੇ ਸਾਲੇ ਸਰਦਾਰ ਮੰਗਲ ਸਿੰਘ ਦੇ ਸਪੁਰਦ ਸੀ, ਉਹ ਸ਼ੇਰ ਸਿੰਘ ਜੀ ਨੇ ਲੈ ਲਿਆ ਹੈ ਤੇ ਸਿਰਾਂ ਵਾਲੀ ਤੇ ਸਾਹੀ ਵਾਲ ਦੇ ਦੋ ਪਰਗਣੇ ਦੇ ਦਿਤੇ ਹਨ।

---

*੩ ਰਸਾਲਾ ਫੁਲਵਾੜੀ, ਇਤਿਹਾਸ ਨੰਬਰ ੨੪੭।*


www.sikhbookclub.com

# ੩੩

## ਲਾਹੌਰ ਦੇ ਹਾਲ੪

*[ਇਹ ਚਿੱਠੀ ਸੁਦਾਗਰ ਖਾਂ ਦੀ ਲਿਖੀ ਹੋਈ ਹੈ। ਲਿਖਣ ਦੀ ਤਰੀਕ ਵਸਾਖ ਸੁਦੀ ੧੦ ਹੈ। — ਕਰਮ ਸਿੰਘ ]*

"ਜਵਾਲਾ ਸਿੰਘ ਭੜਾਣੀਏ ਦੇ ਇਕ ਨੌਕਰ ਨੇ ਕਿਸੇ ਗੱਲੋਂ ਉਸ ਦੇ ਪੁੱਤਰ ਨਾਲ ਗੁੱਸੇ ਹੋ ਕੇ ਸਰਕਾਰੇ ਮੁਖ਼ਬਰੀ ਕੀਤੀ ਕਿ ਸਵੇਰ ਵੇਲੇ ਜਿਥੇ ਜਵਾਲਾ ਸਿੰਘ ਇਸ਼ਨਾਨ ਕੀਤਾ ਕਰਦਾ ਸੀ, ਉਥੇ ਚਾਰ ਲੱਖ ਰੁਪਿਆ ਦਬਿਆ ਹੋਇਆ ਹੈ, ਜੋ ਸੱਚਮੁੱਚ ਉਥੋਂ ਲੱਭ ਪਿਆ।"

"ਵਿਸਾਖ ਸੁਦੀ ਛੇ ਨੂੰ ਲਹਿਣਾ ਸਿੰਘ ਤੇ ਕਿਹਰ ਸਿੰਘ ਪੁੱਤਰ ਅਤਰ ਸਿੰਘ ਸੰਧਾਂਵਾਲੀਏ ਨੂੰ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ ਹੈ। ਸੱਤੇਂ ਨੂੰ ਤੀਜੇ ਪਹਿਰ ਸ਼ੇਰ ਸਿੰਘ ਦੀ ਤਿਆਰੀ ਹੋਈ ਸੀ ਕਿ ਘੋੜੇ ਤੇ ਬੱਘੀ ਦੀ ਸਵਾਰੀ ਅੰਮ੍ਰਿਤਸਰ ਵਟਾਲੇ ਦੇ ਰਾਹ ਦੀਨਾ ਨਗਰ ਨੂੰ ਜਾਈਏ। ਰਾਤ ਨੂੰ ਰਾਜਾ ਧਿਆਨ ਸਿੰਘ ਨੇ ਕਿਹਾ ਕਿ ਲਾਲ ਕਿਲ੍ਹੇ ਤੇ ਲਾਹੌਰ ਦੇ ਦਰਵਾਜ਼ਿਆਂ ਤੇ ਖਜ਼ਾਨਿਆਂ ਦੀ ਕੁੰਜੀਆਂ ਜਿਸ ਨੂੰ ਮਰਜ਼ੀ ਹੈ ਦੇ ਜਾਵੇ। ਫੌਜ ਸਿਰ-ਖ਼ੁਦ ਹੈ ਤੇ ਹਜ਼ੂਰ ਦਾ ਹੁਕਮ ਨਹੀਂ ਮੰਨਦੀ। ਐਵੇਂ ਜੁ ਲਾਹੌਰ ਹੱਥੋਂ ਗਵਾਉਣਾ ਹੈ, ਆਪ ਹੀ ਕਿਸੇ ਨੂੰ ਕਿਉਂ ਨਾ ਦੇ ਦਿੱਤਾ ਜਾਵੇ। ਸੋ ਇਸ ਕਰ ਕੇ ਦੀਨਾ ਨਗਰ ਜਾਣ ਦੀ ਸਲਾਹ ਰਹਿ ਗਈ।"

"ਕੁੱਝ ਲੱਖ ਰੁਪਿਆ ਪੇਟੀਆ ਵਿਚ ਬੰਦ ਕਰ ਕੇ ਤੇ ਗੱਡਿਆਂ ਉਤੇ ਲੱਦ ਕੇ ਪਸ਼ੌਰ ਦੀ ਫੌਜ ਦੀ ਤਨਖਾਹ ਲਈ ਘੱਲਿਆ ਸੀ। ਜਦ ਅਟਕ ਕੰਢੇ ਪੁੱਜੇ ਤਾਂ ਰਾਖੀ ਫੌਜ ਨੇ ਬੁਲਵਾ ਕਰ ਕੇ ਸਭ ਲੁੱਟ ਲਿਆ, ਪਰ ਅਜੇ ਤੀਕ ਆਪੋ ਵਿਚ ਵੰਡਿਆ ਨਹੀਂ, ਇਕੱਠਾ ਹੀ ਰੱਖਿਆ ਹੋਇਆ ਹੈ।"

"ਵਿਸਾਖ ਸੁਦੀ ਅਸ਼ਟਮੀ ਨੂੰ ਕਸ਼ਮੀਰੋਂ ਖ਼ਬਰ ਆਈ, ਕਿ ਕਸ਼ਮੀਰ ਦੇ ਸੂਬੇ ਜਰਨੈਲ ਮੀਹਾਂ ਸਿੰਘ ਨੂੰ ਫੌਜ ਨੇ ਬਲਵਾ ਕਰ ਕੇ ਮਾਰ ਦਿੱਤਾ ਹੈ ਅਤੇ ਉਸ ਦੇ ਪੁੱਤਰ ਨੂੰ ਕੈਦ ਕਰ ਕੇ ਲੋਕਾਂ ਨੂੰ ਲੁੱਟਣ ਲੱਗ ਪਏ ਹਨ। ਇਹ ਖ਼ਬਰ ਤੀਜੇ ਪਹਿਰ ਲਾਹੌਰ ਪੁੱਜੀ ਸੀ, ਇਸ ਲਈ ਨੌਮੀ ਦੇ ਦਿਨ ਸ਼ੇਖ ਗੁਲਾਮ ਮੁਹੀਯੁੱਦੀਨ ਹੁਸ਼ਿਆਰ

---

*੪ ਰਸਾਲਾ ਫੁਲਵਾੜੀ ਇਤਿਹਾਸ ਨੰਬਰ, ਸਫਾ ੨੪੬।*

 www.sikhbookclub.com

ਪੁਰੀਏ ਲਈ ਸੂਬੇਦਾਰੀ ਦਾ ਖਿਲਤ ਤਿਆਰ ਹੋ ਗਿਆ ਤੇ ਸ਼ੇਰ ਸਿੰਘ ਦਾ ਪੁੱਤਰ ਕੰਵਰ ਪਰਤਾਪ ਸਿੰਘ ਸਣੇ ਭਾਈ ਗੁਰਮੁਖ ਸਿੰਘ ਤੇ ਸ਼ੇਖ ਦੇ ਅੱਜ ਭਲਕ ਕਸ਼ਮੀਰ ਵੱਲ ਨੂੰ ਤੁਰ ਪੈਣਗੇ।"

"ਫੌਜ ਨਾਲ ਰਾਜਾ ਧਿਆਨ ਸਿੰਘ ਨੇ ਲੱਲੋ-ਪੱਤੋ ਕਰ ਕੇ ਗੰਢ-ਤ੍ਰੁੱਪ ਕਰ ਲਿਆ ਹੈ ਤੇ ਹੁਣ ਬਾਹਰ ਅੰਦਰ ਆਉਣ ਜਾਣ ਲੱਗ ਪਿਆ ਹੈ। ਜਮਾਂਦਾਰ ਦਾ ਕੰਮ ਵੀ ਕੁਝ ਅੱਗੇ ਨਾਲੋਂ ਚੰਗਾ ਹੋ ਗਿਆ ਹੈ। ਪਰ ਪ੍ਰਬੰਧ ਅਜੇ ਵੀ ਕੋਈ ਨਹੀਂ। ਲਾਹੌਰ ਦੇ ਲੋਕਾਂ ਨੂੰ ਅਜੇ ਵੀ ਡਰ ਹੈ ਕਿ ਕਿਤੇ ਫੌਜ ਫੇਰ ਨਾ ਲੁੱਟਣ ਲੱਗ ਪਏ। ਅੱਜ ਕਲ੍ਹ ਲਾਹੌਰ ਵਿਚ ਰਹਿਣਾ ਜਾਨ ਦਾ ਧੋਖਾ ਹੈ ਕਿਉਂਕਿ ਜੋ ਇਥੇ ਗਦਰ ਪਿਆ ਹੋਇਆ ਹੈ, ਜੇਕਰ ਕੋਈ ਕਿਸੇ ਨੂੰ ਮਾਰ ਦੇਵੇ ਤਾਂ ਕੋਈ ਨਹੀਂ ਪੁੱਛਦਾ।"

"ਕਸ਼ਮੀਰ ਵਿਚ ਮੀਆਂ ਸਿੰਘ ਨੂੰ ਮਾਰ ਕੇ ਫੌਜ ਲੋਕਾਂ ਨੂੰ ਲੁੱਟਣ ਲੱਗ ਪਈ ਸੀ। ਲੋਕਾਂ ਨੇ ਏਕਾ ਕਰ ਕੇ ਪੱਥਰਾਂ ਸੋਟੀਆਂ ਤੇ ਤਲਵਾਰਾਂ ਨਾਲ ਹੀ ਬਹੁਤ ਸਾਰੀ ਫੌਜ ਮਾਰ ਦਿਤੀ।"

"ਭਾਈ ਰਾਮ ਸਿੰਘ ਤੇ ਗੋਬਿੰਦ ਰਾਮ ਦੀ ਕਿਸੇ ਗੱਲੇ ਪੁੱਛ ਗਿੱਛ ਨਹੀਂ। ਪਰ ਜਦ ਉਹ ਦਰਬਾਰ ਵਿਚ ਜਾਂਦੇ ਹਨ ਤਾਂ ਅੱਗੇ ਵਾਂਗ ਹੀ ਉਹਨਾਂ ਨੂੰ ਕੁਰਸੀ ਮਿਲਦੀ ਹੈ। ਸਭ ਕੰਮਾਂ ਵਿਚ ਅਸਲ ਅਖ਼ਤਿਆਰ ਰਾਜਾ ਧਿਆਨ ਸਿੰਘ ਦਾ ਹੈ ਅਤੇ ਵੱਡਿਆਂ ਮੁਸਾਹਿਬਾਂ ਵਿਚੋਂ ਭਾਈ ਗੁਰਮੁਖ ਸਿੰਘ ਤੇ ਸਰਦਾਰ ਜਵਾਲਾ ਸਿੰਘ ਮਹਿਰਾ ਹਨ। ਇਹ ਜਵਾਲਾ ਸਿੰਘ ਸ਼ੇਰ ਸਿੰਘ ਦਾ ਪੁਰਾਣਾ ਮਾਤਬਰ ਹੈ ਤੇ ਇਸ ਵੇਲੇ ਚਾਰ-ਯਾਰੀ ਫੌਜ, ਜਿਸ ਵਿਚ ਪੰਜ ਹਜ਼ਾਰ ਸਵਾਰ ਹਨ, ਜਵਾਲਾ ਸਿੰਘ ਦੇ ਤਹਿਤ ਹੈ ਤੇ ਦਲ ਸਿੰਘ ਨਹੇਰਨੇ ਦਾ ਪੁੱਤਰ ਅਤਰ ਸਿੰਘ ਨਹੇਰਨਾ ਲਾਹੌਰ ਦਾ ਅਦਾਲਤੀ ਹੈ।"

"ਪਲਟਣਾਂ ਪਾਸ ਜਿਹੜੀਆਂ ਤੋਪਾਂ ਸਨ, ਪਲਟਣਾਂ ਦੇ ਫਸਾਦ ਕਰ ਕੇ ਰਾਜਾ ਧਿਆਨ ਸਿੰਘ ਨੇ ਇਹਨਾਂ ਸਾਰੀਆਂ ਨੂੰ ਇਕ ਥਾਂ ਜਮ੍ਹਾਂ ਕਰ ਦਿੱਤਾ ਹੈ।"

## ੩੪

# ਜਰਨੈਲ ਮੀਹਾਂ ਸਿੰਘ ਦਾ ਮਾਰਿਆ ਜਾਣਾ[੫]

*[ਹਰਸ਼ਰਨ ਦਾਸ ਅੰਗਰੇਜ਼ੀ ਨੌਕਰ ਸੀ, ਜੋ ਲਾਹੌਰ ਦਰਬਾਰ ਦੀਆਂ ਖ਼ਬਰਾਂ ਰੋਜ਼ ਦੇ ਰੋਜ਼ 'ਲੁਧਿਆਣੇ' ਨੂੰ ਘੱਲਿਆ ਕਰਦਾ ਸੀ। ਹੇਠਾਂ ਉਸ ਦੀਆਂ ਖ਼ਬਰਾਂ ਦਾ ਇਕ ਹਿੱਸਾ ਦਿੱਤਾ ਜਾਂਦਾ ਹੈ। ਇਹ ੨੮ ਅਪ੍ਰੈਲ ੧੮੪੧ ਈਸਵੀ ਦੀ ਅਖ਼ਬਾਰ ਵਿਚੋਂ ਹੈ। — ਕਰਮ ਸਿੰਘ ]*

"ਕਸ਼ਮੀਰੋਂ ਖ਼ਬਰ ਆਈ ਹੈ ਕਿ ਕਸ਼ਮੀਰ ਦੇ ਨਾਜ਼ਮ ਕਰਨੈਲ ਮੀਹਾਂ ਸਿੰਘ ਨੇ ਸਦਾ ਵਾਂਗ ੧੧ ਵੈਸਾਖ ਸੰਮਤ ੧੮੯੮ (੧੮੪੧ ਈਸਵੀ) ਨੂੰ ਸਵੇਰੇ ਪ੍ਰਸ਼ਾਦ ਛੱਡ ਕੇ ਜਦ ਦਰਬਾਰ ਕੀਤਾ ਅਤੇ ਸਦਾ ਵਾਂਗ ਚੌਧਰੀ ਤੇ ਜ਼ਿਮੀਂਦਾਰ ਹਾਜ਼ਰ ਹੋਏ ਤਾਂ ਸਿੱਖਾਂ ਦੀਆਂ ਦੋਵੇਂ ਪਲਟਣਾਂ ਕਚਹਿਰੀ ਵਿਚ ਆ ਵੜੀਆਂ ਅਤੇ ਕਿਹਾ ਕਿ ਸਾਡੀ ਤਲਬ ਤੇ ਇਨਾਮ ਦੇ ਦੇਵੋ ਅਤੇ ਲਾਹੌਰ ਦੀਆਂ ਫੌਜਾਂ ਵਾਂਗ ਸਾਡੀ ਤਨਖਾਹ ਵਧਾ ਦੇਵੋ। ਨਾਜ਼ਮ ਨੇ ਕਿਹਾ ਕਿ ਜੋ ਦਸਤੂਰ ਕਸ਼ਮੀਰ ਦਾ ਹੈ, ਉਹੋ ਹੀ ਮਿਲੇਗਾ। ਤੁਸਾਡਾ ਬਲਵਾ ਕਰਨਾ ਕਿਸੇ ਅਰਥ ਨਹੀਂ। ਸਿਪਾਹੀਆਂ ਨੇ ਉਸੇ ਵੇਲੇ ਨਾਜ਼ਮ ਨੂੰ ਫੜ ਲਿਆ ਤੇ ਤਲਵਾਰਾਂ ਬੰਦੂਕਾਂ ਦੀਆਂ ਹੁੱਜਾਂ ਮਾਰ ਮਾਰ ਕੇ ਜਾਨੋਂ ਮਾਰ ਦਿੱਤਾ।

ਜਰਨੈਲ ਦਾ ਪੁੱਤਰ ਸੰਤ ਸਿੰਘ ਨੱਸ ਗਿਆ ਤੇ ਹਰੀ ਪਰਬਤ ਦੇ ਕਿਲ੍ਹੇ ਵਿਚ ਜਾ ਕੇ ਲੁਕ ਗਿਆ।"

---

*੫ ਰਸਾਲਾ ਫੁਲਵਾੜੀ, ਇਤਿਹਾਸ ਨੰਬਰ, ਪੰਨਾ ੨੪੮।*


www.sikhbookclub.com

## ੩੫

# ਰੋਜ਼ਨਾਮਚਾ ਲਾਹੌਰ[੬]

*[ਇਹ ਪਤਾ ਨਹੀਂ ਕਿ ਇਹ ਖ਼ਬਰਾਂ ਕਿਸ ਦੀਆਂ ਲਿਖੀਆਂ ਹੋਈਆਂ ਹਨ, ਕੇਵਲ ਜ਼ਰੂਰੀ ਸਾਰ ਹੇਠਾਂ ਦਿੱਤਾ ਗਿਆ ਹੈ। —ਕਰਮ ਸਿੰਘ ]*

"ਵਿਸਾਖ ਸੁਦੀ ੧੧ ਸਰਦਾਰ ਫਤਹ ਸਿੰਘ ਮਾਨ ਨੂੰ ਪੰਜ ਸੈ ਸਵਾਰ ਦੇ ਕੇ ਫੀਰੋਜ਼ਪੁਰ ਵੱਲ ਜਾਣ ਲਈ ਹੁਕਮ ਹੋਇਆ ਕਿ ਅੰਗਰੇਜ਼ਾਂ ਦੇ ਦਸ ਲੱਖ ਰੁਪਏ ਨਕਦ ਤੇ ਗਿਆਰਾਂ ਲੱਖ ਰੁਪਏ ਦੀਆਂ ਹੁੰਡੀਆਂ ਨੂੰ ਫੀਰੋਜ਼ਪੁਰੋਂ ਪਸ਼ੌਰ ਪੁਚਾ ਦੇਵੇ। ਜਲੰਧਰ ਦੇ ਕਾਰਦਾਰ ਸ਼ੇਖ ਕਰੀਮ ਬਖਸ਼ ਦੀ ਅਰਜ਼ੀ ਸ਼ੇਖ ਗੁਲਾਮ ਮੁਹੀਯੱਦੀਨ ਦੀ ਮਾਰਫ਼ਤ ਆਈ ਕਿ ਨਕੋਦਰ ਦਾ ਕਿਲ੍ਹਾ ਬੜਾ ਤਕੜਾ ਸੀ, ਪਰ ਸਰਕਾਰ ਦੇ ਪਰਤਾਪ ਨਾਲ ਜਲੰਧਰੋਂ ਇਕ ਸੌ ਸਿਪਾਹੀ ਲਿਜਾ ਕੇ ਹੀ ਖਾਲੀ ਕਰਵਾ ਲਿਆ ਹੈ, ਇਹ ਸਰਦਾਰ ਅਤਰ ਸਿੰਘ ਸੰਧਾਂਵਾਲੀਏ ਪਾਸ ਸੀ। ਸੋ ਸਰਕਾਰ ਨੇ ਸ਼ੇਖ ਨੂੰ ਦੋ ਹਜ਼ਾਰ ਦੀ ਜਗੀਰ ਤੇ ਕਰਮ ਬਖਸ਼ ਨੂੰ ਪੰਜ ਸੌ ਰੁਪਏ ਦੀ ਜਗੀਰ ਦਿੱਤੀ ਅਤੇ ਸਿਪਾਹੀਆਂ ਨੂੰ ਇਕ ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ। ਰਾਣੀ ਚੰਦ ਕੌਰ ਦੀ ਜਗੀਰ ਜੋ ਲਗ-ਭਗ ਸੱਤ ਲੱਖ ਰੁਪਏ ਦੀ ਸੀ, ਪਹਿਲਾਂ ਵਾਂਗ ਉਸੇ ਪਾਸੇ ਰਹਿਣ ਦਿੱਤੀ ਗਈ।

ਵਿਸਾਖ ਸੁਦੀ ੧੨-ਪਸ਼ੌਰੋਂ ਖ਼ਬਰ ਆਈ ਕਿ ਉਥੋਂ ਦੀ ਫੌਜ ਨੇ ਲੋਕਾਂ ਦੀ ਫਸਲਵਾੜੀ ਦਾ ਛੇ ਹਜ਼ਾਰ ਰੁਪਏ ਦਾ ਨੁਕਸਾਨ ਕਰ ਦਿੱਤਾ। ਆਹਲੂਵਾਲੀਆ ਦੀ ਫੌਜ ਨੇ ਚਾਰ ਹਜ਼ਾਰ ਦਾ ਤੇ ਸਰਕਾਰੀ ਫੌਜ ਨੇ ਦੋ ਹਜ਼ਾਰ ਦਾ। ਹੁਕਮ ਹੋਇਆ ਕਿ ਸਰਕਾਰੀ ਫੌਜ ਵਾਲਾ ਹਿੱਸਾ ਸਰਕਾਰੀ ਪੇਟੀ ਵਿਚੋਂ ਦਿੱਤਾ ਜਾਵੇ ਅਤੇ ਆਹਲੂਵਾਲੀਆ ਦੀ ਫੌਜ ਵਾਲਾ ਹਿੱਸਾ ਸਰਕਾਰ ਆਪੇ ਉਹਨਾਂ ਪਾਸੋਂ ਸਮਝ ਲਊ। ਕੁੱਲੂ ਵਾਲੀਆਂ ਫੌਜਾਂ ਦਾ ਮੁਲਾਹਜਾ ਕੀਤਾ। ਫਤਹੇ ਸਿੰਘ ਮਾਨ ਦੇ ਨਾਲ ਸਵਾਰ ਨਹੀਂ ਜਾਂਦੇ ਸਨ, ਇਸ ਲਈ ਉਹ ਤੁਰ ਨਾ ਸਕਿਆ। ਹੁਕਮ ਹੋਇਆ ਕਿ ਫੀਰੋਜ਼ਪੁਰ ਨੂੰ ਤੁਰ ਪਵੇ। ਉਸ ਨੇ ਅਰਜ਼ ਕੀਤੀ ਕਿ ਸਵਾਰ ਤਾਂ ਮੇਰੇ ਨਾਲ ਜਾਂਦੇ ਨਹੀਂ। ਜਵਾਲਾ ਸਿੰਘ ਮਹਿਰੇ ਦੇ ਭਰਾ ਬੁਧ ਸਿੰਘ ਨੂੰ ਇਕ ਹਾਥੀ ਬਖਸ਼ਿਆ। ਕੇਹਰ ਸਿੰਘ ਦੀ ਮਾਈ ਅਰਥਾਤ ਸ੍ਰ: ਅਤਰ ਸਿੰਘ ਸੰਧਾਂਵਾਲੀਏ ਦੀ ਸਰਦਾਰਨੀ ਨੇ ਅਰਜ਼ ਕਰਵਾਈ ਕਿ ਮੇਰੇ ਪੁੱਤਰ ਨੂੰ ਆਪਣੇ ਭਰਾਵਾਂ ਵਾਂਗ ਸਮਝਣਾ। ਉੱਤਰ ਲਿਖਿਆ ਗਿਆ ਕਿ ਕੋਈ ਫਰਕ ਦੀ ਗੱਲ ਨਹੀਂ।

---

*੬ ਰਸਾਲਾ ਫੁਲਵਾੜੀ, ਇਤਿਹਾਸ ਨੰਬਰ, ਪੰਨਾ ੨੪੯।*

 www.sikhbookclub.com

ਸ਼ਕਰਗੜ੍ਹ ਦੇ ਕਿਲ੍ਹੇ ਵਿਚੋਂ, ਜੋ ਸੰਧਾਂਵਾਲੀਆ ਪਾਸ ਸੀ, ੪੫ ਘੋੜੀਆਂ, ੨੫ ਘੋੜੇ ਤੇ ੧੦੦ ਊਠ ਮਿਲੇ ਸਨ, ਸੋ ਉਹ ਹਾਜ਼ਰ ਕੀਤੇ ਗਏ। ਤੀਜੇ ਪਹਿਰ ਸਰਕਾਰ ਤੇ ਰਾਜਾ ਜੀ ਹਾਥੀ ਦੀ ਸਵਾਰੀ ਸ਼ਾਹ ਬਿਲਾਵਲ ਤੀਕ ਗਏ। ਰਾਜਾ ਜੀ ਨੇ ਬੰਦੂਕ ਚਲਾਈ। ਸੰਜੋਗ ਨਾਲ ਬੰਦੂਕ ਪਾਟ ਗਈ; ਤੇ ਕੰਕਰੀਆਂ ਰਾਜਾ ਜੀ ਦੇ ਹੱਥ ਵਿਚ ਵੜ ਗਈਆਂ; ਪਰ-ਸੁਖ ਰਹੀ। ਸਰਕਾਰ ਨੇ ਉਸੇ ਵੇਲੇ ਪੰਜ ਹਜ਼ਾਰ ਨਕਦ ਤੇ ਹੱਥੀਂ ਪਾਏ ਜੜਾਊ ਸੋਨੇ ਦੇ ਕੜਿਆਂ ਦਾ ਸਿਰ ਵਾਰਨਾ ਕਰ ਦਿੱਤਾ।

ਵਿਸਾਖ ਸੁਦੀ ੧੩-ਦੀਵਾਨ ਸਾਵਣ ਮੱਲ ਦੇ ਨਾਮ ਹੁਕਮ ਹੋਇਆ ਕਿ ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਦਾ, ਜੋ ਦੋ ਹਜ਼ਾਰ ਮਾਣੀ ਅਨਾਜ ਕਲੇਰ ਦੇ ਕਿਲ੍ਹੇ ਵਿਚ ਪਇਆ ਹੈ; ਉਸ ਨੂੰ ਵੇਚ ਦਿੱਤਾ ਜਾਵੇ (ਇਕ ਮਾਣੀ ਅਠਾਰਾਂ ਮਣਾਂ ਦੀ ਹੁੰਦੀ ਹੈ)। ਸਰਦਾਰ ਬੁੱਧ ਸਿੰਘ ਨੂੰ ਹੁਕਮ ਹੋਇਆ ਕਿ ਚਾਰ ਪਲਟਣਾਂ ਨਵੀਆਂ ਨੌਕਰ ਰਖੇ। ਦੋ ਲੱਖ ਰੁਪਿਆ ਤਲਬ ਤਾਰਨ ਲਈ ਦਿੱਤਾ ਗਿਆ ਕਿ ਕੰਵਰ ਪ੍ਰਤਾਪ ਸਿੰਘ ਦੀ ਪਲਟਣ ਦੀਆਂ ਦੋ ਕੰਪਨੀਆਂ ਦੀ ਤਲਬ ਤਾਰੀ ਜਾਵੇ। ਸਰਦਾਰ ਫਤੇ ਸਿੰਘ ਮਾਨ ਫੀਰੋਜ਼ਪੁਰ ਨੂੰ ਤੁਰ ਪਿਆ। ਦੀਵਾਨ ਅਜੁਧਿਆ ਪ੍ਰਸ਼ਾਦ ਹਾਜ਼ਰ ਹੋਇਆ ਤੇ ਨਜ਼ਰ ਪੇਸ਼ ਕੀਤੀ। ਭਾਈ ਰਾਮ ਸਿੰਘ ਤੇ ਹੋਰ ਸਰਦਾਰਾਂ ਨੇ ਸਿਰ ਵਾਰਨੇ ਪੇਸ਼ ਕੀਤੇ ਕਿ ਕਲ੍ਹ ਰਾਤੀਂ ਰਾਜਾ ਜੀ ਨਾਲ ਸੁਖ ਵਰਤੀ ਸੀ। ਫਿਰ ਭਾਈ ਸਾਹਿਬ ਰਾਮ ਸਿੰਘ ਤੇ ਗੁਰਮੁਖ ਸਿੰਘ ਸਰਦਾਰ ਦੇ ਕੰਨਾਂ ਵਿਚ ਕੁਝ ਗੱਲਾਂ ਕਰਦੇ ਰਹੇ। ਵੀਹ ਹਜ਼ਾਰ ਰੁਪਏ ਦਾ ਕਠੂਹੇ ਦਾ ਇਲਾਕਾ ਰਾਜਾ ਹੀਰਾ ਸਿੰਘ ਨੂੰ ਜਗੀਰ ਵਜੋਂ ਦਿੱਤਾ ਗਿਆ।

ਵਿਸਾਖ ਸੁਦੀ ੧੪- ਖ਼ਬਰ ਆਈ ਕਿ ਕੁੱਲੂ ਵਾਲੀਆਂ ਪਲਟਣਾਂ ਅੰਬ ਧਤੂਰੇ ਪਾਸ ਕਰ ਕੇ ਫਸਾਦ ਕਰਨ ਨੂੰ ਤਿਆਰ ਹਨ। ਉਸ ਵੇਲੇ ਪਰੇਟ ਦੇ ਮੈਦਾਨ ਵਿਚ ਤੋਪਾਂ ਲੈ ਗਏ ਕਿ ਫਸਾਦ ਨਾ ਹੋਣ ਦਿੱਤਾ ਜਾਵੇ। ਅੰਤ ਫਸਾਦ ਹਟਾ ਦਿੱਤਾ ਗਿਆ। ਤੀਜੇ ਪਹਿਰ ਦੋਸਤ ਮੁਹੰਮਦ ਖਾਂ ਦੇ ਭਾਈ ਸੁਲਤਾਨ ਮੁਹੰਮਦ ਖਾਂ ਨੇ ਸਭ ਘੋੜੇ ਸਰਦਾਰ ਦੇ ਪੇਸ਼ ਕੀਤੇ, ਜਿਹਨਾਂ ਵਿਚੋਂ ਦੋ ਬਹੁਤ ਹੀ ਸੋਹਣੇ ਤੇ ਚੰਗੇ ਸਨ। ਸਰਕਾਰ ਨੇ ਪ੍ਰਵਾਨ ਕਰ ਲਏ। ਫੇਰ ਸਰਦਾਰ ਲਹਿਣਾ ਸਿੰਘ ਤੇ ਕਿਹਰ ਸਿੰਘ ਸੰਧਾਂਵਾਲੀਏ ਹਾਜ਼ਰ ਹੋਏ। ਨਜ਼ਰ ਤੇ ਸਿਰਵਾਰਨੇ ਵਜੋਂ ਸੱਤ ਸੌ ਰੁਪਿਆ ਸਰਦਾਰ ਲਹਿਣਾ ਸਿੰਘ ਨੇ, ਸਵਾ ਸੌ ਰੁਪਿਆ ਕੇਹਰ ਸਿੰਘ ਨੇ ਤੇ ਇੱਕੀ ਰੁਪਏ ਵਜ਼ੀਰ ਸ਼ਾਮਾ ਤੇ ਹੋਰਨਾਂ ਨੇ ਪੇਸ਼ ਕੀਤੇ। ਸਰਦਾਰ ਲਹਿਣਾ ਸਿੰਘ ਪਾਸੋਂ ਸਰਕਾਰ ਨੇ ਪੁੱਛਿਆ ਕਿ ਸਵਾਰ ਤੇ ਸਿਪਾਹੀ ਕੀਕੂੰ ਮਾਰੇ ਗਏ। ਅਰਜ਼ ਕੀਤੀ ਕਿ ਬਰਫ ਪੈਣ ਕਰ ਕੇ ਮਾਰੇ ਗਏ।

ਵਿਸਾਖ ਸੁਦੀ ੧੫-ਫੌਜ-ਖ਼ਾਸ ਦੀਆਂ ਪਲਟਣਾਂ ਪਰੇਟ ਵਿਚ ਹਾਜ਼ਰ ਹੋਈਆਂ। ਕੁਵੈਦ ਵੇਖ ਕੇ ਤਿੰਨ ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ ਗਿਆ। ਫੇਰ ਲਾਲ ਕਿਲ੍ਹੇ ਵਿਚ ਆ ਕੇ ਧਰਮ ਕੋਟ ਦਾ ਹਿਸਾਬ ਸੁਣਿਆ ਤੇ ਇਲਾਕੇ ਕਸ਼ਮੀਰ ਦਾ ਮਾਹਵਾਰਾ ਪੇਸ਼ ਹੋਇਆ।

 www.sikhbookclub.com

## ੩੬

# ਲਾਹੌਰ ਦੀਆਂ ਖ਼ਬਰਾਂ[੧]

*[ਪਤਾ ਨਹੀਂ, ਇਹ ਖਬਰਾਂ ਕਿਸ ਦੀਆਂ ਲਿਖੀਆਂ ਹੋਈਆਂ ਹਨ। ਬਿਨਾਂ ਤਰੀਕ ਤੇ ਬਿਨਾਂ ਨਾਮ ਦੇ ਇਕ ਪੁਰਾਣੇ ਕਾਗਜ਼ 'ਤੇ ਸਨ। ਐਸਾ ਮਲੂਮ ਹੁੰਦਾ ਹੈ ਕਿ ਇਹ ਖ਼ਬਰਾਂ ਵਿਸਾਖ ਸੁਦੀ ੧੫ ਤੋਂ ਮਗਰੋਂ ਦੀਆਂ ਹੀ ਹਨ। ਇਹ ਕਈ ਦਿਨਾਂ ਦੀਆਂ ਖ਼ਬਰਾਂ ਇਕੋ ਥਾਂ ਕਰ ਦਿੱਤੀਆਂ ਜਾਪਦੀਆਂ ਹਨ। — ਕਰਮ ਸਿੰਘ ]*

ਸਰਕਾਰ ਸਵੇਰੇ ਉਠਦੇ ਹੀ ਸਵਾਰ ਹੋ ਗਏ, ਤੇ ਰਾਹ ਵਿਚ ਪਰੇਟ ਦੇ ਮੈਦਾਨ ਵਿਚ ਫਤਹਿ ਪਲਟਨ ਨੂੰ ਵੇਖਿਆ, ਫੇਰ ਰਵਾਂ ਰਵੀਂ ਸ਼ਾਲਾ ਬਾਗ ਚਲੇ ਗਏ। ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਅਰਜ਼ ਕੀਤੀ ਕਿ ਦਾਸ ਪਾਸ ਇਕ ਹੀ ਗੁਬਾਰਾ ਹੈ। ਸਰਕਾਰ ਮੁਲਾਹਜ਼ਾ ਕਰੇ। ਵੇਖ ਕੇ ਰੱਖ ਲਿਆ ਗਿਆ। ਸਰਕਾਰ, ਜਮਾਂਦਾਰ, ਤੇਜਾ ਸਿੰਘ ਤੇ ਸਰਦਾਰ ਲਹਿਣਾ ਸਿੰਘ ਮਜੀਠੀਆ ਇਕੋ ਹੀ ਹਾਥੀ 'ਤੇ ਸਵਾਰ ਬਦਾਨੇ ਦੇ ਦਰਖਤਾਂ ਹੇਠ ਖੜ੍ਹੋਤੇ ਸਨ ਤੇ ਸਰਕਾਰ ਆਪਣੇ ਹੱਥ ਨਾਲ ਬਦਾਨਾ ਤੋੜ ਤੋੜ ਖਾਂਦੇ ਸਨ। ਇਸ ਤੋਂ ਮਗਰੋਂ ਦਰਬਾਰ ਲੱਗਾ। ਜੇਹੜੇ ਬਾਗ ਖੂਹ ਤੇ ਬਟਾਲੇ ਵਾਲਾ ਬਾਗ, ਜਮਾਂਦਾਰ ਦੇ ਜ਼ਬਤ ਹੋਏ ਸਨ, ਉਹ ਮਾਫ ਕਰ ਦਿਤੇ ਗਏ ਤੇ ਸਰਕਾਰ ਨੇ ਇਹ ਹੀ ਫੁਰਮਾਇਆ ਕਿ ਜਮਾਂਦਾਰ ਜੀ ਹੌਲੀ ਹੌਲੀ ਆਪਣਾ ਇਲਾਕਾ ਛੁਡਾਈ ਜਾਂਦੇ ਹਨ। ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਇਕ ਚੰਮ ਦੀ ਤੋਪ ਜੋ ਬੜੀ ਹੀ ਅਜੀਬ ਸੀ, ਪੇਸ਼ ਕੀਤੀ। ਸਰਕਾਰ ਨੇ ਉਸ ਨੂੰ ਬਹੁਤ ਸਲਾਹਿਆ ਤੇ ਸਰਦਾਰ ਦੀ ਅਕਲ ਸਮਝ ਦੀ ਉਪਮਾ ਕੀਤੀ। ਤੀਜੇ ਪਹਿਰ ਕੁੱਲੂ ਵਾਲੀਆਂ ਪਲਟਣਾਂ ਵੇਖੀਆਂ ਤੇ ਹੁਕਮ ਦਿੱਤਾ ਕਿ ਕੁੱਲੂ ਜਾ ਕੇ ਥਾਣਾ ਪਾ ਲਵੋ, ਤੇ ਤਲਬ ਵਿਚ ਵਾਧਾ ਵੀ ਕਰ ਦਿੱਤਾ। ਫਿਰ ਪੂਨਣ ਪਲਟਣਾਂ ਹਾਜ਼ਰ ਹੋਈਆਂ, ਜਿਹਨਾਂ ਨੇ ਫੁਕਸ ਸਾਹਿਬ ਨੂੰ ਮਾਰਿਆ ਸੀ। ਸਰਕਾਰ ਨੇ ਕਹਿਆ ਕਿ ਜਿਸ ਜਿਸ ਨੇ ਸਾਹਿਬ ਨੂੰ ਮਾਰਿਆ ਸੀ, ਉਸ ਉਸ ਦਾ ਅੱਡੋ ਅੱਡ ਪਤਾ ਦੇਵੋ। ਉਹਨਾਂ ਉੱਤਰ ਦਿੱਤਾ ਕਿ ਰੌਲੇ ਰੌਲੇ ਵਿਚ ਕੀ ਪਤਾ ਲਗ ਸਕਦਾ ਹੈ ਕਿ ਮਾਰਨ ਵਾਲੇ ਕੌਣ ਕੌਣ ਸਨ। ਸੋ ਸਰਕਾਰ ਨੇ ਉਹਨਾਂ ਨੂੰ ਕੈਦ ਕਰ ਦਿੱਤਾ।

---

*੧ ਰਸਾਲਾ ਫੁਲਵਾੜੀ ਇਤਿਹਾਸ ਨੰਬਰ, ਸਫ਼ਾ ੨੫੧।*

ਰਜਬਣ ਫੌਜ ਭਾਟੀ ਦਰਵਾਜ਼ੇ ਵੱਲ, ਰਸਾਲਦਾਰ ਭਾਗ ਸਿੰਘ ਸੁਰ ਸਿੰਘੀਏ ਨੂੰ ਜ਼ੋਰੋ-ਜ਼ੋਰੀ ਵੱਢ ਗਈ ਸੀ। ਸਿਰ ਬਹੁਤ ਜ਼ਖ਼ਮੀ ਤੇ ਧੜ ਨਾਲੋਂ ਅੱਡ ਸੀ, ਢਿੱਡ ਵਿਚ ਕਾਰਬੀਨ ਦੀ ਗੋਲੀ ਵੱਜੀ ਹੋਈ ਸੀ। ਦੋਵੇਂ ਮੋਢੇ ਜ਼ਖ਼ਮੀ ਸਨ। ਸੱਜੇ ਹੱਥ ਦੀਆਂ ਉਂਗਲਾਂ ਤੇ ਖੱਬੀ ਵੀਣੀ ਵੱਢੀ ਹੋਈ ਸੀ। ਸਵਾਰਾਂ ਨੂੰ ਹੁਕਮ ਹੋਇਆ ਕਿ ਸਾਰੀ ਰਜਬਣ ਨੂੰ ਗ੍ਰਿਫਤਾਰ ਕਰ ਲਵੇ। ਰਤਨਾ ਪੰਡਤ ਤੇ ਨਰੈਣ ਦਾਸ ਕੁੱਲੂ ਵਾਲੀਆਂ ਪਲਟਣਾਂ ਨੂੰ ਸਮਝਾਉਣ ਲਈ ਘੱਲੇ ਗਏ ਸਨ। ਉਹਨਾਂ ਕਹਿਆ ਕਿ ਬੇਦਿਲ ਨੌਕਰ ਪਾਸੋਂ ਸੇਵਾ ਨਹੀਂ ਹੋ ਸਕਦੀ, ਜੋ ਕੋਈ ਓਧਰ ਜਾਣ ਨੂੰ ਰਾਜ਼ੀ ਹੋਵੇ, ਉਸ ਨੂੰ ਘੱਲਿਆ ਜਾਵੇ। ਰਾਮ ਸਿੰਘ ਸੰਗਤ ਪੁਰੀਏ, ਮੰਗਲ ਸਿੰਘ ਕੁਮੇਦਾਨ, ਕੇਸਰ ਸਿੰਘ ਨਕੈਈ, ਗੁਲਾਬ ਸਿੰਘ ਕੁਮੇਦਾਨ ਤੇ ਸੰਤ ਸਿੰਘ ਕੁਮੇਦਾਨ ਨੂੰ ਅੜਦਲੀ ਰਸਾਲੇ ਵਿਚ ਕੈਦ ਕੀਤਾ ਗਿਆ। ਭਾਵੇਂ ਇਨ੍ਹਾਂ ਦੀ ਤਕਸੀਰ ਕੋਈ ਨਹੀਂ ਸੀ, ਪਰ ਨੀਤੀ ਵਜੋਂ ਕੈਦ ਕਰ ਦਿੱਤੇ ਗਏ। ਸਾਹਿਬ ਸਿੰਘ ਰਸਾਲਦਾਰ, ਸੋਭਾ ਸਿੰਘ ਜਮਾਂਦਾਰ ਚੰਨੂ ਨਸ਼ਾਨਚੀ, ਮੰਗਤ ਸਿੰਘ ਨਸ਼ਾਨਚੀ ਮਨਿਹਾਲੀਆ ਤੇ ਧੰਨਾ ਸਿੰਘ ਜਮਾਂਦਾਰ ਨਕਈ ਵੀ ਤੋਪਖਾਨੇ ਵਿਚ ਕੈਦ ਕਰ ਦਿੱਤੇ ਗਏ।

ਸਰਕਾਰ ਦੀ ਤਿਆਰੀ ਅੰਮ੍ਰਿਤਸਰ ਜਾਣ ਦੀ ਸੀ। ਰਾਜਾ ਜੀ ਨੇ ਅਰਜ਼ ਕੀਤੀ ਕਿ ਸਰਕਾਰ ਅਜੇ ਕੁਝ ਕੁ ਦਿਨ ਲਾਹੌਰੋਂ ਬਾਹਰ ਨਾ ਜਾਣ। ਜਦ ਪ੍ਰਬੰਧ ਹੋ ਜਾਊ ਫੇਰ ਅੰਮ੍ਰਿਤਸਰ ਨੂੰ ਜਾਣਾ। ਸਰਕਾਰ ਨੇ ਮੰਨ ਲਿਆ। ਫੇਰ ਦੂਰਾਗੋਂ ਰਜਬਣ ਦੇ ਅਫਸਰਾਂ ਨੂੰ ਸੱਦਿਆ ਤੇ ਹੁਕਮ ਦਿੱਤਾ ਕਿ ਸਰਕਾਰ ਕਿਲ੍ਹੇ ਨੂੰ ਜਾਂਦੀ ਹੈ। ਤੁਸੀਂ ਵੀ ਓਥੇ ਆਓ, ਉਥੇ ਅਦਾਲਤ ਹੋਊ। ਸੁ ਸ਼ਾਮ ਵੇਲੇ ਕਿਲ੍ਹੇ ਪੁੱਜੇ ਤੇ ਪੁੱਛਿਆ ਕਿ ਫੂਕਸ ਸਾਹਿਬ ਨੂੰ ਕਿਉਂ ਮਾਰਿਆ, ਤੁਹਾਨੂੰ ਸਰਕਾਰ ਦਾ ਡਰ ਨਹੀਂ ਸੀ ? ਕਿਸ ਦੀ ਮਜ਼ਾਲ ਸੀ ਕਿ ਬੋਲ ਸਕਦਾ। ਸਰਕਾਰ ਨੇ ਹੁਕਮ ਦਿੱਤਾ ਕਿ ਸਭ ਨੂੰ ਕੈਦ ਕਰ ਦੇਵੋ। ਜੇਕਰ ਖ਼ੂਨੀਆਂ ਦੇ ਨਾਮ ਨਹੀਂ ਦੱਸਣਗੇ ਤਾਂ ਸਭ ਨੂੰ ਸਜ਼ਾ ਹੋਵੇਗੀ।

ਫੂਕਸ ਸਾਹਿਬ ਇਕ ਫਰੰਗੀ ਸੀ ਤੇ ਫੌਜ ਵਿਚ ਅਹੁਦੇਦਾਰ। ਜਿਹੜੀਆਂ ਪਲਟਣਾਂ ਕਮਲਾ ਗੜ੍ਹ ਵਲ ਗਈਆਂ ਹੋਈਆਂ ਸਨ, ਉਹਨਾਂ ਨੇ ਉਸ ਦੇ ਉਦਾਲੇ ਲੱਕੜਾਂ ਚਿਣ ਕੇ ਜੀਉਂਦੇ ਮਾਰ ਦਿੱਤਾ ਸੀ।

## ੩੭

# ਲਾਹੌਰ ਦੀਆਂ ਖ਼ਬਰਾਂ

*[ ਇਹ ਖ਼ਬਰਾਂ ਡੋਗਰਾ ਪਾਰਟੀ ਦੇ ਕਿਸੇ ਪੱਖੀ ਦੀਆਂ ਲਿਖੀਆਂ ਹੋਈਆਂ ਹਨ, ਜੋ ਸੰਧਾਂਵਾਲੀਆ ਦੇ ਉਲਟ ਹਨ। ਨਾਮ ਦਾ ਪਤਾ ਨਹੀਂ — ਕਰਮ ਸਿੰਘ ]*

ਤਾਜ਼ਾ ਹਾਲ ਇਹ ਹੈ ਕਿ ਚਾਰਯਾਰੀ ਦੇ ਡੇਰੇ ਵਿਚ ਪੰਜ ਹਜ਼ਾਰ ਸਵਾਰ ਹਨ। ਕੰਵਰ ਨੌਂ-ਨਿਹਾਲ ਸਿੰਘ ਦੇ ਹੁਕਮ ਨਾਲ ਵੰਤੂਰਾ ਸਾਹਿਬ ਚਾਰਯਾਰੀ ਦੇ ਡੇਰੇ ਨੂੰ ਲੈ ਕੇ ਕਮਲਾਗੜ੍ਹ ਦੇ ਕਿਲ੍ਹੇ ਨੂੰ ਸਰ ਕਰਨ ਲਈ ਮੰਡੀ ਵੱਲ ਗਿਆ ਸੀ ਤੇ ਇਕ ਸਾਲ ਤਿੰਨ ਚਾਰ ਮਹੀਨੇ ਤੋਂ ਓਧਰ ਹੀ ਸੀ। ਵੱਡੀ ਸਰਕਾਰ ਦੇ ਸਮੇਂ ਤੋਂ ਕੰਵਰ ਨੌਂ-ਨਿਹਾਲ ਸਿੰਘ ਦੇ ਸਮੇਂ ਤੀਕ ਚਾਰਯਾਰੀ ਡੇਰੇ ਦੀ ਬਹਾਲੀ-ਬਰਤਰਫੀ, ਤਲਬ-ਤਨਖਾਹ, ਹੁਕਮ-ਹੁਕਾਮ ਆਦਿ ਦਾ ਪ੍ਰਬੰਧ ਰਾਜਾ ਸੁਚੇਤ ਸਿੰਘ ਦੇ ਹੱਥ ਸੀ। ਰਾਜਾ ਸੁਚੇਤ ਸਿੰਘ ਜੰਮੂ ਨੂੰ ਗਿਆ ਹੋਇਆ ਸੀ। ਉਸ ਦੇ ਪਿੱਛੋਂ ਸ਼ੇਰ ਸਿੰਘ ਨੇ ਤਿੰਨ ਚਾਰ ਮਹੀਨੇ ਤੋਂ ਆਪਣੇ ਪੁਰਾਣੇ ਮੁਸਾਹਿਬ ਜਵਾਲਾ ਸਿੰਘ ਮਹਿਰੇ ਨੂੰ ਰਾਜਾ ਸੁਚੇਤ ਸਿੰਘ ਦੀ ਥਾਂ ਥਾਪ ਕੇ ਮੰਡੀ ਵਲ ਘੱਲ ਦਿੱਤਾ ਸੀ। ਜਦ ਇਹ ਫੌਜ ਓਧਰ ਦੇ ਕੰਮ ਤੋਂ ਵੇਹਲੀ ਹੋ ਗਈ ਤਾਂ ਸ਼ੇਰ ਸਿੰਘ ਜੀ ਨੇ ਇਸ ਨੂੰ ਡੇਰੇ ਸੱਦ ਲਿਆ।

ਡੇਰੇ ਦੇ ਅਫਸਰਾਂ ਤੇ ਜਵਾਲਾ ਸਿੰਘ ਆਦਿ ਫੌਜ ਦੇ ਆਦਮੀਆਂ ਨੇ ਰਾਹ ਵਿਚ ਸਲਾਹ ਕਰ ਲਈ ਕਿ ਰਾਜਾ ਧਿਆਨ ਸਿੰਘ ਮਾਰ ਦੇਈਏ ਤੇ ਜਵਾਲਾ ਸਿੰਘ ਨੂੰ ਉਸ ਦੀ ਥਾਂ ਰਾਜਾ ਬਣਾਈਏ। ਇਹ ਸਲਾਹ ਪੱਕੀ ਕਰ ਕੇ ਉਹ ਅੰਮ੍ਰਿਤਸਰ ਪੁੱਜੇ ਤੇ ਦੋ ਤਿੰਨ ਦਿਨ ਠਹਿਰੇ ਰਹੇ। ਫੇਰ ਜਵਾਲਾ ਸਿੰਘ ਸਣੇ, ਦਰਬਾਰ ਸਾਹਿਬ ਜਾ ਕੇ ਸੌਹਾਂ-ਸੁਗੰਧਾਂ ਖਾਧੀਆਂ ਤੇ ਅਕਾਲ ਬੁੰਗੇ ਤੋਂ ਜਵਾਲਾ ਸਿੰਘ ਨੂੰ ਰਾਜਗੀ ਦਾ ਖ਼ਿਲਤ ਵੀ ਦਵਾ ਦਿੱਤਾ। ਫੇਰ ਤਿੰਨ ਚਾਰ ਦਿਨਾਂ ਮਗਰੋਂ ਲਾਹੌਰ ਪੁੱਜ ਕੇ ਸ਼ਾਲਾਮਾਰ ਬਾਗ ਪਾਸ ਡੇਰਾ ਕਰ ਦਿੱਤਾ ਅਤੇ ਪੁਲ ਕੰਜਰੀ ਪਾਸ ਜੋ ਚਾਰ ਪਿੰਡ ਰਾਜਾ ਧਿਆਨ ਸਿੰਘ ਦੇ ਸਨ, ਉਹ ਲੁੱਟ ਲਏ ਅਤੇ ਅੰਮ੍ਰਿਤਸਰੋਂ ਲਾਹੌਰ ਦੇ ਰਾਹ ਵਿਚ ਹੀ ਵੇਲੇ-ਕੁਵੇਲੇ ਖੋਹਾ-ਖਾਹੀ ਕਰਦੇ ਆਏ।

ਸ਼ੇਰ ਸਿੰਘ ਜੀ ਨੇ ਬਥੇਰਾ ਸਮਝਾਇਆ, ਪਰ ਸਿੱਧੇ ਨਾ ਹੋਏ, ਸਗੋਂ ਲੜਾਈ ਲਈ ਤਿਆਰ ਹੋ ਪਏ ਅਤੇ ਕਹਿੰਦੇ ਸਨ ਕਿ ਜਦ ਤੀਕ ਸਰੀਰ ਵਿਚ ਜਾਨ ਹੈ ਰਾਜਾ ਧਿਆਨ ਸਿੰਘ ਨੂੰ ਮਾਰ ਕੇ ਛੱਡਾਂਗੇ। ਜਦ ਇਹ ਝਗੜਾ ਹੱਦੋਂ ਵਧ ਗਿਆ

 www.sikhbookclub.com

ਤਾਂ ਵਿਸਾਖ ਸੁਦੀ ਦਸਮੀ ਦੀ ਰਾਤ ਨੂੰ ਸ਼ੇਰ ਸਿੰਘ ਜੀ ਦਾ ਹੁਕਮ ਸਭ ਡੇਰਿਆਂ ਦੇ ਨਾਮ ਪੁੱਜ ਗਿਆ ਕਿ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਸਾਰੇ ਡੇਰੇ ਜੰਗ ਦਾ ਸਮਾਨ ਕਰਕੇ ਹਾਜ਼ਰ ਹੋ ਜਾਣ ਕਿ ਚਾਰਯਾਰੀ ਡੇਰੇ ਨਾਲ ਜੰਗ ਕਰਨਾ ਹੈ ਅਤੇ ਪਹਿਰ ਰਾਤ ਰਹਿੰਦੀ ਤੋਂ ਹਰ ਇਕ ਪਲਟਣ ਵਿਚੋਂ ਇਕ ਇਕ ਤੋਪ ਤੇ ਇਕ ਇਕ ਕੰਪਨੀ ਮੰਗਵਾ ਕੇ ਸ਼ਹਿਰ ਦੇ ਦਰਵਾਜ਼ਿਆਂ ਉਤੇ ਤਾਇਨਾਤ ਕਰ ਦਿੱਤੀ।

ਵਸਾਖ ਸੁਦੀ ਇਕਾਦਸ਼ੀ ਨੂੰ ਸੂਰਜ ਦੀ ਟਿੱਕੀ ਨਿਕਲਣ ਨਾਲ ਸ਼ੇਰ ਸਿੰਘ ਜੀ ਚਾਰਯਾਰੀ ਦੇ ਡੇਰੇ ਪਾਸ ਪੁੱਜ ਗਏ। ਸਭ ਤੋਪਖਾਨਾ ਤੇ ਜੰਬੂਰਖਾਨਾ ਆਪ ਦੇ ਨਾਲ ਸੀ। ਕੇਵਲ ਸੁਲਤਾਨ ਮਹਿਮੂਦ ਵਾਲਾ ਵੱਡਾ ਤੋਪਖਾਨਾ ਨਹੀਂ ਲੈ ਗਏ ਸਨ ਤੇ ਅਮਾਮ ਸ਼ਾਹ ਵਾਲੇ ਤੋਪਖਾਨੇ ਨੂੰ ਲਾਲ ਕਿਲ੍ਹੇ ਦੀ ਰਾਖੀ ਲਈ ਛੱਡ ਗਏ ਸਨ। ਸ਼ੇਰ ਸਿੰਘ ਜੀ ਹਾਥੀ ਉਤੇ ਸਵਾਰ ਸਨ ਤੇ ਰਾਜਾ ਧਿਆਨ ਸਿੰਘ ਆਪ ਦੇ ਪਿੱਛੇ ਬੈਠਾ ਸੀ। ਸਾਰੀ ਫੌਜ ਉੱਚੀ ਉੱਚੀ ਸ਼ੇਰ ਸਿੰਘ ਨੂੰ ਕਹਿ ਰਹੀ ਸੀ ਕਿ ਆਪ ਦੀ ਖਾਤਰ ਅਸੀਂ ਚੜ੍ਹ ਆਏ ਹਾਂ, ਪਰ ਚਾਰ-ਯਾਰੀ ਡੇਰੇ ਨਾਲ ਲੜਾਈ ਅਸਾਂ ਨਹੀਂ ਕਰਨੀ ਤੇ ਜੇ ਲੜਾਈ ਹੋਈ ਤਾਂ ਅਸੀਂ ਚਾਰਯਾਰੀ ਨਾਲ ਰਲ ਕੇ ਰਾਜਾ ਧਿਆਨ ਸਿੰਘ ਨੂੰ ਮਾਰ ਦੇਵਾਂਗੇ।

ਗੱਲ ਕੀ, ਸਾਰੀ ਫੌਜ ਇਕ ਮੁੱਠ ਸੀ, ਪਰ ਤੋਪਖਾਨਾ ਜਿਸ ਦੇ ਸਾਰੇ ਅਫਸਰ ਕੁਮੇਦਾਨ ਤੇ ਗੋਲੰਦਾਜ਼ ਮੁਸਲਮਾਨ ਸਨ, ਸਾਰਾ ਜੰਬੂਰਖਾਨਾ ਤੇ ਵੰਤੂਰਾ ਸਾਹਿਬ ਦੀ ਫੌਜ, ਜਿਸ ਵਿਚ ਤਿੰਨ ਪਲਟਣਾਂ ਸਿੱਖਾਂ ਦੀਆਂ ਤੇ ਦੋ ਰਜਬਣਾਂ ਸਨ; ਇਹ ਈਨ ਵਿਚ ਸਨ। ਇਹਨਾਂ ਚਾਰਯਾਰੀ ਦੇ ਡੇਰੇ ਨੂੰ ਘੇਰ ਲਿਆ ਤੇ ਲੜਾਈ ਲਈ ਹੁਕਮ ਦੀ ਉਡੀਕ ਵਿਚ ਸਨ। ਸ਼ੇਰ ਸਿੰਘ ਜੀ ਦੀ ਸਲਾਹ ਸੀ ਕਿ ਹੁਕਮ ਦੇ ਦੇਵੇ, ਪਰ ਰਾਜਾ ਧਿਆਨ ਸਿੰਘ ਨੇ ਪਿੱਛੋਂ ਉਠ ਕੇ ਹੱਥ ਜੋੜ ਕੇ ਅਰਜ਼ ਕੀਤੀ ਕਿ ਮਹਾਰਾਜਾ ਜੀ! ਇਕ ਘੜੀ ਹੋਰ ਉਡੀਕ ਲਵੋ ਕਿ ਕੀ ਹੁੰਦਾ ਹੈ।

ਫਿਰ ਰਾਜਾ ਧਿਆਨ ਸਿੰਘ ਨੇ ਬਾਵਾ ਮੀਹਾਂ ਸਿੰਘ ਡੇਰੇ ਬਾਬੇ ਨਾਨਕ ਵਾਲੇ ਨੂੰ ਸੌਂਦਿਆ ਤੇ ਸ਼ੇਰ ਸਿੰਘ ਜੀ ਨੂੰ ਸਮਝਾ ਕੇ ਚਾਰਯਾਰੀ ਡੇਰੇ ਵੱਲ ਘੱਲਿਆ ਕਿ ਫੌਜ ਨੂੰ ਸਮਝਾ ਕੇ ਜਵਾਲਾ ਸਿੰਘ ਨੂੰ ਲੈ ਆਵੇ। ਸੋ ਬੜੀ ਖਹਿ ਮਖਹਿ ਤੇ ਝੇੜੇ-ਝਾਂਜੇ ਤੋਂ ਮਗਰੋਂ ਦੁਪਹਿਰ ਤੋਂ ਮਗਰੋਂ ਬਾਵਾ ਮੀਹਾਂ ਸਿੰਘ ਜਵਾਲਾ ਸਿੰਘ ਨੂੰ ਆਪਣੇ ਨਾਲ ਲੈ ਆਇਆ ਅਤੇ ਢਾਲ ਤਲਵਾਰ ਉਤਰਵਾ ਕੇ ਸ਼ੇਰ ਸਿੰਘ ਦੇ ਪੇਸ਼ ਕਰ ਦਿੱਤਾ। ਸ਼ੇਰ ਸਿੰਘ ਜੀ ਨੇ ਉਸ ਨੂੰ ਕਹਿਆ ਕਿ ਹੁਣ ਤੇਰੀ ਨੀਅਤ ਰਾਜਾ ਬਣਨ ਦੀ ਹੈ? ਤੈਨੂੰ ਪਤਾ ਤਦ ਲੱਗੂ, ਜਦ ਤੈਨੂੰ ਫੇਰ ਮਹਿਰੇ ਦਾ ਮਹਿਰਾ ਬਣਾ ਦੇਵਾਂਗੇ। ਫਿਰ ਇਕ ਹਾਥੀ ਉਤੇ ਬਿਠਾ ਕੇ ਲਾਲ ਕਿਲ੍ਹੇ ਨੂੰ ਲੈ ਆਏ। ਵੇਖੇ ਡਿਠੇ ਦਾ ਬੜਾ ਫਰਕ ਹੈ। ਉਹ ਕੁਝ ਲਿਖਿਆ ਹੀ ਨਹੀਂ ਜਾ ਸਕਦਾ, ਜੋ ਕੁਝ ਉਥੇ ਬੀਤਿਆ ਸੀ।

ਵੈਸਾਖ ਸੁਦੀ ਦੁਆਦਸ਼ੀ ਨੂੰ ਵੰਤੂਰਾ ਸਾਹਿਬ ਦੀਆਂ ਤਿੰਨ ਪਲਟਣਾਂ ਤੇ ਦੋਹਾਂ

ਰਜਬਣਾਂ ਅਤੇ ਅਲਾਹੀ ਬਖਸ਼ ਦੇ ਤੋਪਖਾਨੇ ਨੂੰ ਚਾਰਯਾਰੀ ਨਾਲ ਲੜਨ ਲਈ ਤਿਆਰ ਹੋਏ ਸਨ ਦਸ ਹਜ਼ਾਰ ਰੁਪਿਆ ਇਨਾਮ ਦਿੱਤਾ ਗਿਆ ਤੇ ਪੰਦਰਾਂ ਹਜ਼ਾਰ ਰੁਪਿਆ ਹੋਰ ਫੌਜ ਨੂੰ ਇਨਾਮ ਦਿੱਤਾ ਗਿਆ।[੮]

ਲਾਹੌਰ ਦੀ ਪਾਤਸ਼ਾਹੀ ਤਾਂ ਰਾਜਾ ਸਾਹਿਬ ਨਾਲ ਹੀ ਹੈ। ਰਾਜਾ ਧਿਆਨ ਸਿੰਘ ਵਰਗੇ ਨਮਕ-ਹਲਾਲ ਨੌਕਰ ਅੱਗੇ ਕਿਸੇ ਪਾਤਸ਼ਾਹੀ ਵਿਚ ਨਹੀਂ ਹੋਏ, ਤੇ ਨਾ ਹੀ ਅੱਗੇ ਨੂੰ ਕਦੇ ਹੋਣਗੇ। ਰਾਜਾ ਜੀ ਪਾਸ ਫੌਜ, ਖਜ਼ਾਨੇ ਤੇ ਤੋਪਖਾਨੇ ਦੀ ਐਤਨੀ ਤਾਕਤ ਹੈ ਕਿ ਜੇਕਰ ਚਾਹੁੰਦੇ ਤਾਂ ਸਾਹਿਬ ਦੇ ਮੁਲਕ ਤੇ ਮਾਲਿਕ ਬਣ ਜਾਂਦੇ। ਪਰ ਆਪ ਦੀ ਨੀਤੀ ਇਹੋ ਹੈ ਕਿ ਸੁਰਗਵਾਸੀ ਸਿੰਘ ਸਾਹਿਬ ਦੀ ਔਲਾਦ ਵਿਚੋਂ ਭਾਵੇਂ ਕੋਈ ਲਾਇਕ ਭਾਵੇਂ ਨਾਲਾਇਕ, ਜੋ ਵੀ ਤਖ਼ਤ ਉਤੇ ਬੈਠੇ, ਉਸ ਦੇ ਪੈਰਾਂ ਵਿਚ ਸਿਰ ਦੇਈ ਰੱਖਾਂ ਅਤੇ ਸੰਧਾਂਵਾਲੀਆਂ ਦੇ ਬਰੋਬਰ ਜਹਾਨ ਵਿਚ ਕੋਈ ਨਮਕ-ਹਰਾਮ ਨਹੀਂ ਜੰਮੇਗਾ, ਜੋ ਵੱਡੀ ਸਰਕਾਰ ਦੇ ਵੇਲੇ ਤੋਂ ਹੁਣ ਤੀਕ ਫਸਾਦ ਹੀ ਕਰਦੇ ਆਏ ਹਨ। ਭਾਵੇਂ ਜ਼ੋਰ ਕੱਖ ਦਾ ਨਹੀਂ, ਪਰ ਚਾਹੁੰਦੇ ਹਨ ਕਿ ਸਿੰਘ ਸਾਹਿਬ ਦੀ ਥਾਂ ਤਖ਼ਤ ਉਤੇ ਬੈਠੀਏ ਅਤੇ ਜੋ ਕੁਝ ਅਜੀਤ ਸਿੰਘ ਸੰਧਾਂਵਾਲੀਏ ਨੇ ਕਾਰਾ ਕੀਤਾ ਹੈ, ਉਸ ਨੂੰ ਤਾਂ ਲਿਖਦਿਆਂ ਵੀ ਸ਼ਰਮ ਆਉਂਦੀ ਹੈ।

ਲਹਿਣਾ ਸਿੰਘ ਤੇ ਕੇਹਰ ਸਿੰਘ ਜੇਹੜੇ ਅਤਰ ਸਿੰਘ ਸੰਧਾਂਵਾਲੀਏ ਦੇ ਭਰਾ ਤੇ ਪੁੱਤਰ ਹਨ ਤੇ ਲਾਲ ਕਿਲ੍ਹੇ ਵਿਚ ਕੈਦ ਹਨ, ਉਨ੍ਹਾਂ ਪਾਸ ਵਿਸਾਖ ਸੁਦੀ ਚੌਦਸ ਨੂੰ ਅਤਰ ਸਿੰਘ ਦੀ ਚਿੱਠੀ ਚੋਰੀ ਚੋਰੀ ਪੁੱਜੀ ਸੀ ਕਿ ਮੈਂ ਅੰਗਰੇਜ਼ਾਂ ਨਾਲ ਸਾਰੀ ਗੱਲ-ਬਾਤ ਪੱਕੀ ਕਰ ਲਈ ਹੈ; ਤੁਸਾਂ ਹੌਂਸਲਾ ਰੱਖਣਾ, ਵੇਖੋ, ਥੋੜ੍ਹੇ ਹੀ ਚਿਰ ਵਿਚ ਲਾਹੌਰ ਵਿਚ ਕੀ ਕੁਝ ਹੁੰਦਾ ਹੈ !

ਜਮਾਂਦਾਰ ਖੁਸ਼ਹਾਲ ਸਿੰਘ ਪਾਸ ਮੌਲਵੀ ਖ਼ੈਰ ਦੀਨ ਨੌਕਰ ਹੈ, ਉਸ ਦੀ ਜ਼ਬਾਨੀ ਪਤਾ ਲੱਗਾ ਹੈ ਕਿ ਜੇਠ ਵਦੀ ਪਹਿਲੀ ਨੂੰ ਲੁਧਿਆਣੇ ਤੋਂ ਖ਼ਬਰ ਆਈ ਹੈ ਕਿ ਅਤਰ ਸਿੰਘ ਸੰਧਾਂਵਾਲੀਏ ਨੇ ਕਲਾਰਕ ਸਾਹਿਬ ਪਾਸ ਅਰਜ਼ ਕੀਤੀ ਕਿ ਅਸੀਂ ਵੱਡੀ ਸਰਕਾਰ ਦੇ ਨਜਦੀਕੀ ਹਾਂ, ਪਰ ਸਿੰਘ ਸਾਹਿਬ ਸ਼ੇਰ ਸਿੰਘ ਜੀ ਨੇ ਸਾਡਾ ਸਾਰਾ ਮੁਲਕ ਜੋ ਮੁੱਢ ਤੋਂ ਸਾਡੀ ਜਗੀਰ ਸੀ ਅਤੇ ਚਾਲੀ ਲੱਖ ਰੁਪਏ ਦਾ ਮਾਲ-ਮਤਾਹ ਨਕਦੀ, ਘੋੜੇ, ਊਠ, ਤੋਪਾਂ ਤੇ ਜੰਬੂਰੇ ਕੁਰਕ ਕਰ ਲਏ ਹਨ। ਸਾਹਿਬ ਨੇ ਉੱਤਰ ਦਿੱਤਾ, ਕਿ ਤੁਸਾਡੀ ਗੱਲ ਝੂਠੀ ਹੈ, ਜੋ ਕੁਝ ਤੁਹਾਡਾ ਕੁਰਕ ਹੋਇਆ ਹੈ ਉਸ ਦੀ

*੮ ਪੁਰਾਣੇ ਕਾਗਜ਼ਾਂ ਤੋਂ ਇਉਂ ਮਲੂਮ ਹੋਇਆ ਕਿ ਰਾਜਾ ਧਿਆਨ ਸਿੰਘ ਦੇ ਹੁਕਮ ਨਾਲ ਸਰਦਾਰ ਜਵਾਲਾ ਸਿੰਘ ਨੂੰ ਮੂੰਹ ਵਿਚ ਪਾਣੀ ਪਾ ਪਾ ਕੇ ਕੁਟਵਾਇਆ ਜਾਂਦਾ ਸੀ। ਇਸ ਕੁਟ ਕਰਕੇ ਇਹ ਕਈ ਵਾਰ ਮਰਨ ਕਿਨਾਰੇ ਹੋ ਗਿਆ ਸੀ। ਫਿਰ ਇਸ ਨੂੰ ਤੇ ਉਸ ਦੇ ਪੁੱਤਰ ਗੰਡਾ ਸਿੰਘ ਨੂੰ ਲਾਹੌਰ ਕਿਲ੍ਹੇ ਵਿਚੋਂ ਕੱਢ ਕੇ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ ਸੀ। (ਕਰਮ ਸਿੰਘ)*

 www.sikhbookclub.com

ਫਰਦ ਸਾਡੇ ਪਾਸ ਤਿਆਰ ਹੈ, ਕੁੱਲ ਮਾਲ-ਮਤਾਹ ਚੌਦਾਂ ਲੱਖ ਰੁਪਏ ਦਾ ਸੀ। ਫਿਰ ਅਤਰ ਸਿੰਘ ਨੇ ਕਹਿਆ ਕਿ ਤੁਸਾਂ ਨੂੰ ਕੀਕੂੰ ਪਤਾ ਹੈ ? ਤਾਂ ਸਾਹਿਬ ਨੇ ਦੱਸਿਆ ਕਿ ਇਸ ਕਾਗਜ਼ ਦੀ ਤਿਆਰੀ ਉਤੇ ਛੇ ਹਜ਼ਾਰ ਰੁਪਏ ਖਰਚ ਆਏ ਹਨ। ਜਿਸ ਜਿਸ ਇਲਾਕੇ ਤੇ ਕਿਲ੍ਹੇ ਨੂੰ ਸਰ ਕਰਨ ਲਈ ਸਿੰਘ ਸਾਹਿਬ ਦੀ ਫੌਜ ਜਾਂਦੀ ਸੀ, ਉਥੇ ਉਥੇ ਸਾਡਾ ਇਕ ਮੁਣਸੀ ਅੱਪੜ ਪੈਂਦਾ ਸੀ, ਇਸ ਤਰ੍ਹਾਂ ਇਹ ਕਾਗਜ਼ ਤਿਆਰ ਹੋਇਆ ਹੈ।

ਫਿਰ ਅਤਰ ਸਿੰਘ ਨੇ ਕਿਹਾ, ਕਿ ਸਾਡਾ ਅਸਬਾਬ ਤੇ ਜਗੀਰ ਸ਼ੇਰ ਸਿੰਘ ਜੀ ਪਾਸੋਂ ਮੁੜਵਾ ਦੇਵੋ, ਨਹੀਂ ਤਾਂ ਮੈਂ ਕਲਕੱਤੇ ਜਾ ਕੇ ਦਾਹਵਾ ਕਰਾਂਗਾ। ਸਾਹਿਬ ਨੇ ਉੱਤਰ ਦਿੱਤਾ, ਕਿ ਤੁਸਾਡੀ ਖਾਤਰ ਅਸੀਂ ਸ਼ੇਰ ਸਿੰਘ ਜੀ ਨਾਲ ਲੜਾਈ ਨਹੀਂ ਕਰ ਸਕਦੇ ਤੇ ਨਾ ਹੀ ਤੁਸਾਂ ਨੂੰ ਜਗੀਰ ਜਾਂ ਅਸਬਾਬ ਮਿਲ ਸਕਦਾ ਹੈ ਕਿਉਂ ਜੋ ਇਹ ਵੱਡੀ ਸਰਕਾਰ ਦੀ ਬਖਸ਼ਿਸ਼ ਹੈ, ਤੁਸਾਡਾ ਆਪਣਾ ਤਾਂ ਇਸ ਵਿਚ ਕੁਝ ਨਹੀਂ। ਹਾਂ, ਖਾਣ-ਪੀਣ ਦੇ ਗੁਜ਼ਾਰੇ ਜੋਗਾ ਕੁਝ ਮਿਲ ਜਾਊ ਅਤੇ ਇਹ ਜੁ ਕਹਿੰਦੇ ਹੋ ਕਿ ਕਲਕੱਤੇ ਨੂੰ ਜਾਵਾਂਗੇ, ਸੋ ਕੰਨ ਖੋਲ੍ਹ ਕੇ ਸੁਣ ਲਵੋ ਕਿ ਤੁਸਾਨੂੰ ਅੰਬਾਲੇ ਤੋਂ ਅੱਗੇ ਜਾਣ ਦਾ ਹੁਕਮ ਨਹੀਂ ਤੇ ਨਾ ਹੀ ਅਸੀਂ ਅੱਗੇ ਜਾਣ ਦੇਣਾ ਹੈ।

ਜੇਠ ਵਦੀ ਚੌਥ ਨੂੰ ਕੰਵਰ ਪ੍ਰਤਾਪ ਸਿੰਘ ਸਣੇ ਭਾਈ ਗੁਰਮੁਖ ਸਿੰਘ ਸ਼ੇਖ ਗੁਲਾਮ ਮਹੀਯੁਦੀਨ ਦੀਵਾਨ ਮੂਲਰਾਜ ਤੇ ਅਫਸਰਾਂ ਤੇ ਪੰਜ ਪਲਟਣਾਂ ਦੇ ਕਸ਼ਮੀਰ ਵੱਲ ਨੂੰ ਤੁਰ ਪਏ। ਸਭ ਨੂੰ ਖਿਲਤ ਤੇ ਸੋਨੇ ਦੇ ਕੜੇ ਦਿੱਤੇ ਗਏ। ਕਸ਼ਮੀਰ ਦੀ ਫੌਜ ਨੇ ਮੀਹਾਂ ਸਿੰਘ ਨੂੰ ਮਾਰ ਕੇ ਉਸ ਦੇ ਲੜਕੇ ਨੂੰ ਕੈਦ ਕਰ ਲਿਆ ਸੀ। ਜਦ ਉਸ ਪਾਸੋਂ ਆਪਣੀਆਂ ਤਲਬਾਂ ਲੈ ਲਈਆਂ, ਤਾਂ ਫੇਰ ਉਸ ਨੂੰ ਹਾਕਮ ਬਣਾ ਕੇ ਉਸ ਦੀ ਤਾਬੇਦਾਰੀ ਕਰਨ ਲੱਗ ਪਏ ਤੇ ਨਜ਼ਰਾਂ ਪੇਸ਼ ਕਰ ਦਿੱਤੀਆਂ ਸਨ। ਰਾਜਾ ਗੁਲਾਬ ਸਿੰਘ ਦੇ ਨਾਮ ਪਰਵਾਨਾ ਜਾਰੀ ਹੋ ਗਿਆ ਹੈ ਕਿ ਉਹ ਵੀ ਆਪਣੀ ਫੌਜ ਲੈ ਕੇ ਕੰਵਰ ਸਾਹਿਬ ਨਾਲ ਕਸ਼ਮੀਰ ਨੂੰ ਜਾਵੇ।

ਅੰਮ੍ਰਿਤਸਰੋਂ ਖ਼ਬਰ ਆਈ ਹੈ ਕਿ ਗੁਰਦੁਆਰੇ ਦਾ ਝੰਡਾ ਸਾਹਿਬ ਡਿੱਗ ਪਿਆ ਹੈ। ਸਰਕਾਰ ਨੇ ਕਹਿਆ ਕਿ ਜਦ ਅੰਮ੍ਰਿਤਸਰ ਜਾਵਾਂਗੇ, ਚੜ੍ਹਾ ਦੇਵਾਂਗੇ।

ਜਦ ਦਾ ਚਾਰ-ਯਾਰੀ ਦੇ ਡੇਰੇ ਦਾ ਫੈਸਲਾ ਹੋਇਆ ਹੈ, ਤੇ ਫੌਜਾਂ ਨੂੰ ਇਨਾਮ ਮਿਲੇ ਹਨ, ਦਲ ਤੋਂ ਫੌਜਾਂ ਉਤੇ ਕੁਝ ਤੈਹਤ ਹੋ ਗਿਆ ਹੈ; ਜੈਸਾ ਤੈਹਤ ਚਾਹੀਦਾ ਹੈ, ਵੈਸਾ ਅਜੇ ਨਹੀਂ ਹੋਇਆ।

## ੩੮

# ਲਾਹੌਰ ਦਰਬਾਰ ਦੇ ਰੋਜ਼ਨਾਮਚੇ[1]

## ਯੂਸਫਜ਼ਈਆਂ ਦਾ ਸਿਰ ਚੁੱਕਣਾ

### *(ਲਾਹੌਰ ਦਰਬਾਰ ਦੀਆਂ ਖ਼ਬਰਾਂ ਵਿਚੋਂ)*

ਅੱਸੂ ਵਦੀ ੬ ਸੰਮਤ ੧੮੯੮ ਬਿ: (੧੮੪੧ ਈਸਵੀ) ਪਸ਼ੌਰੋਂ ਖ਼ਬਰ ਆਈ ਹੈ ਕਿ ਮੁਕਰਬ ਖ਼ਾਂ ਪੰਜਤਾਰੀਏ ਤੇ ਅਕਬਰ ਸ਼ਾਹ ਨਾਮੀ ਸੱਯਦ (ਜੋ ਸਥਾਨੇ ਪਿੰਡ ਰਹਿੰਦਾ ਹੈ) ਦੀ ਸਿਖਾਵਟ ਨਾਲ ਯੂਸਫਜ਼ਈਆਂ ਦੇ ਇਲਾਕੇ ਵਿਚ ਮੁਲਖਈਏ ਨੇ ਸਿਰ ਚੁੱਕਿਆ ਹੈ ਅਤੇ ਪਿੰਡ ਯਾਰ ਹੁਸੈਨ ਵਿਚ ਵੀਹ ਹਜ਼ਾਰ ਮੁਲਖਈਆ ਇਕੱਠਾ ਹੋ ਕੇ ਲੜਾਈ ਕਰਨ ਲਈ ਤਿਆਰ ਹੈ। ਪਹਿਲਾਂ ਇਹਨਾਂ ਨੇ ਸਰਕਾਰੀ ਫੌਜ ਨਾਲ ਲੜਾਈ ਕੀਤੀ ਸੀ ਤੇ ਦੋ ਸੌ ਸਵਾਰ ਤੇ ਪਿਆਦੇ ਮੋਏ ਤੇ ਫੱਟੜ ਹੋਏ ਸਨ, ਜਦ ਇਹਨਾਂ ਨੇ ਹੋਰ ਫੌਜ ਆਉਂਦੀ ਮਾਲੂਮ ਕੀਤੀ ਤਾਂ ਨੱਸ ਗਏ। ਹੁਣ ਸਰਦਾਰ ਅਮਰ ਸਿੰਘ ਮਜੀਠੀਏ ਦੀ ਫੌਜ ਤੇ ਰਾਜਾ ਹੀਰਾ ਸਿੰਘ ਦੇ ਡੇਢ ਹਜ਼ਾਰ ਸਵਾਰਾਂ ਸਣੇ ਦੀਵਾਨ ਮੋਤੀ ਰਾਮ ਦੇ ਉਧਰ ਜਾਣ ਦਾ ਹੁਕਮ ਹੋਇਆ ਹੈ। ਪਰ ਇਹ ਫੌਜ ਕਿਤੇ ਸਾਰੇ ਅੱਸੂ ਵਿਚ ਉਥੇ ਪੁੱਜੂ। ਮੁਸਲਮਾਨਾਂ ਦੀਆਂ ਦੋ ਪਲਟਣਾਂ ਸਣੇ ਬੁਗ ਸ਼ਿਵ ਚਰਨ ਦੇ ਹਜ਼ਾਰਿਓਂ ਯੂਸਫਜ਼ਈਆਂ ਦੇ ਇਲਾਕੇ ਵਿਚ ਪੁੱਜ ਪਈਆਂ ਹਨ। ਸਰਕਾਰੀ ਫੌਜ ਤੂਰੋ ਪਿੰਡ ਉਤਰੀ ਹੋਈ ਸੀ ਅਤੇ ਮੁਲਖਈਆ ਇਥੋਂ ਦਸ ਕੋਹ ਦੀ ਵਿੱਥ ਉਤੇ ਉਤਰਿਆ ਹੋਇਆ ਹੈ। ਇਕ ਵਾਰੀ ਚੰਗੀ ਤਕੜੀ ਲੜਾਈ ਹੋ ਕੇ ਰਹੇਗੀ। ਇਹ ਸਾਰੀ ਸ਼ਰਾਰਤ ਮਾਕਸਨ ਸਾਹਿਬ ਦੀ ਹੈ।

ਪਸ਼ੌਰ ਵਿਚ ਤੇ ਅਟਕ ਲੁੰਡੋ ਦੇ ਦਵਾਬੇ ਵੱਲ ਤੇ ਕੋਹਾਟ ਵੱਲ ਖ਼ਾਨ ਬਹਾਦਰ ਖ਼ੈਬਰੀ ਦੇ ਪੁੱਤਰ ਮੁਹੰਮਦ ਸੱਈਦ ਖਾਂ ਤੇ ਨਵਾਬ ਖਾਂ ਪੰਦਿਆਲੀ ਨੇ ਸਿਰ ਚੁੱਕਿਆ ਹੋਇਆ ਹੈ। ਪਸ਼ੌਰ ਦੇ ਗਿਰਦਨਵਾਹ ਵਿਚ ਜੋ ਇਹ ਫਸਾਦ ਖੜ੍ਹੇ ਹੋ ਰਹੇ ਹਨ, ਇਹ ਸਭ ਮਾਕਸਨ ਸਾਹਿਬ ਦੀ ਚੁਕ ਕਰਕੇ ਹਨ। ਮਹਾਰਾਜਾ ਸਾਹਿਬ ਨੇ ਰਾਏ ਗੋਬਿੰਦ ਜਸ, ਕਿਸ਼ਨ ਚੰਦ ਤੇ ਫਕੀਰ ਸ਼ਾਹ ਦੀਨ ਵੱਲ ਲਿਖਿਆ ਹੈ ਕਿ ਇਹ

---

*੧ ਰਸਾਲਾ ਫੁਲਵਾੜੀ ਫਰਵਰੀ, ੧੯੩੦, ਸਫਾ ੪੦੧।*

 www.sikhbookclub.com

ਆਦਮੀ ਸਾਹਿਬਾਂ ਦੇ ਇਲਾਕੇ ਦੀ ਸ਼ਹਿ ਉਤੇ ਪਸ਼ੌਰ ਤੇ ਕੁਹਾਟ ਦੇ ਇਲਾਕੇ ਦੇ ਪਿੰਡਾਂ ਵਿਚ ਆਉਂਦੇ ਅਤੇ ਮਾਲ ਡੰਗਰ ਤੇ ਲੋਕਾਂ ਨੂੰ ਲੁੱਟ ਲਿਜਾਂਦੇ ਹਨ ਤੇ ਸਾਡੀ ਪਰਜਾ ਨੂੰ ਦੁੱਖ ਦੇ ਕੇ ਸਾਹਿਬਾਂ ਦੇ ਇਲਾਕੇ ਵਿਚ ਜਾ ਵੜਦੇ ਹਨ। ਅਕਾਲ ਪੁਰਖ ਦੀ ਕਿਰਪਾ ਨਾਲ ਆਪੋ ਵਿਚ ਜੋ ਦੋਹਾਂ ਸਰਕਾਰਾਂ ਦੀ ਮਿੱਤਰਤਾ ਦਿਨੋ ਦਿਨ ਵਧ ਰਹੀ ਹੈ, ਇਸ ਲਈ ਕਲਾਰਕ ਸਾਹਿਬ ਨੂੰ ਕਹਿਣਾ ਕਿ ਉਹ ਮੈਕਨਾਟਨ ਸਾਹਿਬ ਤੇ ਮੈਕਸਨ ਸਾਹਿਬ ਵੱਲ ਲਿਖ ਦੇਣ ਕਿ ਅੱਗੇ ਨੂੰ ਐਸਾ ਨਾ ਹੋਵੇ। ਜੇ ਉਹ ਐਸਾ ਲਿਖਣਾ ਠੀਕ ਨਾ ਸਮਝਣ ਤਾਂ ਆਗਿਆ ਦੇਣ ਕਿ ਅਸੀਂ ਦੋਸ਼ੀ ਨੂੰ ਪੂਰੀ ਪੂਰੀ ਸਜ਼ਾ ਦੇ ਦਿਆ ਕਰੀਏ।

ਕਸ਼ਮੀਰ ਦੀ ਖ਼ਬਰ ਹੈ ਕਿ ਕੰਵਰ ਪਰਤਾਪ ਸਿੰਘ ਤੇ ਰਾਜਾ ਗੁਲਾਬ ਸਿੰਘ ੨੧ ਭਾਦਰੋਂ ਨੂੰ ਮੁਜ਼ੱਫਰਾਬਾਦ ਦੇ ਰਾਹ ਕਸ਼ਮੀਰੋਂ ਹਜ਼ਾਰੇ ਨੂੰ ਚਲੇ ਗਏ ਹਨ। ਸੋ ਰਾਜਾ ਗੁਲਾਬ ਸਿੰਘ ਨੂੰ ਲਿਖਿਆ ਗਿਆ ਕਿ ਕੰਵਰ ਪਰਤਾਪ ਸਿੰਘ ਨੂੰ ਕਿਲ੍ਹਾ ਹਰਕਿਸ਼ਨ ਗੜ੍ਹ ਜਾਂ ਅਟਕ ਵਿਚ ਛੱਡ ਕੇ ਆਪ ਯੂਸਫਜ਼ਈਆਂ ਵੱਲ ਜਾ ਕੇ ਉਧਰ ਦਾ ਪ੍ਰਬੰਧ ਕਰੇ ਅਤੇ ਕਿਲ੍ਹਾ ਅਟਕ ਵੱਲ ਜੋ ਦੋ ਲੱਖ ਰੁਪਿਆ ਘੱਲਿਆ ਹੈ, ਲੋੜ ਅਨੁਸਾਰ ਉਸ ਵਿਚੋਂ ਖਰਚ ਕਰੇ ਤੇ ਹਜ਼ਾਰੇ ਦੇ ਅਹਿਲਕਾਰਾਂ ਨੂੰ ਪੰਜ ਹਜ਼ਾਰ ਰੁਪਏ ਦੇ ਖਿਲਤ ਦੇ ਦੇਵੇ।

## ਅੱਸੂ, ਦੋਮ, ਅੱਸੂ ਸੁਦੀ ੮:–

ਯੂਸਫਜ਼ਈਆਂ ਦੇ ਇਲਾਕੇ ਦੀ ਖ਼ਬਰ ਹੈ ਕਿ ਦੀਵਾਨ ਮੋਤੀ ਰਾਮ ਤੇ ਫ਼ੌਜ ਦੇ ਹੋਰ ਅਫਸਰਾਂ ਨੇ ਅਰਸਲਾ ਖਾਂ ਨੂੰ ਆਪਣਾ ਆਗੂ ਬਣਾਇਆ ਤੇ ਪੰਜਤਾਰ ਪਹਾੜ ਵੱਲ ਜਾ ਕੇ ਮੁਕੱਰਬ ਖਾਂ ਨਾਲ ਲੜਾਈ ਕੀਤੀ। ਮੁਕੱਰਬ ਖਾਂ ਥੋਹੜੀ ਜਿਹੀ ਲੜਾਈ ਮਗਰੋਂ ਹੀ ਨੱਸ ਗਿਆ ਤੇ ਸਰਕਾਰੀ ਫ਼ੌਜ ਨੇ ਉਸ ਦੇ ਪਿੰਡਾਂ ਨੂੰ ਫੂਕ ਕੇ ਕਿਲ੍ਹਾ ਪੰਜਤਾਰ ਵਿਚ ਅਰਸਲਾ ਖਾਂ ਦਾ ਥਾਣਾ ਬਿਠਾ ਦਿੱਤਾ। ਇਹ ਸੁਣ ਕੇ ਸਰਕਾਰ ਨੇ ਹਰ ਇਕ ਅਫਸਰ ਵੱਲ ਅੱਡੋ ਅੱਡ ਅਫਰੀਨ ਦੇ ਪਰਵਾਨੇ ਘੱਲੇ।

ਕੰਵਰ ਪ੍ਰਤਾਪ ਸਿੰਘ ਜੋ ਮੁਲਕ ਹਜ਼ਾਰੇ ਵਿਚ ਹੈ, ਜਦ ਉਸ ਨੇ ਇਹ ਖਬਰ ਸੁਣੀ, ਤਾਂ ਫੌਜ ਦੇ ਅਫਸਰਾਂ ਵੱਲ ਹਰ ਇਕ ਦੇ ਰੁਤਬੇ ਅਨੁਸਾਰ ਖਿੱਲਤ ਘੱਲ ਦਿੱਤੇ। ਸਰਕਾਰ ਇਹ ਸੁਣ ਕੇ ਬੜੇ ਖੁਸ਼ ਹੋਏ ਕਿ ਕੰਵਰ ਜੀ ਕੇਡੇ ਸਿਆਣੇ ਹਨ।

ਹਜ਼ਾਰਿਓਂ ਕੰਵਰ ਪ੍ਰਤਾਪ ਸਿੰਘ ਤੇ ਰਾਜਾ ਗੁਲਾਬ ਸਿੰਘ ਦੀ ਅਰਜ਼ੀ ਆਈ ਕਿ ਸਾਰੇ ਮੁਲਕ ਹਜ਼ਾਰੇ ਦਾ ਪ੍ਰਬੰਧ ਠੀਕ ਹੋ ਗਿਆ ਹੈ। ਪਰ ਕਿਲ੍ਹਿਆਂ ਵਿਚ ਜ਼ਖੀਰਾ ਕੋਈ ਨਹੀਂ। ਹੁਕਮ ਹੋਇਆ ਕਿ ਹਜ਼ਾਰੇ ਵਿਚ ਜੋ ਇਕ ਸੌ ਕਿਲ੍ਹੇ ਹਨ, ਹਰ ਇਕ ਵਿਚ ਛੇ ਛੇ ਮਹੀਨੇ ਦੀ ਰਸਤ ਤੇ ਗੋਲੀ ਬਰੂਦ ਦਾ ਜ਼ਖੀਰਾ ਜਮ੍ਹਾਂ ਕਰ ਦਿੱਤਾ ਜਾਵੇ।

SIKHBOOKCLUB.COM

(ਇਹ ਹਾਲ ਇਕ ਚਿੱਠੀ ਵਿਚੋਂ ਲਏ ਗਏ ਹਨ, ਜੋ ਅੱਸੂ ਵਿਚ ਲਾਹੌਰੋਂ ਲਿਖੀ ਗਈ ਸੀ)।

ਯੂਸਫਜ਼ਈਆਂ ਦੇ ਇਲਾਕੇ ਵਿਚ ਸਰਕਾਰੀ ਫੌਜ ਅਤੇ ਉਧਰ ਦੇ ਗਾਜ਼ੀਆਂ ਦੇ ਮੁਲਖਈਏ ਨਾਲ ਲੜਾਈ ਹੋਈ ਹੈ। ਸੱਤ ਅੱਠ ਹਜ਼ਾਰ ਮੁਲਖਈਆ ਜਮ੍ਹਾਂ ਸੀ ਅਤੇ ਸਰਕਾਰੀ ਫੌਜ ਚਾਰ ਪਲਟਣਾਂ ਤੇ ਦੋ ਹਜ਼ਾਰ ਸਵਾਰ ਸਨ। ਸੋ ਲੜਾਈ ਵਿਚ ਸੱਤ ਕੁ ਸੌ ਮੁਲਖਈਆ ਖਾਲਸਾ ਜੀ ਦੀ ਫੌਜ ਹੱਥੋਂ ਮਾਰਿਆ ਗਿਆ ਅਤੇ ਬਾਕੀ ਨੱਸ ਗਿਆ। ਮੁਕੱਰਬ ਖਾਂ ਪੰਜਤਾਰੀਆ ਭੀ ਨੱਸ ਗਿਆ। ਖਾਲਸਾ ਫੌਜ ਵੱਲੋਂ ਇਸ ਪ੍ਰਕਾਰ ਨੁਕਸਾਨ ਹੋਇਆ: ੧੨ ਜਵਾਨ ਲੜਾਈ ਵਿਚ ਚੜ੍ਹ ਗਏ, ੧੯੭ ਜਵਾਨ ਫੱਟੜ ਹੋਏ ਅਤੇ ੧੩ ਘੋੜੇ ਮਰੇ ਤੇ ਫੱਟੜ ਹੋਏ।

SIKHBOOKCLUB.COM

## ੩੯

# ਲੱਦਾਖ਼ ਦੀ ਮੁਹਿੰਮ[੨]

### *(ਲਾਹੌਰ ਦਰਬਾਰ ਦੀਆਂ ਖ਼ਬਰਾਂ ਵਿਚੋਂ)*

### ੭ ਚੇਤ ਸੰਮਤ ੧੮੯੮ ਬਿ:—

ਤਿੱਬਤ ਵੱਲੋਂ ਖ਼ਬਰ ਆਈ ਹੈ ਕਿ ਵਜ਼ੀਰ ਜ਼ੋਰਾਵਰ ਸਿੰਘ ਨੇ ਚੀਨ ਤੇ ਖ਼ੁਤਨ ਦੀ ਹੱਦ ਵਿਚੋਂ ਜਿਹੜਾ ਇਲਾਕਾ ਸਰ ਕੀਤਾ ਸੀ, ਉਸ ਉਤੇ ਚੀਨੀਆਂ ਦਾ ਫੇਰ ਕਬਜ਼ਾ ਹੋ ਗਿਆ ਹੈ। ਚੀਨ ਵਾਲੇ ਦੀਆਂ ਫੌਜਾਂ ਆਈਆਂ ਤੇ ਉਨ੍ਹਾਂ ਨੇ ਵਜ਼ੀਰ ਜ਼ੋਰਾਵਰ ਸਿੰਘ ਨਾਲ ਬੜੀ ਲੜਾਈ ਕੀਤੀ। ਲੜਾਈ ਵਿਚ ਵਜ਼ੀਰ ਮਾਰਿਆ ਗਿਆ ਤੇ ਇਸ ਦੀ ਫੌਜ ਨੂੰ ਭਾਂਜ ਹੋਈ। ਕਈ ਸੌ ਆਦਮੀ ਫੱਟੜ ਹੋਏ ਤੇ ਕਈ ਸੌ ਦੇ ਸਿਰ ਵੱਢ ਕੇ ਉਹ ਲੈ ਗਏ ਤੇ ਨਵੇਂ ਸਰ ਕੀਤੇ ਇਲਾਕੇ ਉਤੇ ਉਨ੍ਹਾਂ ਕਬਜ਼ਾ ਕਰ ਲਿਆ। ਹੁਣ ਚੀਨ ਦੀ ਫੌਜ ਦੀ ਨੀਤੀ ਲੱਦਾਖ਼ ਨੂੰ ਲੈਣ ਦੀ ਹੈ।

ਸੋ ਰਾਜਾ ਧਿਆਨ ਸਿੰਘ ਦੀ ਫੌਜ ਅਤੇ ਰਾਜਾ ਜੋਧਬੀਰ ਸਿੰਘ ਨਦੌਣੀਏ, ਮੀਆਂ ਲੁਦਰ ਚੰਦ ਕਟੌਚ, ਰਾਜਾ ਜਸਵਾਨ, ਰਾਜਾ ਸੀਬਾ, ਰਾਜਾ ਚੰਬਾ, ਰਾਜਾ ਕੁੱਲੂ, ਰਾਜਾ ਗੁਲੇਰ ਤੇ ਹੋਰ ਸਾਰੇ ਪਹਾੜੀ ਰਾਜਿਆਂ ਦੇ ਨਾਮ ਪਰਵਾਨੇ ਜਾਰੀ ਹੋਏ ਕਿ ਸਾਰੇ ਰਲ ਕੇ ਇਸ ਮੁਹਿੰਮ ਨੂੰ ਸਿਰੇ ਚਾੜ੍ਹੋ ਅਤੇ ਰਾਜਾ ਮਤਾਬ ਸਿੰਘ ਤਿਰੀ ਕੋਟੀਏ ਨੂੰ ਵੀ ਹੁਕਮ ਹੋਇਆ ਕਿ ਇਨ੍ਹਾਂ ਦੇ ਨਾਲ ਜਾਵੇ। ਕਸ਼ਮੀਰੋਂ ਵੀ ਫੌਜ ਨੂੰ ਤਿੱਬਤ ਵੱਲ ਜਾਣ ਦਾ ਹੁਕਮ ਹੋਇਆ।

੨੦ ਚੇਤ—ਕਸ਼ਮੀਰ ਦੇ ਸੂਬੇ ਸ਼ੇਖ਼ ਗੁਲਾਮ ਮੁਹੀਯੁੱਦੀਨ ਦੀ ਅਰਜ਼ੀ ਆਈ ਸੀ ਕਿ ਤਿੱਬਤ ਦੇ ਮੁਲਖਈਦੇ ਦੀ ਸੋਰਸ ਦਾ ਹਜ਼ੂਰ ਨੂੰ ਪਤਾ ਹੀ ਹੈ। ਚੀਨ ਤੇ ਖ਼ੁਤਨ ਦੀ ਫੌਜ ਆਪਣੇ ਨਾਲ ਮੁਲਖਈਆ ਲੈ ਕੇ ਲੱਦਾਖ਼ੋਂ ਚਾਰ ਪੜਾਉ ਪਰੇ ਆਣ ਉਤਰੇ ਸਨ। ਜਿਹੜੀ ਸਰਕਾਰੀ ਫੌਜ ਉਥੇ ਸੀ, ਵਜ਼ੀਰ ਜ਼ੋਰਾਵਰ ਸਿੰਘ ਸਣੇ ਸਾਰੀ ਦੀ ਸਾਰੀ ਮਾਰੀ ਗਈ ਹੈ। ਵੈਰੀ ਦੀ ਨੀਤ ਅੱਗੇ ਵਧਣ ਦੀ ਸੀ। ਮੇਰੇ ਪਾਸ ਜੋ ਫੌਜ ਸੀ, ਮੈਂ ਉਧਰ ਘੱਲ ਦਿੱਤੀ ਹੈ। ਇਹ ਫੌਜ ਲੱਦਾਖੋਂ ਦਸ ਪੜਾਉ ਇਧਰ ਉਤਰ

---

*੨ ਰਸਾਲਾ ਫੁਲਵਾੜੀ, ੧੯੩੦, ਸਫਾ ੫੦੩।*

 www.sikhbookclub.com

ਪਈ। ਉਧਰ ਦਾ ਮੁਲਖਈਆ ਸਭ ਆਕੀ ਹੋ ਗਿਆ ਹੈ। ਜੇਕਰ ਉਹ ਫੌਜ ਮੁਲਖਈਆ ਹੀ ਹੈ, ਤਾਂ ਰਾਜਾ ਸਾਹਿਬ ਦੀ ਫੌਜ ਦੇ ਪੁੱਜਣ ਨਾਲ ਹੀ ਸਭ ਕੁਝ ਠੀਕ ਹੋ ਜਾਊ ਤੇ ਜੇ ਉਹ ਚੀਨ ਦੀ ਫੌਜ ਹੈ, ਤਾਂ ਜਦ ਤੀਕ ਰਾਜਾ ਗੁਲਾਬ ਸਿੰਘ ਵਰਗਾ ਕੋਈ ਵੱਡਾ ਸਰਦਾਰ ਨਹੀਂ ਜਾਵੇਗਾ, ਉਹਨਾਂ ਦਾ ਚੰਗਾ ਪ੍ਰਬੰਧ ਨਹੀਂ ਹੋਵੇਗਾ। ਰਾਜਾ ਗੁਲਾਬ ਸਿੰਘ ਦਾ ਦੀਵਾਨ ਹਰੀ ਸਿੰਘ ਪੰਜ ਹਜ਼ਾਰ ਆਦਮੀ ਲੈ ਕੇ ਕਸ਼ਮੀਰ ਅੱਪੜ ਪਿਆ ਹੈ ਅਤੇ ਇਥੋਂ ਲੜਾਈ ਦਾ ਸਾਮਾਨ ਤੇ ਰਸਦ ਪੱਠੇ ਦਾ ਪ੍ਰਬੰਧ ਕਰ ਕੇ ਅੱਗੇ ਨੂੰ ਜਾਵੇਗਾ।

ਇਹ ਅਰਜ਼ੀ ਸੁਣ ਕੇ ਸਿੰਘ ਸਾਹਿਬ ਨੇ ਕਿਹਾ ਕਿ ਸਰਦਾਰ ਲਹਿਣਾ ਸਿੰਘ ਮਜੀਠੀਏ ਦਾ ਮਾਤਬਰ ਬਾਵਾ ਲਛਮਣ ਸਿੰਘ, ਰਾਜਾ ਜੋਧਬੀਰ ਸਿੰਘ ਨਦੌਣੀਆ, ਭਗਵਾਨ ਸਿੰਘ ਥਾਣੇਦਾਰ, ਨੂਰਪੁਰ, ਮੂਲ ਸਿੰਘ ਸਰਕਾਰੀ ਖਿਦਮਤਗਾਰ, ਨਵੀਂ ਨੌਕਰ ਰੱਖੀ ਪਹਾੜੀ ਫੌਜ, ਦੋ ਹਜ਼ਾਰ ਨਫਰੀ ਲਾਹੌਰ ਦੀ ਅਤੇ ਪੰਜ ਹਜ਼ਾਰ ਨਫਰੀ ਪਹਾੜੀ ਰਾਜਿਆਂ ਦੀ, ਇਹ ਸਭ ਕੁੱਲੂ ਪਹਾੜ ਦੇ ਰਾਹ ਉਤੇ ਹੀ ਓਧਰ ਜਾਣਗੇ।

ਤੋਸ਼ੇਖਾਨਿਓਂ ਦਸ ਹਜ਼ਾਰ ਰੁਪਿਆ ਲੱਦਾਖ਼ ਦੀ ਫੌਜ ਦੀ ਤਲਬ ਲਈ, ਤੀਹ ਹਜ਼ਾਰ ਰੁਪਿਆ ਇਕ ਸੌ ਮਣ ਪੱਕਾ ਬਾਰੂਦ ਤੇ ਇਤਨਾ ਹੀ ਸਿੱਕਾ ਸਰਦਾਰ ਲਹਿਣਾ ਸਿੰਘ ਮਜੀਠੀਏ ਨੂੰ, ਦੋ ਹਜ਼ਾਰ ਰੁਪਿਆ ਰਾਜਾ ਜੋਧਬੀਰ ਸਿੰਘ, ਪੰਜ ਸੌ ਰੁਪਿਆ ਭਗਵਾਨ ਸਿੰਘ ਤੇ ਮੂਲ ਸਿੰਘ ਨੂੰ ਸੱਦਾ ਦਿੱਤਾ ਗਿਆ। ਇਹਨਾਂ ਦੋਹਾਂ ਦਾ ਰੁਜੀਨਾ ਵੀ ਇਕ ਇਕ ਰੁਪਿਆ ਵਧਾ ਦਿੱਤਾ। ਬਾਵਾ ਲਛਮਣ ਸਿੰਘ ਨੂੰ ਪਹਿਲੀ ਜਗੀਰ ਤੋਂ ਬਿਨਾਂ ਪੰਜ ਸੌ ਰੁਪਏ ਦੀ ਹੋਰ ਜਗੀਰ ਦਿੱਤੀ ਗਈ ਅਤੇ ਸਭ ਨੂੰ ਹੁਕਮ ਹੋਇਆ ਕਿ ਪੱਕੇ ਪੈਰ ਲੱਦਾਖ ਜਾਵੇ ਤੇ ਪੱਕੇ ਪੈਰ ਕਰ ਕੇ ਉਥੋਂ ਅੱਗੇ ਵਧੋ। ਮੀਆਂ ਜਵਾਹਰ ਚੰਦ ਨੂੰ ਇਕ ਜੋੜੀ ਕੰਗਣਾਂ ਦੀ, ਇਕ ਦੁਸ਼ਾਲਾ ਤੇ ਪੰਜ ਸੌ ਰੁਪਏ ਨਕਦ ਦੇ ਕੇ ਹੁਕਮ ਹੋਇਆ ਕਿ ਤੁਸੀਂ ਵੀ ਲੱਦਾਖ ਨੂੰ ਜਾਵੋ। ਸਰਦਾਰ ਮਤਾਬ ਸਿੰਘ ਤਿਰੀ ਕੋਟੀਏ ਨੂੰ ਹੁਕਮ ਹੋਇਆ ਕਿ ਤੁਸੀਂ ਵੀ ਲੱਦਾਖ ਨੂੰ ਜਾਵੋ। ਉਸ ਨੇ ਇਹ ਗੱਲ ਨਾ ਮੰਨੀ, ਸੋ ਉਸ ਦੀ ਜਗੀਰ ਜ਼ਬਤ ਕੀਤੀ ਗਈ।

ਗੁਲਾਮ ਮੁਹੀਯੁੱਦੀਨ ਨੂੰ ਹੁਕਮ ਹੋਇਆ ਕਿ ਤੁਸਾਡੀ ਫੌਜ ਦੇ ਅਫਸਰ ਜਾਸੂਸ ਘੱਲ ਘੱਲ ਕੇ ਹਰ ਪਰਕਾਰ ਦੇ ਹਾਲਾਂ ਦਾ ਪਤਾ ਕਰਦੇ ਰਿਹਾ ਕਰਨ ਕਿ ਦੁਸ਼ਮਣ ਦੀ ਨੀਤੀ ਕੀ ਹੈ ਤੇ ਤੁਸੀਂ ਸਰਕਾਰ ਨੂੰ ਸਭ ਗੱਲਾਂ ਲਿਖਦੇ ਰਿਹਾ ਕਰੋ। ਕਸ਼ਮੀਰ ਵੱਲੋਂ ਤੁਸਾਡੀ ਤੇ ਰਾਜਾ ਗੁਲਾਬ ਸਿੰਘ ਦੀ ਫੌਜ ਗਈ ਹੈ ਤੇ ਲਾਹੌਰੋਂ ਸਰਕਾਰੀ ਫੌਜ ਲੱਦਾਖ ਨੂੰ ਘੱਲ ਦਿੱਤੀ ਗਈ ਹੈ।

੧੫ ਵਿਸਾਖ ਸੰਮਤ ੧੮੯੯ ਬਿ:- ਕੰਵਰ ਪ੍ਰਤਾਪ ਸਿੰਘ ਦੀ ਅਰਜ਼ੀ ਆਈ ਕਿ ਅਕਾਲ ਪੁਰਖ ਦੀ ਕਿਰਪਾ ਤੇ ਹਜ਼ੂਰ ਦੇ ਇਕਬਾਲ ਨਾਲ ਇਧਰ ਦਾ ਕੰਮ ਠੀਕ ਹੋ ਗਿਆ ਹੈ। ਹੁਣ ਲੱਦਾਖ ਦਾ ਕੰਮ ਰਹਿੰਦਾ ਹੈ, ਜਿਧਰ ਚੀਨ ਵਾਲਿਆਂ ਦੀ ਫੌਜ

ਆਈ ਹੋਈ ਹੈ ਇਹ ਕੰਮ ਰਾਜਾ ਗੁਲਾਬ ਸਿੰਘ ਤੋਂ ਬਿਨਾਂ ਨਹੀਂ ਹੋਣਾ। ਸੋ ਸਰਕਾਰ ਰਾਜਾ ਗੁਲਾਬ ਸਿੰਘ ਨੂੰ ਲੱਦਾਖ ਵੱਲ ਘੱਲ ਦੇਵੇ। ਹੁਕਮ ਹੋਇਆ ਕਿ ਜੇਠ ਦੀ ਪਹਿਲੀ ਨੂੰ ਰਾਜਾ ਗੁਲਾਬ ਸਿੰਘ ਨੂੰ ਲੱਦਾਖ ਵੱਲ ਘੱਲ ਦਿੱਤਾ ਜਾਵੇਗਾ ਅਤੇ ਤੁਸਾਨੂੰ ਹਾੜ ਵਿਚ ਲਾਹੌਰ ਸੱਦ ਲਿਆ ਜਾਊ।

੨੯ ਵਿਸਾਖ—ਪਸ਼ੌਰ ਦੀ ਖ਼ਬਰ ਹੈ ਕਿ ਰਾਜਾ ਹਜ਼ਾਰੇ ਵੱਲੋਂ ਹੋ ਕੇ ਮੁਜ਼ੱਫਰਾਬਾਦ ਅੱਪੜ ਪਿਆ ਹੈ ਤੇ ਛੇਤੀ ਹੀ ਕਸ਼ਮੀਰ ਅੱਪੜ ਪਊ, ਕਿ ਉਧਰ ਦੀ ਲੱਦਾਖ ਨੂੰ ਜਾਵੇ ਅਤੇ ਰਾਜਾ ਗੁਲਾਬ ਸਿੰਘ ਦੇ ਤੁਰ ਜਾਣ ਮਗਰੋਂ ਪਸ਼ੌਰ ਵਿਚਲੀ ਸਿੰਘਾਂ ਦੀ ਫੌਜ ਨੇ ਬੜਾ ਸ਼ੋਰ-ਸ਼ਰਾਬਾ ਪਾਇਆ ਹੈ ਤੇ ਲੜਾਈ ਫਸਾਦ ਲਈ ਤਿਆਰ ਹਨ।

੨੨ ਜੇਠ—ਖ਼ਬਰ ਆਈ ਹੈ ਕਿ ਰਾਜਾ ਗੁਲਾਬ ਸਿੰਘ ਹਜ਼ਾਰੇ ਵੱਲੋਂ ਹੋ ਕੇ ਮੁਜ਼ੱਫਰਾਬਾਦ ਅੱਪੜ ਪਿਆ ਹੈ ਤੇ ਛੇਤੀ ਹੀ ਕਸ਼ਮੀਰ ਅੱਪੜ ਪਊ ਅਤੇ ਜਿਹੜੀ ਸਰਕਾਰੀ ਫੌਜ ਤੇ ਰਾਜਾ ਸਾਹਿਬ ਦੀ ਫੌਜ ਕੁੱਲੂ ਦੇ ਰਾਹ ਕਸ਼ਮੀਰ ਥਾਣੀਂ ਹੁੰਦੀ ਹੋਈ ਲੱਦਾਖ ਨੂੰ ਗਈ ਸੀ, ਰਾਹ ਵਿਚ ਉਹਨਾਂ ਦੀ ਮੁਲਖਈਏ ਨਾਲ ਲੜਾਈ ਹੋਈ ਸੀ। ਫੌਜ ਦੇ ਬਹੁਤ ਆਦਮੀ ਮਰੇ ਤੇ ਫੱਟੜ ਹੋਏ, ਪਰ ਅੰਤ ਨੂੰ ਵੈਰੀ ਨੱਸ ਤੁਰਿਆ ਅਤੇ ਉਹਨਾਂ ਵਿਚੋਂ ਕੁਝ ਕੁ ਕੈਦੀ ਵੀ ਬਣਾਏ ਗਏ। ਰਾਜਾ ਗੁਲਾਬ ਸਿੰਘ ਦੇ ਉਧਰ ਅੱਪੜਿਆਂ ਲੱਦਾਖ ਦਾ ਚੰਗਾ ਪ੍ਰਬੰਧ ਹੋ ਜਾਊ।

SIKHBOOKCLUB.COM

੯ ਹਾੜ—ਕਸ਼ਮੀਰੋਂ ਰਾਜਾ ਗੁਲਾਬ ਸਿੰਘ ਦੀ ਅਰਜ਼ੀ ਆਈ ਹੈ ਕਿ ਮੈਂ ਕਸ਼ਮੀਰ ਅੱਪੜ ਪਿਆ ਹਾਂ ਅਤੇ ਸਰਕਾਰੀ ਫੌਜ, ਦੀਵਾਨ ਹਰੀ ਚੰਦ ਤੇ ਵਜ਼ੀਰ ਰਤਨੂ ਲੱਦਾਖ ਅੱਪੜ ਪਏ ਹਨ। ਰਾਹ ਵਿਚ ਸ਼ਾਹ ਖੁਤਨ ਦੀ ਫੌਜ ਅਤੇ ਲਾਸੇ ਤੇ ਭੋਟੀਆਂ ਦੇ ਮੁਲਖਈਏ ਨਾਲ ਸਰਕਾਰੀ ਫੌਜ ਦੀ ਤਿੰਨ ਵਾਰ ਲੜਾਈ ਹੋਈ, ਦੋਹਾਂ ਪਾਸਿਆਂ ਤੋਂ ਬਹੁਤ ਆਦਮੀ ਮਰੇ, ਪਰ ਅੰਤ ਨੂੰ ਵੈਰੀ ਸਿੰਘਾਂ ਦੀ ਝਾਲ ਨਾ ਝਲ ਕੇ ਨੱਸ ਉਠੇ। ਲੱਦਾਖ ਦੇ ਆਂਢ-ਗੁਆਂਢ ਦੇ ਸਭ ਰਾਜੇ ਨੱਸ ਗਏ ਹਨ ਅਤੇ ਹੁਣ ਫੇਰ ਸ਼ਾਹ ਖੁਤਨ ਦੀ ਫੌਜ ਤੇ ਮੁਲਖਈਆ ਇਕੱਠੇ ਹੋ ਕੇ ਲੜਾਈ ਕਰਨ ਲਈ ਤਿਆਰ ਹਨ। ਮੈਂ ਛੇਤੀ ਹੀ ਲੱਦਾਖ ਅੱਪੜ ਕੇ ਇਹ ਕੰਮ ਕਰਨੇ ਹਨ—ਇਕ ਤਾਂ ਫਸਾਦੀਆਂ ਨੂੰ ਸਜ਼ਾ ਦੇਣੀ ਹੈ, ਦੂਜੇ ਲੱਦਾਖ ਦੇ ਆਂਢ-ਗੁਆਂਢ ਦੇ ਰਾਜਿਆਂ ਨੂੰ ਹਾਜ਼ਰ ਕਰਨਾ ਹੈ, ਤੀਜੇ ਜਿਥੇ ਪਹਿਲਾਂ ਜ਼ੋਰਾਵਰ ਸਿੰਘ ਮਾਰਿਆ ਗਿਆ ਸੀ, ਸੁਣੀਂਦਾ ਹੈ ਕਿ ਵਜ਼ੀਰ ਦੇ ਇਕ ਹਜ਼ਾਰ ਆਦਮੀ ਵੈਰੀਆਂ ਪਾਸ ਕੈਦ ਹਨ, ਉਨ੍ਹਾਂ ਨੂੰ ਛੁਡਾਉਣਾ ਹੈ। ਚੌਥੇ ਕਿਲ੍ਹਿਆਂ ਨੂੰ ਠੀਕ ਕਰਨਾ ਤੇ ਉਹਨਾਂ ਵਿਚ ਜ਼ਖੀਰਾ ਜਮ੍ਹਾਂ ਕਰਨਾ ਹੈ ਤੇ ਰਾਹ ਨੂੰ ਫਸਾਦੀਆਂ ਤੋਂ ਸਾਫ ਕਰਨਾ ਹੈ, ਕਿਉਂ ਜੁ ਰਾਹ ਬੰਦ ਹੋਣ ਨਾਲ ਸਰਕਾਰ ਦਾ ਮਾਮਲਾ ਬੰਦ ਹੋ ਜਾਵੇਗਾ ਅਤੇ ਲੱਦਾਖੋਂ ਜਿਹੜੀ ਚਾਹ ਤੇ ਪਸ਼ਮ ਆਦਿ ਕਸ਼ਮੀਰ, ਕਾਬਲ ਤੇ ਹੋਰ ਦੇਸ਼ਾਂ ਨੂੰ ਜਾਂਦੀ ਸੀ, ਉਹ ਨਹੀਂ ਜਾ ਸਕੇਗੀ। ਪਿਛਲੀਆਂ ਤਿੰਨ ਲੜਾਈਆਂ ਵਿਚ ਪੰਜ ਸੌ ਆਦਮੀ ਦੁਸ਼ਮਣ ਦਾ ਸਰਕਾਰੀ ਫੌਜ ਨੇ ਕੈਦ ਕੀਤਾ ਸੀ,

ਜਾਂ ਫ਼ੌਜ ਪਾਸ ਕੈਦ ਹੈ। ਰਾਜਾ ਗੁਲਾਬ ਸਿੰਘ ਨੂੰ ਲਿਖਿਆ ਗਿਆ, ਕਿ ਸਾਰਾ ਕੰਮ ਪੱਕਾ ਕਰਨਾ ਤੇ ਛੇਤੀ ਕਰਨਾ।

ਕਸ਼ਮੀਰੋਂ ਖ਼ਬਰ ਆਈ ਸੀ ਕਿ ਕਸ਼ਮੀਰ ਦੇ ਸੂਬੇ ਸ਼ੇਖ ਗੁਲਾਮ ਮੁਹੀਯੁੱਦੀਨ ਨੇ ਪੰਜ ਸੌ ਰੁਪਿਆ ਸਰਵਾਰਨੇ ਵਜੋਂ ਅਤੇ ਇੱਕੀ ਸੌ ਰੁਪਿਆ ਜ਼ਿਆਫਤ ਵਜੋਂ ਰਾਜਾ ਗੁਲਾਬ ਸਿੰਘ ਪਾਸ ਘਲਵਾਇਆ ਅਤੇ ਰਾਜਾ ਸਾਹਿਬ ਦੇ ਕਹੇ ਮੁਜਬ ਲੱਦਾਖ਼ ਦੀ ਫੌਜ ਪਾਸ ਰਸਤਾਂ ਘਲਵਾਉਣ ਦਾ ਇਸ ਪ੍ਰਕਾਰ ਪ੍ਰਬੰਧ ਕੀਤਾ ਕਿ ਡੇਢ ਹਜ਼ਾਰ ਪਹਾੜੀ ਬਲ, ਛੇ ਹਜ਼ਾਰ ਖੱਚਰਾਂ ਅਤੇ ਛੇ ਹਜ਼ਾਰ ਪਹਾੜੀ ਬੱਕਰੇ, ਜੋ ਭਾਰ ਬਰਦਾਰੀ ਦੇ ਲਾਇਕ ਸਨ, ਇਕੱਠੇ ਕੀਤੇ। ਰਸਤ ਇਨ੍ਹਾਂ ਉਤੇ ਲੱਦੀ ਤੇ ਲੱਦਾਖ਼ ਨੂੰ ਤੋਰ ਦਿੱਤੀ ਹੈ। ਸ਼ੇਖ ਗੁਲਾਮ ਮੁਹੀਯੁੱਦੀਨ ਦੇ ਨਾਮ ਹੁਕਮ ਲਿਖਿਆ ਗਿਆ ਕਿ ਜੋ ਕੁਝ ਰਾਜਾ ਜੀ ਮੰਗਣ, ਉਸੇ ਵੇਲੇ ਦੇ ਦਿੱਤਾ ਜਾਵੇ। ਕਿਲ੍ਹਿਆਂ ਵਿਚ ਜ਼ਖੀਰਾ ਰੱਖਣ ਲਈ ਸ਼ਾਲੀ ਦੇ ਵੀਹ ਹਜ਼ਾਰ ਖਰਵਾਰ ਆਪਣੇ ਪਾਸੋਂ ਦੇ ਦਿੱਤੇ ਜਾਣ, ਹਿਸਾਬ ਵਿਚ ਮੁਜਰੇ ਕਰ ਦਿਤੇ ਜਾਣਗੇ।

੨੬ ਸਾਵਣ—ਕਸ਼ਮੀਰ ਦੀ ਖ਼ਬਰ ਹੈ ਕਿ ਕਸ਼ਮੀਰ ਦੇ ਸੂਬੇ ਸ਼ੇਖ਼ ਗੁਲਾਮ ਮੁਹੱਯੁਦੀਨ ਨੇ ਇਕ ਹਜ਼ਾਰ ਫੌਜ ਗਿਲਗਿਤ ਦੇ ਬੰਦੋਬਸਤ ਲਈ ਘੱਲੀ ਹੈ। ਗੱਲ ਇਹ ਹੈ ਕਿ ਗਿਲਗਿਤ ਦਾ ਰਾਜਾ ਦੋ ਭਾਈ ਹਨ। ਮੁਲਕ ਦੀ ਵੰਡ ਅਤੇ ਦੋਹਾਂ ਦੀ ਵੰਡ ਦੇ ਕਾਰਨ ਦੋਹਾਂ ਵਿਚ ਲੜਾਈ ਹੋ ਪਈ। ਵੱਡਾ ਭਰਾ ਕਸ਼ਮੀਰ ਆ ਗਿਆ ਅਤੇ ਖ਼ਾਲਸਾ ਜੀ ਦੀ ਈਨ ਮੰਨ ਕੇ ਨਜ਼ਰਾਨਾ ਤੇ ਖਰਾਜ ਦੇਣ ਦੀ ਲਿਖਤ ਕਰ ਦਿੱਤੀ ਅਤੇ ਸਰਕਾਰੀ ਫੌਜ ਆਪਣੇ ਨਾਲ ਲੈ ਆ ਗਿਆ।

ਰਾਜਾ ਗੁਲਾਬ ਸਿੰਘ ਦੀ ਫੌਜ ਨੇ ਅਸਕਰਦੂ ਦੇ ਕਿਲ੍ਹੇ ਦਾ ਡਾਢਾ ਘੇਰਾ ਘੱਤਿਆ ਹੋਇਆ ਹੈ, ਛੇਤੀ ਹੀ ਕਿਲ੍ਹਾ ਸਰ ਹੋ ਜਾਵੇਗਾ।

੨੮ ਸਾਵਣ—ਲੱਦਾਖ਼ ਦੀ ਖ਼ਬਰ ਹੈ ਕਿ ਲੱਦਾਖੋਂ ਪਰ੍ਹੇ ਵੀਹ ਕੁ ਕੋਹ ਉਤੇ ਦਰਿਆ ਸਿੰਧ ਦੇ ਕੰਢੇ ਰਾਜਾ ਗੁਲਾਬ ਸਿੰਘ ਦੀ ਫੌਜ ਤੇ ਦੀਵਾਨ ਹਰੀ ਚੰਦ ਆਦਿ ਅਫਸਰ ਉਤਰੇ ਹੋਏ ਸਨ। ਸਾਹਮਣੇ ਲਾਸੇ ਵਾਲਿਆਂ, ਜਾਂਫਿਆਂ ਤੇ ਭੋਟੀਆਂ ਦੀ ਫੌਜ ਉਤਰੀ ਹੋਈ ਹੈ। ਸਿੰਘਾਂ ਦੀ ਫੌਜ ਨੇ ਤਿੰਨ ਵਾਰ ਵੈਰੀ ਉਤੇ ਹੱਲਾ ਕੀਤਾ। ਅੰਤ ਨੂੰ ਉਹ ਸਿੰਘਾਂ ਦੀ ਝਾਲ ਨਾ ਝਲ ਕੇ ਤੇ ਆਪਣੀ ਵੱਲੋਂ ਪੂਰਾ ਟਿੱਲ ਲਾ ਕੇ ਨੱਸ ਖੜ੍ਹੋਤੇ ਤੇ ਜਿੱਤ ਖਾਲਸਾ ਜੀ ਦੀ ਹੋਈ। ਸੁਰਗਵਾਸੀ ਵੱਡੀ ਸਰਕਾਰ ਦੇ ਸਮੇਂ ਤੋਂ ਲੈ ਕੇ ਅੱਜ ਤੀਕ ਐਸੀ ਭਾਰੀ ਜਿੱਤ ਕਦੇ ਨਹੀਂ ਹੋਈ ਸੀ। ਵੈਰੀ ਬਹੁਤ ਮਾਰੇ ਗਏ ਅਤੇ ਬਹੁਤ ਦਰਿਆ ਵਿਚ ਡੁੱਬੇ। ਸਿੰਘਾਂ ਨੇ ਅੱਠ ਕੋਹ ਤੀਕ ਉਨ੍ਹਾਂ ਦਾ ਪਿੱਛਾ ਕੀਤਾ ਤੇ ਮਾਰੋ ਮਾਰ ਕਰਦੇ ਗਏ। ਉਨ੍ਹਾਂ ਦੇ ਦਸ ਅਫਸਰ ਅਤੇ ਪੰਜ ਸੌ ਆਦਮੀ ਕੈਦ ਕਰ ਲਏ ਹਨ। ਰਾਜਾ ਗੁਲਾਬ ਸਿੰਘ ਨੇ ਅਫਸਰਾਂ ਲਈ ਖ਼ਿਲਤ ਤੇ ਫੌਜ ਦੇ ਇਨਾਮ ਲਈ ਪੰਜ ਹਜ਼ਾਰ ਰੁਪਿਆ ਘੱਲਿਆ ਹੈ।

ਮਹਾਰਾਜਾ ਸਾਹਿਬ ਐਸੀ ਜਿੱਤ ਦੀ ਖ਼ਬਰ ਸੁਣ ਕੇ ਬੜੇ ਹੀ ਖੁਸ਼ ਹੋਏ। ਖੁਸ਼ੀ ਵਜੋਂ ਤੋਪਾਂ ਦੀ ਸ਼ਲਕ ਕਰਵਾਈ ਗਈ।

੨੫ ਭਾਦਰੋਂ—ਬਾਵਾ ਲਛਮਣ ਸਿੰਘ, ਜੋ ਕੁੱਲੂ ਦੇ ਰਾਹ ਫੌਜ ਲੈ ਕੇ ਲੱਦਾਖ਼ ਨੂੰ ਗਿਆ ਸੀ ਉਸ ਦੀ ਅਰਜ਼ੀ ਆਈ ਕਿ ਮੈਂ ਲੱਦਾਖ਼ ਦੇ ਇਲਾਕੇ ਵਿਚ ਪੱਤੀ ਸ਼ਹਿਰ ਅੱਪੜ ਪਿਆ ਹਾਂ। ਇਥੋਂ ਦੇ ਕਿਲ੍ਹੇ ਵਿਚ ਲਾਸ਼ਿਆਂ, ਜਾਪਿਆਂ ਤੇ ਭੁਟੰਟਾਂ ਦੀ ਫੌਜ ਜਮ੍ਹਾਂ ਸੀ। ਇਹਨਾਂ ਨਾਲ ਇਥੇ ਖੂਬ ਲੜਾਈ ਹੋਈ ਅਤੇ ਸਰਕਾਰ ਦੇ ਇਕਬਾਲ ਨਾਲ ਅਸਾਂ ਕਿਲ੍ਹਾ ਸਰ ਕਰ ਲਿਆ। ਇਥੋਂ ਇਕ ਰਾਹ ਤਾਂ ਲੱਦਾਖ ਵੱਲ, ਇਕ ਰਾਹ ਚੀਨ ਵੱਲ, ਇਕ ਰਾਹ ਕੁੱਲੂ ਵੱਲ ਤੇ ਇਕ ਰਾਹ ਕਸ਼ਮੀਰ ਵੱਲ ਜਾਂਦਾ ਹੈ। ਇਥੇ ਚੁਤਰਫ ਦੇ ਵਪਾਰੀ ਆਉਂਦੇ ਜਾਂਦੇ ਹਨ ਤੇ ਇਹ ਥਾਂ ਬੜਾ ਹੀ ਸੋਹਣਾ ਤੇ ਧਰਤੀ ਦਾ ਇਕ ਅਜੂਬਾ ਹੈ। ਸਲਾਹ ਇਹ ਹੈ ਕਿ ਸਰਕਾਰ ਵੱਲੋਂ ਇਕ ਤਕੜਾ ਪੱਕਾ ਕਿਲ੍ਹਾ ਇਥੇ ਬਣਵਾਇਆ ਜਾਵੇ। ਕਿਉਂ ਜੋ ਇਹ ਆਮਦਨ ਦੀ ਥਾਂ ਹੈ, ਜੋ ਸਰਦਾਰ ਲਹਿਣਾ ਸਿੰਘ ਨੂੰ ਹੁਕਮ ਹੋਇਆ ਕਿ ਉਥੇ ਬਹੁਤ ਛੇਤੀ ਇਕ ਤਕੜਾ ਕਿਲ੍ਹਾ ਤਿਆਰ ਕੀਤਾ ਜਾਵੇ ਤੇ ਉਸ ਵਿਚ ਲੋੜੀਂਦਾ ਜ਼ਖੀਰ ਜਮ੍ਹਾਂ ਰੱਖਿਆ ਜਾਵੇ।

੨੮ ਭਾਦਰੋਂ—ਕਸ਼ਮੀਰੋਂ ਰਾਜਾ ਗੁਲਾਬ ਸਿੰਘ ਦੀ ਅਰਜ਼ੀ ਆਈ ਕਿ ਲੱਦਾਖ਼ ਵੱਲ ਦਾ ਹਾਲ ਇਉਂ ਹੈ, ਦੋਵੇਂ ਧਿਰਾਂ ਲੜਾਈ ਲਈ ਤਿਆਰ ਹਨ। ਪਰ ਲਾਸ਼ੇ, ਜਾਂਬੋ ਤੇ ਭੁਟੰਟਾਂ ਦੇ ਅਫਸਰ ਇਹ ਵੀ ਕਹਿੰਦੇ ਹਨ ਕਿ ਤੁਸਾਂ ਜਿਥੋਂ ਤੀਕ ਆਪਣੀ ਹੱਦ ਦਾ ਠੋਡਾ ਲਾਉਣਾ ਹੈ ਲਾ ਦੇਵੋ ਅਤੇ ਗੱਲ ਪੱਕੀ ਕਰ ਲਵੋ ਤੇ ਆਪੋ ਵਿਚ ਅਹਿਦ ਕਰ ਕੇ ਆਪੋ ਆਪਣੀ ਹੱਦ ਉਤੇ ਪੱਕੇ ਰਹੋ। ਸੋ ਸਰਕਾਰ ਹੁਕਮ ਕਰ ਘੱਲੇ ਕਿ ਆਪਣੀ ਹੱਦ ਕਿੱਥੋਂ ਤੀਕ ਕਾਇਮ ਕਰ ਲਈਏ, ਅਤੇ ਕਿਲ੍ਹਿਆਂ ਦਾ ਪ੍ਰਬੰਧ ਕੀਕੂੰ ਕੀਤਾ ਜਾਵੇ ?

ਸਰਕਾਰੋਂ ਲਿਖਿਆ ਗਿਆ ਕਿ ਛੋਟੇ ਛੋਟੇ ਕਿਲ੍ਹੇ ਢਾਹ ਦੇਵੋ ਅਤੇ ਚੰਗੇ ਚੰਗੇ ਰੱਖ ਲਵੋ ਤੇ ਲੜਾਈ ਲਈ ਵੀ ਤਿਆਰ ਰਹੋ, ਨਰਮ ਨਹੀਂ ਹੋ ਜਾਣਾ।

੩੧ ਭਾਦਰੋਂ—ਕਸ਼ਮੀਰ ਤੇ ਲੱਦਾਖੋਂ ਖ਼ਬਰ ਆਈ ਕਿ ਲੱਦਾਖੋਂ ਸੱਠ ਕੋਹ ਪਰ੍ਹੇ ਚੀਨ ਵਾਲੇ ਪਾਸੇ ਵੱਲ ਜਿਥੇ ਲਾਸ਼ਿਆਂ ਦੀ ਫੌਜ ਉਤਰੀ ਹੋਈ ਸੀ, ਦੀਵਾਨ ਹਰੀ ਚੰਦ ਨੇ ਆਪਣੀ ਫੌਜ ਨਾਲ ਉਥੇ ਲਾਸ਼ਿਆਂ ਦੀ ਸਾਰੀ ਫੌਜ ਨੂੰ ਘੇਰ ਲਿਆ। ਲਾਸ਼ਿਆਂ ਨੇ ਪੱਥਰਾਂ ਦਾ ਭਾਰੀ ਸੰਘਰ ਬਣਾਇਆ ਹੋਇਆ ਸੀ ਤੇ ਸੰਘਰ ਵਿਚ ਪਾਣੀ ਪਹਾੜ ਵੱਲੋਂ ਆਉਂਦਾ ਸੀ। ਦੀਵਾਨ ਨੇ ਉਸ ਪਾਣੀ ਨੂੰ ਪਹਾੜ ਉਤੇ ਬੰਦ ਕਰ ਦਿੱਤਾ ਅਤੇ ਜਦ ਪਾਣੀ ਬਹੁਤ ਸਾਰਾ ਜਮ੍ਹਾਂ ਹੋ ਗਿਆ ਤਾਂ ਇੱਕੋ ਵਾਰੀ ਬੰਨ੍ਹ ਤੋੜ ਦਿੱਤਾ। ਸੰਘਰ ਅੰਦਰ ਪਾਣੀ ਹੀ ਪਾਣੀ ਹੋ ਗਿਆ, ਜਿਸ ਕਰਕੇ ਲਾਸ਼ੇ ਸੰਘਰ ਨੂੰ ਛੱਡ ਕੇ ਨੱਸ ਖੜੋਤੇ। ਸਰਕਾਰੀ ਫੌਜ ਪਹਿਲਾਂ ਤੋਂ ਹੀ ਤਲਵਾਰਾਂ ਧੂਹੀ ਤੇ ਤੋੜੇ ਧੁਖਾਈ ਤਿਆਰ ਖੜ੍ਹੀ ਸੀ। ਇੱਕੋ ਵਾਰ ਹੱਲਾ ਕਰ ਕੇ ਜਾ ਪਈ, ਜਿਸ ਕਰਕੇ ਲੱਦਾਖ

 www.sikhbookclub.com

ਦਾ ਰਾਜਾ, ਅਸਕਰਦੂ ਦਾ ਰਾਜਾ ਤੇ ਲਾਸ਼ਿਆਂ ਦੀ ਫੌਜ ਦੇ ਅਫਸਰ ਹਾਜ਼ਰ ਹੋ ਗਏ।

੧੨ ਅੱਸੂ—ਇਸ ਜਿੱਤ ਦਾ ਵੇਰਵਾ ਸੁਣ ਕੇ ਮਹਾਰਾਜਾ ਸਾਹਿਬ ਬੜੇ ਖੁਸ਼ ਹੋਏ, ਤੋਪਾਂ ਦੀ ਸ਼ਲਕ ਕਰਵਾਈ ਅਤੇ ਖ਼ਬਰ ਲਿਆਉਣ ਵਾਲੇ ਨੂੰ ਕੰਗਣਾਂ ਦੀ ਜੋੜੀ ਬਖਸ਼ੀ।

ਕਸ਼ਮੀਰੋਂ ਰਾਜਾ ਗੁਲਾਬ ਸਿੰਘ ਦੀ ਅਰਜ਼ੀ ਆਈ ਕਿ ਸਾਰੇ ਇਲਾਕੇ ਉਤੇ ਕਬਜ਼ਾ ਹੋ ਗਿਆ ਹੈ, ਸਭ ਨੇ ਈਨ ਮੰਨ ਲਈ, ਕਿਲ੍ਹਿਆਂ ਵਿਚ ਥਾਣੇ ਬਿਠਾ ਦਿੱਤੇ ਹਨ। ਲੱਦਾਖ਼ ਵਾਲਾ ਰਾਜਾ, ਅਸਕਰਦੂ ਵਾਲਾ ਰਾਜਾ ਤੇ ਪੱਤੀ ਵਾਲਾ ਰਾਜਾ ਹਾਜ਼ਰ ਹੋ ਗਏ ਤੇ ਦੀਵਾਨ ਹਰੀ ਚੰਦ ਫੌਜ ਸਣੇ ਲੱਦਾਖ਼ ਆ ਗਿਆ।

ਸਰਕਾਰੋਂ ਲਿਖਿਆ ਗਿਆ ਕਿ ਜੋ ਪ੍ਰਬੰਧ ਤੁਸਾਂ ਕੀਤਾ ਹੈ, ਚੰਗਾ ਕੀਤਾ ਹੈ। ਤਿੱਬਤ ਵੱਲੋਂ ਜੋ ਪੱਛਮ ਤੇ ਚਾਹ ਆਦਿ ਚੀਜ਼ਾਂ ਆਇਆ ਕਰਦੀਆਂ ਸਨ, ਉਹਨਾਂ ਦਾ ਆਉਣਾ ਜਾਰੀ ਕਰ ਕੇ ਬਹੁਤ ਛੇਤੀ ਸਰਕਾਰ ਪਾਸ ਹਾਜ਼ਰ ਹੋਵੋ ਅਤੇ ਆਪਣੇ ਨਾਲ ਲੱਦਾਖ਼ ਤੇ ਅਸਕਰਦੂ ਦੇ ਰਾਜਿਆਂ ਤੇ ਉਸ ਇਲਾਕੇ ਦੇ ਹੋਰ ਵੱਡਿਆਂ ਵੱਡਿਆਂ ਨੂੰ ਲਿਆ ਕੇ ਸਰਕਾਰੇ ਪੇਸ਼ ਕਰੋ।

SIKHBOOKCLUB.COM

# ੪੦

# ਰਾਣੀ ਚੰਦ ਕੌਰ ਦਾ ਚਲਾਣਾ

*[ ਇਹ ਕਿਸੇ ਦੀ ਚਿੱਠੀ ਹੈ, ਜਿਸ ਉਤੇ ਚਿੱਠੀ ਲਿਖਣ ਵਾਲੇ ਦਾ ਨਾਮ ਨਹੀਂ ਤੇ ਨਾ ਹੀ ਲਿਖਣ ਦੀ ਤਰੀਕ ਦਿੱਤੀ ਹੈ, ਪਰ ਅੱਖੀਂ ਡਿੱਠੇ ਤੇ ਮੌਕੇ ਦੇ ਹਾਲ ਹਨ। —ਕਰਮ ਸਿੰਘ ]*

ਮੁੱਢ ਤੋਂ ਰਾਣੀ ਚੰਦ ਕੌਰ ਦਾ ਇਹ ਨੇਮ ਸੀ ਕਿ ਆਪ ਪੰਜ ਛੇ ਘੜੀ ਰਾਤ ਰਹਿੰਦੀ ਉਠ ਬਹਿੰਦੀ ਤੇ ਥੋੜ੍ਹੀ ਜਿਹੀ ਅਫ਼ੀਮ ਖਾ ਕੇ ਸੌਚ ਅਸ਼ਨਾਨ ਕਰ ਕੇ ਫਿਰ ਕਰਤਾਰ ਦਾ ਨਾਮ ਜਪਦੇ ਅਤੇ ਫਿਰ ਗਜਰਦਮ ਵੇਲੇ ਇਕ ਢੌਂਕਾ ਲਾ ਲੈਂਦੇ। ਆਪ ਦੀਆਂ ਚਾਰ ਖਾਸ ਬਾਂਦੀਆਂ ਸਨ- ਆਸੋ, ਭਾਗੀ, ਬਦਾਮੋ ਤੇ ਪੇਰੋ। ਇਨ੍ਹਾਂ ਵਿਚੋਂ ਆਸੋ ਦੇ ਸਪੁਰਦ ਤੋਸ਼ੇਖਾਨਾ ਵੀ ਸੀ।

ਰਾਣੀ ਚੰਦ ਕੌਰ ਇਨ੍ਹਾਂ ਨੂੰ ਮਾਰਦੀ-ਕੁਟਦੀ ਰਹਿੰਦੀ ਤੇ ਇਨ੍ਹਾਂ ਦੇ ਮਾਲਕਾਂ ਨੂੰ ਕੈਦੀਆਂ ਵਾਂਗ ਰਖਦੀ ਸੀ। ਇਸ ਕਰਕੇ ਇਨ੍ਹਾਂ ਨੇ ਰਲ ਕੇ ਸਲਾਹ ਕਰ ਕੇ ਸ਼ਰਬਤ ਵਿਚ ਜ਼ਹਿਰ ਘੋਲ ਦਿੱਤਾ। ਜ਼ਹਿਰ ਦੇ ਕਾਰਨ ਸ਼ਰਬਤ ਦਾ ਸਵਾਦ ਬੇ-ਸਵਾਦਾ ਹੋ ਗਿਆ ਸੀ, ਇਸ ਲਈ ਰਾਣੀ ਨੇ ਇਕ ਘੁੱਟ ਪੀ ਕੇ ਛੱਡ ਦਿੱਤਾ, ਪਰ ਇਸ ਇਕ ਘੁੱਟ ਨਾਲ ਵੀ ਆਪ ਕੁਝ ਦਿਨ ਬੀਮਾਰ ਰਹੇ। ਰਾਣੀ ਨੂੰ ਜ਼ਹਿਰ ਦਾ ਕੋਈ ਭਰਮ ਨਹੀਂ ਹੋਇਆ ਤੇ ਬਾਂਦੀਆਂ ਨੇ ਇਹ ਮਸ਼ਹੂਰ ਕਰ ਦਿੱਤਾ ਕਿ ਹੈਜ਼ਾ ਹੋ ਗਿਆ ਸੀ।

ਇਸ ਤੋਂ ਮਗਰੋਂ ਫੇਰ ਬੁੱਧਵਾਰ ੨੮ ਜੇਠ ਸੰਮਤ ੧੮੯੯ ਬਿ: ਨੂੰ ਇਨ੍ਹਾਂ ਬਾਂਦੀਆਂ ਨੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਤਿੰਨੇ ਦਰਵਾਜ਼ੇ ਬੰਦ ਕਰ ਲਏ, ਇਸ ਖ਼ਿਆਲ ਨਾਲ ਕਿ ਰਾਣੀ ਨੂੰ ਮਾਰ ਕੇ ਨੱਸ ਜਾਵਾਂਗੀਆਂ, ਫਿਰ ਇਕ ਪੱਥਰ ਲੈ ਕੇ, ਜਿਸ ਦਾ ਭਾਰ ਬਾਰਾਂ ਸੇਰ ਕੱਚਾ ਸੀ; ਰਾਣੀ ਦੇ ਸਿਰ ਉਤੇ ਮਾਰਿਆ ਅਤੇ ਚੁੱਕ ਕੇ ਦੂਜੀ ਵਾਰ ਫੇਰ ਛੇਤੀ ਨਾਲ ਮਾਰਿਆ; ਇਸ ਨਾਲ ਰਾਣੀ ਦਾ ਇਕ ਕੰਨ ਤਾਂ ਮੂਲੋਂ ਹੀ ਝੜ ਪਿਆ ਤੇ ਮਗਜ਼ ਪਾਟ ਗਿਆ। ਇਕ ਬੁੱਢੀ ਤੀਵੀਂ ਉਥੇ ਸੁੱਤੀ ਹੋਈ ਸੀ, ਉਹ ਜਾਗ ਪਈ ਤੇ ਹਾਲ-ਪਾਹਿਰਿਆ ਕਰਨ ਲੱਗ ਪਈ ਤੇ ਰਾਣੀ ਨੂੰ ਇਨ੍ਹਾਂ ਦੇ ਹੱਥੋਂ ਛੁਡਾਇਆ। ਇਸ ਦਾ ਰੌਲਾ ਸੁਣ ਕੇ ਹੋਰ ਆਦਮੀਆਂ ਨੂੰ ਪਤਾ ਵੀ ਲੱਗ ਗਿਆ।

ਕਿਲ੍ਹੇ ਦੀ ਰਾਖੀ ਦਾ ਕੰਮ ਸਰਦਾਰ ਮੀਹਾਂ ਸਿੰਘ ਦੇ ਸਪੁਰਦ ਸੀ। ਸੋ ਸਭ ਤੋਂ ਪਹਿਲਾਂ ਇਹ ਰਾਣੀ ਪਾਸ ਪੁੱਜਾ ਤੇ ਦਵਾ-ਦਰਮਲ ਕਰਾਉਣ ਲੱਗਾ ਤੇ ਕੱਪੜਾ ਸਾੜ ਕੇ ਜ਼ਖ਼ਮਾਂ ਵਿਚ ਦੇਂਦਾ ਗਿਆ। ਫੇਰ ਇਹ ਖ਼ਬਰ ਸੁਣ ਕੇ ਰਾਜਾ ਧਿਆਨ

ਸਿੰਘ ਵੀ ਆ ਗਿਆ ਤੇ ਜ਼ਖ਼ਮਾਂ ਵਿਚ ਦਰਿਆਈ ਆਪਣੇ ਹੱਥਾਂ ਨਾਲ ਦੇਂਦਾ ਰਿਹਾ ਤੇ ਖੋਪੇ ਬਦਾਮਾਂ ਦੀ ਟਕੋਰ ਕਰਵਾਉਂਦਾ ਰਿਹਾ। ਖਾਣ ਲਈ ਬਟੇਰਿਆਂ ਦੀ ਤਰੀ ਬਣਵਾ ਕੇ ਦਿੱਤੀ, ਪਰ ਉਹ ਖਾਧੀ ਹੀ ਨਾ ਗਈ। ਚੌਹਾਂ ਬਾਂਦੀਆਂ ਨੂੰ ਬੇੜੀਆਂ ਪਾ ਕੇ ਕੈਦ ਕਰ ਦਿੱਤਾ ਗਿਆ।

ਸ਼ਨਿਚਰਵਾਰ ੩੧ ਜੇਠ ਨੂੰ ਤਿੰਨ ਘੜੀ ਰਾਤ ਅਜੇ ਰਹਿੰਦੀ ਸੀ ਕਿ ਰਾਣੀ ਜੀ ਗੁਜ਼ਰ ਗਏ। ਐਤਵਾਰ ੩੨ ਜੇਠ ਨੂੰ ਰਾਜਾ ਜੀ ਨੇ ਆਪ ਦਾ ਸਸਕਾਰ ਚੰਗੀ ਤਰ੍ਹਾਂ ਕਰਵਾਇਆ ਤੇ ਚਾਰ ਹਜ਼ਾਰ ਰੁਪਿਆ ਬਿਬਾਣ ਉਤੋਂ ਦੀ ਸੁੱਟਿਆ। ਸੋਮਵਾਰ ਹਾੜ ਦੀ ਸੰਗਰਾਂਦ ਨੂੰ ਚੌਹਾਂ ਬਾਂਦੀਆਂ ਨੂੰ ਸਜ਼ਾ ਦਿੱਤੀ ਗਈ। ਭਾਗੀ ਜਿਸ ਨੇ ਪੱਥਰ ਮਾਰਿਆ ਸੀ, ਉਸ ਦੇ ਦੋਵੇਂ ਹੀ ਦੋਵੇਂ ਕੰਨ ਤੇ ਨੱਕ ਵੱਢ ਦਿੱਤੇ ਗਏ। ਆਸੋ ਜਿਸ ਨੇ ਰਾਣੀ ਜੀ ਦੀਆਂ ਦੋਵੇਂ ਲੱਤਾਂ ਫੜੀ ਰੱਖੀਆਂ ਸਨ, ਉਸ ਦਾ ਇਕ ਹੱਥ, ਦੋਵੇਂ ਕੰਨ ਤੇ ਨੱਕ ਵੱਢ ਦਿੱਤੇ ਗਏ। ਬਦਾਮੋ ਜਿਸ ਨੇ ਪੱਥਰ ਚੁਕ ਕੇ ਭਾਗੀ, ਨੂੰ ਫੜਾਇਆ ਸੀ, ਉਸ ਦੇ ਕੰਨ ਤੇ ਨੱਕ ਵੱਢ ਦਿੱਤੇ ਗਏ। ਪੇਰੋ ਦੇ ਦੋਵੇਂ ਕੰਨ ਵੱਢੇ ਗਏ, ਕਿਉਂ ਜੁ ਉਹ ਇਨ੍ਹਾਂ ਦੇ ਨਾਲ ਨਹੀਂ ਸੀ, ਪਰ ਇਸ ਨੂੰ ਸਾਰੀ ਗੱਲ ਦਾ ਪਤਾ ਸੀ ਤੇ ਇਸ ਨੇ ਰਾਣੀ ਜੀ ਨੂੰ ਖ਼ਬਰ ਨਹੀਂ ਕੀਤੀ ਸੀ, ਸਗੋਂ ਰਾਣੀ ਜੀ ਦੇ ਮਾਰਨ ਵਿਚ ਦਿਲੋਂ ਰਾਜ਼ੀ ਸੀ।

ਰਾਣੀ ਜੀ ਦੇ ਚਲਾਣੇ ਦਾ ਰਾਜਾ ਧਿਆਨ ਸਿੰਘ ਨੇ ਬੜਾ ਗ਼ਮ ਕੀਤਾ ਤੇ ਚਾਰ ਦਿਨ ਲਾਹੌਰ ਸ਼ਹਿਰ ਦੀਆਂ ਦੁਕਾਨਾਂ ਬੰਦ ਰਹੀਆਂ। ਇਹ ਖ਼ਬਰ ਉਸੇ ਦਿਨ ਸਿੰਘ ਸਾਹਿਬ ਸ਼ੇਰ ਸਿੰਘ ਜੀ ਪਾਸ ਸਿਆਲਕੋਟ ਘੱਲੀ ਗਈ, ਜਿਥੇ ਆਪ ਸੈਰ-ਸ਼ਿਕਾਰ ਲਈ ਗਏ ਹੋਏ ਸਨ।

ਹੁਣ ਉਹ ਬਾਂਦੀਆਂ ਕਸ਼ਮੀਰੀ ਦਰਵਾਜ਼ਿਓਂ ਪਿੱਪਲ ਦੇ ਰੁੱਖ ਹੇਠ ਪਈਆਂ ਹਨ ਤੇ ਜੋ ਕੋਈ ਉਨ੍ਹਾਂ ਨੂੰ ਵੇਖਣ ਜਾਂਦਾ ਹੈ, ਸਭਸ ਨੂੰ ਇਹੋ ਗੱਲ ਕਹਿੰਦੀਆਂ ਹਨ ਕਿ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਨੇ ਜਗੀਰਾਂ ਤੇ ਇਨਾਮਾਂ ਦਾ ਲਾਲਚ ਦੇ ਕੇ ਸਾਥੋਂ ਇਹ ਕਾਰਾ ਕਰਵਾਇਆ ਹੈ, ਨਹੀਂ ਤਾਂ ਸਾਨੂੰ ਕੀ ਲੋੜ ਸੀ ਕਿ ਆਪਣੇ ਅੰਨ-ਦਾਤਾ ਨੂੰ ਅਸੀਂ ਮਾਰਦੀਆਂ ਤੇ ਹੁਣ ਆਪਣੇ ਬਚਾਓ ਲਈ ਸਾਰੀ ਗੱਲ ਸਾਡੇ ਜ਼ਿੰਮੇ ਲਾਉਂਦੇ ਹਨ। ਅੰਤ ਸਾਡਾ ਨਿਆਂ ਸਾਡਾ ਰੱਬ ਕਰੇਗਾ।

ਮੁਕਦੀ ਗੱਲ ਇਹ ਕਿ ਇਹ ਕਾਰਾ ਸਿੰਘ ਸਾਹਿਬ ਤੇ ਰਾਜਾ ਧਿਆਨ ਸਿੰਘ ਨੇ ਕਰਵਾਇਆ ਹੈ। ਨਹੀਂ ਤਾਂ ਬਾਂਦੀਆਂ ਦੀ ਕੀ ਪਾਯਾਂ ਸੀ ਕਿ ਇਓਂ ਕਰਦੀਆਂ। ਮੈਂ ਚੰਗੀ ਤਰ੍ਹਾਂ ਪੁੱਛ ਪੜਤਾਲ ਕਰਕੇ ਇਹ ਗੱਲ ਲਿਖੀ ਹੈ।

ਹਾੜ੍ਹ ਦੀ ਸੰਗਰਾਂਦ ਨੂੰ ਹੀ ਆਸੋ ਤੇ ਭਾਗੀ ਨੂੰ ਗੱਡੇ ਵਿਚ ਪਾ ਕੇ ਪਿੰਡ ਬਾਬੂ ਸਾਬੂ ਵੱਲ ਲੈ ਗਏ, ਜੇਹੜਾ ਰਾਵੀ ਦੇ ਕੰਢੇ ਹੈ। ਉਥੇ ਇਨ੍ਹਾਂ ਦੇ ਬੰਦ-ਬੰਦ ਅੱਡ ਕਰਕੇ ਦਰਿਆ ਵਿਚ ਰੋੜ੍ਹ ਦਿੱਤੀਆਂ।

ਜੇਠ ਸੁਦੀ ਦਸਵੀਂ ਨੂੰ ਰਾਣੀ ਜੀ ਦੇ ਫੁੱਲ ਲਾਹੌਰੋਂ ਗੰਗਾ ਜੀ ਵੱਲ ਤੋਰ ਦਿੱਤੇ ਗਏ।


www.sikhbookclub.com

# ੪੧

# ਅਜੋੜ ਦਾ ਮੁੱਢ

*[ਇਹ ਚਿੱਠੀ ਕਿਸੇ ਡੋਗਰਾ ਪਾਰਟੀ ਦੇ ਆਦਮੀ ਦੀ ਲਿਖੀ ਹੋਈ ਹੈ। ਇਸੇ ਭਾਗ ਦੀਆਂ ਤਿੰਨ ਚਿੱਠੀਆਂ ਮੈਂ ਵੇਖੀਆਂ ਹਨ। ਤਰੀਕ ਕਿਸੇ ਉਤੇ ਕੋਈ ਨਹੀਂ ਦਿੱਤੀ ਹੋਈ, ਪਰ ਅਗਲੇ ਪਿਛਲੇ ਹਾਲਾਂ ਤੋਂ ਇਉਂ ਜਾਪਦਾ ਹੈ ਕਿ ਇਹ ਚਿੱਠੀਆਂ ਸਾਵਣ ਸੰਮਤ ੧੮੯੯ ਬਿ: ਦੀਆਂ ਲਿਖੀਆਂ ਹੋਈਆਂ ਹਨ। ਉਨ੍ਹਾਂ ਦਾ ਸਾਰਾ ਤੱਤ ਇਸ ਪ੍ਰਕਾਰ ਹੈ। —ਕਰਮ ਸਿੰਘ ]*

ਤਿੰਨ ਚਾਰ ਮਹੀਨਿਆਂ ਤੋਂ ਅੰਦਰੋ ਅੰਦਰ ਮਹਾਰਾਜਾ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਵਿਚ ਵਿਰੋਧ ਵਧਦਾ ਜਾਂਦਾ ਹੈ। ਗੱਲ ਇਉਂ ਹੈ ਕਿ ਭਾਈ ਗੁਰਮੁਖ ਸਿੰਘ, ਮਿਸਰ ਬੇਲੀ ਰਾਮ ਤੋਸ਼ੇਖਾਨੀਆਂ, ਦੀਵਾਨ ਵਸਾਖਾ ਸਿੰਘ, ਬੁੱਧ ਸਿੰਘ ਮਹਿਰਾ ਮਹਾਰਾਜਾ ਸਾਹਿਬ ਦਾ ਸਲਾਹਕਾਰ ਹੈ। ਬੁੱਧ ਸਿੰਘ ਦਾ ਭਰਾ ਚੌੜਾ ਸਿੰਘ ਅਤੇ ਸਜ਼ਾਵਾਰ ਫਰਾਸ, ਕਿ ਫੌਜ ਨੂੰ ਤਲਬ ਤਾਰਨ ਵਾਲੇ ਖਜ਼ਾਨੇ ਦੀਆਂ ਕੁੰਜੀਆਂ ਇਸ ਪਾਸ ਹਨ, ਇਹੋ ਸੱਤੇ ਫਸਾਦ ਦੀ ਜੜ੍ਹ ਹਨ। ਇਨ੍ਹਾਂ ਚੁਗਲੀਆਂ ਕਰ ਕਰ ਕੇ ਤੇ ਝੂਠੀਆਂ ਸੱਚੀਆਂ ਲਾ ਕੇ ਆਪੋ ਵਿਚ ਅਜੋੜ ਪਾ ਦਿੱਤਾ ਹੈ।

ਪਰ ਸਾਰੀ ਫੌਜ ਤੇ ਹੋਰ ਕਰਤੇ ਸਾਰੇ ਹੀ ਰਾਜਾ ਧਿਆਨ ਸਿੰਘ ਦੇ ਵੱਲ ਹਨ ਕਿਉਂ ਜੁ ਰਾਜਾ ਪੁਰਾਣਾ ਵਜ਼ੀਰ ਤੇ ਹੰਢਿਆ ਹੋਇਆ ਸਿਆਣਾ ਆਦਮੀ ਹੈ ਅਤੇ ਜ਼ਬਾਨ ਦਾ ਪੱਕਾ ਤੇ ਤਖ਼ਤ ਦਾ ਨਮਕ-ਹਲਾਲ ਹੈ। ਭਾਵੇਂ ਉਹ ਸਭ ਕੁਝ ਸੁਣ ਲੈਂਦਾ ਹੈ, ਜੋ ਕੁਝ ਮਹਾਰਾਜਾ ਸ਼ੇਰ ਸਿੰਘ ਆਪਣੀ ਸੱਤਾਂ ਮੁਸਾਹਿਬਾਂ ਦੀ ਕੌਂਸਲ ਵਿਚ ਕਰਦਾ ਹੈ। ਤਦ ਵੀ ਉਹ ਕੁਝ ਨਹੀਂ ਉਭਾਸਰਦਾ ਤੇ ਮਹਾਰਾਜਾ ਸਾਹਿਬ ਦੀ ਤਾਬੇਦਾਰੀ ਤੋਂ ਰਤਾ ਮੂੰਹ ਨਹੀਂ ਮੋੜਦਾ।

ਮਹਾਰਾਜਾ ਸ਼ੇਰ ਸਿੰਘ ਦਾ ਵਤੀਰਾ ਇਹ ਹੈ ਕਿ ਦਿਨੇ ਰਾਤ ਸ਼ਰਾਬੀ ਰਹਿੰਦਾ ਹੈ ਅਤੇ ਮਸਖ਼ਰਿਆਂ ਨਾਲ ਮਸਖ਼ਰੀਆਂ ਕਰਦਾ, ਕੰਜਰੀਆਂ ਨਾਲ ਖੇਡਦਾ ਤੇ ਮਰਾਸੀਆਂ ਨਾਲ ਚੋਹਲ ਕਰਦਾ ਰਹਿੰਦਾ ਹੈ ਤੇ ਰਾਜਾ ਧਿਆਨ ਸਿੰਘ ਤੋਂ ਅੱਡ ਰਹਿ ਕੇ ਜੰਗਲ ਕੱਛਦਾ ਫਿਰਦਾ ਹੈ ਜਿਸ ਦਾ ਨਾਮ ਸ਼ਿਕਾਰ ਖੇਡਣਾ ਰਖਿਆ ਹੋਇਆ ਹੈ। ਆਮ ਲੋਕੀਂ ਮਹਾਰਾਜਾ ਸ਼ੇਰ ਸਿੰਘ ਵੱਲ ਇਸ ਲਈ ਨਹੀਂ ਝੁਕਦੇ ਕਿ ਇਸ ਦੀ

 www.sikhbookclub.com

ਜ਼ਬਾਨ ਦਾ ਕੋਈ ਇਤਬਾਰ ਨਹੀਂ। ਕਹਿੰਦਾ ਕੁਝ ਤੇ ਕਰਦਾ ਕੁਝ ਹੈ ਅਤੇ ਜ਼ਾਲਮ ਵੀ ਪੁੱਜ ਕੇ ਹੈ। ਜਦ ਦਾ ਤਖ਼ਤ ਉਤੇ ਬੈਠਾ ਹੈ, ਕੁਝ ਕੁ ਹਜ਼ਾਰ ਆਦਮੀਆਂ ਨੂੰ ਫਾਹੇ ਦੇ ਚੁਕਾ ਹੈ, ਜਾਂ ਉਨ੍ਹਾਂ ਦੇ ਹੱਥ ਪੈਰ ਵੱਢ ਚੁੱਕਾ ਹੈ, ਹਾਲਾਂਕਿ ਉਨ੍ਹਾਂ ਦਾ ਕਸੂਰ ਐਤਨਾ ਸਖ਼ਤ ਨਹੀਂ ਸੀ। ਇਸ ਤੋਂ ਬਿਨਾਂ ਲੋਹੇ ਦਾ ਇਕ ਪਿੰਜਰਾ ਬਣਵਾ ਰੱਖਿਆ ਹੋਇਆ ਹੈ। ਹਰ ਰੋਜ਼ ਸੈਂਕੜੇ ਚਿੜੀਆਂ ਉਸ ਪਿੰਜਰੇ ਵਿਚ ਪਾ ਕੇ ਅਤੇ ਅੱਗ ਬਾਲ ਕੇ, ਆਪਣੇ ਹੱਥ ਨਾਲ ਉਸ ਪਿੰਜਰੇ ਨੂੰ ਅੱਗ ਵਿਚ ਰੱਖ ਦੇਂਦਾ ਹੈ ਤੇ ਚਿੜੀਆਂ ਨੂੰ ਭੁੰਨਦਾ ਹੈ। ਇਸ ਦਾ ਨਾਮ ਉਸ ਨੇ 'ਹੋਲਾਂ' ਰਖਿਆ ਹੋਇਆ ਹੈ ਅਤੇ ਕੰਜੂਸ ਐਸਾ ਹੈ ਕਿ ਤਖ਼ਤ ਉਤੇ ਬੈਠਣ ਸਮੇਂ ਜੋ ਕੁਝ ਫੌਜੀਆਂ ਨੂੰ ਦਿੱਤਾ ਸੀ, ਉਹ ਹੁਣ ਬਹਾਨੇ-ਬਹਾਨੀਂ ਵਾਪਸ ਲਈ ਜਾਂਦਾ ਹੈ।

ਦੂਵੱਲਿਓਂ ਅੰਦਰੋਂ ਅੰਦਰ ਅੱਗ ਧੁਖ ਰਹੀ ਹੈ ਅਤੇ ਛੇਤੀ ਹੀ ਭਾਂਬੜ ਬਲਣ ਦਾ ਡਰ ਹੈ। ਰਾਜਾ ਧਿਆਨ ਸਿੰਘ ਹੁਣ ਪਛਤਾਉਂਦਾ ਹੈ ਕਿ ਮੈਂ ਸ਼ੇਰ ਸਿੰਘ ਨੂੰ ਤਖ਼ਤ ਉਤੇ ਕਿਉਂ ਬਿਠਾਇਆ, ਜੇਕਰ ਉਦੋਂ ਕੰਵਰ ਦਲੀਪ ਸਿੰਘ ਨੂੰ ਤਖ਼ਤ ਉਤੇ ਬਿਠਾ ਦੇਂਦਾ ਤਾਂ ਚੰਗਾ ਹੁੰਦਾ। ਜੇਕਰ ਕੋਈ ਗੱਲ ਹੋ ਗਈ, ਤਾਂ ਸ਼ੇਰ ਸਿੰਘ ਦਾ ਅੰਤ ਰਾਣੀ ਚੰਦ ਕੌਰ ਵਰਗਾ ਹੀ ਹੋਵੇਗਾ।

SIKHBOOKCLUB.COM

# ੪੨

## ਸੰਧਾਂਵਾਲੀਏ

ਸੰਧਾਂਵਾਲੀਏ ਮਹਾਰਾਜਾ ਰਣਜੀਤ ਸਿੰਘ ਦੇ ਜੱਦੀ ਅਤੇ ਲਾਹੌਰ ਦਰਬਾਰ ਵਿਚ ਸਭ ਤੋਂ ਵੱਡੇ ਅਹਿਲਕਾਰ ਸਨ। ਸਰਦਾਰ ਅਤਰ ਸਿੰਘ ਸੰਧਾਂਵਾਲੀਆ ਰਾਣੀ ਚੰਦ ਕੌਰ ਦਾ ਹਮਾਇਤੀ ਸੀ, ਇਸ ਲਈ ਮਹਾਰਾਜਾ ਸ਼ੇਰ ਸਿੰਘ ਦੇ ਉਲਟ ਸੀ। ਸੁ ਜਦ ਮਹਾਰਾਜਾ ਸ਼ੇਰ ਸਿੰਘ ਜੀ ਤਖ਼ਤ ਉਤੇ ਬੈਠੇ ਤਾਂ ਇਸ ਖ਼ਾਨਦਾਨ ਨੂੰ ਪੰਜਾਬ ਛੱਡ ਕੇ ਨੱਸਣਾ ਪਿਆ। ਸਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਤਾਂ ਨੱਸ ਕੇ ਸਤਲੁਜੋਂ ਪਾਰ ਹੋ ਗਏ ਅਤੇ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਜੋ ਮੰਡੀ ਵੱਲ ਸਨ, ਉਹ ਫੜੇ ਗਏ ਤੇ ਲਾਹੌਰ ਲਿਆਂਦੇ ਗਏ। ਇਹ ਭਾਜੜ ਏਸੇ ਟੱਬਰ ਨੂੰ ਪਈ ਸੀ। ਸਰਦਾਰ ਬੁੱਧ ਸਿੰਘ ਸੰਧਾਂਵਾਲੀਏ ਦੇ ਪੁੱਤਰ ਸਰਦਾਰ ਸ਼ਮਸ਼ੇਰ ਸਿੰਘ ਸੰਧਾਂਵਾਲੀਏ ਨੂੰ ਕਿਸੇ ਨੇ ਕੁਝ ਨਹੀਂ ਕਿਹਾ ਸੀ।

ਸਰਦਾਰ ਅਜੀਤ ਸਿੰਘ ਪਹਿਲਾਂ ਲੁਧਿਆਣੇ ਕਲਾਰਕ ਸਾਹਿਬ ਪਾਸ ਗਿਆ, ਫਿਰ ਕਲਕੱਤੇ ਗਵਰਨਰ ਜਨਰਲ ਪਾਸ ਅੱਪੜਿਆ। ਪਰ ਕੋਈ ਕੀ ਕਰ ਸਕਦਾ ਸੀ ? ਲਾਹੌਰ ਦਰਬਾਰ ਦੇ ਮਾਮਲਿਆਂ ਵਿਚ ਸਰਕਾਰ ਅੰਗਰੇਜ਼ੀ ਦਖ਼ਲ ਨਹੀਂ ਦੇ ਸਕਦੀ . ਪਰ ਮਹਾਰਾਜਾ ਸਾਹਿਬ ਜੀ ਨੂੰ ਸੰਧਾਂਵਾਲੀਆ ਦਾ ਬਹੁਤ ਫਿਕਰ ਸੀ। ਕਿਉਂ ਜੁ ਸਰਦਾਰ ਅਜੀਤ ਸਿੰਘ ਰਾਣੀ ਚੰਦ ਕੌਰ ਦਾ ਵਕੀਲ ਬਣ ਕੇ ਫਿਰ ਰਿਹਾ ਸੀ ਅਤੇ ਕਹਿੰਦਾ ਸੀ ਕਿ ਜੇ ਸਰਕਾਰ ਅੰਗਰੇਜ਼ੀ ਰਾਣੀ ਚੰਦ ਕੌਰ ਨੂੰ ਮੁੜ ਤਖ਼ਤ ਤੇ ਬਿਠਾ ਦੇਵੇ ਤਾਂ ਆਹ ਆਹ ਸਲੂਕ ਸਰਕਾਰ ਅੰਗਰੇਜ਼ੀ ਨਾਲ ਕੀਤਾ ਜਾਵੇਗਾ।

ਸੰਧਾਂਵਾਲੀਆ ਦੀ ਸਾਰੀ ਜਗੀਰ ਜ਼ਬਤ ਕੀਤੀ ਜਾ ਚੁਕੀ ਸੀ। ਸਾਰੇ ਕਿਲ੍ਹੇ ਖੋਹੇ ਜਾ ਚੁਕੇ ਸਨ। ਸਭ ਮਾਲ-ਅਸਬਾਬ ਜ਼ਬਤ ਹੋ ਚੁਕਾ ਸੀ। ਡੌਂਡੀ ਪਿਟਵਾਈ ਗਈ ਸੀ ਕਿ ਜਿਸ ਜਿਸ ਪਾਸ ਸੰਧਾਂਵਾਲੀਆ ਦਾ ਸਮਾਨ ਜਾਂ ਅਮਾਨਤ ਹੋਵੇ, ਉਹ ਸਰਕਾਰੇ ਜਮ੍ਹਾਂ ਕਰਵਾ ਦੇਵੇ। ਕਿਸੇ ਅਹਿਲਕਾਰ ਨੂੰ ਹੌਂਸਲਾ ਨਹੀਂ ਪੈਂਦਾ ਸੀ ਕਿ ਸੰਧਾਂਵਾਲੀਆਂ ਬਾਬਤ ਇਕ ਅੱਖਰ ਵੀ ਸਰਕਾਰ ਨੂੰ ਕਹਿ ਸਕੇ। ਭਾਈ ਗੁਰਮੁਖ ਸਿੰਘ ਸੰਧਾਂਵਾਲੀਆਂ ਦਾ ਗੂੜ੍ਹਾ ਬੇਲੀ ਸੀ। ਜਦ ਕੰਵਰ ਪ੍ਰਤਾਪ ਸਿੰਘ ਦੇ ਨਾਲ ਭਾਈ ਜੀ ਕਸ਼ਮੀਰ ਨੂੰ ਜਾਣ ਲੱਗੇ ਤਾਂ ਆਪ ਨੇ ਕੈਦੀ ਸੰਧਾਂਵਾਲੀਆਂ ਬਾਬਤ

ਸਰਕਾਰ ਨੂੰ ਕੁਝ ਕਿਹਾ। ਪਰ ਸਰਕਾਰ ਨੇ ਐਸੀਆਂ ਸ਼ਰਤਾਂ ਪੇਸ਼ ਕੀਤੀਆਂ ਜੋ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਸਨ। ਓਦੋਂ ਹੀ ਰਾਜਾ ਸੁਚੇਤ ਸਿੰਘ ਨੇ ਇਕ ਕਾਗਜ਼ ਆਪਣੇ ਦਸਤਖ਼ਤ ਕਰਕੇ ਸਰਕਾਰ ਪਾਸ ਘੱਲਿਆ ਕਿ ਸਰਕਾਰ ਜੋ ਸ਼ਰਤਾਂ ਚਾਹੇ ਲਿਖ ਲਵੇ, ਮੈਨੂੰ ਮਨਜ਼ੂਰ ਹਨ। ਮੇਰੀ ਜ਼ਾਮਨੀ ਉਤੇ ਦੋਹਾਂ ਕੈਦੀ ਸੰਧਾਂਵਾਲੀਏ ਸਰਦਾਰਾਂ ਨੂੰ ਛੱਡ ਦਿੱਤਾ ਜਾਵੇ। ਪਰ ਸਰਕਾਰ ਨੇ ਇਹ ਗੱਲ ਵੀ ਨਾ ਮੰਨੀ, ਸਗੋਂ ਇਸ ਤੋਂ ਪਿਛੋਂ ਦੋਹਾਂ ਸਰਦਾਰਾਂ ਦੇ ਬੇੜੀਆਂ ਪਾ ਦਿੱਤੀਆਂ।

*[ਸੰਧਾਂਵਾਲੀਆਂ ਸੰਬੰਧੀ ਕੁਝ ਕੁ ਮੋਟੀਆਂ ਗੱਲਾਂ ਇਸ ਤੋਂ ਪਹਿਲਾਂ ਦੀਆਂ ਚਿੱਠੀਆਂ ਵਿਚ ਆ ਚੁਕੀਆਂ ਹਨ। ਹੋਰ ਕੁਛ ਕੁ ਮੋਟੀਆਂ ਮੋਟੀਆਂ ਗੱਲਾਂ ਉਸ ਸਮੇਂ ਦੀਆਂ ਚਿੱਠੀਆਂ ਵਿਚੋਂ ਚੁਣ ਕੇ ਅੱਗੇ ਲਿਖੀਆਂ ਜਾਂਦੀਆਂ ਹਨ। ਨਿੱਕੀਆਂ ਨਿੱਕੀਆਂ ਗੱਲਾਂ, ਜਾਣ ਕੇ ਛੱਡ ਦਿੱਤੀਆਂ ਗਈਆਂ ਹਨ। — ਕਰਮ ਸਿੰਘ ]*

ਜੇਠ ਸੰਮਤ ੧੮੯੯ ਬਿ:—ਕਸ਼ਮੀਰ ਦੇ ਬੰਦੋਬਸਤ ਲਈ ਕੰਵਰ ਪ੍ਰਤਾਪ ਸਿੰਘ ਜੀ ਖਿਲਤ ਹਾਥੀ, ਘੋੜੇ, ਜੇਵਰ, ਜਵਾਹਰਾਤ ਲੈ ਕੇ ਤੁਰ ਗਏ ਹਨ। ਆਪ ਨਾਲ ਹੋਰਨਾਂ ਅਹਿਲਕਾਰਾਂ, ਸਰਦਾਰਾਂ ਬਿਨਾਂ, ਇਕ ਤਾਂ ਮੀਆਂ ਵਾਰਸ ਖਾਂ ਨੂੰ ਕਰ ਦਿੱਤਾ ਗਿਆ ਹੈ; ਜੋ ਰਾਣੀ ਸਦਾ ਕੌਰ ਦਾ ਪੁਰਾਣਾ ਨੌਕਰ ਹੈ; ਦੂਜੇ ਭਾਈ ਗੁਰਮੁਖ ਸਿੰਘ ਜੀ ਆਪ ਦੇ ਨਾਲ ਕਰ ਦਿੱਤੇ ਹਨ ਅਤੇ ਅਰੰਭ ਜੇਠ ਤੋਂ ਹਜ਼ਾਰੇ ਦਾ ਇਲਾਕਾ ਆਪ ਦੀ ਜਗੀਰ ਵਿਚ ਕਰ ਦਿੱਤਾ ਗਿਆ ਹੈ।

SIKHBOOKCLUB.COM

ਤੁਰਨ ਲਗਿਆਂ ਭਾਈ ਗੁਰਮੁਖ ਸਿੰਘ ਨੇ ਅਰਜ਼ ਕੀਤੀ ਕਿ ਸਰਦਾਰ ਲਹਿਣਾ ਸਿੰਘ ਕੇਹਰ ਸਿੰਘ ਸੰਧਾਵਾਲੀਆਂ ਨੂੰ ਛੱਡ ਦਿੱਤਾ ਜਾਵੇ। ਸਰਕਾਰ ਨੇ ਕਿਹਾ ਕਿ ਸਰਦਾਰ ਲਹਿਣਾ ਸਿੰਘ ਇਸ ਪ੍ਰਕਾਰ ਦੀ ਲਿਖਤ ਕਰ ਦੇਵੇ, ਬਾਕੀ ਫੇਰ ਵੇਖਿਆ ਜਾਊ- ਪਹਿਲਾਂ ਤਾਂ ਰਾਜਾ ਧਿਆਨ ਸਿੰਘ ਦਾ ਰਾਜ਼ੀਨਾਵਾਂ ਦੇਵੇ, ਫੇਰ ਰਾਜਾ ਅਜੀਤ ਸਿੰਘ ਲਾਡਵੇ ਵਾਲੇ ਦੀ ਜ਼ਾਮਨੀ ਦੇਵੇ, ਕਿ ਮੈਂ ਸਤਲੁਜੋਂ ਪਾਰ ਨਹੀਂ ਜਾਵਾਂਗਾ। ਇਹ ਵੀ ਲਿਖ ਦੇਵੇ ਕਿ ਸਰਦਾਰ ਅਜੀਤ ਸਿੰਘ ਨੂੰ, ਜੋ ਕਲਕੱਤੇ ਵੱਲ ਗਿਆ ਹੋਇਆ ਹੈ, ਸਦਵਾ ਦੇਵਾਂਗਾ ਅਤੇ ਸਰਕਾਰ ਜੋ ਕੁਝ ਮੈਨੂੰ ਦੇਉ, ਉਸੇ ਵਿਚ ਗੁਜ਼ਾਰਾ ਕਰਾਂਗਾ।

ਸਰਦਾਰ ਲਹਿਣਾ ਸਿੰਘ ਨੇ ਕਿਹਾ ਕਿ ਇਸ ਵੇਲੇ ਤਾਂ ਕੋਈ ਵੀ ਸਾਡਾ ਜ਼ਾਮਨ ਨਹੀਂ ਬਣਦਾ, ਲਾਹੌਰ ਦਾ ਕੋਈ ਸਰਦਾਰ ਜ਼ਾਮਨੀ ਨਹੀਂ ਦਿੰਦਾ। ਸਤਲੁਜੋਂ ਪਾਰ ਲਾਡਵੇ ਵਾਲੇ ਜਾਂ ਕਿਸੇ ਹੋਰਸ ਨੇ ਤਾਂ ਕੀ ਦੇਣੀ ਹੈ ਅਤੇ ਅਜੀਤ ਸਿੰਘ ਮੇਰੇ ਲਿਖਿਆਂ ਕਦ ਮੁੜਦਾ ਹੈ ! ਹਾਂ, ਸਰਕਾਰ ਜੋ ਕੁਝ ਮੈਨੂੰ ਦੇਊ, ਮੈਂ ਉਸੇ ਵਿਚ ਗੁਜ਼ਾਰਾ ਕਰ ਲਵਾਂਗਾ ਅਤੇ ਸਤਲੁਜੋਂ ਪਾਰ ਜਾਂ ਕਿਸੇ ਹੋਰ ਪਾਸੇ ਨਹੀਂ ਜਾਵਾਂਗਾ।

ਰਾਜਾ ਸੁਚੇਤ ਸਿੰਘ ਨੇ ਸਰਕਾਰੇ ਅਰਜ਼ੀ ਘੱਲੀ ਸੀ ਕਿ ਮੇਰੀ ਜ਼ੁਮੇਂਵਾਰੀ ਉੱਤੇ ਸਰਦਾਰ ਲਹਿਣਾ ਸਿੰਘ ਨੂੰ ਛੱਡ ਦਿੱਤਾ ਜਾਵੇ। ਇਸ ਦੇ ਨਾਲ ਹੀ ਆਪਣੀ ਮੋਹਰ

ਲਾ ਕੇ ਇਕ ਕਾਗਜ਼ ਕੋਰਾ ਘੱਲ ਦਿੱਤਾ ਸੀ ਕਿ ਸਰਕਾਰ ਦੀ ਜੋ ਮਰਜ਼ੀ ਹੋਵੇ ਲਿਖ ਲਵੇ, ਮੈਨੂੰ ਸਭ ਕੁਝ ਮਨਜ਼ੂਰ ਹੈ। ਸਰਕਾਰ ਇਸ ਗੱਲ ਨੂੰ ਮੰਨਦੀ ਕਿ ਨਾ ਮੰਨਦੀ, ਪਰ ਰਾਜਾ ਧਿਆਨ ਸਿੰਘ ਨੇ ਇਹ ਗੱਲ ਨਾ ਮੰਨੀ ਕਿ ਸਤਲੁਜ ਪਾਰ ਦੇ ਮੁਕੱਦਮਿਆਂ ਦੇ ਫੈਸਲੇ ਤੋਂ ਬਿਨਾਂ ਸਰਦਾਰ ਨੂੰ ਛੱਡਣਾ ਠੀਕ ਨਹੀਂ।

ਲਹਿਣਾ ਸਿੰਘ ਸੰਧਾਂਵਾਲੀਆ ਅੱਗੇ ਵਾਂਗ ਹੀ ਕੈਦ ਹੈ। ਅੱਗੇ ਤਾਂ ਨਜ਼ਰਬੰਦ ਸੀ, ਹੁਣ ਬੇੜੀ ਪੈ ਜਾਊ। ਭਾਈ ਗੁਰਮੁਖ ਸਿੰਘ ਦਾ ਕੁਝ ਵਸੀਲਾ ਸੀ, ਸੁ ਉਹ ਕਸ਼ਮੀਰ ਨੂੰ ਚਲਿਆ ਗਿਆ ਹੈ। ਹੋਰ ਕੋਈ ਸਰਦਾਰ ਇਹਨਾਂ ਦੀ ਹਮਾਇਤ ਨਹੀਂ ਕਰਦਾ। ਜਮੌਦਾਰ ਖੁਸ਼ਹਾਲ ਸਿੰਘ ਤੇ ਤੇਜ ਸਿੰਘ ਨੂੰ ਮਹਾਰਾਜਾ ਸਾਹਿਬ ਨੇ ਕਿਹਾ ਸੀ ਕਿ ਤੁਸੀਂ ਸੰਧਾਵਾਲੀਆਂ ਨਾਲ ਲਿਖਾ-ਪੜ੍ਹੀ ਕਰਦੇ ਹੋ, ਇਹ ਗੱਲ ਤੁਹਾਡੇ ਲਈ ਠੀਕ ਨਹੀਂ। ਜਮੌਦਾਰ ਖੁਸ਼ਹਾਲ ਸਿੰਘ ਇਸ ਗੱਲੋਂ ਬੜਾ ਡਰ ਗਿਆ ਤੇ ਅਰਜ਼ ਕੀਤੀ ਕਿ ਅਸੀਂ ਕਦੇ ਵੀ ਸਤਲੁਜੋਂ ਪਾਰ ਕੋਈ ਚਿੱਠੀ ਨਹੀਂ ਘੱਲੀ। ਮਹਾਰਾਜਾ ਸਾਹਿਬ ਦਿਲੋਂ ਜਮੌਦਾਰ ਤੇ ਤੇਜਾ ਸਿੰਘ ਦੇ ਉਲਟ ਹਨ ਤੇ ਇਹਨਾਂ ਦੀ ਬੇਇਜ਼ਤੀ ਕਰਨੀ ਚਾਹੁੰਦੇ ਹਨ। ਜਮੌਦਾਰ ਦਾ ਨਜ਼ੀਕੀ ਅੱਥਰ ਮੱਲ ਅੜਦਲੀਆਂ ਦੀ ਫੌਜ ਵਿਚ ਲੱਗਾ ਹੋਇਆ ਸੀ। ਉਸ ਨੂੰ ਕੈਦ ਕਰ ਕੇ ਉਸ ਦਾ ਸਭ ਘਰ ਬਾਰ ਜ਼ਬਤ ਕਰ ਲਿਆ ਹੈ ਤੇ ਉਸ ਦੇ ਜ਼ਿਮੇਂ ਕਸ਼ਮੀਰ ਦੀ ਖੁਰਦ ਬੁਰਦ ਦਾ ਇਕ ਲੱਖ ਰੁਪਿਆ ਸਾਬਤ ਕੀਤਾ ਗਿਆ ਹੈ।

SIKHBOOKCLUB.COM

੧੨ ਫੱਗਣ ੧੮੯੯ ਬਿ:— ਸੰਧਾਂਵਾਲੀਏ ਸਰਦਾਰਾਂ ਦਾ ੫੫ ਹਜ਼ਾਰ ਰੁਪਿਆ ਭਾਈ ਰਾਮ ਸਿੰਘ ਪਾਸ ਅਮਾਨਤ ਜਮ੍ਹਾਂ ਸੀ। 'ਲਾਹੌਰ ਦਾ ਵਸਨੀਕ ਹਫੀਜ਼ ਚਾਬਕ ਸਵਾਰ ਸੰਧਾਂਵਾਲੀਆਂ ਦਾ ਨੌਕਰ ਸੀ। ਉਸ ਨੇ ਭਾਈ ਰਾਮ ਸਿੰਘ ਪਾਸੋਂ ਵੀਹ ਹਜ਼ਾਰ ਰੁਪਿਆ ਲੈ ਕੇ ਸਰਦਾਰ ਅਤਰ ਸਿੰਘ ਸੰਧਾਂਵਾਲੀਏ ਵੱਲ ਹੁੰਡੀ ਕਰਵਾ ਕੇ ਘੱਲ ਦਿੱਤਾ ਸੀ। ਇਸ ਗੱਲ ਦਾ ਪਤਾ ਸਰਕਾਰ ਨੂੰ ਵੀ ਲੱਗ ਗਿਆ। ਮਹਾਰਾਜਾ ਸਾਹਿਬ ਨੇ ਹਫੀਜ਼ ਦਾ ਹੱਥ ਵਢਵਾ ਦਿੱਤਾ, ਤੇ ਕਿਹਾ ਕਿ ਤੂੰ ਇਸ ਅਮਾਨਤ ਦਾ ਪਤਾ ਸਰਕਾਰ ਨੂੰ ਕਿਉਂ ਨਹੀਂ ਸੀ ਦਿੱਤਾ ਤੇ ਚੋਰੀਂ ਹੁੰਡੀ ਕਿਉਂ ਘੱਲੀ ? ਫਿਰ ਭਾਈ ਰਾਮ ਸਿੰਘ ਨੂੰ ਤਾੜ ਕੇ ਕਿਹਾ ਕਿ ਸੰਧਾਂਵਾਲੀਆਂ ਵਾਲਾ ੫੫ ਹਜ਼ਾਰ ਰੁਪਿਆ ਸਰਕਾਰ ਵਿਚ ਜਮ੍ਹਾਂ ਕਰਵਾਓ।

ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਲਾਲ ਕਿਲ੍ਹੇ ਵਿਚ ਕੈਦ ਸਨ ਤੇ ਇਨ੍ਹਾਂ ਉਤੇ ਪਲਟਣ ਦਾ ਪਹਿਰਾ ਸੀ। ਇਹਨਾਂ ਨੇ ਪਲਟਣ ਦੇ ਸੂਬੇਦਾਰ ਨੂੰ ਕਿਹਾ ਕਿ ਜੇਕਰ ਤੂੰ ਫਲਾਣੇ ਦਿਨ ਪਹਿਰ ਰਾਤ ਗਈ ਸਾਨੂੰ ਚੋਰੀਂ ਕਿਲ੍ਹੇ ਵਿਚੋਂ ਬਾਹਰ ਕੱਢ ਦੇਵੇਂ ਤਾਂ ਅਸੀਂ ਤੈਨੂੰ ੨੪ ਸੌ ਰੁਪਿਆ ਨਕਦ ਅਤੇ ਛੇ ਸੌ ਰੁਪਏ ਦੀ ਕੰਗਣਾਂ ਦੀ ਜੋੜੀ ਦੇਵਾਂਗੇ। ਸੂਬੇਦਾਰ ਨੇ ਇਹ ਗੱਲ ਸਰਕਾਰ ਨੂੰ ਆ ਦੱਸੀ। ਸਰਕਾਰ ਨੇ ਕਿਹਾ ਕਿ ਇਸ ਗੱਲ ਦਾ ਕਿਸੇ ਨੂੰ ਪਤਾ ਨਾ ਦੇਈਂ ਅਤੇ ਧਿਆਨ ਰੱਖੀਂ ਕਿ ਉਹ

ਇਹ ਮਾਲ ਕਿੱਥੋਂ ਦੇਂਦੇ ਹਨ ਅਤੇ ਜਦ ਉਹ ਤੈਨੂੰ ਦੇ ਦੇਣ ਤਾਂ ਸਰਕਾਰ ਨੂੰ ਖਬਰ ਕਰ ਦੇਈਂ। ਫਿਰ ਪ੍ਰਬੰਧ ਕਰ ਦੇਵਾਂਗੇ।

ਸੂਬੇਦਾਰ ਨੇ ਇਕਰਾਰ ਮੂਜਬ ਰੁਪਿਆ ਤੇ ਕੰਗਣਾਂ ਦੀ ਜੋੜੀ ਲੈ ਲਈ ਅਤੇ ਸਰਕਾਰ ਨੂੰ ਖ਼ਬਰ ਕਰ ਦਿੱਤੀ। ਸਰਕਾਰ ਨੇ ਦੋਹਾਂ ਸੰਧਾਂਵਾਲੀਆਂ ਦੇ ਬੇੜੀਆਂ ਪਵਾ ਕੇ ਪਹਿਰ ਰਾਤ ਗਈ ਦੋਹਾਂ ਨੂੰ ਮੁਕੇਰੀਆਂ ਦੇ ਕਿਲ੍ਹੇ ਵੱਲ ਘੱਲ ਦਿੱਤਾ ਅਤੇ ਰਾਖੀ ਲਈ ਇਕ ਪਲਟਣ ਤੇ ਇਕ ਸੌ ਸਵਾਰ ਉਹਨਾਂ ਦੇ ਨਾਲ ਕਰ ਦਿੱਤੇ ਅਤੇ ਤੁਰਨ ਲੱਗਿਆਂ ਸਰਕਾਰ ਨੇ ਉਹਨਾਂ ਨੂੰ ਕਿਹਾ ਕਿ ਲਓ, ਤੁਹਾਡੀ ਚਾਹ ਸੀ ਪਹਿਰ ਰਾਤ ਗਈ ਕਿਲ੍ਹੇ ਵਿਚੋਂ ਨਿਕਲੀਏ, ਸੋ ਏਸੇ ਕਰਕੇ ਅਸਾਂ ਤੁਹਾਨੂੰ ਪਹਿਰ ਰਾਤ ਗਈ ਕਿਲ੍ਹੇ ਵਿਚੋਂ ਕੱਢਿਆ ਹੈ। ਰੁਪਏ ਤੇ ਕੰਙਣਾਂ ਦੀ ਜੋੜੀ ਭਾਈ ਰਾਮ ਸਿੰਘ ਪਾਸੋਂ ਦਵਾਈ ਗਈ ਸੀ। ਸੁ ਉਹ ਉਸੇ ਸੂਬੇਦਾਰ ਨੂੰ ਬਖਸ਼ ਦਿੱਤੀ ਗਈ।

ਹੁਣ ਤੀਕ ਤਾਂ ਕਲਾਰਕ ਸਾਹਿਬ ਦੀ ਇਹ ਪਾਲਿਸੀ ਰਹੀ ਹੈ ਕਿ ਉਹ ਸੰਧਾਂਵਾਲੀਆਂ ਨੂੰ ਅੰਗਰੇਜ਼ੀ ਇਲਾਕੇ ਵਿਚ ਬਿਠਾਈ ਬੈਠੇ ਸਨ ਤੇ ਕਦੇ ਕਦੇ ਮਹਾਰਾਜਾ ਸ਼ੇਰ ਸਿੰਘ ਸਾਹਿਬ ਨੂੰ ਧਮਕਾ ਦੇਂਦੇ ਸਨ ਕਿ ਤੁਸਾਂ ਨੇ ਰਾਣੀ ਚੰਦ ਕੌਰ ਨੂੰ ਕੈਦ ਕਰ ਕੇ ਤੇ ਸੰਧਾਂਵਾਲੀਆਂ ਨੂੰ ਦੇਸ਼-ਨਿਕਾਲਾ ਦੇ ਕੇ ਤੇ ਉਨ੍ਹਾਂ ਦਾ ਸਭੋ ਕੁਝ ਜ਼ਬਤ ਕਰ ਕੇ ਚੰਗਾ ਕੰਮ ਨਹੀਂ ਕੀਤਾ। ਸੰਜੋਗ ਐਸਾ ਹੋਇਆ ਕਿ ਕਾਬਲ ਵੱਲ ਰੌਲਾ ਪੈ ਗਿਆ ਅਤੇ ਸਾਰੀ ਅੰਗਰੇਜ਼ੀ ਸੈਨਾ ਮਾਰੀ ਗਈ ਅਤੇ ਜੋ ਫੌਜ ਪਾਲਕ ਸਾਹਿਬ ਪਾਸ ਜਲਾਲਾਬਾਦ ਦੇ ਕਿਲ੍ਹੇ ਵਿਚ ਸੀ, ਉਹ ਘੇਰੀ ਗਈ। ਮੋਕਸਨ ਸਾਹਿਬ, ਕੁਝ ਫੌਜ ਲਈ, ਪਸ਼ੌਰ ਪਏ ਸਨ। ਉਹ ਜਲਾਲਾਬਾਦ ਦੀ ਫੌਜ ਦੀ ਸਹਾਇਤਾ ਲਈ ਅੱਗੇ ਵਧੇ, ਪਰ ਖੈਬਰੀਆਂ ਨੇ ਇਹਨਾਂ ਨੂੰ ਪਿੱਛੇ ਧੱਕ ਦਿੱਤਾ। ਹੁਣ ਜਲਾਲਾਬਾਦ ਦੀ ਫੌਜ ਬੜੇ ਖ਼ਤਰੇ ਵਿਚ ਸੀ। ਸੁ ਸਰਕਾਰ ਅੰਗਰੇਜ਼ੀ ਨੂੰ ਸਰਕਾਰ ਲਾਹੌਰ ਪਾਸ ਸਹਾਇਤਾ ਦੀ ਯਾਚਨਾ ਕਰਨੀ ਪਈ। ਇਸੇ ਮਤਲਬ ਲਈ ੨੦ ਫੱਗਣ, ਸੰਮਤ ੧੮੯੮ ਬਿ: ਨੂੰ ਕਲਾਰਕ ਸਾਹਿਬ ਅੰਮ੍ਰਿਤਸਰ ਅੱਪੜੇ ਅਤੇ ਮਹਾਰਾਜਾ ਸਾਹਿਬ ਨਾਲ ਮਿਲ-ਗਿਲ ਕੇ ਅਰੰਭ ਚੇਤ ਵਿਚ ਲਾਹੌਰ ਆ ਗਏ। ਮਹਾਰਾਜਾ ਸਾਹਿਬ ਸਹਾਇਤਾ ਦੇਣੀ ਮੰਨ ਗਏ ਅਤੇ ਖਾਲਸਾਈ ਸੈਨਾ ਦੀ ਸਹਾਇਤਾ ਨਾਲ ਅੰਗਰੇਜ਼ੀ ਫੌਜ ਜਲਾਲਾਬਾਦ ਤੀਕ ਅੱਪੜ ਪਈ।

ਸਰਕਾਰ ਅੰਗਰੇਜ਼ੀ ਨੂੰ ਲਾਹੌਰ ਦਰਬਾਰ ਦੀ ਸਹਾਇਤਾ ਦੀ ਅਜੇ ਬੜੀ ਲੋੜ ਸੀ, ਸੁ ਜਦ ਮਹਾਰਾਜਾ ਸਾਹਿਬ ਨੇ ਕਲਾਰਕ ਸਾਹਿਬ ਨੂੰ ਕਿਹਾ ਕਿ ਸੰਧਾਂਵਾਲੀਆਂ ਦੀ ਬਾਂਹ ਸਾਨੂੰ ਦੇ ਦੇਵੋ, ਤਾਂ ਆਪ ਨੇ ਉਪਰੋਂ ਉਪਰੋਂ ਤਾਂ ਇਹ ਕਿਹਾ ਕਿ ਘਰ ਆਏ ਨੂੰ ਫੜਾਉਣਾ ਅੰਗਰੇਜ਼ੀ ਨੇਮ-ਧਰਮ ਦੇ ਉਲਟ ਹੈ, ਪਰ ਉਂਝ ਸਮਝਾ ਦਿੱਤਾ ਕਿ ਕੋਈ ਆਦਮੀ ਘੱਲ ਕੇ ਮੰਗਵਾ ਲਵੋ। ਸੰਧਾਂਵਾਲੀਏ ਵੀ ਕਿਹੜੇ ਅਨਜਾਣ ਸਨ ! ਉਹ ਵੀ ਸਭ ਕੁਝ ਜਾਣਦੇ ਸਨ ਕਿ ਹੁਣ ਗੌਂ ਪਏ ਕਾਰਨ ਸਰਕਾਰ ਅੰਗਰੇਜ਼ੀ

ਲਾਹੌਰ ਦਰਬਾਰ ਦੀ ਮੁੱਠ ਵਿਚ ਹੈ, ਸੁ ਉਹਨਾਂ ਦੀ ਜਿੱਦ ਵੀ ਢਿੱਲੀ ਹੋ ਗਈ ਅਤੇ ਉਹ ਵੀ ਪੰਜਾਬ ਨੂੰ ਵਾਪਸ ਮੁੜ ਆਉਣ ਦਾ ਬਹਾਨਾ ਟੋਲਣ ਲੱਗ ਪਏ। ਸਾਰੀ ਗੱਲ-ਬਾਤ ਗਿਣ ਕੇ ੧੦ ਵਿਸਾਖ ਸੰਮਤ ੧੮੯੯ ਨੂੰ ਕਲਾਰਕ ਸਾਹਿਬ ਲਾਹੌਰੋਂ ਤੁਰ ਪਏ ਅਤੇ ਆਪਣੇ ਮੀਰ ਮੁਨਸ਼ੀ ਰੱਜਬ ਅਲੀ ਨੂੰ ਲਾਹੌਰ ਛੱਡ ਗਏ।

*[ਇਸ ਤੋਂ ਮਗਰੋਂ ਜਿਸ ਤਰ੍ਹਾਂ ਸੰਧਾਵਾਲੀਏ ਲਾਹੌਰ ਵਾਪਸ ਆਏ, ਉਹ ਹਾਲ ਉਸ ਸਮੇਂ ਦੀਆਂ ਚਿੱਠੀਆਂ ਤੇ ਲਾਹੌਰ ਦਰਬਾਰ ਦੀਆਂ ਖ਼ਬਰਾਂ ਵਿਚੋਂ ਚੁਣ ਕੇ ਹੇਠਾਂ ਦਿਤੇ ਜਾਂਦੇ ਹਨ। —ਕਰਮ ਸਿੰਘ ]*

੧੯ ਵਿਸਾਖ—ਸਰਦਾਰ ਅਤਰ ਸਿੰਘ ਸੰਧਾਂਵਾਲੀਏ ਦੇ ਮਾਤਬਰ ਬਾਵਾ ਅਤਰ ਸਿੰਘ ਤੇ ਬਾਵਾ ਸੁਜਾਨ ਸਿੰਘ ਹਾਜ਼ਰ ਹੋਏ ਤੇ ਅਰਜ਼ ਕੀਤੀ ਕਿ ਸਰਦਾਰ ਅਤਰ ਸਿੰਘ ਸੰਧਾਵਾਲੀਆਂ ਬਸੀਆਂ ਪਿੰਡ ਉਤਰਿਆ ਹੋਇਆ ਹੈ। ਸਿੰਘ ਸਾਹਿਬ ਨੇ ਕਿਹਾ ਕਿ ਨਾਹੱਕ ਖਰਾਬ ਹੁੰਦਾ ਹੈ। ਉਹਨਾਂ ਅਰਜ਼ ਕੀਤੀ ਕਿ ਸਰਕਾਰ ਆਪਣਾ ਆਦਮੀ ਘੱਲ ਕੇ ਮੰਗਵਾ ਕਿਉਂ ਨਹੀਂ ਲੈਂਦੇ ?

੯ ਹਾੜ—ਫਕੀਰ ਅਜ਼ੀਜ਼ੁਦੀਨ ਤਿੰਨਾਂ ਗੱਲਾਂ ਵਾਸਤੇ ਕਲਾਰਕ ਸਾਹਿਬ ਪਾਸ ਗਿਆ ਹੋਇਆ ਹੈ। ਇਕ ਤਾਂ ਸ਼ਿਕਾਰਪੁਰ ਵਾਲੇ ਦਸ ਲੱਖ ਰੁਪਏ ਲਈ, ਦੂਜੇ ਪਠਾਣਾਂ ਦੇ ਇਲਾਕੇ ਦੇ ਹਿੱਸੇ ਲਈ, ਤੀਜੇ ਸੰਧਾਂਵਾਲੀਏ ਨੂੰ ਲਿਆਉਣ ਲਈ। ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੂੰ ਕਲਾਰਕ ਸਾਹਿਬ ਨੇ ਆਪਣੇ ਪਾਸ ਸੱਦ ਕੇ ਕਿਹਾ ਸੀ ਕਿ ਤੁਸੀਂ ਸਿੰਘ ਸਾਹਿਬ ਪਾਸ ਚਲੇ ਜਾਓ, ਤੁਹਾਡਾ ਮੁਲਕ ਤੁਹਾਨੂੰ ਅੱਗੇ ਵਾਂਗ ਦੇ ਦਿਤਾ ਜਾਵੇਗਾ। ਅਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਤੁਸੀਂ ਮਹਾਰਾਜਾ ਸਾਹਿਬ ਨਾਲ ਸਾਡਾ ਪੱਕਾ ਅਹਿਦ ਲਿਖਵਾ ਦੇਵੋ ਤੇ ਉਹ ਕੇਹਰ ਸਿੰਘ ਤੇ ਲਹਿਣਾ ਸਿੰਘ ਨੂੰ ਕੈਦੋਂ ਛੱਡ ਦੇਣ, ਫੇਰ ਤੁਸਾਡੀ ਪਕਿਆਈ ਨਾਲ ਅਸੀਂ ਲਾਹੌਰ ਜਾਵਾਂਗੇ।

ਸਿੰਘ ਸਾਹਿਬ ਦੀ ਮਰਜ਼ੀ ਇਹ ਹੈ ਕਿ ਸੰਧਾਂਵਾਲੀਏ ਸਾਹਿਬ ਬਹਾਦਰ ਦੇ ਵਸੀਲੇ ਤੋਂ ਬਿਨਾਂ ਇਥੇ ਆਉਣ। ਜੇ ਕਿਸੇ ਵਸੀਲੇ ਨਾਲ ਹੀ ਆਉਣਾ ਹੈ ਤਾਂ ਕਿਸੇ ਸੋਢੀ ਬੇਦੀ ਦੇ ਵਸੀਲੇ ਨਾਲ ਆਉਣ।

੪ ਸਾਵਣ—ਸੰਪੂਰਨ ਸਿੰਘ ਜਮੇਂਦਾਰ ਬਾਵਾ ਬਿਕਰਮ ਸਿੰਘ ਪਾਸ ਘੱਲਿਆ ਗਿਆ ਸੀ ਕਿ ਬਾਵਾ ਜੀ ਸੰਧਾਂਵਾਲੀਆਂ ਨੂੰ ਲਾਹੌਰ ਲੈ ਆਉਣ। ਸੁ ਚਾਰ ਸਾਵਣ ਨੂੰ ਜਮੇਂਦਾਰ ਸੰਪੂਰਨ ਸਿੰਘ ਬਾਵਾ ਬਿਕਰਮ ਸਿੰਘ ਦੇ ਵਕੀਲ ਖਜ਼ਾਨ ਸਿੰਘ ਨੂੰ ਲੈ ਕੇ ਸਰਕਾਰੇ ਹਾਜ਼ਰ ਹੋ ਗਿਆ। ਖ਼ਜ਼ਾਨ ਸਿੰਘ ਨੇ ਕੁਝ ਗੱਲਾਂ ਤਾਂ ਜ਼ਬਾਨੀ ਅਰਜ਼ ਕੀਤੀਆਂ ਅਤੇ ਬਾਕੀ ਲਈ ਬਾਵਾ ਜੀ ਦੀ ਅਰਦਾਸ ਪੇਸ਼ ਕਰ ਦਿੱਤੀ।

ਅਰਦਾਸ ਦਾ ਭਾਵ ਇਹ ਸੀ ਕਿ ਪਹਿਲਾਂ ਅਸੀਂ ਅਤਰ ਸਿੰਘ ਸੰਧਾਂਵਾਲੀਏ ਨੂੰ ਲੈ ਕੇ ਲਾਹੌਰ ਆਏ ਸਾਂ ਅਤੇ ਦੋਹਾਂ ਦੇ ਵਿਚਕਾਰ ਪਏ ਸਾਂ, ਪਰ ਤੁਸਾਂ ਸਾਡੇ ਕਹੇ

ਉਤੇ ਕੋਈ ਅਮਲ ਨਾ ਕੀਤਾ, ਇਸ ਲਈ ਅਤਰ ਸਿੰਘ ਸਾਡੇ ਨਾਲ ਹੀ ਮੁੜ ਗਿਆ ਅਤੇ ਕੁਝ ਦਿਨਾਂ ਤੋਂ ਉਹ ਸਾਡੇ ਪਾਸੋਂ ਵੀ ਚੋਰੀ ਕਿਧਰੇ ਚਲਾ ਗਿਆ ਹੈ। ਤੁਸਾਂ ਜੁ ਪਹਿਲਾਂ ਸਾਡੀ ਗੱਲ ਨਹੀਂ ਮੰਨੀ ਸੀ, ਇਸ ਲਈ ਅਸੀਂ ਤੁਸਾਡੇ ਤੇ ਸੰਧਾਂਵਾਲੀਆਂ ਦੇ ਵਿਚ ਨਹੀਂ ਪੈਂਦੇ।

ਸਿੰਘ ਸਾਹਿਬ ਨੇ ਬਾਵਾ ਮੀਹਾਂ ਸਿੰਘ ਨੂੰ ਆਪਣੀ ਅਰਜ਼ੀ ਸਮਝਾ ਕੇ ਫੇਰ ਬਾਵਾ ਬਿਕਰਮ ਸਿੰਘ ਵੱਲ ਘੱਲਿਆ ਹੈ ਅਤੇ ਕਿਹਾ ਹੈ ਕਿ ਜਿਸ ਤਰ੍ਹਾਂ ਬਾਵਾ ਸਾਹਿਬ ਸੰਧਾਂਵਾਲੀਆਂ ਦਾ ਫ਼ੈਸਲਾ ਕਰ ਦੇਣ, ਸਾਨੂੰ ਮਨਜ਼ੂਰ ਹੈ।

੧੬ ਭਾਦੋਂ—ਰਾਏ ਕਿਸ਼ਨ ਚੰਦ ਦੀ ਅਰਜ਼ੀ ਆਈ ਕਿ ਕਲਾਰਕ ਸਾਹਿਬ ਨੇ ਮੈਨੂੰ ਕਿਹਾ ਹੈ ਕਿ ਅਸੀਂ ਮਹਾਰਾਜਾ ਸਾਹਿਬ ਨਾਲ ਇਹ ਇਕਰਾਰ ਕਰ ਕੇ ਆਏ ਸਾਂ, ਸਤਲੁਜੋਂ ਪਾਰ ਜਾ ਕੇ ਅਜੀਤ ਸਿੰਘ ਸੰਧਾਂਵਾਲੀਏ ਨੂੰ ਮਹਾਰਾਜਾ ਸਾਹਿਬ ਵੱਲ ਘੱਲ ਦੇਵਾਂਗੇ। ਅੰਤ ਸਾਡੀ ਵੱਲੋਂ ਮਹਾਰਾਜਾ ਸਾਹਿਬ ਨੂੰ ਖੁੱਲ੍ਹ ਹੈ ਕਿ ਉਹ ਅਜੀਤ ਸਿੰਘ ਨੂੰ ਲੈ ਜਾਣ ਜਾਂ ਮੰਗਵਾ ਲੈਣ। ਸੁ ਚਾਹੀਦਾ ਹੈ ਕਿ ਕਿਸੇ ਆਪਣੇ ਆਦਮੀ ਨੂੰ ਸਤਲੁਜ ਦੇ ਇਸ ਪਾਸੇ ਘੱਲਿਆ ਜਾਵੇ, ਜੋ ਸਰਦਾਰ ਨੂੰ ਆਪਣੇ ਨਾਲ ਲੈ ਜਾ ਕੇ ਹਾਜ਼ਰ ਹੋ ਜਾਵੇ।

ਇਸ ਅਰਜ਼ੀ ਅਨੁਸਾਰ ਬਾਵਾ ਮੀਹਾਂ ਸਿੰਘ ਨੂੰ ਲਿਖਿਆ ਗਿਆ ਕਿ ਬਾਬਾ ਕਾਹਨ ਸਿੰਘ ਜੀ ਪਹਿਲਾਂ ਆਪਣਾ ਕੋਈ ਆਦਮੀ ਸਤਲੁਜੋਂ ਪਾਰ ਘੱਲਣ, ਜੋ ਸਰਦਾਰ ਅਜੀਤ ਸਿੰਘ ਨੂੰ ਲੈ ਆਵੇ, ਜਦ ਸਰਕਾਰ ਦਰਿਆ ਦੇ ਪੱਤਣ ਉਤੇ ਆਵੇ ਤਾਂ ਬਾਬਾ ਕਾਹਨ ਸਿੰਘ ਸਾਹਿਬ ਆਪ ਜਾ ਕੇ ਉਸ ਨੂੰ ਆਪਣੇ ਨਾਲ ਸਰਕਾਰੇ ਲੈ ਆਉਣ।

੮ ਅੱਸੂ—ਸਰਦਾਰ ਅਜੀਤ ਸਿੰਘ ਸੰਧਾਂਵਾਲੀਆ, ਬਾਵਾ ਬਿਕਰਮ ਸਿੰਘ ਤੇ ਕਾਹਨ ਸਿੰਘ ਦੀ ਮਾਰਫ਼ਤ ਸਰਾਏ ਦੱਖਣੀ ਅੱਪੜ ਪਿਆ ਹੈ, ਜੋ ਦਵਾਬੇ ਵਿਚ ਬਾਵਾ ਸਾਹਿਬਾਂ ਦੀ ਜਗੀਰ ਹੈ। ਸਾਹਿਬਾਂ ਦਾ ਮੁਰਾਸਲਾ ਇਸ ਭਾਵ ਦਾ ਆਇਆ ਹੈ ਕਿ ਜੇ ਮਹਾਰਾਜਾ ਸਾਹਿਬ ਸੰਧਾਂਵਾਲੀਆਂ ਦਾ ਸਾਰਾ ਇਲਾਕਾ ਇਨ੍ਹਾਂ ਨੂੰ ਵਾਪਸ ਦੇ ਦੇਣ ਅਤੇ ਸਰਦਾਰ ਕੇਹਰ ਸਿੰਘ ਤੇ ਲਹਿਣਾ ਸਿੰਘ ਨੂੰ ਛੱਡ ਦੇਣ, ਤਦ ਤਾਂ ਸਰਦਾਰ ਅਤਰ ਸਿੰਘ ਮਹਾਰਾਜਾ ਸਾਹਿਬ ਪਾਸ ਹਾਜ਼ਰ ਹੋ ਜਾਵੇਗਾ, ਜੇ ਮਹਾਰਾਜਾ ਸਾਹਿਬ ਅਜਿਹਾ ਨਾ ਕਰਨਾ ਚਾਹੁਣ ਤਾਂ ਇਹਨਾਂ ਨੂੰ ਸਤਿਲੁਜੋਂ ਪਾਰ ਕਰ ਕੇ ਸਾਡੀ ਵੱਲ ਘੱਲ ਦੇਣ।

੧੦ ਅੱਸੂ—ਬਾਵਾ ਮੀਹਾਂ ਸਿੰਘ ਸ੍ਰ: ਅਜੀਤ ਸਿੰਘ ਸੰਧਾਂਵਾਲੀਏ ਨੂੰ ਸਰਾਏ ਦੱਖਣੀ ਛੱਡ ਕੇ ਸਰਕਾਰੇ ਹਾਜ਼ਰ ਹੋਇਆ ਅਤੇ ਸਰਕਾਰ ਵੱਲੋਂ ਦੋ ਮਾਤਬਰ ਉਸ ਦੇ ਨਾਲ ਹੋਰ ਕਰ ਦਿੱਤੇ ਗਏ ਕਿ ਇਕ ਮਹਿਰ ਘਸੀਟਾ ਜੋ ਪਹਿਲਾਂ ਸੰਧਾਂਵਾਲੀਆਂ ਵੱਲੋਂ ਸਰਕਾਰ ਦੇ ਦਰਬਾਰ ਵਿਚ ਵਕੀਲ ਸੀ, ਦੂਜਾ ਨਿਧਾਨ ਸਿੰਘ ਜੋ ਸੂਦਾਰ

ਲਹਿਣਾ ਸਿੰਘ ਸੰਧਾਂਵਾਲੀਏ ਦਾ ਨੌਕਰ ਸੀ। ਬਾਵਾ ਮੀਹਾਂ ਸਿੰਘ ਨੇ ਕਲਾਰਕ ਸਾਹਿਬ ਦੀ ਜ਼ਬਾਨੀ ਕਹਿਆ ਸੀ ਕਿ ਇਨ੍ਹਾਂ ਦੀ ਸਾਰੀ ਜਗੀਰ ਪਹਿਲਾਂ ਵਾਂਗ ਹੀ ਬਹਾਲ ਕਰ ਦਿੱਤੀ ਜਾਵੇ, ਸਾਰੇ ਕਾਰਖ਼ਾਨੇ ਪਹਿਲਾਂ ਵਾਂਗ ਹੀ ਦੇ ਦਿੱਤੇ ਜਾਣ, ਸ੍ਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਛੱਡ ਦਿੱਤਾ ਜਾਵੇ ਅਤੇ ਜ਼ਬਤ ਕੀਤਾ ਮਾਲ-ਅਸਬਾਬ ਮੋੜ ਦਿਤਾ ਜਾਵੇ। ਮਹਾਰਾਜਾ ਸਾਹਿਬ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੰਨ ਲਿਆ ਹੈ। ਸੁ ਚਾਰ ਪੰਜ ਦਿਨਾਂ ਤੀਕ ਸ੍ਰਦਾਰ ਅਜੀਤ ਸਿੰਘ ਸੰਧਾਂਵਾਲੀਆ ਸਰਕਾਰੇ ਹਾਜ਼ਰ ਹੋ ਜਾਵੇਗਾ ਤੇ ਉਸ ਦੇ ਚਾਚੇ ਦੇ ਭਾਈ ਨੂੰ ਛੱਡ ਦਿੱਤਾ ਜਾਵੇਗਾ।

੩੦ ਅੱਸੂ—ਬਾਵਾ ਬਿਕ੍ਰਮ ਸਿੰਘ, ਕਾਹਨ ਸਿੰਘ ਤੇ ਬਾਵਾ ਮੀਹਾਂ ਸਿੰਘ ਸਣੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਦੇ ਲਾਹੌਰ ਅੱਪੜ ਪਏ ਹਨ। ਸਰਦਾਰ ਲਹਿਣਾ ਸਿੰਘ ਮਜੀਠੀਆ ਅਗਵਾਈ ਲਈ ਗਿਆ ਸੀ। ਮਹਾਰਾਜਾ ਸਾਹਿਬ ਨਾਲ ਅਜੇ ਤੀਕ ਮੁਲਾਕਾਤ ਨਹੀਂ ਹੋਈ।

੧੨ ਕੱਤਕ—ਮਹਾਰਾਜਾ ਸਾਹਿਬ ਸ਼ਾਹ ਬਿਲਾਵਲ ਗਏ ਅਤੇ ਸਰਦਾਰ ਅਜੀਤ ਸਿੰਘ[੧] ਨੂੰ ਬਾਵਾ ਬਿਕ੍ਰਮ ਸਿਘ ਤੇ ਸਰਦਾਰ ਅਜੀਤ ਸਿੰਘ ਦੇ ਲਿਆਉਣ ਲਈ ਘੱਲਿਆ। ਸਰਦਾਰ ਅਜੀਤ ਸਿੰਘ ਸਣੇ ਬਾਵਾ ਜੀ ਦੇ ਆਇਆ ਤੇ ਇਹ ਨਜ਼ਰ ਪੇਸ਼ ਕੀਤੀ—੧੧ ਬੁਤਕੀਆਂ, ਇਕ ਘੋੜਾ ਸਣੇ ਸੁਨਹਿਰੀ ਜੀਨ ਦੇ ਅਤੇ ਇਕ ਹਜ਼ਾਰ ਨਕਦ ਤੇ ਦੋਵੇਂ ਹੱਥ ਫੜ ਕੇ ਖ਼ਾਤਰ ਕੀਤੀ ਅਤੇ ਪੰਜ ਸੌ ਰੁਪਿਆ ਬਾਵਾ ਬਿਕਰਮ ਸਿੰਘ ਨੂੰ ਅਰਦਾਸ ਕਰਵਾਇਆ। ਪਿੱਛੋਂ ਬਾਵਾ ਜੀ ਨੇ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਸੰਧਾਂਵਾਲੀਏ ਸ੍ਰਦਾਰਾਂ ਦੀ ਤਕਸੀਰ ਮਾਫ਼ ਕਰ ਦੇਵੋ। ਮਹਾਰਾਜਾ ਸਾਹਿਬ ਨੇ ਕਿਹਾ ਕਿ ਇਨ੍ਹਾਂ ਦੀ ਕੋਈ ਤਕਸੀਰ ਨਹੀਂ, ਇਹ ਸਮੇਂ ਦਾ ਚੱਕਰ ਸੀ। ਜੇਹੜਾ ਰਾਹ ਭੁੱਲ ਕੇ ਸੰਝ ਨੂੰ ਵੀ ਘਰ ਆ ਜਾਵੇ, ਉਸ ਨੂੰ ਭੁੱਲਾ ਨਾ ਜਾਣੋ। ਫਿਰ ਬਾਵਾ ਜੀ ਨੇ ਸਰਦਾਰ ਅਜੀਤ ਸਿੰਘ ਦੀਆਂ ਬਾਹਾਂ ਫੜ ਕੇ ਮਹਾਰਾਜਾ ਸਾਹਿਬ ਨੂੰ ਫੜਾਈਆਂ। ਮਹਾਰਾਜਾ ਸਾਹਿਬ ਨੇ ਬਾਹਾਂ ਫੜ ਕੇ ਸਿਰ ਉਤੇ ਰੱਖ ਲਈਆਂ ਅਤੇ ਕਿਹਾ ਕਿ ਇਹ ਤਾਂ ਸਾਡੀ ਦੇਹ ਜਾਨ ਹਨ, ਸਾਨੂੰ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਫਰਕ ਨਹੀਂ। ਫੇਰ ਸਰਦਾਰ ਅਜੀਤ ਸਿੰਘ ਨੇ ਆਪਣੀ ਢਾਲ ਤਲਵਾਰ ਮੰਗਵਾ ਕੇ ਮਹਾਰਾਜਾ ਸਾਹਿਬ ਦੇ ਪੇਸ਼ ਕਰ ਦਿੱਤੀ ਅਤੇ ਕਿਹਾ ਕਿ ਹੁਣ ਮੈਂ ਮਾਲਾ ਫੜ ਕੇ ਪਰਮੇਸ਼ਰ ਦਾ ਭਜਨ ਕੀਤਾ ਕਰਾਂਗਾ ਅਤੇ ਜਦ ਆਪਣੇ ਹੱਥ ਨਾਲ ਮਹਾਰਾਜਾ ਮੈਨੂੰ ਢਾਲ ਤਲਵਾਰ ਦੇਣਗੇ, ਤਦ ਹੀ ਢਾਲ ਤਲਵਾਰ ਨੂੰ ਹੱਥ ਲਾਵਾਂਗਾ। ਮਹਾਰਾਜਾ ਸਾਹਿਬ ਨੇ ਆਪਣੇ ਹੱਥ ਨਾਲ ਢਾਲ ਤਲਵਾਰ ਸਰਦਾਰ ਅਜੀਤ ਸਿੰਘ ਨੂੰ ਪਹਿਨਾਈ।

*੧. ਮੂਲ ਪਹਿਲੀ ਅਤੇ ਦੂਜੀ ਛਾਪ ਵਿਚ ਇਵੇਂ ਹੈ। ਇਹ ਕੋਈ ਹੋਰ ਸਰਦਾਰ ਅਜੀਤ ਸਿੰਘ ਹੋ ਸਕਦਾ ਹੈ, (ਸੰਪਾਦਕ)*

*[ਇਸ ਤੋਂ ਅੱਗੇ ਅਸਲ ਚਿੱਠੀ ਨੂੰ ਚੂਹੇ ਖਾ ਗਏ ਹੋਏ ਸਨ, ਕੇਵਲ ਦੋ ਦੋ ਉਂਗਲ ਕਾਗਜ਼ ਬਚਿਆ ਸੀ, ਜਿਸ ਤੋਂ ਪਤਾ ਲੱਗਦਾ ਹੈ, ਕਿ ਉਸ ਸਮੇਂ ਹੋਰ ਵੀ ਬਹੁਤ ਗੱਲਾਂ-ਕੱਥਾਂ ਹੋਈਆਂ ਸਨ। —ਕਰਮ ਸਿੰਘ ]*

੯ ਮੱਘਰ—ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੇ ਹਾਜ਼ਰ ਹੋ ਕੇ ਅਰਜ਼ ਕੀਤੀ ਕਿ ਆਪਣਾ ਗਹਿਣਾ ਤੀਹ ਹਜ਼ਾਰ ਰੁਪਏ ਵਿਚ ਗਹਿਣੇ ਰੱਖਿਆ ਹੋਇਆ ਹੈ, ਜੇ ਸਰਕਾਰ ਤੀਹ ਹਜ਼ਾਰ ਰੁਪਿਆ ਦੇਵੇ ਤਾਂ ਗਹਿਣਾ ਛੁਡਾ ਲਿਆ ਜਾਵੇ। ਜਗੀਰ ਦਾ ਮਾਮਲਾ ਜਦ ਉੱਘਰ ਕੇ ਆਊ ਤਾਂ ਇਹ ਰੁਪਿਆ ਸਰਕਾਰੇ ਤਾਰ ਦਿੱਤਾ ਜਾਊ। ਸਰਕਾਰ ਨੇ ਤੀਹ ਹਜ਼ਾਰ ਰੁਪਿਆ ਦਿੱਤੇ ਜਾਣ ਦਾ ਹੁਕਮ ਦੇ ਦਿੱਤਾ ਅਤੇ ਪੁਸ਼ਾਕ ਵਜੋਂ ਪੰਜ ਹਜ਼ਾਰ ਹੋਰ ਦਿੱਤਾ।

੧੨ ਮੱਘਰ—ਬੁੱਧ ਸਿੰਘ ਦੇ ਭਾਈ ਚੂੜ੍ਹ ਸਿੰਘ ਨੇ ਹਾਜ਼ਰ ਹੋ ਕੇ ਅਰਜ਼ ਕੀਤੀ ਕਿ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਸ਼ਾਲਾਮਾਰ ਬਾਗ਼ ਆ ਗਏ ਹਨ। ਮਹਾਰਾਜਾ ਸਾਹਿਬ ਨੇ ਸਰਦਾਰ ਬੁੱਧ ਸਿੰਘ ਨੂੰ ਸਭ ਗੱਲਾਂ ਸਮਝਾ ਕੇ ਉਹਨਾਂ ਦੀ ਤਸੱਲੀ ਲਈ ਘੱਲਿਆ ਅਤੇ ਕਿਹਾ ਕਿ ਇਹ ਸਮੇਂ ਦਾ ਗੇੜ ਸੀ, ਜੋ ਐਤਨੀ ਖ਼ਰਾਬੀ ਹੋਈ, ਨਹੀਂ ਤਾਂ ਸਰਕਾਰ ਵੱਲੋਂ ਕਿਸੇ ਤਰ੍ਹਾਂ ਦਾ ਫਰਕ ਨਹੀਂ ਸੀ, ਜੇ ਤਸੱਲੀ ਕਰਨੀ ਹੋਵੇ ਤਾਂ ਬਾਬਾ ਬਿਕ੍ਰਮ ਸਿੰਘ ਤੇ ਸਰਦਾਰ ਅਜੀਤ ਸਿੰਘ ਦੀ ਰਾਹੀਂ ਕਰ ਲਈ ਜਾਵੇ। ਸਰਕਾਰ ਨੂੰ ਨਾ ਅੱਗੇ ਫਰਕ ਸੀ, ਨਾ ਅਗਾਹਾਂ ਨੂੰ ਹੋਵੇਗਾ। ਉਹਨਾਂ ਨੇ ਅੱਗੋਂ ਕਿਹਾ ਕਿ ਸਰਕਾਰ ਦਾ ਕੀ ਕਸੂਰ ਹੈ, ਜੋ ਕਸੂਰ ਹੋਇਆ ਹੈ, ਸਾਥੋਂ ਹੀ ਹੋਇਆ ਹੈ।

੧੪ ਮੱਘਰ—ਭਾਈ ਗੁਰਮੁਖ ਸਿੰਘ, ਰਾਜੇ ਸੁਚੇਤ ਸਿੰਘ, ਸਰਦਾਰ ਬੁੱਧ ਸਿੰਘ ਮਹਿਰੇ ਤੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੂੰ ਹੁਕਮ ਹੋਇਆ ਕਿ ਸ੍ਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਦੀ ਅਗਵਾਈ ਲਈ ਜਾਣ ਅਤੇ ਦੋਹਾਂ ਸਰਦਾਰਾਂ ਨੂੰ ਸ਼ਾਲਾ ਮਾਰ ਬਾਗ਼ੋਂ ਸਵਾਰ ਕਰਵਾ ਕੇ ਰਾਵੀ ਦੇ ਕੰਢੇ ਲੈ ਆਉਣ, ਜਿਧਰ ਸਰਕਾਰ ਸ਼ਿਕਾਰ ਖੇਡਣ ਜਾਂਦੀ ਹੈ। ਇਹਨਾਂ ਚੌਹਾਂ ਸਰਦਾਰਾਂ ਨੇ ਜਾ ਕੇ ਦੋਵੇਂ ਸਰਦਾਰ ਲਿਆ ਹਾਜ਼ਰ ਕੀਤੇ, ਦੋਹਾਂ ਸਰਦਾਰਾਂ ਨੇ ਇਕੱਤਰ ਸੌ ਰੁਪਿਆ ਨਜ਼ਰ ਤੇ ਸਵਾ ਸੌ ਰੁਪਿਆ ਸਿਰ ਵਾਰਨੇ ਵਜੋਂ ਪੇਸ਼ ਕੀਤਾ। ਜਦ ਇਹ ਸਰਦਾਰ ਸਾਹਮਣੇ ਆਏ ਤਾਂ ਮਹਾਰਾਜਾ ਸਾਹਿਬ ਉਸ ਵੇਲੇ ਉਠ ਖੜ੍ਹੋਤੇ ਅਤੇ ਜੱਫੀ ਪਾ ਕੇ ਗੱਲਾਂ ਕਰਦੇ ਰਹੇ ਤੇ ਉਹਨਾਂ ਦੀ ਹਰ ਪਰਕਾਰ ਤਸੱਲੀ ਕੀਤੀ। ਫਿਰ ਜ਼ਿਆਫ਼ਤ ਵਜੋਂ ਗਿਆਰਾਂ ਸੌ ਰੁਪਿਆ ਸਰਦਾਰ ਲਹਿਣਾ ਸਿੰਘ ਨੂੰ ਤੇ ਸੱਤ ਸੌ ਰੁਪਿਆ ਸਰਦਾਰ ਕੇਹਰ ਸਿੰਘ ਨੂੰ ਦਿੱਤਾ ਗਿਆ।

## ੪੩

# ਸਿੱਖ ਰਾਜ ਸਮੇਂ ਦੇ ਰੋਜ਼ਨਾਮਚੇ[1]

## ਰਾਜਾ ਹੀਰਾ ਸਿੰਘ ਦੇ ਅੰਤਲੇ ਦਿਨ

*[ਇਹ ਹਾਲ ਰੋਜ਼ਨਾਮਚੇ ਵਿਚੋਂ ਛਾਂਟ ਕੇ ਦਿੱਤੇ ਗਏ ਹਨ ਜਿਹਨਾਂ ਤੋਂ ਪਤਾ ਲੱਗ ਸਕੇਗਾ ਕਿ ਰਾਜਾ ਹੀਰਾ ਸਿੰਘ ਦੇ ਰਾਜ ਦਾ ਅੰਤਲਾ ਡੇਢ ਮਹੀਨਾ ਕੀਕੂੰ ਲੰਘਿਆ। ਇਥੇ ਕੇਵਲ ਖੱਖਿਆਂ ਬੱਬਿਆਂ ਦੀ ਬਗ਼ਾਵਤ ਦਾ ਹਾਲ ਹੀ ਪੂਰਾ ਪੂਰਾ ਦਿੱਤਾ ਗਿਆ ਹੈ। —ਕਰਮ ਸਿੰਘ ]*

੨੬ ਕੱਤਕ, ਸੰਮਤ ੧੯੦੧–ਦੀਵਾਨ ਦੀਨਾ ਨਾਥ ਜੰਮੂ ਤੋਂ ਆ ਕੇ ਹਾਜ਼ਰ ਹੋਇਆ ਅਤੇ ਦੱਸਿਆ ਕਿ ਰਾਜਾ ਸੁਚੇਤ ਸਿੰਘ ਦੇ ਅੱਧੇ ਇਲਾਕੇ ਉਤੇ ਰਾਜਾ ਗੁਲਾਬ ਸਿੰਘ ਦੇ ਵਜ਼ੀਰ ਵਚਨੇ ਦਾ ਕਬਜ਼ਾ ਕਰਵਾ ਦਿੱਤਾ ਹੈ। ਇਹ ਵੀ ਸੁਣੀਂਦਾ ਹੈ ਕਿ ਤੋਪਖ਼ਾਨੇ ਦੇ ਕਾਗਜ਼ ਮੂਜਬ ਰਾਜਾ ਸੁਚੇਤ ਸਿੰਘ ਦੀ ਨਕਦੀ, ਅਸਬਾਬ, ਜਵਾਹਰਾਤ, ਊਠ, ਘੋੜੇ ਆਦਿ ਇਕ ਕਰੋੜ ਚਾਲੀ ਲੱਖ ਰੁਪਏ ਦਾ ਮਾਲ ਸੀ, ਜੋ ਮੀਆਂ ਜਵਾਹਰ ਸਿੰਘ ਤੇ ਰਾਜਾ ਗੁਲਾਬ ਸਿੰਘ ਨੇ ਆਪੋ ਵਿਚ ਅੱਧੋ ਅੱਧ ਵੰਡ ਲਿਆ ਹੈ।*

ਮਿਸਰ ਰੁਲੀਆ ਰਾਮ ਤਹਿਸੀਲਦਾਰ ਪਰਮਟ ਨੇ ਅਰਜ਼ ਕੀਤੀ ਕਿ ਮੈਂ ਇਕ ਆਦਮੀ ਸਾਹੀਵਾਲ ਦਾ ਮਸੂਲ ਪਰਮਟ ਉਤੇ ਲਾਇਆ ਹੋਇਆ ਸੀ। ਮਹਾਰਾਜਾ ਖੜਕ ਸਿੰਘ ਸਾਹਿਬ ਦੇ ਸਾਲੇ ਸਰਦਾਰ ਮੰਗਲ ਸਿੰਘ ਦੇ ਆਦਮੀਆਂ ਨੇ ਉਸ ਨੂੰ ਜਾਨੋਂ ਮਾਰ ਦਿੱਤਾ ਹੈ। ਸ੍ਰਦਾਰ ਮੰਗਲ ਸਿੰਘ ਨੂੰ ਹੁਕਮ ਹੋਇਆ ਕਿ ਖ਼ੂਨ ਦੇ

---

*੧ ਰਸਾਲਾ ਫੁਲਵਾੜੀ, ਅਪ੍ਰੈਲ ੧੯੩੦, ਪੰਨਾ–੫੬੯।*

** ਨੋਟ–ਰਾਜਾ ਸੁਚੇਤ ਸਿੰਘ ਦੇ ਗੁਜ਼ਰਨ ਮਗਰੋਂ ਉਸ ਦੇ ਸਾਰੇ ਇਲਾਕੇ ਤੇ ਮਾਲ–ਮਤਾਹ ਦੀ ਮਾਲਕੀ ਸਮੇਂ ਦੇ ਰਵਾਜ ਤੇ ਕਾਨੂੰਨ ਅਨੁਸਾਰ ਸਰਕਾਰ ਲਾਹੌਰ ਦੀ ਬਣਦੀ ਸੀ, ਪਰ ਰਾਜਾ ਗੁਲਾਬ ਸਿੰਘ ਸਭ ਸਾਂਭ ਬੈਠਾ ਸੀ। ਇਸ ਕਰਕੇ ਰਾਜਾ ਹੀਰਾ ਸਿੰਘ ਤੇ ਰਾਜਾ ਗੁਲਾਬ ਸਿੰਘ ਦੀ ਆਪੋ ਵਿਚ ਬਹੁਤ ਖਹਿ–ਮੁ–ਖਹਿ ਹੋਈ ਅਤੇ ਅੰਤ ਨੂੰ ਸਭ ਕੁਝ ਆਪੋ ਵਿੱਚ ਅੱਧੋ ਅੱਧ ਕਰ ਲਿਆ ਗਿਆ ਤੇ ਸਰਕਾਰ ਲਾਹੌਰ ਦੇ ਪੇਟੇ ਕੁਝ ਵੀ ਨਾ ਪਾਇਆ। –ਕਰਮ ਸਿੰਘ*

 www.sikhbookclub.com

ਜੁਰਮਾਨੇ ਵਜੋਂ ਵੀਹ ਹਜ਼ਾਰ ਰੁਪਿਆ ਸਰਕਾਰੇ ਭਰੋ।* ਸਰਦਾਰ ਨੇ ਕਿਹਾ ਕਿ ਖ਼ੂਨੀ ਨੂੰ ਫੜ ਕੇ ਹਾਜ਼ਰ ਕਰ ਦੇਂਦਾ ਹਾਂ। ਤਾਂ ਅੱਗੋਂ ਹੁਕਮ ਹੋਇਆ ਕਿ ਸਾਨੂੰ ਖ਼ੂਨੀ ਨਾਲ ਕੋਈ ਵਾਸਤਾ ਨਹੀਂ, ਵੀਹ ਹਜ਼ਾਰ ਰੁਪਿਆ ਤੁਹਾਥੋਂ ਲਿਆ ਜਾਊ।

ਸਰਦਾਰ ਹਰੀ ਸਿੰਘ ਨਲੂਆ ਦੇ ਪੁੱਤਰ ਸਰਦਾਰ ਪੰਜਾਬ ਸਿੰਘ ਸਾਹਿਬ ਦੇ ਇਕ ਸੌ ਜਗੀਰਦਾਰੀ ਸਵਾਰਾਂ ਨੇ ਹਾਜ਼ਰ ਹੋ ਕੇ ਨਾਲਸ਼ ਕੀਤੀ ਕਿ ਸਰਦਾਰ ਸਾਨੂੰ ਤਲਬ ਨਹੀਂ ਦੇਂਦਾ ਤੇ ਹੁਣ ਸਾਫ਼ ਜਵਾਬ ਦੇ ਦਿੱਤਾ ਹੈ। ਰਾਜਾ ਹੀਰਾ ਸਿੰਘ ਨੇ ਸਰਦਾਰ ਨੂੰ ਸੱਦ ਕੇ ਕਿਹਾ ਕਿ ਤੁਸੀਂ ਆਪਣੇ ਸਵਾਰਾਂ ਨੂੰ ਰਾਜ਼ੀ ਕਰ ਕੇ ਲੈ ਜਾਵੋ। ਉਸ ਨੇ ਕਿਹਾ ਕਿ ਇਹ ਸਵਾਰ ਤਾਂ ਮੇਰੇ ਪਾਸ ਰਹਿੰਦੇ ਨਹੀਂ, ਜਗੀਰ ਹਾਜ਼ਰ ਹੈ। ਸੁ ਉਨ੍ਹਾਂ ਸਵਾਰਾਂ ਨੂੰ ਸਰਕਾਰੀ ਫ਼ੌਜ ਵਿਚ ਭਰਤੀ ਕਰ ਲਿਆ ਗਿਆ ਤੇ ਸਰਦਾਰ ਪੰਜਾਬ ਸਿੰਘ ਦੀ ਪੈਂਤੀ ਹਜ਼ਾਰ ਦੀ ਜਗੀਰ ਦਾ ਤਅਲਕਾ ਸਤਰਾਹ ਜ਼ਬਤ ਕਰ ਲਿਆ ਗਿਆ।

ਰਾਏ ਕਿਸ਼ਨ ਚੰਦ ਦੀ ਅਰਜ਼ੀ ਆਈ ਕਿ ਰਚਮੰਡ ਸਾਹਿਬ ਦੀ ਥਾਂ ਬਰਾਡਫੁੱਟ ਸਾਹਿਬ ਅੰਬਾਲੇ ਆ ਗਏ ਹਨ ਅਤੇ ਸਾਰੇ ਮੁਲਕ ਮਹਿਫੂਜ਼ਾ ਹਿਠਾੜ ਸਤਲੁਜ ਦੇ ਉਤਾੜ ਸਤਲੁਜ ਵਿਚ ਇਸ਼ਤਿਹਾਰ ਜਾਰੀ ਕਰ ਦਿੱਤੇ ਹਨ ਕਿ ਪਿੰਡ ਮੌੜਾਂ ਦੇ ਮੁਕੱਦਮੇ ਬਾਬਤ ਸਦਰ ਕਲਕੱਤੇ ਤੋਂ ਜਵਾਬ ਆ ਗਿਆ ਹੈ ਕਿ ਇਹ ਇਲਾਕਾ ਰਾਜਾ ਨਾਭਾ ਦਾ ਹੈ। ਸਰਦਾਰ ਧੰਨਾ ਸਿੰਘ ਤੇ ਹੁਕਮ ਸਿੰਘ ਮਲਵਈ ਸਰਕਾਰ ਖ਼ਾਲਸਾ ਜੀ ਦੇ ਅਹਿਲਕਾਰ ਹਨ, ਉਹਨਾਂ ਦਾ ਇਸ ਇਲਾਕੇ ਨਾਲ ਕੋਈ ਵਾਸਤਾ ਨਹੀਂ।

ਜਮੇਂਦਾਰ ਖੁਸ਼ਹਾਲ ਸਿੰਘ ਦੇ ਪੁੱਤਰ ਕਿਸ਼ਨ ਸਿੰਘ ਦੇ ਜ਼ੁੰਮੇ ਪੰਜ ਲੱਖ ਰੁਪਿਆ ਨਜ਼ਰਾਨੇ ਦਾ ਲਾਇਆ ਗਿਆ। ਉਸ ਨੇ ਕਿਹਾ ਕਿ ਮੇਰੇ ਨੌਕਰਾਂ ਨੂੰ ਸੱਦ ਕੇ ਪੁੱਛ ਲਵੋ ਕਿ ਮੇਰੇ ਪਾਸ ਕੋਈ ਰੁਪਿਆ ਨਹੀਂ। ਪੰਡਤ ਜੱਲ੍ਹੇ ਤੇ ਰਾਜੇ ਹੀਰਾ ਸਿੰਘ ਨੇ ਸਰਦਾਰ ਕਿਸ਼ਨ ਸਿੰਘ ਦੇ ਨੌਕਰਾਂ ਨੂੰ ਸੱਦ ਕੇ ਡਰਾਇਆ ਧਮਕਾਇਆ। ਉਹਨਾਂ ਵਿਚੋਂ ਮਨੂੰ ਲਾਲ ਮੁਸੱਦੀ ਨੇ, ਜੋ ਕਿਸ਼ਨ ਸਿੰਘ ਦੇ ਉਲਟ ਹੈ, ਦੱਸਿਆ ਕਿ ਜਮੇਂਦਾਰ ਦਾ ਪੰਦਰਾਂ ਲੱਖ ਰੁਪਿਆ ਤਾਂ ਗੰਗਾ ਜੀ ਵਾਲੀ ਹਵੇਲੀ ਵਿਚ ਹੈ ਤੇ ਸਤਾਰਾਂ ਲੱਖ ਰੁਪਿਆ ਜਮਾਂਦਾਰ ਜੀ ਦੇ ਪਿਛਲੇ ਪਿੰਡ ਏਕੜੀ ਦੇ ਮਕਾਨ ਵਿਚ ਹੈ। ਕਿਸ਼ਨ ਸਿੰਘ ਦਾ ਮਾਮਾ ਸ਼ੇਰ ਸਿੰਘ ਬੜਾ ਖ਼ਰਾਬ ਆਦਮੀ ਹੈ, ਉਹ ਇਸ ਨੂੰ ਸਿਖਾਉਂਦਾ ਹੈ।

ਪੰਡਤ ਜੱਲ੍ਹੇ ਨੇ ਸ਼ੇਰ ਸਿੰਘ ਨੂੰ ਸੱਦ ਕੇ ਹੁਕਮ ਦਿੱਤਾ ਕਿ ਕੈਦ ਕਰ ਦੇਵੋ ਅਤੇ ਕਿਸ਼ਨ ਸਿੰਘ ਨੂੰ ਕਿਹਾ ਕਿ ਜੇ ਤੇਰੇ ਪਾਸ ਰੁਪਿਆ ਨਹੀਂ ਤਾਂ ਏਕੜੀ ਜਾਂ ਗੰਗਾ ਜੀ ਤੋਂ ਮੰਗਵਾ ਲੈ। ਅੰਤ ਨੂੰ ਫੈਸਲਾ ਹੋਇਆ ਕਿ ਤਿੰਨ ਲੱਖ ਰੁਪਿਆ ਮੱਘਰ ਵਿਚ ਤੇ

** ਨੋਟ-ਸਾਹੀ ਵਾਲ ਦੇ ਇਲਾਕੇ ਵਿਚ ਸਰਦਾਰ ਮੰਗਲ ਸਿੰਘ ਦੀ ਜਗੀਰ ਸੀ। ਓਦੋਂ ਹੀ ਫ਼ੌਜ ਖ਼ਾਸ ਨੂੰ ਹੁਕਮ ਹੋਇਆ ਕਿ ਇਹ ਰਕਮ ਵਸੂਲ ਕਰ ਲਈ ਜਾਵੇ। -ਕਰਮ ਸਿੰਘ*


www.sikhbookclub.com

ਦੋ ਲੱਖ ਰੁਪਿਆ ਪੋਹ ਵਿਚ ਤਾਰ ਦਿੱਤਾ ਜਾਵੇਗਾ।

੨੯ ਕੱਤਕ—ਗੁਰਦਿੱਤ ਸਿੰਘ ਕਲਾਲਵਾਲੀਆ (ਕਲਾਸਵਾਲੀਆ?) ਇਕ ਪੁਰਾਣਾ ਜਗੀਰਦਾਰ ਹੈ ਤੇ ਪਿਛਲੇ ਫਸਾਦ ਵਿਚ ਇਹ ਰਾਜਾ ਗੁਲਾਬ ਸਿੰਘ ਦੀ ਹਮੈਤ ਉੱਤੇ ਸੀ, ਸੁ ਇਹ ਵੀ ਰਾਜਾ ਹੀਰਾ ਸਿੰਘ ਨੂੰ ਰੜਕਦਾ ਸੀ। ਇਸ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਆਪਣੇ ਸਵਾਰ ਲੈ ਕੇ ਹਾਜ਼ਰ ਹੋਵੇ ਤੇ ਗਿਣਤੀ ਕਰਵਾਵੇ। ਕਿਸੇ ਨੇ ਕਿਹਾ ਕਿ ਗੁਰਦਿੱਤ ਸਿੰਘ ਨੇ ਤਾਂ ਕਦੇ ਇਕ ਸਵਾਰ ਵੀ ਨਹੀਂ ਰੱਖਿਆ ਕਿ ਗਿਣਤੀ ਵੇਲੇ ਵੇਖਿਆ ਸਮਝਿਆ ਜਾਊ।

੧ ਮੱਘਰ—ਰਾਜਾ ਜ਼ਬਰਦਸਤ ਖਾਂ ਮੁਜੱਫਰਾਬਾਦ ਵਾਲਾ ਕਸ਼ਮੀਰ ਵਿਚ ਕੈਦ ਹੈ। ਉਸ ਦੇ ਲੱਗੇ ਬੱਧਿਆਂ ਤੇ ਮੁਲਖਈਏ ਨੇ ਇਕੱਠਿਆਂ ਹੋ ਕੇ ਘੋੜੀ ਦੀ ਗੜ੍ਹੀ ਨੂੰ ਘੇਰ ਲਿਆ ਤੇ ਮੁਜ਼ੱਫ਼ਰਾਬਾਦ ਦੇ ਗਿਰਦ-ਨਵਾਹ ਵਿਚ ਸ਼ੋਰ-ਸ਼ਰਾਬਾ ਮਚਾ ਦਿੱਤਾ। ਸ਼ੇਖ ਗੁਲਾਮ ਮੁਹੀਯੁੱਦੀਨ ਕਸ਼ਮੀਰ ਦਾ ਨਾਜ਼ਮ ਹੈ, ਉਸ ਨੇ ਮੁਜ਼ੱਫਰਾਬਾਦ ਦੇ ਥਾਣੇਦਾਰ ਟੇਕ ਸਿੰਘ ਨੂੰ ਤਾਕੀਦ ਕੀਤੀ ਹੈ ਕਿ ਇਸ ਰੌਲੇ ਨੂੰ ਮਿਟਾਵੇ ਤੇ ਦਰਬਾਰ ਨੂੰ ਸਹਾਇਤਾ ਲਈ ਲਿਖਿਆ ਹੈ। ਸੁ ਦਰਬਾਰ ਵੱਲੋਂ ਹਜ਼ਾਰੇ ਦੀ ਫੌਜ ਨੂੰ ਹੁਕਮ ਹੋਇਆ ਹੈ ਕਿ ਉਥੋਂ ਘੋੜੀ ਵੱਲ ਜਾਵੇ ਤੇ ਫਸਾਦੀਆਂ ਦਾ ਬੰਦੋਬਸਤ ਕਰੇ।

ਕਸ਼ਮੀਰੋਂ ਹੋਰ ਖ਼ਬਰ ਆਈ ਹੈ ਕਿ ਸੁਲਤਾਨ ਨਜ਼ਫ ਖਾਂ ਘੋੜੀ ਵਾਲੇ ਨੇ ਦੇਸ਼ ਦੇ ਮੁਲਖਈਏ ਖੱਖਿਆਂ ਬੱਖਿਆਂ ਨੂੰ ਇਕੱਠੇ ਕਰ ਕੇ ਘੋੜੀ ਨੂੰ ਘੇਰ ਲਿਆ ਜੋ, ਸਰਕਾਰੀ ਤਹਿਤ ਵਿਚ ਸੀ। ਅੰਦਰਲੀ ਫੌਜ ਵੀਹ ਦਿਨਾਂ ਤੀਕ ਰਹੀ, ਪਰ ਜਦ ਅੰਨ-ਪਾਣੀ ਵੱਲੋਂ ਤੰਗੀ ਹੋ ਗਈ ਤਾਂ ਲਾਚਾਰ ਹੋ ਕੇ ਕਿਲ੍ਹਿਓਂ ਬਾਹਰ ਨਿਕਲ ਗਈ। ਮੁਲਖਈਏ ਨੇ ਸਰਕਾਰੀ ਫੌਜ ਦੇ ਆਦਮੀਆਂ ਨੂੰ ਫੜ ਕੇ ਅਨੇਕਾਂ ਹਿੰਦੂਆਂ ਨੂੰ ਮੁਸਲਮਾਨ ਕਰ ਦਿੱਤਾ ਤੇ ਅਨੇਕਾਂ ਮੁਸਲਮਾਨਾਂ ਨੂੰ ਜਾਨੋਂ ਮਾਰ ਦਿੱਤਾ। ਸਰਕਾਰੀ ਫੌਜ ਦੇ ਚਾਰ ਸੌ ਅਠਾਈ ਆਦਮੀ ਮਾਰੇ ਗਏ ਹਨ ਤੇ ਜ਼ਖ਼ਮੀ ਤਾਂ ਅਨ-ਗਿਣਤ ਹੋਏ ਹਨ। ਘੋੜੀ ਉਤੇ ਕਬਜ਼ਾ ਕਰ ਕੇ ਫਿਰ ਉਹਨਾਂ ਨੇ ਮੁਜ਼ੱਫਰਾਬਾਦ ਦੇ ਕਿਲ੍ਹੇ ਨੂੰ ਜਾ ਘੇਰਿਆ।

ਸਾਰੇ ਇਲਾਕੇ ਵਿਚ ਰੌਲਾ ਪੈ ਗਿਆ ਹੈ ਤੇ ਇਹ ਰੌਲਾ-ਗੌਲਾ ਬਾਰ੍ਹਾਂ ਮੂਲੇ ਤੀਕ ਅੱਪੜ ਪਿਆ ਹੈ, ਜੋ ਕਸ਼ਮੀਰੋਂ ਅਠਾਰਾਂ ਕੋਹ ਦੀ ਵਿੱਥ ਉਤੇ ਹੈ। ਲੋਕਾਂ ਦਾ ਆਉਣਾ ਜਾਣਾ ਬੰਦ ਹੋ ਗਿਆ ਹੈ। ਸ਼ੇਖ ਗੁਲਾਮ ਮੁਹੀਯੁੱਦੀਨ ਪਾਸ, ਜੋ ਇਕ ਦੋ ਹਜ਼ਾਰ ਆਦਮੀ ਹਨ, ਇਨ੍ਹਾਂ ਵਿਚੋਂ ਕੁਝ ਆਦਮੀ ਪਹਿਲੀ ਫੌਜ ਦੀ ਸਹਾਇਤਾ ਲਈ ਘੱਲੇ ਹਨ, ਪਰ ਕਸ਼ਮੀਰ ਦੀ ਫੌਜ ਤੋਂ ਇਸ ਫਸਾਦ ਦਾ ਪ੍ਰਬੰਧ ਨਹੀਂ ਹੋ ਸਕਦਾ। ਸਰਕਾਰ ਵੱਲੋਂ ਜੇ ਛੇਤੀ ਨਾਲ ਫੌਜ ਘੱਲੀ ਗਈ, ਤਦ ਕੁਝ ਹੋ ਸਕੂ।

ਹਜ਼ਾਰੇ ਵੱਲੋਂ ਖ਼ਬਰ ਆਈ ਹੈ ਕਿ ਪੈਂਦੇ ਖਾਂ ਦਾ ਭਰਾ ਮੱਦੂ ਖਾਂ ਤੇ ਦੱਰਾ ਕਾਗਾਨ ਵਾਲਾ ਸੱਯਦ ਜ਼ਾਮਨ ਸ਼ਾਹ ਦੋਵੇਂ ਇਕੱਠੇ ਹੋ ਗਏ ਹਨ ਤੇ ਇਹਨਾਂ ਨੇ

ਆਪਣੀ ਫੌਜ ਤੇ ਮੁਲਖਈਏ ਨੂੰ ਲੈ ਕੇ ਸਾਰੇ ਪਹਾੜੀ ਇਲਾਕੇ ਵਿਚ ਫਸਾਦ ਖੜ੍ਹਾ ਕਰ ਦਿੱਤਾ ਹੈ ਅਤੇ ਹਜ਼ਾਰੇ ਦੇ ਕਿਲ੍ਹੇ ਬੈਰ ਕੁੰਡੇ ਤੇ ਕਿਲ੍ਹਾ ਦਬਲੀ ਉਤੇ ਕਬਜ਼ਾ ਕਰ ਲਿਆ ਹੈ ਤੇ ਤਿੰਨ ਹੋਰ ਕਿਲ੍ਹਿਆਂ ਨੂੰ ਘੇਰਿਆ ਹੋਇਆ ਹੈ, ਜਿਸ ਕਰਕੇ ਸਰਕਾਰੀ ਫੌਜ ਬਹੁਤ ਮਾਰੀ ਗਈ ਹੈ।

ਇਹ ਖ਼ਬਰਾਂ ਸੁਣ ਕੇ ਰਾਜਾ ਹੀਰਾ ਸਿੰਘ ਨੇ ਸ਼ੇਖ ਅਮਾਮਦੀਨ ਨੂੰ ਹੁਕਮ ਦਿੱਤਾ ਕਿ ਜਿਤਨੀ ਫੌਜ ਤੁਸਾਡੇ ਪਾਸ ਹਾਜ਼ਰ ਹੈ, ਛੇਤੀ ਕਸ਼ਮੀਰ ਨੂੰ ਤੋਰ ਦੇਵੋ। ਜਰਨੈਲ ਗੁਲਾਬ ਸਿੰਘ ਪੋਹੂਵਿੰਡੀਏ ਦੇ ਨਾਮ ਹੁਕਮ ਹੋਇਆ ਕਿ ਆਪਣੀ ਫੌਜ ਲੈ ਕੇ ਰਵਾਂ ਰਵੀਂ ਹਜ਼ਾਰੇ ਅੱਪੜੋ। ਦੀਵਾਨ ਮੂਲ ਰਾਜ ਤੇ ਜਰਨੈਲ ਧੌਂਕਲ ਸਿੰਘ ਦੇ ਨਾਮ ਹੁਕਮ ਹੋਇਆ ਕਿ ਹਜ਼ਾਰੇ ਦਾ ਬੰਦੋਬਸਤ ਕਰ ਕੇ ਆਪਣੀ ਫੌਜ ਨੂੰ ਘੋੜੀ ਘੱਲ ਦੇਵੇ। ਰਾਜਾ ਹੀਰਾ ਸਿੰਘ ਜੀ ਦੇ ਭਾਈ ਮੀਆਂ ਜਵਾਹਰ ਸਿੰਘ ਦੇ ਨਾਮ ਹੁਕਮ ਹੋਇਆ ਕਿ ਸਰਾਏ ਨੁਸ਼ਹਿਰਾ ਦੀ ਛਾਉਣੀ ਵਿਚ (ਜੋ ਕਸ਼ਮੀਰੋਂ ਚਾਲੀ ਕੋਹ ਇਧਰ ਹੈ ਤੇ ਮੀਆਂ ਜਵਾਹਰ ਸਿੰਘ ਦੀ ਜਗੀਰ ਵਿਚ ਹੈ) ਜਿਤਨੀ ਕੁ ਪਹਾੜੀ ਫੌਜ ਤੁਸਾਡੇ ਪਾਸ ਹੈ, ਸਾਰੀ ਨੂੰ ਕਸ਼ਮੀਰ ਘੱਲ ਦੇਵੋ।

ਕਿਸ਼ਨ ਸਿੰਘ ਕੰਬੋ ਗੱਡੇ ਬੱਘੀਆਂ ਦਾ ਦਰੋਗਾ ਸੀ; ਉਸ ਨੂੰ ਸੱਦ ਕੇ ਪੰਡਤ ਜੱਲ੍ਹੇ ਨੂੰ ਕਿਹਾ ਕਿ ਪਿਛਲੇ ਸ਼ੋਰ-ਸ਼ਰਾਬੇ ਵੇਲੇ ਤੁਸਾਂ ਬਹੁਤ ਸਾਰਾ ਮਾਲ ਉਡਾਇਆ ਹੈ, ਆਪਣਾ ਹਿਸਾਬ ਦੇਵੋ। ਉਸ ਨੇ ਕਿਹਾ ਕਿ ਜੋ ਕੁਝ ਮੇਰੇ ਪਾਸ ਹੈ, ਸਭ ਸਰਕਾਰ ਦੀ ਦੌਲਤ ਹੈ। ਸੁ ਉਸ ਨੇ ਆਪਣੇ ਘਰ ਦਾ ਸਾਰਾ ਮਾਲ ਲਿਖਵਾ ਦਿੱਤਾ ਤੇ ਇਕ ਫੁਰਮਾਨ ਵੀ ਵਿਖਾਇਆ ਜਿਸ ਉਤੇ ਰਾਜਾ ਹੀਰਾ ਸਿੰਘ ਦੀ ਸਹੀ ਸੀ ਤੇ ਲਿਖਿਆ ਸੀ, ਕਿ ਜਦ ਪਾਤਸ਼ਾਹੀ ਦੇ ਸਾਰੇ ਅਖ਼ਤਿਆਰ ਮਿਲ ਜਾਣਗੇ ਤਾਂ ਕਿਸ਼ਨ ਸਿੰਘ ਕੰਬੋ ਨੂੰ ਇਕ ਲੱਖ ਰੁਪਏ ਦੀ ਜਗੀਰ ਦਿੱਤੀ ਜਾਵੇਗੀ। ਪੰਡਤ ਜੱਲ੍ਹੇ ਨੇ ਫੁਰਮਾਨ ਲੈ ਕੇ ਪਾੜ ਦਿੱਤਾ ਤੇ ਕਿਹਾ ਕਿ ਇਸ ਦਾ ਸਾਰਾ ਮਾਲ-ਅਸਬਾਬ ਜ਼ਬਤ ਕੀਤਾ ਜਾਵੇ ਤੇ ਇਸ ਦੀ ਜਗੀਰ ਵੀ ਜ਼ਬਤ ਕਰ ਕੇ ਨੌਕਰੀ ਤੋਂ ਹਟਾ ਦਿੱਤਾ ਜਾਵੇ।

ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹੇ ਨੇ ਭਾਈ ਰਾਮ ਸਿੰਘ ਨੂੰ ਕਿਹਾ ਕਿ ਦੀਵਾਨ ਸਾਵਣ ਮੱਲ ਦੇ ਪੁੱਤਰਾਂ ਪਾਸੋਂ ਇਕ ਕਰੋੜ ਰੁਪਿਆ ਜੁਰਮਾਨਾ ਦਿਵਾਓ। ਭਾਈ ਜੀ ਨੇ ਕਿਹਾ ਕਿ ਇਤਨਾ ਰੁਪਿਆ ਕਿਥੋਂ ਨਿਕਲੂ ? ਤਾਂ ਪੰਡਤ ਜੱਲ੍ਹੇ ਨੇ ਕਿਹਾ ਕਿ ਹੱਛਾ ਪੰਜਾਹ ਲੱਖ ਤੋਂ ਘੱਟ ਤਾਂ ਕੀ ਹੋਣਾ ਚਾਹੀਦਾ ਹੈ, ਤੁਸੀਂ ਇਹ ਕੰਮ ਕਰਵਾ ਦੇਵੋ। ਅਸੀਂ ਤੁਹਾਨੂੰ ਸੱਤ ਹਜ਼ਾਰ ਦੀ ਜਗੀਰ ਦੇ ਦੇਵਾਂਗੇ, ਜੋ ਮਹਾਰਾਜਾ ਸ਼ੇਰ ਸਿੰਘ ਜੀ ਦੇ ਵੇਲੇ ਜ਼ਬਤ ਕੀਤੀ ਗਈ ਸੀ।

ਫਿਰ ਸਰਦਾਰ ਲਹਿਣਾ ਸਿੰਘ ਮਜੀਠੀਏ ਦੀਆਂ ਗੱਲਾਂ ਹੋਣ ਲੱਗ ਪਈਆਂ ਕਿ ਉਹ ਤੀਰਥਾਂ ਵਲੋਂ ਮੁੜਦਾ ਨਹੀਂ ਤੇ ਇਥੇ ਕੋਈ ਐਸਾ ਆਦਮੀ ਨਹੀਂ ਜੋ ਕਾਂਗੜੇ ਦੇ ਇਲਾਕੇ ਦਾ ਪ੍ਰਬੰਧ ਕਰ ਸਕੇ। ਗੱਲ ਇਹ ਹੈ ਕਿ ਸਰਦਾਰ ਲਹਿਣਾ

ਸਿੰਘ ਮਜੀਠੀਆ ਵੀ ਰਾਜੇ ਤੇ ਪੰਡਤ ਨੂੰ ਰੜਕਦਾ ਹੈ।

ਕੁਝ ਕੁ ਦਿਨਾਂ ਮਗਰੋਂ ਮਹਾਰਾਜਾ ਦਲੀਪ ਸਿੰਘ ਜੀ ਦੀ ਮਾਈ ਕੁਝ ਕੁ ਗੱਲਾਂ ਤੋਂ ਬਿਟਰੀ ਹੋਈ ਹੈ। ਉਹ ਕਹਿੰਦੀ ਹੈ ਕਿ ਮਹਾਰਾਜਾ ਸਾਹਿਬ ਨੂੰ ਆਪਣੇ ਪਾਸ ਨਮੂਨਾ ਬਣਾ ਕੇ ਰੱਖਣਾ ਤੇ ਸਾਨੂੰ ਕੈਦੀਆਂ ਵਾਂਗ ਲਾਲ ਕਿਲ੍ਹੇ ਵਿਚ ਡੱਕਣਾ ਕਿਹੜੀ ਰਾਹ ਦੀ ਗੱਲ ਹੈ। ਅਸੀਂ ਹਰ ਚੀਜ਼ੋਂ ਔਖੇ ਹਾਂ ਅਤੇ ਸਾਡੇ ਭਰਾ ਜਵਾਹਰ ਸਿੰਘ ਤੇ ਹੀਰਾ ਸਿੰਘ ਇਨ੍ਹਾਂ ਦੀ ਅੱਖ ਵਿਚ ਰੜਕਦੇ ਹਨ। ਇਹ ਨਹੀਂ ਚਾਹੁੰਦੇ ਕਿ ਉਹ ਜਿਉਂਦੇ ਰਹਿਣ ਅਤੇ ਪਾਤਸ਼ਾਹੀ ਦਾ ਕੰਮ ਤੇ ਦਰਬਾਰ ਇਹ ਰਾਜਾ ਹੀਰਾ ਸਿੰਘ ਤੇ ਪੰਡਤ ਜਲ੍ਹਾ ਆਪਣੀ ਹਵੇਲੀ ਵਿਚ ਕਰਦੇ ਹਨ ਤੇ ਦਰਬਾਰ ਵਿਚ ਮਹਾਰਾਜਾ ਸਾਹਿਬ ਨੂੰ ਆਉਣ ਨਹੀਂ ਦੇਂਦੇ। ਸਾਨੂੰ ਤੇ ਮਹਾਰਾਜਾ ਸਾਹਿਬ ਨੂੰ ਛੱਡ ਦੇਣ। ਅਸੀਂ ਅੰਮ੍ਰਿਤਸਰ ਜਾਂ ਕਿਸੇ ਹੋਰਸ ਥਾਂ ਜਿਥੇ ਸਾਡੀ ਮਰਜ਼ੀ ਹੋਊ, ਜਾਂ ਰਹਾਂਗੇ।

ਕੁਝ ਦਿਨਾਂ ਤੋਂ ਮਹਾਰਾਜਾ ਦਲੀਪ ਸਿੰਘ ਜੀ ਦਾ ਮਾਮਾ ਸਰਦਾਰ ਜਵਾਹਰ ਸਿੰਘ ਰਾਜਾ ਹੀਰਾ ਸਿੰਘ ਨਾਲ ਗੁੱਸੇ ਹੋ ਕੇ ਅੰਮ੍ਰਿਤਸਰ ਚਲਾ ਗਿਆ। ਇਸ ਕਰ ਕੇ ਮਹਾਰਾਜਾ ਸਾਹਿਬ ਦੀ ਮਾਈ ਰਾਜਾ ਹੀਰਾ ਸਿੰਘ ਨਾਲ ਹੋਰ ਵੀ ਗੁੱਸੇ ਹੈ। ਰਾਜਾ ਹੀਰਾ ਸਿੰਘ ਨੇ ਭਾਈ ਰਾਮ ਸਿੰਘ ਨੂੰ ਮਾਈ ਸਾਹਿਬ ਪਾਸ ਘੱਲਿਆ ਸੀ ਕਿ ਤੁਸੀਂ ਗੁੱਸੇ ਕਿਉਂ ਹੁੰਦੇ ਹੋ। ਉਹਨਾਂ ਕਿਹਾ ਕਿ ਸਾਨੂੰ ਕੈਦੀ ਕਰ ਰੱਖਿਆ ਹੈ, ਮੇਰੇ ਭਾਈ ਨੂੰ ਕੋਈ ਜਗੀਰ ਨਹੀਂ ਦਿੱਤੀ, ਅਸੀਂ ਹਰ ਗਲੋਂ ਤੰਗ ਹਾਂ।

੬ ਮੱਘਰ—ਰਾਜਾ ਹੀਰਾ ਸਿੰਘ ਕਿਲ੍ਹੇ ਵਿਚ ਸੱਮਣ ਬੁਰਜ ਮਹਾਰਾਜਾ ਸਾਹਿਬ ਦੀ ਮਾਈ ਪਾਸ ਹਾਜ਼ਰ ਹੋਇਆ ਤੇ ਉਹਨਾਂ ਦੇ ਕਹਿਣ ਮੂਜਬ ਸਰਦਾਰ ਜਵਾਹਰ ਸਿੰਘ ਤੇ ਹੀਰਾ ਸਿੰਘ ਦੇ ਨਾਮ ਸਾਰਾ ਤਅਲਕਾ ਗੁਜ਼ਰਾਂਵਾਲਾ ਜਗੀਰ ਵਜੋਂ ਲਾ ਦਿੱਤਾ ਹੈ। ਜੋ ਸੱਤਰ ਹਜ਼ਾਰ ਦਾ ਇਲਾਕਾ ਹੈ। ਫਿਰ ਸਰਦਾਰ ਜਵਾਹਰ ਸਿੰਘ ਵੱਲ ਲਿਖਿਆ ਕਿ ਤੁਸੀਂ ਚਿਰਾਂ ਤੋਂ ਅੰਮ੍ਰਿਤਸਰ ਜਾ ਕੇ ਬੈਠ ਰਹੇ ਹੋ, ਇਥੇ ਲਾਹੌਰ ਆ ਜਾਵੋ।

ਹਜ਼ਾਰੇ ਤੋਂ ਦੀਵਾਨ ਮੂਲ ਰਾਜ ਦੀ ਅਰਜ਼ੀ ਆਈ ਕਿ ਹਜ਼ਾਰੇ ਦੇ ਸੱਤਾਂ ਕਿਲ੍ਹਿਆਂ ਉਤੇ ਮੱਦੂ ਖਾਂ ਆਦਿ ਮੁਲਖੱਈਏ ਨੇ ਕਬਜ਼ਾ ਕਰ ਲਿਆ ਹੈ ਅਤੇ ਬਿਅੰਤ ਮੁਸਲਮਾਨ ਮੁਲਖੱਈਆ ਇਕੱਠਾ ਹੋ ਕੇ ਫਸਾਦ ਕਰ ਰਿਹਾ ਹੈ ਤੇ ਮੇਰੇ ਪਾਸ ਐਤਨੀ ਫੌਜ ਹੈ ਨਹੀਂ ਕਿ ਮੁਲਕ ਦੀ ਰਾਖੀ ਲਈ ਵੀ ਛੱਡਾਂ ਤੇ ਉਨ੍ਹਾਂ ਨਾਲ ਲੜਨ ਲਈ ਵੀ ਆਪਣੇ ਨਾਲ ਲੈ ਲਵਾਂ, ਸੁ ਛੇਤੀ ਫੌਜ ਹੋਰ ਘੱਲੋ, ਨਹੀਂ ਤਾਂ ਬੜੀ ਖਰਾਬੀ ਹੋਵੇਗੀ। ਸੁ ਕੋਰਟ ਸਾਹਿਬ ਦੀਆਂ ਚੌਹਾਂ ਪਲਟਣਾਂ ਦੇ ਅਫਸਰ ਜੈਮਲ ਸਿੰਘ ਆਦਿ, ਕਰਨੈਲ ਮੱਲ ਸਿੰਘ ਤੇ ਦਫਤਰੀ ਹਾਕਮ ਰਾਏ ਦੇ ਨਾਮ ਹੁਕਮ ਹੋਇਆ ਕਿ ਰਵਾਂ-ਰਵੀਂ ਕੂਚ ਕਰ ਕੇ ਹਜ਼ਾਰੇ ਅੱਪੜੋ ਤੇ ਦੀਵਾਨ ਮੂਲ ਰਾਜ ਦੇ ਨਾਲ ਹੋ ਕੇ ਫਸਾਦੀਆਂ ਦਾ ਪ੍ਰਬੰਧ ਕਰੋ।

ਕਸ਼ਮੀਰ ਦੀ ਖਬਰ ਹੈ ਕਿ ਮੁਲਖੱਈਏ ਬਹੁਤ ਇਕੱਠੇ ਹੋ ਗਏ ਹਨ ਅਤੇ ਕੁਝ ਦਿਨਾਂ ਤੋਂ ਉਨ੍ਹਾਂ ਨੇ ਮੁਜ਼ੱਫ਼ਰਾਬਾਦ ਦੇ ਕਿਲ੍ਹੇ ਨੂੰ ਘੇਰਿਆ ਹੋਇਆ ਹੈ ਅਤੇ ਕਿਲ੍ਹੇ ਵਿਚ ਬਹਾਦਰ ਸ਼ਾਹ ਅਜੀਟਣ ਅਜੇ ਤੀਕ ਕਾਇਮ ਹੈ। ਹੋਰ ਕਸ਼ਮੀਰ ਦੀ ਸਾਰੀ ਫੌਜ ਸਣੇ ਅਫਸਰਾਂ ਦੇ ਮਾਰੀ ਗਈ ਹੈ। ਸਰਦਾਰ ਰਾਮ ਸਿੰਘ ਅਜਨਾਲੀਆ ਤੇ ਰੁਲਦੂ ਖਾਂ ਕੁਮੇਦਾਨ ਵੀ ਮਾਰੇ ਗਏ ਹਨ ਤੇ ਨੌਂ ਅਫਸਰ ਮੁਲਖੱਈਏ ਨੇ ਕੈਦ ਕਰ ਰੱਖੇ ਹਨ। ਉਨ੍ਹਾਂ ਵਿਚ ਰਾਜਾ ਰਹੀਮ ਅਲ੍ਹਾ ਖਾਂ ਰਜੌੜੀ ਵਾਲੇ ਦਾ ਪੁੱਤਰ ਤੇ ਮਹਾਰਾਜਾ ਸ਼ੇਰ ਸਿੰਘ ਜੀ ਦੇ ਮੁਸਾਹਿਬ ਸੁਜਾਨ ਖਾਂ ਦਾ ਪੁੱਤਰ ਵੀ ਹਨ। ਸਰਦਾਰ ਜਵਾਲਾ ਸਿੰਘ ਜ਼ਖ਼ਮੀ ਹੋ ਗਿਆ ਹੈ।

ਸ਼ੇਖ ਗੁਲਾਮ ਮੁਹੀਯੁੱਦੀਨ ਨੇ ਅਫਸਰਾਂ ਦੀ ਸੇਵਾ ਲਈ ਸੌਲ੍ਹਾਂ ਆਦਮੀ ਘੱਲੇ ਸਨ। ਮੁਲੱਈਏ ਨੇ ਉਹ ਸੌਲ੍ਹਾਂ ਵੀ ਮਾਰ ਦਿੱਤੇ ਹਨ। ਫੇਰ ਸ਼ੇਖ ਨੇ ਆਪਣੇ ਤਿੰਨ ਮਾਤਬਰ ਗੱਲਬਾਤ ਕਰਨ ਲਈ ਉਨ੍ਹਾਂ ਵੱਲ ਘੱਲੇ ਸਨ। ਉਨ੍ਹਾਂ ਨੇ ਉਨ੍ਹਾਂ ਤਿੰਨਾਂ ਨੂੰ ਵੀ ਕੈਦ ਕਰ ਲਿਆ ਹੈ ਤੇ ਸ਼ੇਖ ਵਲ ਲਿਖ ਘੱਲਿਆ ਹੈ ਕਿ ਜਿਸ ਵੇਲੇ ਰਾਜਾ ਜ਼ਬਰਦਸਤ ਖਾਂ ਮੁਜ਼ੱਫਰਾਬਾਦੀਏ ਤੇ ਦੂਜੇ ਰਾਜਿਆਂ ਨੂੰ ਜੋ ਕੈਦ ਕੀਤੇ ਹੋਏ ਹਨ, ਛੱਡ ਦੇਵੋਗੇ ਤਦ ਤੁਸਾਡੇ ਅਫਸਰ ਅਸੀਂ ਛੱਡਾਂਗੇ।

ਸ਼ੇਖ ਨੇ ਮੀਆਂ ਜਵਾਹਰ ਸਿੰਘ ਦੇ ਅਹਿਲਕਾਰਾਂ ਤੇ ਰਾਏ ਧੌਲੇ ਨੂੰ ਅਤੇ ਰਾਜਾ ਗੁਲਾਬ ਸਿੰਘ ਨੂੰ ਲਿਖਿਆ ਸੀ ਕਿ ਮੇਰੀ ਸਹਾਇਤਾ ਕਰੋ। ਉਨ੍ਹਾਂ ਉੱਤਰ ਦਿੱਤਾ ਕਿ ਜੇ ਸਾਥੋਂ ਆਪਣਾ ਮੁਲਕ ਹੀ ਸਾਂਭਿਆ ਜਾਵੇ ਤਾਂ ਥੋੜ੍ਹਾ ਹੈ ! ਸਾਡੇ ਪਾਸ ਵਾਧੂ ਫੌਜ ਨਹੀਂ ਕਿ ਤੁਸਾਡੀ ਸਹਾਇਤਾ ਕਰ ਸਕੀਏ।

ਇਹ ਖ਼ਬਰਾਂ ਸੁਣ ਕੇ ਰਾਜਾ ਹੀਰਾ ਸਿੰਘ ਨੇ ਆਖਿਆ ਕਿ ਸ਼ੇਖ ਤਾਂ ਗਿਲਗਿਤ ਬਦਖਸ਼ਾ ਤੀਕ ਦਾ ਇਲਾਕਾ ਸਰ ਕਰਨ ਦਾ ਪ੍ਰਬੰਧ ਕੀਤਾ ਕਰਦਾ ਸੀ, ਹੁਣ ਤੇ ਕਸ਼ਮੀਰ ਵੀ ਹੱਥੋਂ ਜਾਂਦਾ ਹੈ। ਸ਼ੇਖ ਅਮਾਮ ਦੀਨ ਨੇ ਕਿਹਾ ਕਿ ਜੇਕਰ ਇਸ ਤਰ੍ਹਾਂ ਕੁਝ ਚਿਰ ਫਸਾਦ ਤੁਰਿਆ ਗਿਆ ਤਾਂ ਗਿਲਗਿਤ ਦੀ ਫੌਜ ਵੀ ਮਾਰੀ ਜਾਊ ਤੇ ਬੜੀ ਖਰਾਬ ਹੋਊ, ਜੇਕਰ ਮੈਨੂੰ ਹੁਕਮ ਦੇਵੋ ਤਾਂ ਮੈਂ ਫੌਜ ਲੈ ਕੇ ਜਾਵਾਂ ਤੇ ਕਸ਼ਮੀਰ ਦਾ ਪ੍ਰਬੰਧ ਕਰਾਂ।

ਦਵਾਬੇ ਵਿਚ ਕੋਟ ਪਿੰਡੀ ਦਾਸ ਦੀ ਸੱਤ ਹਜ਼ਾਰ ਦੀ ਜਗੀਰ, ਜੋ ਮਹਾਰਾਜਾ ਸ਼ੇਰ ਸਿੰਘ ਨੇ ਜ਼ਬਤ ਕਰ ਲਈ ਸੀ, ਭਾਈ ਰਾਮ ਸਿੰਘ ਦੇ ਨਾਮ ਬਾ-ਗੁਜ਼ਾਰ ਕੀਤੀ ਗਈ ਅਤੇ ਭਾਈ ਜੀ ਦੀ ਸਲਾਹ ਨਾਲ ਸ਼ਿਵਦੱਤ ਰਾਏ ਦਫਤਰੀ ਨੂੰ ਸਭ ਕੁਝ ਸਮਝਾ ਕੇ ਦੀਵਾਨ ਸਾਵਨ ਮੱਲ ਦੇ ਪੁੱਤਰਾਂ ਮੂਲ ਰਾਜ ਤੇ ਕਰਮ ਨਰੈਣ ਵੱਲ ਮੁਲਤਾਨ ਨੂੰ ਘੱਲਿਆ ਕਿ ਉਹ ਜੋ ਕੁਝ ਉਨ੍ਹਾਂ ਵੱਲ ਪਿਛਲਾ ਬਕਾਇਆ ਹੈ, ਤਾਰ ਦੇਣ। ਸੂਬੇਦਾਰ ਮੁਲਤਾਨ ਦੇ ਦੂਜੇ ਇਲਾਕੇ ਬਾਬਤ ਨਜ਼ਰਾਨਾ ਦੇਣ, ਜੀਕੂੰ ਹੋਰਸ ਸਾਰੇ ਇਲਾਕੇ ਵਿਚ ਕਾਰਦਾਰਾਂ ਦੇ ਨਾਮ ਸਵਾਈ ਰਕਮ ਕਰ ਦਿੱਤੀ ਗਈ, ਇਸੇ

ਤਰ੍ਹਾਂ ਇਹ ਵੀ ਆਪਣੇ ਇਲਾਕੇ ਦੀ ਸਵਾਈ ਰਕਮ ਦੇਣ ਅਤੇ ਸਰਕਾਰ ਦੇ ਸਦਾ ਨਿਮਕ ਹਲਾਲ ਰਹਿਣ।

ਅਮੀਰ ਦੋਸਤ ਮੁਹੰਮਦ ਖਾਂ ਕਾਬਲ ਵਾਲੇ ਦਾ ਖ਼ਤ ਰਾਜਾ ਗੁਲਾਬ ਸਿੰਘ ਜੀ ਮਾਰਫਤ ਆਇਆ ਕਿ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਵਲੋਂ ਦਿਲ ਨੂੰ ਸਾਫ ਕਰ ਲਵੋ। ਰਾਜਾ ਹੀਰਾ ਸਿੰਘ ਸੁਣ ਕੇ ਚੁੱਪ ਕਰ ਰਿਹਾ।

੧੦ ਮੱਘਰ:—ਰਾਜਾ ਹੀਰਾ ਸਿੰਘ ਨੇ ਪਲਟਣਾਂ ਦੇ ਅਫਸਰਾਂ ਤੇ ਹਰ ਕੰਪਨੀ ਪਿੱਛੇ ਦੋ ਦੋ ਸਿਪਾਹੀਆਂ ਨੂੰ ਹਵੇਲੀ ਵਿਚ ਸੱਦ ਕੇ ਦੱਸਿਆ ਕਿ ਰਾਜਾ ਗੁਲਾਬ ਸਿੰਘ ਦੇ ਨਕਦ ਦਸ ਲੱਖ ਰੁਪਿਆ ਗੁਜਰਾਤੋਂ ਲਾਹੌਰ ਘੱਲਣ ਲਈ ਤਿਆਰ ਕੀਤਾ ਸੀ, ਪਸ਼ੌਰਾ ਸਿੰਘ ਚਾਰ ਪੰਜ ਹਜ਼ਾਰ ਆਦਮੀ ਲੈ ਕੇ ਜਾ ਪਿਆ ਤੇ ਸਾਰਾ ਖਜ਼ਾਨਾ ਲੁੱਟ ਲਿਆ ਅਤੇ ਰਾਜਾ ਗੁਲਾਬ ਸਿੰਘ ਦੀ ਪਲਟਣ ਦੇ ਬਹੁਤ ਸਾਰੇ ਆਦਮੀ ਕਤਲ ਕਰ ਕੇ ਤੋਪਾਂ ਖੋਹ ਕੇ ਲੈ ਗਿਆ। ਕਿੜੀਆਂ ਵਾਲੇ ਵਿਚ ਆਕੀ ਹੋ ਬੈਠਾ ਹੈ। ਅੱਗੇ ਸਰਬਤ ਖਾਲਸਾ ਜੀ ਦੀ ਮਰਜ਼ੀ ਅਨੁਸਾਰ ਉਸ ਦੇ ਸਾਰੇ ਕਸੂਰ ਮਾਫ ਕਰ ਕੇ ਉਸ ਦੇ ਗੁਜ਼ਾਰੇ ਲਈ ਉਸ ਨੂੰ ਜਗੀਰ ਦਿੱਤੀ ਗਈ ਸੀ, ਹੁਣ ਫੇਰ ਉਹ ਫਸਾਦ ਕਰਨ ਲੱਗ ਪਿਆ ਹੈ। ਖਾਲਸਾ ਜੀ ਦੀ ਕੀ ਸਲਾਹ ਹੈ ?

ਸਾਰੇ ਸਿੰਘਾਂ ਤੇ ਅਫਸਰਾਂ ਨੇ ਕਿਹਾ ਕਿ ਪਸ਼ੌਰਾ ਸਿੰਘ ਜ਼ਰੂਰ ਕਸੂਰਵਾਰ ਹੈ, ਉਸ ਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ। ਅਸੀਂ ਸਭ ਤਾਬੇਦਾਰ ਹਾਂ, ਜਿਸ ਡੇਰੇ ਨੂੰ ਹੁਕਮ ਹੋਵੇ, ਉਹ ਜਾ ਕੇ ਸਜ਼ਾ ਦੇ ਆਵੇ। ਵਿਚੋਂ ਵਿਚੋਂ ਬਾਜ਼ੇ ਇਹ ਵੀ ਕਹਿਣ ਕਿ ਭੁੱਖਾ ਹੈ ਤਦੇ ਐਧਰ ਓਧਰ ਹੱਥ ਮਾਰਦਾ ਹੈ ਕਿ ਕਿਸੇ ਤਰ੍ਹਾਂ ਗੁਜ਼ਾਰਾ ਤੁਰਦਾ ਜਾਵੇ। ਰਾਜਾ ਹੀਰਾ ਸਿੰਘ ਨੇ ਕਿਹਾ ਕਿ ਸਰਕਾਰੀ ਫੌਜ ਘੱਲਣ ਦੀ ਲੋੜ ਨਹੀਂ, ਰਾਜਾ ਗੁਲਾਬ ਸਿੰਘ ਆਪੇ ਬੰਦੋਬਸਤ ਕਰ ਲਊ। ਸੁ ਰਾਜਾ ਗੁਲਾਬ ਸਿੰਘ ਵਲ ਪਰਵਾਨਾ ਲਿਖਿਆ ਗਿਆ ਕਿ ਪਸ਼ੌਰਾ ਸਿੰਘ ਤੇ ਦੂਜੇ ਫਸਾਦੀਆਂ ਦਾ ਪੂਰਾ ਪੂਰਾ ਪ੍ਰਬੰਧ ਕਰੇ।

ਮੁਕਦੀ ਗੱਲ ਇਹ ਹੈ ਕਿ ਰਾਜਾ ਹੀਰਾ ਸਿੰਘ ਦੀ ਮਰਜ਼ੀ ਇਹ ਹੈ ਕਿ ਪਸ਼ੌਰਾ ਸਿੰਘ ਨੂੰ ਫੜ ਕੇ ਐਸੀ ਥਾਂ ਕੈਦ ਕਰੇ ਕਿ ਉਸ ਦੀ ਫਿਰ ਉੱਘ-ਸੁੱਘ ਹੀ ਨਾ ਨਿਕਲੇ।

੧੧ ਮੱਘਰ- ਜੰਮੂ ਦੀ ਖਬਰ ਹੈ ਕਿ ਰਾਜਾ ਗੁਲਾਬ ਸਿੰਘ ਨੇ ਪਸ਼ੌਰਾ ਸਿੰਘ ਦੇ ਪ੍ਰਬੰਧ ਲਈ ਜੰਮੂ ਤੋਂ ਪਲਟਣਾਂ ਤੇ ਤੋਪਖਾਨਾ ਕਿੜੀਆਂ ਵਾਲੇ ਵਲ ਘੱਲਿਆ ਸੀ, ਪਰ ਜਦ ਪਸ਼ੌਰਾ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਕਿੜੀਆਂ ਵਾਲੇ ਤੋਂ ਘੋੜੀ ਪਿੱਛੇ ਆਪਣੀ ਸਰਦਾਰਨੀ ਨੂੰ ਬਿਠਾ ਕੇ ਕਿਧਰੇ ਨੱਸ ਗਿਆ ਹੈ, ਪਤਾ ਨਹੀਂ ਉਹ ਕਿਧਰ ਚਲਾ ਗਿਆ ਹੈ। ਜਰਨੈਲ ਮਤਾਬ ਸਿੰਘ ਮਜੀਠੀਏ ਨੇ ਦੱਸਿਆ ਕਿ ਫੌਜ ਵਾਲੇ ਪਸ਼ੌਰਾ ਸਿੰਘ ਸੰਬੰਧੀ ਭਾਂਤ-ਭਾਂਤ ਦੀਆਂ ਗੱਲਾਂ ਕਰਦੇ ਹਨ। ਚੰਗੀ ਗੱਲ

 www.sikhbookclub.com

ਇਹ ਹੈ ਕਿ ਉਸ ਨੂੰ ਲਾਹੌਰ ਸੱਦ ਲਿਆ ਜਾਵੇ।

ਕਸ਼ਮੀਰ ਦੀ ਖ਼ਬਰ ਹੈ ਕਿ ਦਿਨੋਂ ਦਿਨ ਖ਼ਰਾਬੀ ਵਧਦੀ ਜਾ ਰਹੀ ਹੈ ਬਾਰਾਂ ਮੂਲੇ ਜੋ ਫੌਜ ਪਹਿਲਾਂ ਸੀ ਉਸ ਦੀ ਸਹਾਇਤਾ ਲਈ ਸ਼ੇਖ ਗੁਲਾਮ ਮੁਹੀਯੁੱਦੀਨ ਨੇ ਕੁਝ ਫੌਜ ਕਸ਼ਮੀਰੋਂ ਘੱਲੀ ਹੈ, ਪਰ ਇਸ ਨਾਲ ਕੁਝ ਨਹੀਂ ਹੋ ਸਕਦਾ। ਰਾਜਾ ਜ਼ਬਰਦਸਤ ਖਾਂ ਮੁਜ਼ੱਫਰਾਬਾਦ ਵਾਲਾ ਤੇ ਹੋਰ ਪਹਾੜੀ ਰਾਜੇ, ਜੋ ਸ਼ੇਰ ਗੜ੍ਹੀ ਦੇ ਕਿਲ੍ਹੇ ਵਿਚ ਕੈਦ ਸਨ, ਸ਼ੇਖ ਨੇ ਉਨ੍ਹਾਂ ਨੂੰ ਹਰੀ ਪਰਬਤ ਦੇ ਕਿਲ੍ਹੇ ਵਿਚ ਵੀ ਪੁਚਾ ਦਿੱਤਾ ਹੈ।

ਰਾਜਾ ਹੀਰਾ ਸਿੰਘ ਨੇ ਸ਼ੇਖ ਅਮਾਮ ਦੀਨ ਨੂੰ ਕਹਿਆ ਕਿ ਤੁਸੀਂ ਤਿਆਰ ਰਹੋ। ਤੁਸਾਨੂੰ ਅੱਜ ਭਲਕ ਹੀ ਕਸ਼ਮੀਰ ਵਲ ਘੱਲਿਆ ਜਾਊ। ਰਾਜਾ ਗੁਲਾਬ ਸਿੰਘ ਤੇ ਮੀਆਂ ਜਵਾਹਰ ਸਿੰਘ ਵਲ ਪਰਵਾਨੇ ਲਿਖੇ ਗਏ ਤੇ ਬਹੁਤ ਛੇਤੀ ਫੌਜਾਂ ਲੈ ਕੇ ਕਸ਼ਮੀਰ ਅੱਪੜੇ; ਚੰਗੀ ਗੱਲ ਇਹ ਹੈ ਕਿ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨੂੰ ਫੌਜ ਦੇ ਕੇ ਕਸ਼ਮੀਰ ਵੱਲ ਘੱਲ ਦੇਵੇ।

੧੫ ਮੱਘਰ—ਰਿਪੋਰਟ ਹੋਈ ਕਿ ਮਹਾਰਾਜਾ ਸ਼ੇਰ ਸਿੰਘ ਦਾ ਛੋਟਾ ਭਰਾ ਤਾਰਾ ਸਿੰਘ ਜੋ ਕੁਝ ਦਿਨਾਂ ਤੋਂ ਲਾਹੌਰ ਆਇਆ ਹੋਇਆ ਹੈ, ਦਿਨੇ ਰਾਤ ਸ਼ਰਾਬ ਵਿਚ ਮਸਤ ਰਹਿੰਦਾ ਹੈ। ਇਸ ਗੱਲੋਂ ਸ਼ੇਖ ਅਮਾਮ ਦੀਨ ਨੂੰ ਹੁਕਮ ਹੋਇਆ ਕਿ ਤਾਰਾ ਸਿੰਘ ਦੇ ਤਅੱਲਕਾ ਦਸੂਹੇ ਦੀ ਜਗੀਰ ਜ਼ਬਤ ਕਰ ਲਈ ਜਾਵੇ।

ਕਸ਼ਮੀਰੋਂ ਸ਼ੇਖ ਦੀ ਅਰਜ਼ੀ ਆਈ ਕਿ ਕੰਮ ਵਿਗੜਦਾ ਜਾਂਦਾ ਹੈ, ਛੇਤੀ ਫੌਜ ਘੱਲੀ ਜਾਵੇ। ਸ਼ੇਖ ਅਮਾਮ ਦੀਨ ਨੇ ਕਿਹਾ ਕਿ ਸਰਕਾਰੀ ਫੌਜ ਘੱਲਣ ਵਿਚ ਢਿੱਲ ਨਹੀਂ ਕਰਨੀ ਚਾਹੀਦੀ। ਰਾਜਾ ਹੀਰਾ ਸਿੰਘ ਨੇ ਕਿਹਾ ਕਿ ਪੀਰ ਪੰਚਾਲ ਤੇ ਦੂਜੇ ਦਰਿਆ ਉਤੇ ਬਰਫ ਪੈ ਗਈ ਹੋਊ, ਜਾਂ ਪੈ ਜਾਊ; ਏਧਰੋਂ ਫੌਜ ਨਹੀਂ ਜਾ ਸਕਦੀ। ਹਜ਼ਾਰੇ ਵਲੋਂ ਹੁਕਮ ਹੋਇਆ ਹੈ, ਸੁ ਜੇ ਪ੍ਰਬੰਧ ਹੋ ਗਿਆ ਤਾਂ ਚੰਗਾ, ਨਹੀਂ ਤਾਂ ਤੁਸਾਨੂੰ ਕਸ਼ਮੀਰ ਵੱਲ ਘੱਲਿਆ ਜਾਊ।

੧੬ ਮੱਘਰ—ਕਸ਼ਮੀਰ ਦੀ ਖ਼ਬਰ ਹੈ ਕਿ ਕੁਝ ਦਿਨਾਂ ਤੋਂ ਸ਼ੇਖ ਨੇ ਸਰਦਾਰ ਸੁਜਾਨ ਸਿੰਘ ਨੂੰ ਡੇਢ ਹਜ਼ਾਰ ਫੌਜ ਦੇ ਕੇ ਪਹਿਲੀ ਫੌਜ ਦੀ ਸਹਾਇਤਾ ਲਈ ਘੱਲਿਆ ਹੋਇਆ ਹੈ। ਸੁਜਾਨ ਸਿੰਘ ਸੂਪੁਰ ਉਤਰਿਆ ਹੋਇਆ ਹੈ, ਜੋ ਕਸ਼ਮੀਰੋਂ ਅੱਠ ਨੌਂ ਕੋਹ ਹੈ। ਸੂਪੁਰ ਤੋਂ ਅੱਗੇ ਮੁਲਖਈਏ ਦਾ ਬਹੁਤ ਜ਼ੋਰ ਹੈ ਤੇ ਸੁਜਾਨ ਸਿੰਘ ਪਾਸ ਫੌਜ ਬਹੁਤ ਥੋੜ੍ਹੀ ਹੈ। ਇਸ ਲਈ ਉਹ ਅੱਗੇ ਨਹੀਂ ਜਾ ਸਕਦਾ ਤੇ ਨਾ ਹੀ ਮੁਜ਼ੱਫਰਾਬਾਦ ਵਾਲਿਆਂ ਦੀ ਸਹਾਇਤਾ ਕਰ ਸਕਦਾ ਹੈ।

ਸ਼ੇਖ ਗ਼ੁਲਾਮ ਮੁਹੀਯੁੱਦੀਨ ਨੇ ਰਾਜਾ ਜ਼ਬਰਦਸਤ ਮੁਜ਼ੱਫਰਾਬਾਦ ਵਾਲੇ, ਰਾਜਾ ਫੀਰੋਜ਼ ਦੀਨ ਦੁਪੱਟਾ ਵਾਲੇ ਤੇ ਦੂਜੇ ਰਾਜਿਆਂ ਨੂੰ ਜੋ ਕਸ਼ਮੀਰ ਵਿਚ ਕੈਦ ਸਨ, ਉਨ੍ਹਾਂ ਨੂੰ ਆਪਣੇ ਪਾਸ ਸੱਦ ਕੇ ਕਿਹਾ ਕਿ ਇਹ ਸਾਰਾ ਫਸਾਦ ਤੁਹਾਡੇ ਸਿਰੋਂ

ਉੱਠਿਆ ਹੈ, ਤੁਸੀਂ ਚਾਰ ਗੱਲਾਂ ਮੰਨ ਕੇ ਸੁਲਤਾਨ ਨਜ਼ਫ਼ ਖ਼ਾਂ ਨੂੰ ਇਥੇ ਸੱਦ ਦੇਵੋ, ਫੇਰ ਤੁਸਾਡੀ ਖਲਾਸੀ ਦੀ ਗੱਲ ਕੀਤੀ ਜਾਉ। ਇਕ ਤਾਂ ਇਹ ਕਿ ਜੋ ਸਰਕਾਰੀ ਫੌਜ ਤੇ ਅਫਸਰ ਫੜੇ ਹੋਏ ਹਨ, ਸਭ ਛੱਡ ਦਿੱਤੇ ਜਾਣ। ਦੂਜੇ, ਜੋ ਸਰਕਾਰੀ ਫੌਜ ਦਾ ਅਸਬਾਬ ਲੁੱਟਿਆ ਹੈ, ਸਭ ਮੋੜ ਦਿੱਤਾ ਜਾਵੇ। ਤੀਜੇ, ਘੋੜੀ ਵਿਚ ਸਰਕਾਰੀ ਥਾਣਾ ਬਿਠਾ ਦਿੱਤਾ ਜਾਵੇ। ਚੌਥੇ, ਲੜਾਈ ਕਰਨ ਬਦਲੇ ਤਕਸੀਰਾਨਾ ਦਿੱਤਾ ਜਾਵੇ।

ਰਾਜਾ ਜ਼ਬਰਦਸਤ ਖ਼ਾਂ ਨੇ ਕਿਹਾ ਕਿ ਪਹਿਲਾਂ ਸਾਡੇ ਹੱਥਾਂ ਪੈਰਾਂ ਵਿਚੋਂ ਬੇੜੀਆਂ ਉਤਾਰੋ, ਫੇਰ ਨਜ਼ਫ਼ ਖ਼ਾਂ ਵੱਲ ਕੋਈ ਆਦਮੀ ਘੱਲ ਕੇ ਸਭ ਗੱਲਾਂ ਮੰਨਵਾਈਆਂ ਜਾਣਗੀਆਂ। ਸ਼ੇਖ ਨੇ ਰਾਜਾ ਜ਼ਬਰਦਸਤ ਖ਼ਾਂ ਦੇ ਇਕ ਮੁਹਤਬਰ ਨੂੰ ਛੱਡ ਕੇ ਸਭ ਕੁਝ ਸਮਝਾ ਕੇ ਨਜ਼ਫ਼ ਖ਼ਾਂ ਵੱਲ ਘੱਲਿਆ ਹੈ। ਸੁਲਤਾਨ ਨਜ਼ਫ਼ ਖ਼ਾਂ ਆਪਣੀ ਫੌਜ ਤੇ ਮੁਲਖਈਏ ਸਣੇ ਸਰਦਾਰ ਸੁਜਾਨ ਸਿੰਘ ਦੇ ਮੁਕਾਬਲੇ ਲਈ ਜੇਹਲਮੋਂ ਪਾਰ ਉਤਰਿਆ ਹੋਇਆ ਹੈ ਤਾਂ ਜੇਹਲਮੋਂ ਉਰਾਰ ਸੂਪੁਰ ਪਾਸ ਸਰਦਾਰ ਸੁਜਾਨ ਸਿੰਘ ਸਰਕਾਰੀ ਫੌਜ ਲਈ ਪਿਆ ਹੈ। ਮੁਲਖਈਏ ਕਾਮਰਾਜ ਦੇ ਪਰਗਣੇ ਨੂੰ ਲੁੱਟੀ ਜਾਂਦੇ ਹਨ।

ਮੁਜ਼ੱਫਰਾਬਾਦ ਦੀ ਖ਼ਬਰ ਹੈ ਕਿ ਰਾਜਾ ਨਜ਼ਫ਼ ਖ਼ਾਂ ਦੇ ਛੋਟੇ ਭਰਾ ਰਾਜਾ ਅਲੀ ਗੌਹਰ ਨੇ ਮੁਜ਼ੱਫਰਾਬਾਦ ਦੇ ਕਿਲ੍ਹੇ ਨੂੰ ਬੁਰੀ ਤਰ੍ਹਾਂ ਘੇਰ ਲਿਆ ਹੈ ਅਤੇ ਸਰਕਾਰੀ ਫੌਜ ਕਿਲ੍ਹੇ ਅੰਦਰੋਂ ਨਿਕਲ ਕੇ ਮੁਲਖਈਏ ਨਾਲ ਲੜਾਈ ਕਰ ਕੇ ਤੇ ਬਹੁਤ ਸਾਰੇ ਮੁਲਖਈਏ ਨੂੰ ਮਾਰ ਕੇ ਫੇਰ ਕਿਲ੍ਹੇ ਅੰਦਰ ਚਲੀ ਗਈ ਹੈ। ਸ਼ੇਖ ਹਜ਼ਾਰੇ ਵਲੋਂ ਸਰਕਾਰੀ ਫੌਜ ਦੀ ਬੜੀ ਉਡੀਕ ਕਰ ਰਿਹਾ ਹੈ।

ਜੰਮੂ ਤੋਂ ਮੀਆਂ ਜਵਾਹਰ ਸਿੰਘ ਦੀ ਅਰਜ਼ੀ ਆਈ ਕਿ ਮੈਂ ਰਾਜਾ ਗੁਲਾਬ ਸਿੰਘ ਨੂੰ ਕਹਿ ਕੇ ਸਰਦਾਰ ਸ਼ੇਰ ਸਿੰਘ ਅਟਾਰੀ ਵਾਲੇ ਨੂੰ ਸਣੇ ਫੌਜ ਕਸ਼ਮੀਰ ਵੱਲ ਤਿਆਰ ਕੀਤਾ ਹੈ, ਇਕ ਪਰਵਾਨਾ ਤਸੱਲੀ ਦਾ ਤੁਸੀਂ ਵੀ ਸਰਦਾਰ ਚਤਰ ਸਿੰਘ ਵੱਲ ਲਿਖ ਘੱਲੋ ਤੇ ਰਾਜਾ ਗੁਲਾਬ ਸਿੰਘ ਵੱਲ ਵੀ ਲਿਖੋ ਕਿ ਕਸ਼ਮੀਰ ਦਾ ਪ੍ਰਬੰਧ ਤੁਹਾਡੇ ਜ਼ਿੰਮੇ ਹੈ, ਆਪਣੀ ਫੌਜ ਘੱਲ ਕੇ ਪ੍ਰਬੰਧ ਕਰੇ। ਮੇਰੇ ਸੱਤ ਸੌ ਆਦਮੀ ਸਰਾਏ ਨੁਸ਼ਹਿਰੇ ਦੀ ਛਾਉਣੀ ਵਿਚ ਸਨ, ਉਹ ਕਸ਼ਮੀਰ ਵੱਲ ਘੱਲ ਦਿੱਤੇ ਹਨ।

ਮੁਲਤਾਨ ਦੀ ਖ਼ਬਰ ਹੈ ਕਿ ਦੋ ਪਲਟਣਾਂ ਕੁਝ ਵਿਗੜ ਬੈਠੀਆਂ ਸਨ ਤੇ ਈਦਗਾਹ ਵਿਚ ਆਕੀ ਸਨ। ਦੀਵਾਨ ਸਾਵਨ ਮੱਲ ਦੇ ਪੁੱਤਰਾਂ ਕਰਮ ਨਰੈਣ ਤੇ ਮੂਲਰਾਜ ਨੇ ਤੋਪਾਂ ਤੇ ਅੱਠ ਸੌ ਰੁਹੇਲੇ ਮੁਸਲਮਾਨ ਲੈ ਕੇ ਪਲਟਣਾਂ ਵਾਲਿਆਂ ਨੂੰ ਜਾ ਆਖਿਆ ਕਿ ਤੁਸਾਡੇ ਵਿਚ ਜੋ ਫਸਾਦੀ ਹਨ, ਉਨ੍ਹਾਂ ਨੂੰ ਫੜਾ ਦੇਵੋ। ਉਨ੍ਹਾਂ ਨੇ ਕੋਈ ਉੱਤਰ ਨਾ ਦਿੱਤਾ ਤੇ ਅੱਗੋਂ ਗੋਲੀਆਂ ਦਾਗਣ ਲੱਗ ਪਏ। ਕਰਮ ਨਰੈਣ ਤੇ ਮੂਲਰਾਜ ਨੇ ਤੋਪਖਾਨੇ ਨੂੰ ਹੁਕਮ ਦਿੱਤਾ ਕਿ ਤੋਪਾਂ ਮਾਰ ਕੇ ਦੋਹਾਂ ਪਲਟਣਾਂ ਨੂੰ ਉਡਾ ਦੇਵੋ। ਜਦ ਤੋਪਾਂ ਚੱਲਣ ਲੱਗੀਆਂ ਤਾਂ ਈਦਗਾਹ ਵਿਚ ਦੋਵੇਂ ਪਲਟਣਾਂ ਕਾਇਮ ਹੋ ਗਈਆਂ। ਈਦਗਾਹ ਵਿਚ ਮੇਖਜ਼ੀਨ ਜਮ੍ਹਾਂ ਸੀ। ਤੋਪ ਦੇ ਗੋਲੇ ਨਾਲ ਮੇਖਜ਼ੀਨ ਨੂੰ

 www.sikhbookclub.com

ਅੱਗ ਲੱਗ ਗਈ ਤੇ ਮਸਜਿਦ ਉੱਡ ਗਈ। ਨਾਲ ਹੀ ਪਲਟਣ ਦੇ ਸਿਪਾਹੀ ਵੀ ਉੱਡ ਗਏ। ਜੋ ਬਚ ਰਹੇ ਉਨ੍ਹਾਂ ਉੱਤੇ ਕਰਮ ਨਰੈਣ ਤੇ ਮੂਲਰਾਜ ਦੀ ਫੌਜ ਨੇ ਹੱਲਾ ਬੋਲ ਦਿੱਤਾ ਤੇ ਸਭ ਨੂੰ ਕਤਲ ਕਰ ਦਿੱਤਾ, ਜੋ ਨੱਸ ਗਏ ਸਨ, ਉਹ ਵੀ ਫੜੇ ਗਏ ਤੇ ਉਨ੍ਹਾਂ ਤਿੰਨ ਚਾਰ ਸੌ ਸਿਪਾਹੀਆਂ ਨੂੰ ਕਿਲ੍ਹਿਆਂ ਵਿਚ ਕੈਦ ਕਰ ਦਿੱਤਾ।

ਇਹ ਸਭ ਸਿਖਾਵਟ ਰਾਜਾ ਹੀਰਾ ਸਿੰਘ ਦੀ ਸੀ ਜੋ ਦੀਵਾਨ ਸਾਵਨ ਮੱਲ ਦੇ ਪੁੱਤਰਾਂ ਦੇ ਉਲਟ ਹੈ; ਪਰ ਉਤਲੇ ਮੂੰਹੋਂ ਰਾਜਾ ਹੀਰਾ ਸਿੰਘ ਨੇ ਬੜੀ ਸ਼ਾਬਾਸ਼ ਆਖੀ ਕਿ ਜੇ ਐਸਾ ਨਾ ਕਰਦੇ ਤਾਂ ਸਾਰੀ ਫੌਜ ਵਿਗੜ ਜਾਂਦੀ। ਸੁ ਉਨ੍ਹਾਂ ਦੀ ਉਪਮਾ ਦਾ ਇਕ ਪ੍ਰਵਾਨਾ ਉਨ੍ਹਾਂ ਵੱਲ ਲਿਖਿਆ ਗਿਆ ਹੈ।

੧੯ ਮੱਘਰ—ਕਸ਼ਮੀਰ ਦੀ ਖ਼ਬਰ ਹੈ ਕਿ ਮੁਲਖਈਏ ਦਾ ਫਸਾਦ ਦਿਨੋਂ ਦਿਨ ਵਧਦਾ ਜਾਂਦਾ ਹੈ। ਕਸ਼ਮੀਰੋਂ ਚਾਰ ਪੰਜ ਕੋਹ ਦੀ ਵਿੱਥ ਉੱਤੇ ਕੋਹਰ ਗੜ੍ਹ ਹੈ। ਮੁਲਖਈਏ ਉੱਥੇ ਆ ਪਏ ਤੇ ਪੰਡਤਾਂ ਦੇ ਘਰਾਂ ਨੂੰ ਲੁੱਟ ਕੇ ਚਲੇ ਗਏ। ਸ਼ੇਖ ਨੇ ਕਸ਼ਮੀਰ ਦੀ ਰਾਖੀ ਲਈ ਆਪਣੀ ਫੌਜ ਪਰਗਣਿਆਂ ਵਿਚ ਘੱਲ ਦਿੱਤੀ ਹੈ ਅਤੇ ਸ਼ਹਿਰ ਕਸ਼ਮੀਰ ਤੇ ਕਿਲ੍ਹਾ ਹਰੀ ਪਰਬਤ ਦੀ ਰਾਖੀ ਲਈ ਵੀ ਫੌਜ ਲਾ ਦਿੱਤੀ ਹੈ। ਕਿਲ੍ਹਾ ਸੂਪੂਰ ਵਿਚ ਸ੍ਰ: ਸੁਜਾਨ ਸਿੰਘ ਕਾਇਮ ਹੈ ਤੇ ਉਸ ਦੇ ਨਾਮ ਹਰ ਰੋਜ਼ ਸ਼ੇਖ ਦਾ ਹੁਕਮ ਜਾਂਦਾ ਹੈ ਕਿ ਤੁਸੀਂ ਕਿਲ੍ਹੇ ਦੀ ਰਾਖੀ ਕਰੀ ਜਾਵੋ, ਵੈਰੀ ਨਾਲ ਲੜਾਈ ਕਰਨ ਦੀ ਲੋੜ ਨਹੀਂ, ਜਦ ਸਰਕਾਰੀ ਫੌਜ ਮਦਦ ਲਈ ਆਊ ਤਾਂ ਉਹ ਆਪੇ ਵੈਰੀ ਦਾ ਪ੍ਰਬੰਧ ਕਰ ਲਊ।

ਦੀਵਾਨ ਦੀਨਾ ਨਾਥ ਨੇ ਕਿਹਾ ਕਿ ਸਰਕਾਰ! ਇਤਨੇ ਚਿਰ ਤੋਂ ਕਸ਼ਮੀਰ ਦਾ ਰੌਲਾ ਗੌਲਾ ਤੁਰਿਆ ਆਉਂਦਾ ਹੈ, ਪਰ ਬਣਿਆ ਅਜੇ ਤੱਕ ਕੁਝ ਵੀ ਨਹੀਂ, ਜੇ ਕਸ਼ਮੀਰ ਹੱਥੋਂ ਜਾਂਦਾ ਰਿਹਾ ਤਾਂ ਫਿਰ ਮੁਸ਼ਕਲ ਨਾਲ ਹੱਥ ਆਊ। ਇਹ ਨਜ਼ਾਮੁਲ ਮੁਲਕੀ ਤੇ ਅਮੀਨੁਲ ਮੁਲਕੀ ਦੇ ਖ਼ਤਾਬ ਮੁਲਕ ਨਾਲ ਹੀ ਹਨ। ਜੇ ਮੁਲਕ ਹੀ ਹੱਥੋਂ ਜਾਂਦਾ ਰਿਹਾ ਤਾਂ ਇਹ ਖ਼ਤਾਬ ਕਿਸ ਅਰਥ ਹਨ !

ਸ਼ੇਖ ਗੁਲਾਮ ਮੁਹੀਯੁੱਦੀਨ ਦਾ ਖ਼ਤਾਬ ਨਜ਼ਾਮੁਲ ਮੁਲਕ ਹੈ ਤੇ ਸ਼ੇਖ ਅਮਾਮ ਦੀਨ ਦਾ ਖ਼ਿਤਾਬ ਅਮੀਨੁਲ ਮੁਲਕ। ਦੀਵਾਨ ਦੀਨਾ ਨਾਥ ਨੇ ਸ਼ੇਖਾਂ ਨੂੰ ਭਰੇ ਦਰਬਾਰ ਵਿਚ ਤਾਨ੍ਹਾ ਮਾਰਿਆ ਹੈ ਕਿ ਤੁਸੀਂ ਕਿਸੇ ਅਰਥ ਦੇ ਨਹੀਂ ਹੋ।

ਲੁਧਿਆਣੇ ਦੀ ਖ਼ਬਰ ਹੈ ਕਿ ਰਾਇ ਗੋਬਿੰਦ ਜਸ ਗੁਜ਼ਰ ਗਿਆ ਹੈ।

੨੦ ਮੱਘਰ—ਹੁਕਮ ਹੋਇਆ ਹੈ ਕਿ ਸ਼ੇਖ ਅਮਾਮਦੀਨ, ਹੁਕਮ ਸਿੰਘ ਮਲਵਈ, ਝੰਡਾ ਸਿੰਘ ਆਦਿ ਦਸ ਹਜ਼ਾਰ ਫੌਜ ਸਣੇ ਛੇਤੀ ਕਸ਼ਮੀਰ ਨੂੰ ਜਾਣ। ਹਜ਼ਾਰੇ ਦੀ ਖ਼ਬਰ ਹੈ ਕਿ ਕੁਝ ਦਿਨਾਂ ਤੋਂ ਜਰਨੈਲ ਧੌਂਕਲ ਸਿੰਘ ਬੀਮਾਰ ਸੀ, ਹੁਕਮ ਸੱਤ ਹੋ ਗਿਆ ਹੈ ਅਤੇ ਜਰਨੈਲ ਗੁਲਾਬ ਸਿੰਘ ਪਹੂਵਿੰਡੀਆ ਮੁਜ਼ੱਫਰਾਬਾਦ ਵੱਲ ਜਾਣ ਨੂੰ ਤਿਆਰ ਹੈ, ਪਰ ਪਹਾੜ ਦਾ ਮਾਮਲਾ ਹੈ ਤੇ ਉਤੋਂ ਸਿਆਲੇ ਦਾ ਮੌਸਮ, ਇਸ ਲਈ

ਫਸਾਦੀਆਂ ਦਾ ਬੰਦੋਬਸਤ ਸਹਿਜ ਨਾਲ ਹੀ ਕੀਤਾ ਜਾਊ।

ਜਰਨੈਲ ਗੁਲਾਬ ਸਿੰਘ ਦੇ ਨਾਮ ਹੁਕਮ ਲਿਖਿਆ ਗਿਆ ਕਿ ਤੁਸੀਂ ਹੰਢੇ ਹੋਏ ਅਫਸਰ ਹੋ, ਹਜ਼ਾਰੇ ਦੀ ਸਭ ਫੌਜ ਤੁਸਾਡੇ ਤਹਿਤ ਹੈ, ਅਰਥਾਤ ਧੌਂਕਲ ਸਿੰਘ ਵਾਲੀਆਂ ਦੋਵੇਂ ਪਲਟਣਾਂ, ਕੋਰਟ ਸਾਹਿਬ ਵਾਲੀਆਂ ਚਾਰੇ ਪਲਟਣਾਂ ਤੁਹਾਡੀਆਂ ਆਪਣੀਆਂ ਇਨ੍ਹਾਂ ਸਾਰੀਆਂ ਨੂੰ ਲੈ ਕੇ ਫਸਾਦੀਆਂ ਦਾ ਬੰਦੋਬਸਤ ਕਰੋ, ਇਹ ਕੰਮ ਤੁਸਾਂ ਦੇ ਹੀ ਜ਼ਿੰਮੇ ਹੈ। ਮੁਜ਼ੱਫਰਾਬਾਦ ਦੀ ਫੌਜ ਅਜੇ ਤੀਕ ਕਿਲ੍ਹਾ ਸਾਂਭੀ ਬੈਠੀ ਹੈ। ਛੇਤੀ ਜਾ ਕੇ ਉਨ੍ਹਾਂ ਦੀ ਮਦਦ ਕਰੋ ਤੇ ਇਧਰੋਂ ਸ਼ੇਖ ਅਮਾਮ ਦੀਨ ਤੇ ਹੋਰ ਸਰਦਾਰਾਂ ਨੂੰ ਦਸ ਹਜ਼ਾਰ ਫੌਜ ਸਣੇ ਕਸ਼ਮੀਰ ਵੱਲ ਜਾਣ ਦਾ ਹੁਕਮ ਦੇ ਦਿੱਤਾ ਹੈ। ਇਹ ਵੀ ਛੇਤੀ ਹੀ ਅੱਪੜਨਗੇ।

ਮੂਲ ਰਾਜ ਦੇ ਨਾਮ ਹੁਕਮ ਹੋਇਆ ਕਿ ਜਰਨੈਲ ਗੁਲਾਬ ਸਿੰਘ ਨੂੰ ਜਿਸ ਚੀਜ਼ ਦੀ ਲੋੜ ਹੋਵੇ ਟੋਬ੍ਹ ਲੈ ਕੇ ਦੇ ਦੇਵੋ, ਹਿਸਾਬ ਵਿਚ ਮੁਜਰੇ ਹੋ ਜਾਊ। ਫਤਹਿ ਸਿੰਘ ਮਾਨ ਦੇ ਨਾਮ ਹੁਕਮ ਹੋਇਆ ਕਿ ਹਸਨ ਅਬਦਾਲੋਂ ਕੂਚ ਕਰ ਕੇ ਜਰਨੈਲ ਗੁਲਾਬ ਸਿੰਘ ਪਾਸ ਪੁੱਜੋ ਤੇ ਉਸ ਦੇ ਹੁਕਮ ਵਿਚ ਰਹੋ।

ਜੰਮੂ ਤੋਂ ਰਾਜਾ ਹੀਰਾ ਸਿੰਘ ਦਾ ਛੋਟਾ ਭਾਈ ਮੀਆਂ ਜਵਾਹਰ ਸਿੰਘ ਹਾਜ਼ਰ ਹੋਇਆ ਤੇ ਨਜ਼ਰ ਪੇਸ਼ ਕੀਤੀ। ਸੱਤ ਤੋਪਾਂ ਦੀ ਸਲਾਮੀ ਹੋਈ। ਰਾਜਾ ਹੀਰਾ ਸਿੰਘ ਉਸ ਨਾਲ ਅੱਡ ਹੋ ਕੇ ਰਾਜਾ ਸੁਚੇਤ ਸਿੰਘ ਦੇ ਮੁਲਕ ਤੇ ਮਾਲ ਦੀ ਵੰਡ ਬਾਬਤ ਗੱਲਾਂ ਕਰਦਾ ਹੈ। ਮੀਆਂ ਜਵਾਹਰ ਸਿੰਘ ਨੇ ਦੱਸਿਆ ਕਿ ਰਾਜਾ ਗੁਲਾਬ ਸਿੰਘ ਨੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੇ ਪੁੱਤਰ ਸ਼ੇਰ ਸਿੰਘ ਨੂੰ ਫੌਜ ਦੇ ਕੇ ਕਸ਼ਮੀਰ ਵੱਲ ਘੱਲਣ ਲਈ ਤਿਆਰ ਕੀਤਾ ਹੈ, ਪਰ ਉਸ ਦੀ ਤਕਸੀਰ ਮਾਫ ਕਰ ਕੇ ਤਸੱਲੀ ਦਾ ਪ੍ਰਵਾਨਾ ਸਰਕਾਰ ਵੱਲੋਂ ਲਿਖਿਆ ਜਾਵੇ, ਰਾਜਾ ਫਜ਼ਲਦਾਦ ਖਾਂ ਰੁਹਤਾਸੀਆ, ਗੁਰਦਿੱਤ ਸਿੰਘ ਕਲਾਲ ਵਾਲਾ ਤੇ ਸੱਦਾ ਸਿੰਘ ਭੇਰੀਆ (?) ਜੋ ਪਿਛਲੇ ਝਗੜੇ ਵਿਚ ਰਾਜਾ ਗੁਲਾਬ ਸਿੰਘ ਦੇ ਹਮਾਇਤੀ ਸਨ, ਉਨ੍ਹਾਂ ਦੀਆਂ ਵੀ ਤਕਸੀਰਾਂ ਮਾਫ ਕਰ ਕੇ ਜਗੀਰਾਂ ਬਹਾਲ ਕੀਤੀਆਂ ਜਾਣ। ਸੁ ਸਰਦਾਰ ਚਤਰ ਸਿੰਘ ਦੇ ਨਾਮ ਪ੍ਰਵਾਨਾ ਲਿਖਿਆ ਗਿਆ ਕਿ ਜੇ ਕਸ਼ਮੀਰ ਜਾ ਕੇ ਖਿਦਮਤ ਕਰੋਗੇ ਤਾਂ ਤੁਸਾਡੀ ਤਕਸੀਰ ਮਾਫ ਕਰ ਦਿੱਤੀ ਜਾਊ।

ਕਸ਼ਮੀਰ ਵੱਲ ਤੁਰਨ ਲੱਗਿਆਂ ਸ਼ੇਖ ਅਮਾਮਦੀਨ ਨੇ ਅਰਜ਼ ਕੀਤੀ ਕਿ ਮੇਰਾ ਖਰਚ ਬਹੁਤ ਹੈ। ਮੈਨੂੰ ਹੋਰ ਜਗੀਰ ਦਿੱਤੀ ਜਾਵੇ। ਬਾਰ੍ਹਾਂ ਹਜ਼ਾਰ ਦੀ ਜਗੀਰ ਪਹਿਲਾਂ ਉਸ ਪਾਸ ਸੀ, ਤੇਰਾਂ ਹਜ਼ਾਰ ਦੀ ਹੋਰ ਦੇ ਕੇ ਪੰਝੀ ਹਜ਼ਾਰ ਦੀ ਜਗੀਰ ਕੀਤੀ ਗਈ ਅਤੇ ਹੁਕਮ ਹੋਇਆ ਕਿ ਜਦ ਕਸ਼ਮੀਰੋਂ ਆ ਕੇ ਹਾਜ਼ਰ ਹੋਵੇਂਗਾ ਤਾਂ ਫੌਜ ਵੇਖ ਕੇ ਪੰਝੀ ਹਜ਼ਾਰ ਦੀ ਜਗੀਰ ਹੋਰ ਦਿੱਤੀ ਜਾਊ।

੨੪ ਮੱਘਰ—ਮੁਲਤਾਨ ਦੀ ਖ਼ਬਰ ਹੈ ਕਿ ਮਾਰੀਆਂ ਗਈਆਂ ਦੋਹਾਂ ਪਲਟਣਾਂ

 www.sikhbookclub.com

ਵਿਚੋਂ ਜੋ ਚਾਰ ਸਿਪਾਹੀ ਕੈਦ ਸਨ, ਦੀਵਾਨ ਸਾਵਨ ਮੱਲ ਦੇ ਪੁੱਤਰਾਂ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ। ਉਨ੍ਹਾਂ ਵਿਚੋਂ ਜੋ ਮੁਸਲਮਾਨ ਸਨ, ਉਨ੍ਹਾਂ ਨੇ ਈਨ ਮੰਨ ਲਈ, ਸੁ ਉਹ ਫੇਰ ਨੌਕਰ ਰੱਖ ਲਏ ਗਏ, ਪਰ ਜੋ ਸਿੰਘ ਸਨ, ਉਹ ਰਲ ਕੇ ਆਪਣਾ ਨਿਆਉਂ ਕਰਾਉਣ ਲਾਹੌਰ ਨੂੰ ਆਉਣ ਵਾਲੇ ਹਨ।

ਰਾਜਾ ਸਾਂਹਸੀ ਦਾ ਇਲਾਕਾ ਪੰਜ ਹਜ਼ਾਰ ਦੀ ਜਗੀਰ ਵਜੋਂ ਮਾਈ ਦਇਆ ਕੌਰ ਨੂੰ ਦਿੱਤਾ ਗਿਆ, ਜੋ ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ ਦੀ ਮਾਈ ਹੈ। ਕਸ਼ਮੀਰ ਦੀ ਖ਼ਬਰ ਹੈ ਕਿ ਮੁਲਖਈਏ ਨੇ ਬਹੁਤ ਸਾਰੇ ਕਸ਼ਮੀਰੀ ਪੰਡਤਾਂ ਤੇ ਫੌਜ ਦੇ ਸਿੰਘਾਂ ਨੂੰ ਫੜ ਕੇ ਮੁਸਲਮਾਨ ਬਣਾ ਦਿੱਤਾ ਹੈ ਅਤੇ ਫੌਜ ਦੇ ਬਹੁਤ ਸਾਰੇ ਪੰਜਾਬੀ ਤੇ ਹਿੰਦੁਸਤਾਨੀ ਮੁਸਲਮਾਨਾਂ ਨੂੰ ਬਹੁਤ ਤੰਗ ਕਰ ਕੇ ਜਾਨੋਂ ਮਾਰਿਆ ਹੈ ਕਿ ਤੁਸੀਂ ਕੇਹੇ ਮੁਸਲਮਾਨ ਹੋ ਜੋ ਸਿੰਘਾਂ ਨਾਲ ਰਲ ਕੇ ਸਾਡੇ ਨਾਲ ਲੜਦੇ ਹੋ। ਹੁਣ ਇਕੋ ਸ਼ਹਿਰ ਕਸ਼ਮੀਰ ਦਾ ਸਰਕਾਰ ਪਾਸ ਰਹਿ ਗਿਆ ਹੈ ਤੇ ਬਾਕੀ ਸਾਰੇ ਪਰਗਣਿਆਂ ਉਤੇ ਰਾਜਾ ਨਜ਼ਫ ਖਾਂ 'ਤੇ ਮੁਲਖਈਏ ਦਾ ਕਬਜ਼ਾ ਹੋ ਗਿਆ ਹੈ ਅਤੇ ਇਕ ਕਿਲ੍ਹਾ ਮੁਜ਼ੱਫਰਾਬਾਦ ਦਾ ਅਜੇ ਤੀਕ ਕਾਇਮ ਹੈ।

੨੫ ਮੱਘਰ—ਕਸ਼ਮੀਰ ਦੀ ੧੭ ਮੱਘਰ ਦੀ ਲਿਖੀ ਹੋਈ ਖ਼ਬਰ ਹੈ ਕਿ ਸੂਪੂਰ ਵਿਚ ਸਰਦਾਰ ਸੁਜਾਨ ਸਿੰਘ ਇਕ ਹਜ਼ਾਰ ਫੌਜ ਲਈ ਕਿਲ੍ਹੇ ਵਿਚ ਬੈਠਾ ਸੀ। ਜਦ ਰਾਜਾ ਨਜ਼ਫ ਖ਼ਾਂ 'ਤੇ ਮੁਲਖਈਏ ਦਾ ਜ਼ੋਰ ਵੇਖਿਆ ਤਾਂ ਸ਼ੇਖ ਗੁਲਾਮ ਮੁਹੀਯੁੱਦੀਨ ਨੇ ਸਰਦਾਰ ਸੁਜਾਨ ਸਿੰਘ ਨੂੰ ਆਪਣੇ ਪਾਸ ਸੱਦ ਲਿਆ ਅਤੇ ਸੂਪੂਰ ਉਤੇ ਮੁਲਖਈਏ ਦਾ ਕਬਜ਼ਾ ਹੋ ਗਿਆ ਹੈ। ਐਤਨੇ ਚਿਰ ਤੋਂ ਸਹਾਇਤਾ ਲਈ ਲਿਖਿਆ ਜਾ ਰਿਹਾ ਹੈ, ਪਰ ਅਜੇ ਤੀਕ ਕਿਧਰੋਂ ਸਹਾਇਤਾ ਨਹੀਂ ਪੁੱਜੀ। ਮੁਜ਼ੱਫਰਾਬਾਦ ਦੀ ਫੌਜ ਅਜੇ ਤੀਕ ਕਿਲ੍ਹਾ ਸੰਭਾਲੀ ਬੈਠੀ ਹੈ। ਜੇ ਛੇਤੀ ਮਦਦ ਨਾ ਆਈ ਅਤੇ ਮੁਜ਼ੱਫਰਾਬਾਦ ਦੇ ਕਿਲ੍ਹੇ ਉਤੇ ਵੈਰੀ ਦਾ ਕਬਜ਼ਾ ਹੋ ਗਿਆ ਤਾਂ ਫਿਰ ਇਸ ਦਾ ਹੱਥ ਆਉਣਾ ਮੁਸ਼ਕਲ ਹੈ।

ਲਿਖਿਆ ਗਿਆ ਹੈ ਕਿ ਸ਼ੇਖ ਅਮਾਮ ਦੀਨ ਨੂੰ ਦਸ ਹਜ਼ਾਰ ਸਣੇ ਕਸ਼ਮੀਰ ਨੂੰ ਜਾਣ ਦਾ ਹੁਕਮ ਹੋ ਗਿਆ ਹੈ। ਛੇਤੀ ਹੀ ਅੱਪੜ ਕੇ ਵੈਰੀਆਂ ਦਾ ਪ੍ਰਬੰਧ ਕਰ ਲਵੇਗਾ ਅਤੇ ਮਗਰੋਂ ਮੀਆਂ ਜਵਾਹਰ ਸਿੰਘ ਨੂੰ ਵੀ ਘੱਲ ਦਿੱਤਾ ਜਾਊ। ਸ਼ੇਖ ਅਮਾਮ ਦੀਨ ਨੂੰ ਲਿਖਿਆ ਗਿਆ ਕਿ ਰਵਾਂ ਰਵੀਂ ਛੇਤੀ ਅੱਪੜੋ ਅਤੇ ਅੱਗੋ ਨੂੰ ਰੋਜ਼ ਦੇ ਰੋਜ਼ ਉਧਰ ਦੀ ਖ਼ਬਰ ਘਲਦੇ ਰਿਹਾ ਕਰੋ।

ਮੀਆਂ ਜਵਾਹਰ ਸਿੰਘ ਦੇ ਕਹਿਣ ਕਰਕੇ ਗੁਰਦਿੱਤ ਸਿੰਘ ਕਲਾਲ ਵਾਲੇ ਆਦਿ ਦੀਆਂ ਤਕਸੀਰਾਂ ਮਾਫ ਕੀਤੀਆਂ ਗਈਆਂ ਤੇ ਜਗੀਰਾਂ ਬਹਾਲ ਕਰ ਦਿੱਤੀਆਂ ਗਈਆਂ। ਮੀਆਂ ਜਵਾਹਰ ਸਿੰਘ, ਰਾਜਾ ਹੀਰਾ ਸਿੰਘ ਨੂੰ ਕਹਿੰਦਾ ਸੀ ਕਿ ਤੁਸੀਂ ਆਪ ਜੰਮੂ ਚਲ ਕੇ ਰਾਜਾ ਗੁਲਾਬ ਸਿੰਘ ਨਾਲ ਗੱਲ ਗਿਣ ਲਵੋ। ਪਰ ਰਾਜਾ

ਹੀਰਾ ਸਿੰਘ ਨੇ ਕਿਹਾ ਕਿ ਐਧਰ ਤਾਂ ਕਸ਼ਮੀਰ ਦਾ ਝਗੜਾ ਛਿੜਿਆ ਹੈ ਤੇ ਉਧਰ ਲਾਟ ਸਾਹਿਬ ਫੀਰੋਜ਼ਪੁਰ ਆਇਆ ਹੋਇਆ ਹੈ। ਐਸ ਵੇਲੇ ਜੰਮੂ ਨੂੰ ਨਹੀਂ ਜਾਇਆ ਜਾਂਦਾ, ਫੇਰ ਕਦੇ ਸਹੀ।

ਫੀਰੋਜ਼ਪੁਰੋਂ ਖ਼ਬਰ ਆਈ ਕਿ ਪਸ਼ੌਰਾ ਸਿੰਘ ਛੜਾ ਛਾਂਡ ਫੀਰੋਜ਼ਪੁਰ ਅੱਪੜ ਪਿਆ ਹੈ। ਚੰਦਾ ਸਿੰਘ, ਜੋ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਖਜ਼ਾਨੇ ਦਾ ਤਹਿਸੀਲਦਾਰ ਸੀ ਤੇ ਮਹਾਰਾਜਾ ਸ਼ੇਰ ਸਿੰਘ ਤੋਂ ਮਗਰੋਂ ਨੱਸ ਕੇ ਭਾਈ ਬੀਰ ਸਿੰਘ ਪਾਸ ਜਾ ਲੁਕਿਆ ਸੀ ਤੇ ਭਾਈ ਬੀਰ ਸਿੰਘ ਦੇ ਮਾਰੇ ਜਾਣ ਮਗਰੋਂ ਫੀਰੋਜ਼ਪੁਰੋਂ ਆ ਰਿਹਾ ਸੀ ਪਸ਼ੌਰਾ ਸਿੰਘ ਨੇ ਉਸ ਨੂੰ ਸੱਦ ਕੇ ਆਪਣਾ ਵਕੀਲ ਬਣਾਇਆ ਤੇ ਆਪਣੇ ਫੀਰੋਜ਼ਪੁਰ ਆਉਣ ਦੀ ਖ਼ਬਰ ਲਾਟ ਸਾਹਿਬ ਨੂੰ ਦਿੱਤੀ। ਲਾਟ ਸਾਹਿਬ ਨੇ ਇਕ ਸਾਹਿਬ ਨੂੰ ਪਸ਼ੌਰਾ ਸਿੰਘ ਦੀ ਅਗਵਾਈ ਲਈ ਘੱਲਿਆ ਤੇ ਬੜੀ ਇੱਜ਼ਤ ਨਾਲ ਆਪਣੀ ਕੋਠੀ ਸੱਦ ਕੇ ਮੁਲਾਕਾਤ ਕੀਤੀ ਤੇ ਕੁਝ ਤੋਪਾਂ ਦੀ ਸਲਾਮੀ ਕੀਤੀ ਅਤੇ ਸਭ ਤਰ੍ਹਾਂ ਤਸੱਲੀ ਕਰ ਕੇ ਰਹਿਣ ਲਈ ਮਕਾਨ ਦਿੱਤਾ ਤੇ ਜ਼ਿਆਫਤ ਦਾ ਸਮਾਨ ਪੁਚਾਇਆ।

੧ ਪੋਹ- ਪੋਹ ਦੀ ਸੰਗਰਾਂਦ ਦੇ ਦਿਨ ਰਾਜਾ ਹੀਰਾ ਸਿੰਘ ਨੇ ਆਪਣੀ ਜਗੀਰ ਵਿਚੋਂ ਚਾਲੀ ਹਜ਼ਾਰ ਰੁਪਏ ਦੀ ਜਗੀਰ ਪੰਡਤ ਜਲ੍ਹੇ ਦੇ ਨਾਮ ਲਾ ਦਿੱਤੀ। ਰਾਜਾ ਲਾਲ ਸਿੰਘ ਤੋਸ਼ੇਖਾਨੀਏ ਨੂੰ ਇਕ ਲੱਖ ਬਾਈ ਹਜ਼ਾਰ ਤੇਤੀ ਰੁਪਏ ਦੀ ਜਗੀਰ ਰੁਹਤਾਸ ਸੰਘੋਈ ਤੇ ਪੋਠੋਹਾਰ ਵੱਲ ਦਿੱਤੀ ਗਈ।

੩ ਪੋਹ-ਮਹਾਰਾਜਾ ਸਾਹਿਬ ਦੀ ਮਾਈ ਨੇ ਰਾਜਾ ਹੀਰਾ ਸਿੰਘ ਨੂੰ ਅਖਵਾ ਘੱਲਿਆ ਕਿ ਅਸੀਂ ਤਾਂ ਹਰ ਚੀਜ਼ ਵੱਲੋਂ ਮੁਥਾਜ ਹਾਂ ਤੇ ਤੁਸੀਂ ਜਿਸ ਨੂੰ ਚਾਹੁੰਦੇ ਹੋ, ਬਖਸ਼ਿਸ਼ਾਂ ਕਰੀ ਜਾਂਦੇ ਹੋ ਤੇ ਆਪ ਮੌਜਾਂ ਮਾਣਦੇ ਹੋ ਅਤੇ ਜੋ ਕੋਈ ਕੰਮ ਕਰਨ ਵਾਲਾ ਤੇ ਸਰਕਾਰ ਦੇ ਖ਼ੈਰਖਾਹ ਹੈ, ਉਸ ਦੇ ਪਿੱਛੇ ਪੈ ਜਾਂਦੇ ਹੋ। ਜੇ ਅਸੀਂ ਮਾਲਕ ਹਾਂ ਤਾਂ ਸਾਡੀ ਸਲਾਹ ਤੋਂ ਬਿਨਾਂ ਕੋਈ ਕਮ ਨਾ ਕੀਤਾ ਕਰੋ ਅਤੇ ਤੁਸੀਂ ਜੋ ਆਪਣੀ ਹਵੇਲੀ ਵਿਚ ਵੱਡੀ ਸਰਕਾਰ ਵਾਂਗ ਦਰਬਾਰ ਲਾਉਂਦੇ ਹੋ, ਅਜਿਹਾ ਨਾ ਕੀਤਾ ਕਰੋ ਸਗੋਂ ਮਹਾਰਾਜ ਸਾਹਿਬ ਪਾਸ ਆ ਕੇ ਦਰਬਾਰ ਕੀਤਾ ਕਰੋ। ਜੇ ਅਸੀਂ ਕੈਦੀ ਹਾਂ ਤਾਂ ਸਾਨੂੰ ਛੱਡ ਦੇਵੋ, ਕਿਉਂ ਜੁ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਕਬੀਲੇ ਹਾਂ। ਜਿਥੇ ਸਾਡੀ ਮਰਜ਼ੀ ਹੋਵੇ, ਅਸੀਂ ਚਲੇ ਜਾਵਾਂਗੇ ਤੇ ਵੱਡੇ ਮਹਾਰਾਜੇ ਸਾਹਿਬ ਦੇ ਨਾਮ ਪਿੱਛੇ ਰੋਟੀ ਮੰਗ ਖਾਵਾਂਗੇ।

ਰਾਜਾ ਹੀਰਾ ਸਿੰਘ ਤੇ ਪੰਡਤ ਜਲ੍ਹੇ ਨੇ ਸਾਰੇ ਸਰਦਾਰਾਂ ਨੂੰ ਸੱਦਿਆ ਅਤੇ ਸਮਝਾਇਆ ਕਿ ਮਾਈ ਸਾਹਿਬ ਦੀ ਮਰਜ਼ੀ ਇਹ ਹੈ ਕਿ ਉਹਨਾਂ ਦੇ ਭਰਾਵਾਂ ਨੂੰ ਦੋ ਲੱਖ ਦੀ ਜਗੀਰ ਦਿੱਤੀ ਜਾਵੇ। ਬਸ, ਸਾਰਾ ਗੁੱਸਾ ਇਸੇ ਗੱਲ ਦਾ ਹੈ। ਜੇਕਰ ਐਨੀਆਂ ਐਨੀਆਂ ਜਗੀਰਾਂ ਦਿੱਤੀਆਂ ਜਾਣ ਲੱਗੀਆਂ, ਤਾਂ ਫਿਰ ਫੌਜ ਨੂੰ ਤਲਬਾਂ

ਕਿਥੋਂ ਤਰਨਗੀਆਂ ਤੇ ਰਾਜ-ਕਾਜ ਦਾ ਕੰਮ ਕਿਥੋਂ ਤੁਰੂ ? ਮੈਂ ਤਾਂ ਕੁਝ ਨਹੀਂ ਕਹਿੰਦਾ, ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਮੈਂ ਉਸੇ ਤਰ੍ਹਾਂ ਕਰ ਦੇਂਦਾ ਹਾਂ।

ਫੌਜ ਦੇ ਅਫਸਰ ਮਾਈ ਜੀ ਪਾਸ ਗਏ ਤੇ ਸਾਰੀ ਗੱਲ ਸੁਣਾਈ। ਉਹਨਾਂ ਉੱਤਰ ਦਿੱਤਾ ਕਿ ਸਾਡੇ ਖਰਚਾਂ ਲਈ ਐਤਨੀ ਤੰਗੀ ਹੋ ਗਈ ਹੈ ਕਿ ਅਸੀਂ ਜੋ ਮਾਲਕ ਹਾਂ, ਸਾਡੇ ਖਰਚਾਂ ਤੋਂ ਫੌਜ ਦੇ ਖਰਚ ਪੂਰੇ ਹੁੰਦੇ ਹਨ, ਪਰ ਆਪਣੇ ਲਈ ਲੱਖਾਂ ਰੁਪਏ ਦਾ ਅਸਬਾਬ ਤੇ ਜਵਾਹਰਾਤ ਤੇ ਨਕਦ ਰੁਪਿਆ ਜੰਮੂ ਨੂੰ ਲਈ ਜਾਂਦੇ ਹਨ। ਸਾਡੇ ਖਰਚ ਵਿਚ ਤਾਂ ਫੌਜ ਦੇ ਖਰਚਾਂ ਖਾਤਰ ਕਮੀ ਕੀਤੀ ਜਾਂਦੀ ਹੈ, ਪਰ ਆਪਣੇ ਖਰਚਾਂ ਵਿਚ ਕੋਈ ਕਮੀ ਨਹੀਂ ਕੀਤੀ ਜਾਂਦੀ।

੭ ਪੋਹ—ਰਾਜਾ ਹੀਰਾ ਸਿੰਘ ਨੇ ੬ ਪੋਹ ਨੂੰ ਪਲਟਣਾਂ ਦੇ ਸਭ ਅਫਸਰਾਂ ਨੂੰ ਸੱਦ ਕੇ ਕਿਹਾ ਕਿ ਮਾਈ ਜੀ ਦੀ ਮਰਜ਼ੀ ਇਹ ਹੈ ਕਿ ਲਾਹੌਰ ਦੇ ਤਖ਼ਤ ਉਤੇ ਕਬਜ਼ਾ ਕਰ ਲਈਏ। ਤੁਸਾਡੀ ਸਲਾਹ ਕੀ ਹੈ? ਅਫਸਰਾਂ ਨੇ ਕਿਹਾ ਕਿ ਅਸੀਂ ਤੁਹਾਡੇ ਤਾਬੇਦਾਰ ਹਾਂ, ਜੋ ਹੁਕਮ ਕਰੋਗੇ, ਉਹੋ ਕੁਝ ਕਰਾਂਗੇ।

ਜਦ ਇਸ ਗੱਲ ਦਾ ਪਤਾ ਮਾਈ ਸਾਹਿਬ ਨੂੰ ਲੱਗਾ ਤਾਂ ਆਪ ਨੇ ਰਾਤ ਨੂੰ ਸਭ ਪਲਟਣਾਂ ਵੱਲ ਗੁਰਮੁਖੀ ਵਿਚ ਚਿੱਠੀਆਂ ਲਿਖੀਆਂ ਕਿ ਰਾਜਾ ਹੀਰਾ ਸਿੰਘ ਆਪ ਤਖ਼ਤ ਦਾ ਮਾਲਕ ਬਣ ਬੈਠਾ ਹੈ। ਉਸ ਨੇ ਆਪਣੇ ਪੱਲਿਓਂ ਤੁਸਾਨੂੰ ਕੁਝ ਨਹੀਂ ਦਿੱਤਾ ਹੈ, ਜੋ ਕੁਝ ਦਿੱਤਾ ਹੈ, ਸਰਕਾਰ ਦੇ ਘਰੋਂ ਦਿੱਤਾ ਹੈ। ਇਸ ਤੋਂ ਬਿਨਾਂ ਸਾਰੀ ਦੌਲਤ ਜੰਮੂ ਨੂੰ ਅਪੜਾ ਦਿੱਤੀ ਹੈ ਤੇ ਸਾਨੂੰ ਵੱਧ ਘੱਟ ਗੱਲਾਂ ਕਹਿੰਦਾ ਹੈ। ਤੁਸਾਡੇ ਅਫਸਰ ਉਸ ਨਾਲ ਰਲੇ ਹੋਏ ਹਨ। ਉਹ ਸਭ ਰਾਜਾ ਹੀਰਾ ਸਿੰਘ ਦੇ ਕਹੇ ਵਿਚ ਹਨ। ਤੁਸੀਂ ਜੇ ਤਾਂ ਨੌਕਰ ਹੀਰਾ ਸਿੰਘ ਦੇ ਹੋ ਤਦ ਦੱਸੋ ਤੇ ਜੇ ਤੁਸੀਂ ਸਰਕਾਰ ਦੇ ਨੌਕਰ ਹੋ ਤਦ ਦੱਸੋ।

ਫੌਜੀਆਂ ਨੇ ਉੱਤਰ ਘਲਵਾਇਆ ਕਿ ਅਸੀਂ ਸਰਕਾਰ ਦੇ ਨੌਕਰ ਹਾਂ। ਸਰਕਾਰ ਜੋ ਹੁਕਮ ਦੇਊ, ਉਸ ਨੂੰ ਸਿਰ ਮੱਥੇ ਉਤੇ ਮੰਨਾਂਗੇ ਅਤੇ ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹੇ ਨੂੰ ਜਾਨੋਂ ਮਾਰ ਦੇਵਾਂਗੇ।

੭ ਪੋਹ ਨੂੰ ਪਲਟਣਾਂ ਦੇ ਸਭ ਅਫਸਰ ਰਾਜਾ ਹੀਰਾ ਸਿੰਘ ਪਾਸ ਆਏ ਤੇ ਕਹਿਣ ਲੱਗੇ ਕਿ ਅਸੀਂ ਸਭ ਤਰ੍ਹਾਂ ਆਪ ਦੇ ਤਾਬੇਦਾਰ ਹਾਂ, ਪਰ ਫੌਜਾਂ ਸਾਡੇ ਕਹੇ ਵਿਚ ਨਹੀਂ ਰਹੀਆਂ। ਉਹਨਾਂ ਉਤੇ ਸਾਡਾ ਕੋਈ ਜ਼ੋਰ ਨਹੀਂ ਰਿਹਾ। ਸੋ ਫੌਜ ਤੋਂ ਬਿਨਾਂ ਅਸੀਂ ਇਕੱਲੇ ਕੀ ਕਰ ਸਕਦੇ ਹਾਂ? ਤੁਸੀਂ ਮਾਈ ਪਾਸ ਜਾਵੋ ਤੇ ਆਪਣੀਆਂ ਤਕਸੀਰਾਂ ਮਾਫ ਕਰਾ ਲਵੋ ਅਤੇ ਪੰਡਤ ਜੱਲ੍ਹੇ ਨੂੰ, ਜੋ ਫਸਾਦ ਦੀ ਜੜ੍ਹ ਹੈ, ਕੱਢ ਦੇਵੋ, ਨਹੀਂ ਤਾਂ ਫੌਜ ਸਭਸ ਨੂੰ ਜਾਨੋਂ ਮਾਰ ਦੇਊ। ਪਰ ਰਾਜਾ ਹੀਰਾ ਸਿੰਘ ਨੇ ਇਕ ਨਾ ਮੰਨੀ।

੯ ਪੋਹ, ਸੰਮਤ ੧੯੦੧- ਨੌਂ ਪੋਹ ਸਨਿੱਚਰਵਾਰ ਦਾ ਦਿਨ ਸੀ। ਓਹੀ

 www.sikhbookclub.com

ਈਦ ਦਾ ਸੀ। ਸੂਰਜ ਨਿਕਲਦਿਆਂ ਦੇ ਨਾਲ ਰਾਜਾ ਹੀਰਾ ਸਿੰਘ ਪੰਡਤ ਜੱਲ੍ਹਾ, ਰਾਜਾ ਗੁਲਾਬ ਸਿੰਘ ਦਾ ਪੁੱਤਰ ਮੀਆਂ ਸੋਹਣ ਸਿੰਘ ਅਤੇ ਮੀਆਂ ਲਾਭ ਸਿੰਘ ਤਿੰਨ ਹਜ਼ਾਰ ਸਵਾਰ ਪਿਆਦੇ ਸਣੇ ਆਪਣੀ ਹਵੇਲੀਓਂ ਨਿਕਲ ਕੇ ਜੰਮੂ ਵੱਲ ਤੁਰ ਪਏ। ਜਦ ਇਸ ਗੱਲ ਦਾ ਪਤਾ ਸਰਦਾਰ ਜਵਾਹਰ ਸਿੰਘ, ਮਹਾਰਾਜਾ ਸਾਹਿਬ ਦੇ ਮਾਮੇ ਤੇ ਫੌਜਾਂ ਨੂੰ ਲੱਗਾ ਤਾਂ ਸਰਦਾਰ ਅਤਰ ਸਿੰਘ ਕਾਲਿਆਂ ਵਾਲਾ ਆਦਿ ਸਰਦਾਰ ਫੌਜਾਂ ਲੈ ਕੇ ਉਨ੍ਹਾਂ ਦੇ ਮਗਰ ਨੱਸੇ। ਉਹ ਰਾਵੀ ਪਾਰ ਹੋ ਕੇ ਸ਼ਾਹਦਰੇ ਦੀ ਸਰਾਂ ਵਿਚ ਰਤਾ ਕੀ ਰਤਾ ਖੜ੍ਹੋਤੇ ਸਨ ਕਿ ਪਿੱਛੋਂ ਫੌਜਾਂ ਅੱਪੜ ਪਈਆਂ ਅਤੇ ਆਪੋ ਵਿਚ ਬੰਦੂਕ ਚੱਲਣ ਲੱਗ ਪਈ। ਸੋ ਰਾਜਾ ਹੀਰਾ ਸਿੰਘ ਦੀ ਫੌਜ ਕੁਝ ਤਾਂ ਨੱਸ ਗਈ, ਪਰ ਕੁਝ ਮਾਰੀ ਗਈ ਅਤੇ ਜੋ ਹਾਰੀ ਹੁੱਟੀ ਰਹਿ ਗਈ, ਉਹ ਕੇਵਲ ਦੋ ਕੁ ਸੌ ਆਦਮੀ ਹੀ ਸਨ ਕਿ ਮਤੇਵਾਲ ਨੂੰ ਅੱਪੜ ਪਏ, ਜੋ ਲਾਹੌਰੋਂ ਅੱਠ ਕੋਹ ਹੈ। ਰਾਜਾ ਹੀਰਾ ਸਿੰਘ ਆਪਣੇ ਆਦਮੀਆਂ ਸਣੇ ਪਿੰਡ ਵਿਚ ਘੇਰ ਲਿਆ। ਉਥੇ ਹੱਥੋਂ ਹੱਥ ਤਲਵਾਰ ਦੀ ਅਜਿਹੀ ਲੜਾਈ ਹੋਈ ਕਿ ਕੀ ਕਹਿਣਾ ਹੈ। ਤੀਜੇ ਪਹਿਰ ਤੀਕ ਚਾਰੇ ਜਣੇ-ਰਾਜਾ ਹੀਰਾ ਸਿੰਘ, ਪੰਡਤ ਜੱਲ੍ਹਾ, ਮੀਆਂ ਸੋਹਣ ਸਿੰਘ ਤੇ ਮੀਆਂ ਲਾਭ ਸਿੰਘ ਮਾਰੇ ਗਏ ਅਤੇ ਸ਼ਾਮ ਨੂੰ ਰਾਜਾ ਹੀਰਾ ਸਿੰਘ, ਪੰਡਤ ਜੱਲ੍ਹੇ ਤੇ ਮੀਆਂ ਲਾਭ ਸਿੰਘ ਦੇ ਸਿਰ ਮਾਈ ਸਾਹਿਬ ਦੇ ਸਾਹਮਣੇ ਪੇਸ਼ ਕੀਤੇ ਗਏ। ਮੀਆਂ ਸੋਹਣ ਸਿੰਘ ਦੀ ਲੋਥ ਦਾ ਪਤਾ ਨਹੀਂ ਲੱਗਾ ਕਿ ਕਿਧਰ ਚਲੀ ਗਈ। ਮਾਈ ਸਾਹਿਬ ਦੇ ਹੁਕਮ ਨਾਲ ਤੋਪਾਂ ਦੀ ਸ਼ਲਕ ਕੀਤੀ ਗਈ।

ਨੱਸਣ ਲੱਗਿਆਂ ਰਾਜਾ ਹੀਰਾ ਸਿੰਘ ਦੇ ਦੋ ਹਾਥੀਆਂ ਉਤੇ ਰੁਪਏ ਮੁਹਰਾਂ ਲੱਦ ਲਈਆਂ ਗਈਆਂ। ਜਦ ਸਰਕਾਰੀ ਫੌਜਾਂ ਪਿੱਛੋਂ ਆ ਰਲੀਆਂ, ਤਾਂ ਉਹ ਰੁਪਏ ਮੁਹਰਾਂ ਦੀ ਸੁੱਟ ਕਰਦੇ ਅਤੇ ਇਸ ਤਰ੍ਹਾਂ ਆਪਣੇ ਬਚਾਉ ਕਰਦੇ ਵਧਦੇ ਗਏ। ਕਹਿੰਦੇ ਹਨ ਕਿ ਇਸ ਲੜਾਈ ਵਿਚ ਤੇਰਾਂ ਸੌ ਆਦਮੀ ਰਾਜਾ ਹੀਰਾ ਸਿੰਘ ਦਾ ਮਾਰਿਆ ਗਿਆ, ਪਰ ਪੱਕੀ ਖਬਰ ਕੋਈ ਨਹੀਂ।

ਸੰਝ ਸਮੇਂ ਸਭ ਬਜ਼ਾਰਾਂ ਵਿਚ ਹੁਕਮ ਹੋ ਗਿਆ ਕਿ ਹਰ-ਇਕ ਦੁਕਾਨ ਉਤੇ ਪੰਜ ਪੰਜ ਦੀਵੇ ਘਿਉ ਦੇ ਬਾਲੇ ਜਾਣ। ਇਕ ਘੜੀ ਰਾਤ ਗਈ ਹੋਊ ਕਿ ਸਾਰੇ ਸਰਦਾਰ ਮੁੜ ਕੇ ਕਿਲ੍ਹੇ ਵਿਚ ਮਾਈ ਸਾਹਿਬ ਪਾਸ ਹਾਜ਼ਰ ਹੋਏ ਅਤੇ ਬਹੁਤ ਸਾਰੇ ਰੁਪਏ ਮਹਾਰਾਜਾ ਸਾਹਿਬ ਦੇ ਸਿਰ ਉਤੋਂ ਦੀ ਵਾਰ ਕੇ ਨਜ਼ਰਾਂ ਪੇਸ਼ ਕੀਤੀਆਂ। ਸ਼ਹਿਰ ਵਿਚ ਫੌਜ ਦੀ ਨੱਸ-ਭੱਜ ਕਰਕੇ ਐਤਨਾਂ ਰੌਲਾ-ਗੌਲਾ ਹੈ ਕਿ ਕੁਝ ਕਿਹਾ ਨਹੀਂ ਜਾ ਸਕਦਾ।

 www.sikhbookclub.com

# ੪੪

# ਸਿੱਖ ਦਰਬਾਰ ਦੇ ਰੋਜ਼ਨਾਮਚੇ[1]

## ਰੋਜ਼ਨਾਮਚੇ ਡਿਉਢੀ ਮਹਾਰਾਜਾ ਦਲੀਪ ਸਿੰਘ ਸਾਹਿਬ

੨੪ ਵਿਸਾਖ, ਸੰਮਤ ੧੯੦੨:- ਮਹਾਰਾਣੀ ਸਾਹਿਬ ਜਿੰਦਾਂ ਨੇ ਆਪਣੇ ਭਾਈ ਜਵਾਹਰ ਸਿੰਘ ਨੂੰ ਕਿਹਾ, ਕਿ ਸਭ ਦਰਬਾਰੀਆਂ ਨੂੰ ਮਹਾਰਾਜਾ ਸਾਹਿਬ ਦੇ ਨਾਲ ਲੈ ਕੇ ਸਾਰੀਆਂ ਪਲਟਣਾਂ ਦਾ ਅਲੀਮਾ ਲਵੋ। ਸੋ ਸਰਦਾਰ ਜਵਾਹਰ ਸਿੰਘ, ਦੀਵਾਨ ਦੀਨਾ ਨਾਥ, ਬਖਸ਼ੀ ਭਗਤ ਰਾਮ, ਰਾਜਾ ਲਾਲ ਸਿੰਘ, ਕੁਮੇਦਾਨ ਮਤਾਬ ਸਿੰਘ ਆਦਿ ਮੁਸਾਹਿਬ ਮਹਾਰਾਜਾ ਸਾਹਿਬ ਦੇ ਨਾਲ ਹੋ ਕੇ ਪਲਟਣਾਂ ਦਾ ਅਲੀਮਾ ਲੈਣ ਲਈ ਸ਼ਹਿਰੋਂ ਬਾਹਰ ਗਏ। ਸਾਰੀ ਫੌਜ ਨੇ ਚੰਗਾ ਅਲੀਮਾ ਦਿੱਤਾ।

ਕਰਨੈਲ ਮਤਾਬ ਸਿੰਘ ਤੇ ਜਰਨੈਲ ਮਹਿਮਾ ਸਿੰਘ ਦੀਆਂ ਤਿੰਨ ਪਲਟਣਾਂ ਜੋ ਪਹਿਲਾਂ ਸਿਰਖੁਦ ਹੋਈਆਂ ਹੋਈਆਂ ਸਨ ਤੇ ਅਲੀਮਾ ਨਹੀਂ ਦੇਂਦੀਆਂ ਸਨ ਮਹਾਰਾਜਾ ਸਾਹਿਬ ਦੇ ਜਾਣ ਕਰ ਕੇ ਇਹ ਮਹਾਰਾਜਾ ਸਾਹਿਬ ਦੇ ਮੂਹਰੇ ਹੱਥ ਬੰਨ੍ਹ ਖੜੋਤੀਆਂ ਤੇ ਸੋਹਣਾ ਅਲੀਮਾ ਦਿੱਤਾ। ਮਹਾਰਾਜਾ ਸਾਹਿਬ ਅਲੀਮਾ ਲੈ ਕੇ ਬੜੇ ਖੁਸ਼ ਹੋਏ ਤੇ ਪੰਜਾਹ ਪੰਜਾਹ ਰੁਪਏ ਹਰ ਪਲਟਣ ਦੇ ਅਫਸਰਾਂ ਨੂੰ ਇਨਾਮ ਦਿੱਤੇ।

ਪਿੰਡ ਦਕੂਹਾ ਦੇ ਜ਼ਿਮੀਂਦਾਰਾਂ ਨੇ ਆ ਕੇ ਫਰਿਆਦ ਕੀਤੀ ਸੀ ਕਿ ਸਾਡੇ ਦਾਣਿਆਂ ਦੇ ਬੋਹਲਾਂ ਨੂੰ ਅਕਾਲੀਆਂ ਨੇ ਲੁੱਟ ਲਿਆ ਹੈ। ਉਸ ਵੇਲੇ ਸਰਕਾਰ ਨੇ ਦੋ ਪਲਟਣਾਂ ਨੂੰ ਹੁਕਮ ਦਿੱਤਾ ਸੀ ਕਿ ਜਾ ਕੇ ਅਕਾਲੀਆਂ ਨੂੰ ਸਜ਼ਾ ਦੇਵੋ। ਜਦ ਪਲਟਣਾਂ ਉਥੇ ਪੁੱਜੀਆਂ ਤਾਂ ਅਕਾਲੀਆਂ ਨੇ ਸ਼ਸਤਰ ਖੋਲ੍ਹ ਕੇ ਰੱਖ ਦਿੱਤੇ ਤੇ ਹੱਥ ਬੰਨ੍ਹ ਲਏ ਕਿ ਸਾਥੋਂ ਗੁਨਾਹ ਹੋ ਗਿਆ ਹੈ, ਭੁੱਖੇ ਮਰਦੇ ਸਾਂ, ਇਸ ਕਰਕੇ ਇਹ ਗੱਲ ਕੀਤੀ ਹੈ। ਪਲਟਣਾਂ ਦੇ ਮੁਖਤਾਰ ਨੇ ਇਕ ਥੈਲੀ ਪੰਜ ਸੌ ਰੁਪਏ ਦੀ ਉਹਨਾਂ ਨੂੰ ਦਿੱਤੀ; ਤੇ (ਰਾਜ਼ੀਨਾਮਾ) ਹੋ ਗਿਆ।

੨੫ ਵਿਸਾਖ—ਇਲਾਕਾ ਮਿਠਨਕੋਟ ਦੇ ਪਠਾਣਾਂ ਨੇ ਏਕਾ ਕਰ ਕੇ ਰਾਜਾ ਲਾਲ ਸਿੰਘ ਦੇ ਛੋਟੇ ਭਾਈ ਦਾ ਮੁਕਾਬਲਾ ਕਰਨ ਦੀ ਠਾਣ ਲਈ। ਜਦ ਇਹ ਖ਼ਬਰ ਆਈ ਤਾਂ ਉਸੇ ਵੇਲੇ ਕੁਰਟਾਂ ਵਾਲੀਆਂ ਦੋ ਪਲਟਣਾਂ ਨੂੰ ਹੁਕਮ ਹੋਇਆ ਕਿ ਜਾ ਕੇ ਪਠਾਣਾਂ

*੧ ਰਸਾਲਾ ਫੁਲਵਾੜੀ, ਮਾਰਚ ੧੯੩੦, ਸਫਾ ੪੭੫।*


www.sikhbookclub.com

ਨੂੰ ਸਜ਼ਾ ਦੇਵੇ। ਸੋ ਮਹਾਰਾਣੀ ਸਾਹਿਬ ਦੇ ਹੁਕਮ ਅਨੁਸਾਰ ਦੋਵੇਂ ਪਲਟਣਾਂ ਮਿੱਠਨਕੋਟ ਨੂੰ ਤੁਰ ਗਈਆਂ ਹਨ।

੨੬ ਵਿਸਾਖ—ਸ਼ਾਹਜ਼ਾਦਾ ਪਸ਼ੌਰਾ ਸਿੰਘ ਜੀ ਨੇ ਗੁਜਰਾਤ ਦੇ ਇਲਾਕੇ ਵਿਚ ਸ਼ੋਰ-ਸ਼ਰਾਬਾ ਸ਼ੁਰੂ ਕਰ ਦਿੱਤਾ ਸੀ। ਕੁਝ ਕੁ ਪਿੰਡਾਂ ਨੂੰ ਸਾੜ ਕੇ ਲੁੱਟ ਲਿਆ ਸੀ ਤੇ ਗੁਜਰਾਤ ਦੇ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ। ਫੌਜ ਦੇ ਪੰਚ ਅਰਥਾਤ ਅਫਸਰ ਸਾਰੇ ਇਕੱਠੇ ਹੋਏ ਤੇ ਆਪੋ ਵਿਚ ਸਲਾਹ ਕਰ ਕੇ ਗੁਜਰਾਤ ਨੂੰ ਤੁਰ ਗਏ ਹਨ ਕਿ ਸ਼ਾਹਜ਼ਾਦੇ ਨੂੰ ਗੁਜਰਾਤੋਂ ਲੈ ਆਈਏ। ਲੋਕੀਂ ਇਹ ਕਹਿੰਦੇ ਹਨ ਕਿ ਪੰਚਾਂ ਦੀ ਨੀਤ ਇਹ ਹੈ ਕਿ ਸ਼ਾਹਜ਼ਾਦੇ ਨੂੰ ਲਾਹੌਰ ਲਿਆ ਕੇ ਮਹਾਰਾਜਾ ਦਲੀਪ ਸਿੰਘ ਦੀ ਥਾਂ ਤਖ਼ਤ ਉਤੇ ਬਿਠਾ ਲਈਏ ਅਤੇ ਰਾਜਾ ਗੁਲਾਬ ਸਿੰਘ ਨੂੰ, ਜੋ ਸਿਆਣਾ ਤੇ ਹੰਢਿਆ ਹੋਇਆ ਹੈ, ਉਸ ਦਾ ਵਜ਼ੀਰ ਬਣਾਈਏ। ਸਰਦਾਰ ਜਵਾਹਰ ਸਿੰਘ ਦੀ ਮਰਜ਼ੀ ਇਹ ਹੈ ਕਿ ਸ਼ਾਹਜ਼ਾਦੇ ਪਸ਼ੌਰਾ ਸਿੰਘ ਨੂੰ ਫੜ ਕੇ ਇਥੇ ਲਿਆਂਦਾ ਜਾਵੇ ਤੇ ਜਾਨੋਂ ਮਾਰ ਦਿੱਤਾ ਜਾਵੇ।

ਮਹਾਰਾਣੀ ਸਾਹਿਬ ਦੇ ਹੁਕਮ ਅਨੁਸਾਰ ਅੱਠ ਪਲਟਣਾਂ ਪਸ਼ੌਰ ਜਾਣ ਲਈ ਤੇ ਦੋ ਪਲਟਣਾਂ ਹਜ਼ਾਰੇ ਨੂੰ ਜਾਣ ਲਈ ਲਾਹੌਰੋਂ ਤੁਰ ਕੇ ਸ਼ਾਹਦਰੇ ਜਾ ਉਤਰੀਆਂ ਹਨ। ਕਲ੍ਹ ਨੂੰ ਇਥੋਂ ਆਪੋ ਆਪਣੇ ਪਾਸਿਆਂ ਨੂੰ ਚਲੀਆਂ ਜਾਣਗੀਆਂ।

ਰਾਜਾ ਗੁਲਾਬ ਸਿੰਘ ਨਾਲ ਇਕ ਹਜ਼ਾਰ ਸਵਾਰ ਤੇ ਚਾਰ ਤੋਪਾਂ ਸਨ। ਸਰਦਾਰ ਜਵਾਹਰ ਸਿੰਘ ਦੇ ਹੁਕਮ ਨਾਲ ਇਹ ਗੁੱਜਰਾਂ ਵਾਲੇ ਨੂੰ ਚਲੇ ਗਏ ਹਨ।

ਸਰਦਾਰ ਜਵਾਹਰ ਸਿੰਘ ਸਾਰੇ ਦਰਬਾਰੀਆਂ ਨੂੰ ਆਪਣੇ ਨਾਲ ਲੈ ਕੇ ਸ਼ਾਲਾਮਾਰ ਬਾਗ ਨੂੰ ਗਿਆ ਤੇ ਪਲਟਣਾਂ ਦੇ ਅਲੀਮੇ ਲਏ ਤੇ ਸਾਰੀ ਫੌਜ ਨੇ ਚੰਗਾ ਅਲੀਮਾ ਦਿੱਤਾ, ਜਿਸ ਤੋਂ ਖੁਸ਼ ਹੋ ਕੇ ਸਰਦਾਰ ਜਵਾਹਰ ਸਿੰਘ ਨੇ ਹਰ ਇਕ ਪਲਟਣ ਦੇ ਅਫਸਰਾਂ ਨੂੰ ਪੰਜਾਹ ਪੰਜਾਹ ਰੁਪਏ ਇਨਾਮ ਦਿੱਤੇ ਅਤੇ ਕਹਿਆ ਕਿ ਗੁਜਰਾਤ ਵੱਲ ਸ਼ਾਹਜ਼ਾਦਾ ਪਸ਼ੌਰਾ ਸਿੰਘ ਨੇ ਸ਼ੋਰ-ਸ਼ਰਾਬਾ ਪਾਇਆ ਹੋਇਆ ਹੈ, ਤੁਸੀਂ ਜਾ ਕੇ ਉਸ ਨੂੰ ਫੜ ਲਿਆਵੋ ਤੇ ਸਰਕਾਰੇ ਹਾਜ਼ਰ ਕਰੋ। ਇਹ ਸੁਣ ਕੇ ਸਭ ਅਸਫਰਾਂ ਤੇ ਕੁਮੇਦਾਨਾਂ ਨੇ ਸਾਫ ਜਵਾਬ ਦੇ ਦਿੱਤਾ ਤੇ ਕਹਿਆ ਕਿ ਸਾਡੇ ਭਾਣੇ ਤਾਂ ਦੋਵੇਂ ਅੱਖਾਂ ਇਕੋ ਜਿਹੀਆਂ ਹਨ। ਦੋਵੇਂ ਸ਼ਾਹਜ਼ਾਦੇ ਸਾਡੇ ਲਈ ਤਾਂ ਚੰਦ ਸੂਰਜ ਹਨ। ਇਸ ਤੋਂ ਬਿਨਾਂ ਕੋਈ ਹੋਰ ਮੁਹਿੰਮ ਹੋਵੇ, ਚਾਹੇ ਪਠਾਣਾਂ ਦੀ, ਚਾਹੇ ਅੰਗਰੇਜ਼ਾਂ ਦੀ ਉਥੇ ਜਾਣ ਨੂੰ ਅਸੀਂ ਹਰ ਵੇਲੇ ਤਿਆਰ ਹਾਂ। ਇਹ ਸੁਣ ਕੇ ਸਰਦਾਰ ਜਵਾਹਰ ਸਿੰਘ ਚੁੱਪ ਹੋ ਗਿਆ ਤੇ ਸ਼ਹਿਰ ਨੂੰ ਮੁੜ ਆਇਆ।

੨੭ ਵਿਸਾਖ—ਖ਼ਬਰ ਆਈ ਹੈ ਕਿ ਸਰਦਾਰ ਸਾਹਿਬ ਨਿਹਾਲ ਸਿੰਘ ਆਹਲੂਵਾਲੀਏ ਦੀ ਫੌਜ ਵਿਗੜ ਗਈ ਹੈ ਤੇ ਤਲਬ ਨਹੀਂ ਲੈਂਦੀ। ਫੌਜ ਕਹਿੰਦੀ ਹੈ ਕਿ ਸਾਨੂੰ ਲਾਹੌਰ ਦੀ ਫੌਜ ਵਾਂਗ ਤਲਬ ਦੇਵੋ। ਪਰ ਸਰਦਾਰ ਸਾਹਿਬ ਕਹਿੰਦੇ ਹਨ

 www.sikhbookclub.com

ਕਿ ਤੁਹਾਨੂੰ ਉਹੋ ਤਲਬ ਮਿਲੂ, ਜੋ ਮੁੱਢ ਤੋਂ ਮਿਲਦੀ ਆਈ ਹੈ, ਵਾਧੂ ਇਕ ਕੌਡੀ ਨਹੀਂ ਮਿਲਣੀ। ਵਾਧਾ ਕਰਵਾਉਣਾ ਤੁਸਾਡੇ ਹੱਥ ਨਹੀਂ, ਵਾਧਾ ਕਰਨਾ ਸਾਡੇ ਵੱਸ ਤੇ ਮਰਜ਼ੀ ਦੀ ਗੱਲ ਹੈ।

ਦੋ ਦਿਨਾਂ ਤੋਂ ਦਰਬਾਰ ਨਹੀਂ ਹੋਇਆ, ਪਤਾ ਨਹੀਂ ਕੀ ਗੱਲ ਹੈ ! ਅੰਮ੍ਰਿਤਸਰ ਦੀ ਖ਼ਬਰ ਹੈ ਕਿ ਉਥੇ ਇਕ ਬਜ਼ਾਰ ਵਿਚ ਇਕ ਖੂਹ ਸੀ, ਜਿਸ ਵਿਚੋਂ ਅੱਡ ਅੱਡ ਪਾਸਿਆਂ ਵੱਲੋਂ ਹਿੰਦੂ ਮੁਸਲਮਾਨ ਪਾਣੀ ਭਰਿਆ ਕਰਦੇ ਸਨ। ਇਕ ਦਿਨ ਇਕ ਮੁਸਲਮਾਨ ਦੇ ਪਾਣੀ ਦੀਆਂ ਛਿੱਟਾਂ ਹਿੰਦੂ ਦੇ ਪਾਣੀ ਉਤੇ ਜਾ ਪਈਆਂ ਤੇ ਗੱਲ ਵਧਦੀ ਵਧਦੀ ਇਥੋਂ ਤਕ ਵਧੀ ਕਿ ਦੋਹਾਂ ਕੌਮਾਂ ਵਿਚ ਲੜਾਈ ਹੋਣ ਲੱਗ ਪਈ। ਦੋਹਾਂ ਧਿਰਾਂ ਕਹਿੰਦੀਆਂ ਸਨ ਕਿ ਇਹ ਖੂਹ ਸਾਡਾ ਹੈ। ਖੂਹ ਦੇ ਪਾਸ ਹੀ ਇਕ ਸ਼ਿਵਦਵਾਲਾ ਬਣਿਆ ਹੋਇਆ ਸੀ। ਮੁਸਲਮਾਨਾਂ ਨੇ ਸਰਦਾਰ ਜਵਾਹਰ ਸਿੰਘ ਦੇ ਭਰਾ ਸ: ਹੀਰਾ ਸਿੰਘ ਨੂੰ ਦੋ ਹਜ਼ਾਰ ਰੁਪਿਆ ਰਿਸ਼ਵਤ ਦਿੱਤੀ ਅਤੇ ਉਹ ਸ਼ਿਵਦਵਾਲਾ ਢਵਾ ਦਿੱਤਾ ਤੇ ਉਥੇ ਮਸੀਤ ਬਨਾਉਣ ਦੀ ਨੀਤ ਕਰ ਲਈ। ਇਸ ਗੱਲੋਂ ਹਿੰਦੂਆਂ ਨੇ ਏਕਾ ਕਰ ਕੇ ਬਜ਼ਾਰ ਦੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਤੇ ਲਾਹੌਰ ਆਣ ਫਰਿਆਦੀ ਹੋਏ ਅਤੇ ਮਹਾਰਾਣੀ ਜਿੰਦਾਂ ਪਾਸ ਆਣ ਅਰਜ਼ੀ ਦਿੱਤੀ।

ਇਹ ਗੱਲ ਸੁਣ ਕੇ ਮਹਾਰਾਣੀ ਸਾਹਿਬਾਂ ਨੇ ਪੰਚਾਂ ਨੂੰ ਆਪਣੇ ਪਾਸ ਸਦਵਾਇਆ। ਫੇਰ ਆਪਣੇ ਭਰਾ ਸਰਦਾਰ ਜਵਾਹਰ ਸਿੰਘ ਨੂੰ ਸੱਦ ਕੇ ਕਹਿਆ ਕਿ ਤੁਸੀਂ ਕਿਸ ਤਰ੍ਹਾਂ ਦਾ ਨਿਆਂ ਕਰਦੇ ਹੋ ਤੇ ਸਵਰਗਵਾਸੀ ਮਹਾਰਾਜਾ ਸਾਹਿਬ ਦੇ ਨਾਮ ਨੂੰ ਬਦਨਾਮ ਕਰਦੇ ਹੋ। ਜੇ ਚੰਗੀ ਚਾਹੁੰਦੇ ਹੋ ਤਾਂ ਸਰਦਾਰ ਹੀਰਾ ਸਿੰਘ ਨੂੰ ਅੰਮ੍ਰਿਤਸਰੋਂ ਬਦਲ ਦੇਵੋ ਅਤੇ ਜੀਕੂੰ ਬਣੇ ਇਹਨਾਂ ਪੰਚਾਂ ਦਾ ਰਾਜ਼ੀਨਾਮਾ ਕਰੋ। ਫਿਰ ਮਹਾਰਾਣੀ ਸਾਹਿਬਾਂ ਨੇ ਪੰਚਾਂ ਨੂੰ ਬਹੁਤ ਬਹੁਤ ਦਲਾਸਾ ਦਿੱਤਾ ਅਤੇ ਸ਼ਿਵਾਲਾ ਬਨਾਉਣ ਲਈ ਪੰਜ ਸੌ ਰੁਪਿਆ ਵੀ ਦਿੱਤਾ ਅਤੇ ਕਹਿਆ ਕਿ ਉਸ ਮੁਸਲਮਾਨ ਨੂੰ ਫੜ ਕੇ ਬੇਸ਼ਕ ਸਜ਼ਾ ਦੇਵੋ।

੨੮ ਵਿਸਾਖ—ਖ਼ਬਰ ਆਈ ਕਿ ਸ੍ਰੀ ਜਵਾਲਾ ਜੀ ਦੇ ਹਵਨ ਕੁੰਡ ਵਿਚੋਂ ਤਿੰਨਾਂ ਪਾਸਿਆਂ ਤੋਂ ਲਹੂ ਵਗਣ ਲੱਗ ਪਿਆ ਹੈ। ਸਰਦਾਰ ਅਜੀਤ ਸਿੰਘ ਜੀ ਲਾਡਵੇ ਵਾਲੇ ਇਕ ਦੋ ਮਹੀਨਿਆਂ ਤੋਂ ਇਥੇ ਆਏ ਹੋਏ ਸਨ। ਫੌਜ ਦੇ ਪੰਚਾਂ ਨੂੰ ਸ਼ੱਕ ਪੈ ਗਿਆ ਕਿ ਇਹ ਅੰਗਰੇਜ਼ਾਂ ਦੇ ਵਕੀਲ ਹਨ। ਸੋ ਉਹਨਾਂ ਨੇ ਸਰਦਾਰ ਜੀ ਨੂੰ ਕਹਿਆ ਕਿ ਜੇ ਚੰਗੀ ਚਾਹੁੰਦੇ ਹੋ ਤਾਂ ਇਕ ਦੋ ਦਿਨਾਂ ਵਿਚ ਇਥੋਂ ਆਪਣੇ ਇਲਾਕੇ ਨੂੰ ਚਲੇ ਜਾਵੋ, ਨਹੀਂ ਤਾਂ ਬੇਇਜ਼ਤੀ ਕਰ ਕੇ ਕੱਢ ਦੇਵਾਂਗੇ।

੨੯ ਵਿਸਾਖ—ਮਹਾਰਾਜਾ ਸਾਹਿਬ ਸਣੇ ਰਾਜਾ ਲਾਲ ਸਿੰਘ ਤੇ ਹੋਰ ਸਰਦਾਰਾਂ ਦੇ ਸਵਾਰ ਹੋ ਕੇ ਪਹਿਲਾਂ ਤੋਸ਼ੇਖਾਨੇ ਨੂੰ ਗਏ। ਇਕ ਮਹੀਨੇ ਤੋਂ ਮਹਿਮਾ ਸਿੰਘ ਕੁਮੇਦਾਨ ਕੈਦ ਸੀ। ਉਸ ਨੂੰ ਆਪਣੇ ਹਜ਼ੂਰ ਸੱਦ ਕੇ ਛੱਡ ਦਿੱਤਾ ਗਿਆ ਤੇ ਖਿੱਲਤ

 www.sikhbookclub.com

ਵੀ ਬਖਸ਼ਿਆ। ਫੇਰ ਸਰਦਾਰਾਂ ਸਣੇ ਸੈਰ ਨੂੰ ਚਲੇ ਗਏ ਤੇ ਸੈਰੋਂ ਮੁੜ ਕੇ ਮਸਤੀ ਦਰਵਾਜ਼ੇ ਥਾਣੀਂ ਵਾਪਸ ਆਏ। ਕਿਲ੍ਹੇ ਦੇ ਦਰਵਾਜ਼ੇ ਸਾਹਮਣੇ ਹਿੰਦੂ ਸਾਧੂ ਸਵਰਗਵਾਸੀ ਮਹਾਰਾਜਾ ਸਾਹਿਬ ਦੇ ਸਮੇਂ ਤੋਂ ਬੈਠਾ ਹੋਇਆ ਸੀ। ਇਹ ਬੇ-ਲੋਭ ਸੀ ਤੇ ਇਸ ਉਤੇ ਸਿੱਖਾਂ ਦੀ ਬੜੀ ਸ਼ਰਧਾ ਸੀ। ਜਦ ਮਹਾਰਾਜਾ ਸਾਹਿਬ ਇਸ ਸਾਧੂ ਦੇ ਪਾਸ ਪੁੱਜੇ ਤਾਂ ਹਾਥੀ ਖੜ੍ਹਾ ਕਰ ਲਿਆ। ਰਾਜਾ ਲਾਲ ਸਿੰਘ ਨੇ ਮਹਾਰਾਜਾ ਸਾਹਿਬ ਨੂੰ ਜੱਫੀ ਵਿਚ ਲੈ ਕੇ ਉਤਾਰਿਆ। ਮਹਾਰਾਜਾ ਸਾਹਿਬ ਨੇ ਦੋਵੇਂ ਹੱਥ ਜੋੜ ਕੇ ਪ੍ਰਣਾਮ ਕੀਤਾ ਤੇ ਦਸ ਰੁਪਏ ਭੇਟ ਕੀਤੇ। ਸਾਧੂ ਨੇ ਮਹਾਰਾਜਾ ਸਾਹਿਬ ਨੂੰ ਥਾਪੀ ਦਿੱਤੀ ਤੇ ਵੱਡੀ ਉਮਰ ਦੀ ਅਸੀਸ ਦਿੱਤੀ। ਮਹਾਰਾਜਾ ਸਾਹਿਬ ਦੋ ਘੜੀ ਤੀਕ ਸਾਧੂ ਪਾਸ ਬੈਠੇ ਰਹੇ, ਫਿਰ ਮੱਥਾ ਟੇਕ ਕੇ ਕਿਲ੍ਹੇ ਅੰਦਰ ਚਲੇ ਗਏ।

੩੦ ਵਿਸਾਖ—ਫੌਜ ਦੇ ਪੰਚਾਂ ਨੇ ਮਹਾਰਾਣੀ ਸਾਹਿਬ ਪਾਸ ਹਾਜ਼ਰ ਹੋ ਕੇ ਅਰਜ਼ ਕੀਤੀ, ਕਿ ਸਰਦਾਰ ਜਵਾਹਰ ਸਿੰਘ ਮਹਾਰਾਜਾ ਸਾਹਿਬ ਨਾਲ ਸਵਾਰ ਨਾ ਹੋਇਆ ਕਰੇ। ਮਹਾਰਾਣੀ ਸਾਹਿਬ ਨੇ ਉਸੇ ਵੇਲੇ ਸਰਦਾਰ ਨੂੰ ਸੱਦ ਕੇ ਕਹਿਆ ਕਿ ਅੱਗੇ ਨੂੰ ਮਹਾਰਾਜਾ ਸਾਹਿਬ ਨਾਲ ਸਵਾਰ ਨਾ ਹੋਇਆ ਕਰਨਾ।

ਅੱਜ ਇਕ ਪਹਿਰ ਐਸੀ ਹਨੇਰੀ ਵਗੀ ਕਿ ਦਿਨ ਨੂੰ ਰਾਤ ਹੋ ਗਈ। ਫਿਰ ਥੋਹੜਾ ਜਿਹਾ ਮੀਂਹ ਪੈਣ ਨਾਲ ਅਸਮਾਨ ਸਾਫ ਹੋ ਗਿਆ।

੩੧ ਵਿਸਾਖ-ਫੌਜ ਦੇ ਪੰਚਾਂ ਨੇ ਮਹਾਰਾਣੀ ਸਾਹਿਬ ਪਾਸ ਆ ਕੇ ਅਰਜ਼ ਕੀਤੀ ਕਿ ਸਾਡੀ ਬਾਂਹ ਕਿਸੇ ਸਰਦਾਰ, ਚਾਹੇ ਕਿਸੇ ਖ਼ਿਦਮਤਗਾਰ ਦੇ ਹੱਥ ਫੜਾ ਦੇਵੋ, ਅਸੀਂ ਉਸ ਦੀ ਤਾਬੇਦਾਰੀ ਕਰਾਂਗੇ ਤੇ ਜਿਧਰ ਉਹ ਸਾਨੂੰ ਘੱਲੂ, ਅਸੀਂ ਉਧਰ ਜਾਵਾਂਗੇ। ਜੇ ਕੋਈ ਹੁਕਮ-ਅਦੂਲੀ ਕਰੂ, ਪੰਜ ਸੌ ਰੁਪਿਆ ਜੁਰਮਾਨਾ ਸਰਕਾਰੇ ਭਰੂ ਤੇ ਉਸ ਦਾ ਮੂੰਹ ਕਾਲਾ ਕਰ ਕੇ ਤੇ ਸ਼ਹਿਰੋਂ ਬਾਹਰ ਕੱਢ ਦਿੱਤਾ ਜਾਊ। ਮਹਾਰਾਣੀ ਸਾਹਿਬ ਨੇ ਕਹਿਆ ਕਿ ਇਸ ਗੱਲ ਦਾ ਇਕਰਾਰਨਾਮਾ ਲਿਖ ਦੇਵੋ। ਪੰਚਾਂ ਨੇ ਉਸੇ ਵੇਲੇ ਇਕਰਾਰਨਾਮਾ ਲਿਖ ਕੇ ਪੇਸ਼ ਕਰ ਦਿੱਤਾ।

ਮਹਾਰਾਣੀ ਸਾਹਿਬ ਨੇ ਕਹਿਆ ਕਿ ਮੈਂ ਤੁਹਾਨੂੰ ਸਰਦਾਰ ਜਵਾਹਰ ਸਿੰਘ ਦੇ ਸਪੁਰਦ ਕਰਦੀ ਹਾਂ, ਤੁਸੀਂ ਉਸ ਦਾ ਹੁਕਮ ਮੰਨਿਆ ਕਰੋ। ਸਰਦਾਰ ਜਵਾਹਰ ਸਿੰਘ ਮੇਰਾ ਭਾਈ ਹੈ, ਮੈਂ ਉਸ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਦੀ ਹਾਂ। ਇਸ ਲਈ ਤੁਸਾਨੂੰ ਉਸ ਦੇ ਤਾਬੇ ਕੀਤਾ ਹੈ। ਜੇ ਕੋਈ ਹੋਰ ਤੁਸਾਡਾ ਅਫਸਰ ਕਰਦੀ ਹਾਂ ਤੇ ਉਸ ਨਾਲ ਗੱਲਬਾਤ ਕਰਦੀ ਤਾਂ ਜਹਾਨ ਰੱਖਣਾ ਔਖਾ ਸੀ। ਲੋਕੀਂ ਐਵੇਂ ਹੀ ਤਾਹਨੇ ਮਾਰਦੇ ਤੇ ਊਜਾਂ ਲਾਉਂਦੇ। ਮਹਾਰਾਣੀ ਸਾਹਿਬ ਦੀਆਂ ਇਹ ਗੱਲਾਂ ਸੁਣ ਕੇ ਪੰਚ ਬਹੁਤ ਖੁਸ਼ ਹੋਏ ਤੇ ਮਹਾਰਾਣੀ ਸਾਹਿਬ ਪਾਸੋਂ ਸਹੀ ਪਵਾ ਕੇ ਤੇ ਮੱਥਾ ਟੇਕ ਕੇ ਮੁੜ ਆਏ।

ਹਾਹ ਵਿਚ ਇਹਨਾਂ ਨੂੰ ਕੁਰਟਾਂ ਵਾਲੀਆਂ ਤੇ ਸਰਦਾਰ ਮਹਿਮਾ ਸਿੰਘ ਦੀਆਂ

ਪੜਤਲਾਂ ਦੇ ਪੰਚ ਮਿਲੇ। ਉਨ੍ਹਾਂ ਪੁੱਛਿਆ ਕਿ ਕੀ ਲਿਖਵਾ ਲਿਆਏ ਹੋ? ਇਨ੍ਹਾਂ ਨੇ ਜੋ ਗੱਲਬਾਤ ਹੋਈ ਸੀ, ਸਭ ਆਖ ਦਿੱਤੀ। ਇਕ ਕੁਮੇਦਾਨ ਨੇ ਬਦੋ-ਬਦੀ ਮਹਾਰਾਣੀ ਸਾਹਿਬ ਦੀ ਸਹੀ ਵਾਲਾ ਕਾਗਜ਼ ਲੈ ਕੇ ਪਾੜ ਦਿੱਤਾ। ਜਦ ਇਸ ਗੱਲ ਦਾ ਪਤਾ ਮਹਾਰਾਣੀ ਸਾਹਿਬ ਨੂੰ ਲੱਗਾ ਤਾਂ ਆਪ ਨੇ ਹੁਕਮ ਦਿੱਤਾ ਕਿ ਉਸ ਦੀ ਦਾੜ੍ਹੀ ਸਾੜ ਕੇ ਉਸ ਨੂੰ ਕੋਈ ਐਸੀ ਸਜ਼ਾ ਦੇਵੋ ਕਿ ਮੁੜ ਕੇ ਕੋਈ ਐਸਾ ਕੰਮ ਨਾ ਕਰੇ।

ਲਾਹੌਰ ਦੇ ਹਰ ਇਕ ਛੋਟੇ ਵੱਡੇ ਦੀ ਜ਼ਬਾਨ ਉਤੇ ਇਹ ਗੱਲ ਹੈ ਕਿ ਭੱਦਰ ਕਾਲੀ ਦੇਵੀ ਦੇ ਮੰਦਰ ਵਿਚੋਂ ਅਵਾਜ਼ ਆਈ ਹੈ ਕਿ ਇਨ੍ਹੀਂ ਦਿਨੀਂ ਜੋ ਕੋਈ ਆਦਮੀ ਆਪਣੇ ਬਾਲ-ਬੱਚੇ ਟੱਬਰ ਸਣੇ ਇਥੇ ਆ ਕੇ ਤਲਾਉ ਵਿਚ ਇਸ਼ਨਾਨ ਕਰੇਗਾ ਤੇ ਫਿਰ ਦੇਵੀ ਜੀ ਦੇ ਦਰਸ਼ਨ ਕਰੇਗਾ, ਉਸ ਨੂੰ ਵਬਾ ਦਾ ਅਸਰ ਨਹੀਂ ਹੋਵੇਗਾ। ਸੋ ਲਾਹੌਰ ਸ਼ਹਿਰ ਤੇ ਬਾਹਰ ਦੇ ਪਿੰਡਾਂ ਦੇ ਆਦਮੀ ਇਸ਼ਨਾਨ ਤੇ ਦਰਸ਼ਨ ਕਰ ਜਾਂਦੇ ਹਨ। ਸ਼ਹਿਰ ਵਿਚ ਕੁਝ ਕੁਝ ਵਬਾ ਪੈਦਾ ਹੋ ਗਈ ਹੈ। ਪੰਜ ਪੰਜ, ਦਸ ਦਸ ਆਦਮੀ ਰੋਜ਼ ਮਰ ਜਾਂਦੇ ਹਨ। ਇਸ ਕਰਕੇ ਸਰਕਾਰ ਵੱਲੋਂ ਵੀ ਕੁਝ ਬ੍ਰਾਹਮਣ ਭੱਦਰ ਕਾਲੀ ਦੀ ਪੂਜਾ ਲਈ ਬਿਠਾਏ ਗਏ ਹਨ।

੧ ਜੇਠ—ਜੇਠ ਦੀ ਸੰਗਰਾਂਦ ਦੇ ਕਾਰਨ ਪੰਡੀ ਗਊਆਂ ਤੇ ਮਹੀਆਂ, ਸਣੇ ਸੋਨੇ ਤੇ ਚਾਂਦੀ ਦੀਆਂ ਮੂਰਤਾਂ ਤੇ ਨਕਦ ਰੁਪਏ ਬ੍ਰਾਹਮਣਾਂ ਨੂੰ ਸੰਕਲਪ ਕੀਤੀਆਂ ਗਈਆਂ।

SIKHBOOKCLUB.COM

ਗਿਆਰਾਂ ਮਹੀਨੇ ਹੋਏ ਹਨ ਕਿ ਤੀਹ ਹਜ਼ਾਰ ਸਰਕਾਰੀ ਫੌਜ, ਸਣੇ ਤੋਪਾਂ ਦੇ ਮੁਜ਼ੱਫਰਾਬਾਦ ਦੇ ਇਲਾਕੇ ਵੱਲ ਗਈ ਸੀ ਦੇਸ਼ ਦਾ ਮਾਮਲਾ ਉਗਰਾਉਣ ਲਈ ਤੇ ਸਿਰ ਖੁਦ ਹੋਏ ਹੋਏ ਮੁਲਖਈਏ ਨੂੰ ਸਜ਼ਾ ਦੇਣ ਲਈ। ਸੋ ਉਹ ਫੌਜ ਤਿੰਨ ਲੱਖ ਰੁਪਿਆ ਵਸੂਲ ਕਰ ਕੇ ਤੇ ਉਧਰੋਂ ਮੁੜ ਕੇ ਵਜ਼ੀਰਾਬਾਦ ਆ ਉਤਰੀ ਹੈ ਤੇ ਸਰਕਾਰ ਪਾਸੋਂ ਗਿਆਰਾਂ ਮਹੀਨਿਆਂ ਦੀ ਤਲਬ ਤੇ ਕੈਂਠੇ ਮੰਗਦੀ ਹੈ। ਅਜੇ ਤੀਕ ਇਹਨਾਂ ਲਈ ਕਿਸੇ ਗੱਲ ਦਾ ਫੈਸਲਾ ਨਹੀਂ ਹੋਇਆ।

੨ ਜੇਠ—ਮਹਾਰਾਣੀ ਸਾਹਿਬ ਜਿੰਦਾਂ ਨੇ ਸਿਆਣੇ ਸਿਆਣੇ ਸਰਦਾਰਾਂ ਤੇ ਅਹੁਦੇਦਾਰਾਂ ਨੂੰ ਸੱਦ ਕੇ ਕਹਿਆ ਕਿ ਸਾਡੀ ਮਨਸ਼ਾ ਹੈ ਕਿ ਅਸੀਂ ਆਪਣੇ ਭਾਈ ਸਰਦਾਰ ਜਵਾਹਰ ਸਿੰਘ ਨੂੰ ਵਜ਼ੀਰੀ ਦੇਈਏ। ਸਭਸ ਨੇ ਬੇਨਤੀ ਕੀਤੀ ਕਿ ਸਰਕਾਰ ਨੂੰ ਅਖ਼ਤਿਆਰ ਹੈ। ਸਰਕਾਰ ਜਿਸ ਨੂੰ ਹੁਕਮ ਕਰੂ ਅਸੀਂ ਸਾਰੇ ਉਸ ਦੀ ਤਾਬੇਦਾਰੀ ਕਰਨ ਲੱਗ ਜਾਵਾਂਗੇ। ਕੁਝ ਚਿਰ ਇਸੇ ਤਰ੍ਹਾਂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ, ਫੇਰ ਦਰਬਾਰ ਬਰਖਾਸਤ ਹੋ ਗਿਆ।

੩ ਜੇਠ—ਸਮਣ ਬੁਰਜ ਵਿਚ ਦਰਬਾਰ ਹੋਇਆ ਅਤੇ ਰਾਜਾ ਲਾਲ ਸਿੰਘ, ਦੀਵਾਨ ਦੀਨਾ ਨਾਥ, ਬਖਸ਼ੀ ਭਗਤ ਰਾਮ, ਦੀਵਾਨ ਅਜੁਧਿਆ ਪ੍ਰਸ਼ਾਦਿ, ਜਰਨੈਲ ਮੇਵਾ ਸਿੰਘ, ਬਿਸ਼ਨ ਸਿੰਘ, ਜਮੇਂਦਾਰ ਖੁਸ਼ਹਾਲ ਸਿੰਘ ਦਾ ਪੁੱਤਰ ਸਰਦਾਰ ਕਿਸ਼ਨ

 www.sikhbookclub.com

ਸਿੰਘ, ਸਃ ਸ਼ਾਮ ਸਿੰਘ ਅਟਾਰੀ ਵਾਲਾ, ਸਰਦਾਰ ਅਤਰ ਸਿੰਘ ਕਾਲਿਆਂ ਵਾਲਾ ਤੇ ਹੋਰ ਛੋਟੇ ਵੱਡੇ ਸਰਦਾਰ ਤੇ ਕਾਰਦਾਰ ਹਾਜ਼ਰ ਹੋਏ। ਦਫਤਰੀਆਂ ਦੇ ਅਫਸਰ ਸੁੱਖਾ ਸਿੰਘ ਨੂੰ ਸੱਦਣ ਲਈ ਸਰਕਾਰੀ ਚੋਬਦਾਰ ਗਿਆ ਸੀ। ਉਸ ਨੇ ਆ ਕੇ ਦੱਸਿਆ ਕਿ ਸਰਦਾਰ ਦੇਵੀ ਜੀ ਦਾ ਹੋਮ ਕਰਵਾਉਂਦਾ ਹੈ, ਇਸ ਲਈ ਹਾਜ਼ਰ ਨਹੀਂ ਹੋ ਸਕੇਗਾ।

ਇਸ ਤੋਂ ਮਗਰੋਂ ਮਹਾਰਾਜਾ ਸਾਹਿਬ ਬਹਾਦਰ ਨੇ ਆਪਣੇ ਮਾਮੇ ਸਰਦਾਰ ਜਵਾਹਰ ਸਿੰਘ ਨੂੰ ਵਜ਼ਾਰਤ ਦਾ ਖਿੱਲਤ ਦਿੱਤਾ ਅਤੇ ਇਸ ਦੇ ਨਾਲ ਹੀ ਜਿਗ੍ਹਾ, ਸਿਰਪੇਚ ਤੇ ਕਲਗੀ ਦਿੱਤੀ, ਜਿਸ ਦਾ ਮੁੱਲ ਸਵਾ ਲੱਖ ਰੁਪਿਆ ਸੀ। ਸਰਦਾਰ ਜਵਾਹਰ ਸਿੰਘ ਨੇ ਵਜ਼ੀਰੀ ਦੀ ਨਜ਼ਰ ਪੇਸ਼ ਕੀਤੀ ਤੇ ਕੁਝ ਸਿਰ ਵਾਰਨਾ ਕੀਤਾ।

ਸਭ ਤੋਪਖਾਨਿਆਂ ਵਿਚ ਹੁਕਮ ਚਲਿਆ ਗਿਆ ਕਿ ਹਰ ਇਕ ਤੋਪ ਦੇ ਪੰਜ ਪੰਜ ਫੈਰ ਕੀਤੇ ਜਾਣ, ਸੋ ਇਵੇਂ ਹੀ ਕੀਤਾ ਗਿਆ। ਫਿਰ ਮਹਾਰਾਣੀ ਸਾਹਿਬ ਦੇ ਹੁਕਮ ਅਨੁਸਾਰ ਹਰ ਇਕ ਸਰਦਾਰ ਨੇ ਆਪਣੇ ਆਪਣੇ ਵਿੱਤ ਅਨੁਸਾਰ ਸਰਦਾਰ ਜਵਾਹਰ ਸਿੰਘ ਨੂੰ ਨਜ਼ਰਾਂ ਵਿਖਾਈਆਂ ਅਤੇ ਮੁਲਤਾਨ ਕਸ਼ਮੀਰ ਤੇ ਪਸ਼ੌਰ ਦੇ ਨਾਜ਼ਮਾਂ ਦੇ ਇਲਾਕੇ ਦੇ ਸਭ ਛੋਟੇ ਵੱਡੇ ਕਾਰਦਾਰਾਂ ਦੇ ਨਾਮ ਪਰਵਾਨੇ ਲਿਖੇ ਗਏ ਕਿ ਸਰਕਾਰ ਨੇ ਵਜ਼ੀਰੀ ਸਰਦਾਰ ਜਵਾਹਰ ਸਿੰਘ ਨੂੰ ਦਿੱਤੀ ਹੈ। ਦੁਪਹਿਰ ਵੇਲੇ ਦਰਬਾਰ ਬਰਖਾਸਤ ਹੋ ਗਿਆ।

SIKHBOOKCLUB.COM

੫ ਜੇਠ—ਲਾਹੌਰ ਦੇ ਸਰਦਾਰ ਨੂੰ ਦੋ ਪਲਟਣਾਂ ਤੇ ਚਾਰ ਤੋਪਾਂ ਦੇ ਕੇ ਸਿਆਲਕੋਟ ਵੱਲ ਜਾਣ ਦਾ ਹੁਕਮ ਹੋ ਗਿਆ ਕਿ ਜਾ ਕੇ ਆਕੀ ਹੋਏ ਪਸ਼ੌਰਾ ਸਿੰਘ ਨੂੰ ਸਜ਼ਾ ਦੇਵੇ। ਸਰਕਾਰ ਵੱਲੋਂ ਇਸ ਸਰਦਾਰ ਨੂੰ ਪੰਜ ਤੰਬੂ, ਦੋ ਕਨਾਤਾਂ ਤੇ ਇਕ ਜਾਮਾ ਦਿੱਤਾ ਗਿਆ। ਇਹ ਇਕ ਦੋ ਦਿਨਾਂ ਵਿਚ ਇਥੋਂ ਤੁਰ ਪਊ।

ਇਕ ਸੁਨਿਆਰੇ ਨੇ ਕਾਲੀ ਜੀ ਦੇ ਮੰਦਰ ਵਿਚ ਆ ਕੇ ਆਪਣੀ ਜੀਭ ਵੱਢ ਕੇ ਚਾੜ੍ਹ ਦਿੱਤੀ ਤੇ ਦੁਪਹਿਰਾ ਤੀਕ ਮੰਦਰ ਦੇ ਸਾਹਮਣੇ ਬੇਸੁਧ ਪਿਆ ਰਿਹਾ। ਫਿਰ ਇਕ ਅੱਠ ਸਾਲ ਦੀ ਕੰਜਕਾ ਆਈ ਤੇ ਉਸ ਦੀ ਜ਼ਬਾਨ ਨਾਲ ਥੋਹੜਾ ਜਿਹਾ ਕੜਾਹ ਲਾ ਕੇ ਜ਼ਬਾਨ ਜੋੜ ਦਿੱਤੀ, ਜ਼ਬਾਨ ਜਿਉਂ ਦੀ ਤਿਉਂ ਹੋ ਗਈ। ਫਿਰ ਉਸ ਦੇਵੀ ਨੇ ਕਿਹਾ ਕਿ ਅੱਗੇ ਨੂੰ ਐਸਾ ਕੰਮ ਇਥੇ ਨਾ ਹੋਵੇ।

## ੪੫

# ਰਾਮ ਨਗਰ ਦੀ ਲੜਾਈ ਤੇ ਇਲਾਕੇ ਦੇ ਹੋਰ ਹਾਲ[1]

## (੧)

*[ਇਹ ਚਿੱਠੀ ਕਿਸੇ ਕਾਲਾ ਸਿੰਘ ਦੀ ਫੀਰੋਜ਼ਪੁਰ ਤੋਂ ਆਪਣੇ ਕਿਸੇ ਰਿਸ਼ਤੇਦਾਰ ਵੱਲ ਐਤਵਾਰ ਸੁਦੀ ਇਕਾਦਸ਼ੀ, ਸੰਮਤ ੧੯੦੫ ਬਿ. ਦੀ ਲਿਖੀ ਹੋਈ ਹੈ। —ਕਰਮ ਸਿੰਘ ]*

ਲਾਹੌਰ ਵਿਚ ਅੰਗਰੇਜ਼ਾਂ ਦੀ ਰਾਖੀ ਪੂਰੀ ਪੂਰੀ ਹੈ, ਸ਼ਹਿਰ ਦੇ ਦਰਵਾਜ਼ੇ ਬੰਦ ਰਹਿੰਦੇ ਹਨ। ਹਰ ਦਰਵਾਜ਼ੇ ਉਤੇ ਗੋਲਾ-ਬਾਰੂਦ ਇਕੱਠਾ ਕੀਤਾ ਹੋਇਆ ਹੈ। ਅੱਸੂ ਸੁਦੀ ਨੌਮੀ ਨੂੰ ਅਨਾਰਕਲੀ ਵਿਚ ਸਾਰੀ ਰਾਤ ਮਤਾਬ ਬਲਦੇ ਰਹੇ ਅਤੇ ਲਾਹੌਰ ਸ਼ਹਿਰ ਦੇ ਪੰਜ ਪੰਜ ਛੇ ਛੇ ਕੋਹ ਉਦਾਲੇ ਰੌਂਦ ਪਹਿਰਾ ਕਾਇਮ ਹੈ।

ਸੁਣਿਆ ਹੈ ਕਿ ਅੱਸੂ ਅਸ਼ਟਮੀ ਨੂੰ ਸਰਦਾਰ ਹਰੀ ਸਿੰਘ ਨਲੂਏ ਦੇ ਪੁੱਤਰ ਗੁੱਜਰਾਂਵਾਲੇ ਦੇ ਕਿਲ੍ਹੇ ਨੂੰ ਕਾਇਮ ਕਰ ਕੇ ਆਕੀ ਹੋ ਗਏ ਹਨ। ਅੱਸੂ ਸੁਦੀ ਦਸਵੀਂ ਨੂੰ ਤੀਜੇ ਪਹਿਰ ਚਾਰ ਪਲਟਣਾਂ ਤੇ ਬਾਰਾਂ ਅਹੁਦੇਦਾਰ ਸਾਹਿਬ ਲੋਕ ਕਿਲ੍ਹਾ ਸਰ ਕਰਨ ਤੇ ਆਕੀਆਂ ਨੂੰ ਸਜ਼ਾ ਦੇਣ ਲਈ ਗੁੱਜਰਾਂਵਾਲੇ ਗਏ ਹਨ। ਕਾਰੀ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਉਹਨਾਂ ਨੂੰ ਗ੍ਰਿਫਤਾਰ ਕਰ ਲਵੋ ਤੇ ਕਿਲ੍ਹੇ ਨੂੰ ਢਾਹ ਦੇਵੋ।

ਸੁਣਿਆ ਹੈ ਕਿ ਮਹਾਰਾਜਾ ਸ਼ੇਰ ਸਿੰਘ ਸਵਰਗਵਾਸੀ ਦੀ ਮਤੇਈ ਮਾਤਾ ਨੇ ਕਾਹਨੂੰਵਾਣ ਦੇ ਕਿਲ੍ਹੇ ਨੂੰ ਕਾਇਮ ਕਰ ਲਿਆ ਹੈ। ਪਹਿਲਾਂ ਇਹ ਬਟਾਲੇ ਦੇ ਕਿਲ੍ਹੇ ਵਿਚ ਰਹਿੰਦੇ ਸਨ, ਉਥੋਂ ਇਹਨਾਂ ਨੂੰ ਕੱਢ ਦਿੱਤਾ ਸੀ। ਸੁ ਇਹ ਹੁਣ ਨਵੀਂ ਫੌਜ ਰੱਖ ਰਹੇ ਹਨ ਤੇ ਭਰਤੀ ਜਾਰੀ ਹੈ।

ਲਾਲ ਸਿੰਘ ਮੁਰਾੜੀ ਵਾਲਾ, ਜਿਹੜਾ ਰੁਹਤਾਸ ਦੇ ਕਿਲ੍ਹੇ ਵਿਚ ਸੀ, ਉਹ ਫਿਰ ਗਿਆ ਹੈ ਤੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੇ ਡੇਰੇ ਨਾਲ ਰਲ ਗਿਆ ਹੈ ਤੇ ਕਿਲ੍ਹੇ ਰੁਹਤਾਸ ਉਤੇ ਉਸ ਦਾ ਕਬਜ਼ਾ ਕਰਵਾ ਦਿੱਤਾ ਹੈ। ਹੁਣ ਕਿਲ੍ਹਾ ਰੁਹਤਾਸ ਸਰਦਾਰ ਚਤਰ ਸਿੰਘ ਦੇ ਕਬਜ਼ੇ ਵਿਚ ਹੈ।

---

*੧ ਰਸਾਲਾ ਫੁਲਵਾੜੀ, ਅਗਸਤ ੧੯੩੧ ਈ:, ਸਫਾ ੭੩੫।*

 www.sikhbookclub.com

ਪਿਸ਼ਾਵਰ ਦੇ ਨਾਜ਼ਮ ਜਰਨੈਲ ਗੁਲਾਬ ਸਿੰਘ ਪੋਹੂਵਿੰਡੀਏ ਨੂੰ ਸਰਦਾਰ ਚਤਰ ਸਿੰਘ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਗੌਸੇ ਖਾਂ ਤੋਪਖਾਨੇ ਵਾਲੇ ਦਾ ਪੁੱਤਰ ਤੇ ਹੋਰ ਫੌਜ, ਜੋ ਗੁਲਾਬ ਸਿੰਘ ਪਾਸ ਸੀ, ਸਰਦਾਰ ਚਤਰ ਸਿੰਘ ਨਾਲ ਮਿਲ ਗਈ ਹੈ ਤੇ ਸਾਹਿਬ ਲੋਕਾਂ ਨੂੰ ਕੈਦ ਕਰ ਲਿਆ ਹੈ ਤੇ ਇਕ ਸਾਹਿਬ ਲੋਕ ਨੱਸ ਗਿਆ ਹੈ।

ਮਹਾਰਾਜਾ ਗੁਲਾਬ ਸਿੰਘ ਜੰਮੂ ਵਾਲੇ ਦੀਆਂ ਪਲਟਣਾਂ ਬੇ-ਦਿਲ ਤੇ ਗੁੱਸੇ ਹੋ ਗਈਆਂ ਹਨ ਅਤੇ ਆਪਣੇ ਇਕ ਕੁਮੇਦਾਨ ਨੂੰ ਮਾਰ ਕੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੀ ਫੌਜ ਨਾਲ ਰਲ ਗਈਆਂ ਹਨ।

ਸੁਣਿਆ ਹੈ ਕਿ ਸਰਦਾਰ ਚਤਰ ਸਿੰਘ ਨੇ ਮਹਾਰਾਜਾ ਗੁਲਾਬ ਸਿੰਘ ਜੰਮੂ ਵਾਲੇ ਨੂੰ ਲਿਖਿਆ ਸੀ ਕਿ ਤੁਸੀਂ ਸਵਰਗਵਾਸੀ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਦੇ ਪੁਰਾਣੇ ਵਜ਼ੀਰ ਹੋ, ਸੋਹਣੀ ਗੱਲ ਇਹ ਹੈ ਕਿ ਖਾਲਸਾ ਜੀ ਦੇ ਹਮਾਇਤੀ ਬਣੋ ਤੇ ਧਰਮ ਯੁੱਧ ਕਰੋ। ਸੁ ਇਸ ਕਰਕੇ ਮਹਾਰਾਜਾ ਸਾਹਿਬ ਨੇ ਆਪਣੀਆਂ ਗਿਆਰ੍ਹਾਂ ਪਲਟਣਾਂ ਸਰਦਾਰ ਚਤਰ ਸਿੰਘ ਦੀ ਸਹਾਇਤਾ ਲਈ ਘੱਲੀਆਂ ਹਨ। ਇਹ ਗੱਲ ਕੋਈ ਪੱਕੀ ਨਹੀਂ, ਐਵੇਂ ਲੋਕਾਂ ਦਾ ਹਵਾੜਾ ਜਾਪਦੀ ਹੈ।

ਅੱਸੂ ਸੁਦੀ ਅਸ਼ਟਮੀ ਤੋਂ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੀ ਫੌਜ ਦਰਿਆ ਜਿਹਲਮ ਨੂੰ ਲੰਘ ਕੇ ਲਾਹੌਰ ਵੱਲ ਵਧੀ ਆਉਂਦੀ ਹੈ। ਸਾਰੇ ਮਾਝੇ ਵਿਚ ਬੜਾ ਸ਼ੋਰ ਸ਼ਰਾਬਾ ਹੈ, ਮੌਲਵੀ ਰਜਬ ਅਲੀ[੨] ਨੇ ਆਪਣਾ ਸਾਰਾ ਅਸਬਾਬ ਤੇ ਰੁਪਿਆ ਪੈਸਾ, ਜੋ ਲਾਹੌਰ ਵਿਚ ਸੀ, ਹੱਲੇ ਦੇ ਡਰ ਤੋਂ ਸਾਰੇ ਦਾ ਸਾਰਾ ਆਪਣੇ ਘਰ ਜਗਰਾਵਾਂ ਨੂੰ ਘੱਲ ਦਿੱਤਾ ਹੈ ਤੇ ਆਪਣੇ ਕੋਲ ਕੁਝ ਨਹੀਂ ਰੱਖਿਆ।

ਅਰਜਨ ਸਿੰਘ ਰੰਘੜ ਨੰਗਲੀਏ ਨੇ ਆਪਣੇ ਕਿਲ੍ਹੇ ਨੂੰ ਕਾਇਮ ਕਰ ਲਿਆ ਸੀ। ਇਹ ਸੁਣ ਕੇ ਸਾਹਿਬਾਂ ਨੇ ਕਿਲ੍ਹਾ ਖਾਲੀ ਕਰਵਾਉਣ ਲਈ ਫੌਜ ਘੱਲੀ। ਸਰਦਾਰ ਨੇ ਕਿਲ੍ਹਾ ਖਾਲੀ ਨਾ ਕੀਤਾ ਤੇ ਫੌਜ ਨੂੰ ਕਿਲ੍ਹੇ ਤੋਂ ਪਿੱਛੇ ਹਟਾ ਦਿੱਤਾ।

ਸੁਣਿਆ ਹੈ ਕਿ ਸਰਦਾਰ ਚਤਰ ਸਿੰਘ ਦਾ ਖੁਫੀਆ ਅਖਬਾਰ ਨਵੀਸ ਫੀਰੋਜ਼ਪੁਰ ਰਹਿੰਦਾ ਹੈ ਤੇ ਇਧਰ ਦੇ ਹਾਲ ਲਿਖ ਲਿਖ ਕੇ ਆਪਣੇ ਮਾਲਕ ਵੱਲ ਘੱਲਦਾ ਹੈ, ਪਰ ਪਤਾ ਨਹੀਂ ਲੱਗਦਾ ਕਿ ਕਿੱਥੇ ਰਹਿੰਦਾ ਹੈ।

## (੨)

*[ਇਹ ਰੁੱਕਾ ਮੁਨਸ਼ੀ ਸੱਯਦ ਰੁਸਤਮ ਅਲੀ ਦਾ ਲਿਖਿਆ ਹੋਇਆ ਹੈ, ਤਰੀਕ ਕੋਈ ਨਹੀਂ। —ਕਰਮ ਸਿੰਘ ]*

ਪਿਸ਼ਾਵਰ ਵਿਚ ਜੰਗ ਹੋਇਆ ਤੇ ਸਿੰਘ ਜਿੱਤ ਗਏ ਅਤੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ। ਜਾਹਨ ਲਾਰੰਸ ਸਾਹਿਬ ਬਹਾਦਰ ਉਥੋਂ ਨੱਸ ਕੇ ਕੋਹਾਟ ਨੂੰ ਚਲੇ ਗਏ

*੨ ਇਹ ਰੈਜ਼ੀਡੰਟ ਲਾਹੌਰ ਦਾ ਮੀਰ ਮੁਨਸ਼ੀ ਸੀ।*

ਸਨ। ਸੁਣਿਆ ਹੈ ਕਿ ਰਾਤੀਂ ਬੜੀ ਮੁਸ਼ਕਲ ਨਾਲ ਲਾਹੌਰ ਅੱਪੜ ਪਏ ਹਨ। ਐਬਟ ਸਾਹਿਬ ਵੀ ਫੜੇ ਗਏ ਹਨ ਤੇ ਉਹਨਾਂ ਦੀ ਫੌਜ ਸਿੰਘਾਂ ਨਾਲ ਰਲ ਗਈ ਹੈ। ਮੁਲਤਾਨ ਵਿਚ ਪਹਿਲੀ ਨਵੰਬਰ ਤੋਂ ਲੜਾਈ ਸ਼ੁਰੂ ਹੈ, ਜੰਮ ਕੇ ਤਾਂ ਨਹੀਂ, ਪਰ ਵਾੜਾਂ ਝਾੜਾਂ ਦੀ ਲੜਾਈ ਹੈ, ਹਰ ਰੋਜ਼ ਲੋਕੀਂ ਮਰਦੇ ਤੇ ਜ਼ਖ਼ਮੀ ਹੁੰਦੇ ਹਨ। ਲੋਕਾਂ ਦੀ ਜ਼ਬਾਨੀ ਸੁਣਿਆ ਹੈ ਕਿ ਏਮਨਾਬਾਦ ਵਿਚ ਵੀ ਲੜਾਈ ਹੋਈ ਹੈ ਤੇ ਜਿੱਤ ਸਿੰਘਾਂ ਦੀ ਹੋਈ ਹੈ। ਅੱਗੇ ਨੂੰ ਵੇਖੀਏ, ਕੌਣ ਜਿੱਤਦਾ ਤੇ ਕੌਣ ਹਾਰਦਾ ਹੈ ! ਰੱਬ ਨਾ ਕਰੇ ਜੇਕਰ ਸਿੰਘ ਲਾਹੌਰ ਆ ਵੜੇ ਤਾਂ ਸਭ ਲੁਕਾਈ ਨੂੰ ਤਬਾਹ ਕਰ ਦੇਣਗੇ।

## (੩)

*[ਇਹ ਕਿਸੇ ਦੀ ੧੦ ਨਵੰਬਰ ੧੮੪੮ ਈ: ਦੀ ਲਿਖੀ ਹੋਈ ਚਿੱਠੀ ਹੈ, ਜੋ ਝਾਂਗਾਂ ਮੱਲ ਦੇ ਨਾਮ ਹੈ, ਲਿਖਣ ਵਾਲੇ ਦਾ ਕੁਝ ਪਤਾ ਨਹੀਂ —ਕਰਮ ਸਿੰਘ ]*

ਮੁਲਤਾਨ ਦੀ ਖ਼ਬਰ ਇਸ ਤਰ੍ਹਾਂ ਸੁਣੀ ਹੈ ਕਿ ਨਵੰਬਰ ਦੀ ੭ ਤਰੀਕ ਤੀਕ ਦੋਹਾਂ ਪਾਸਿਆਂ ਦੇ ਮੋਰਚੇ ਕਾਇਮ ਹਨ ਅਤੇ ਦੋਹਾਂ ਪਾਸਿਆਂ ਤੋਂ ਦਿਨੇ ਰਾਤ ਤੋਪਾਂ, ਬੰਦੂਕਾਂ ਚੱਲਦੀਆਂ ਹਨ। ਪਿਛਲੇ ਕੁਝ ਦਿਨਾਂ ਵਿਚ ਮੂਲ ਰਾਜ ਦੀ ਫੌਜ ਦੇ ਤਿੰਨ ਸੌ ਆਦਮੀ ਮਾਰੇ ਗਏ ਹਨ ਤੇ ਇਤਨੇ ਹੀ ਜ਼ਖ਼ਮੀ ਹੋਏ ਹਨ। ਦਸੌਂਧੀ ਅਫਸਰ ਤੇ ਮੀਹਾਂ ਸਿੰਘ ਮਾਰੇ ਗਏ ਹਨ ਅਤੇ ਵੱਡਾ ਅਫਸਰ ਦੀਦਾਰ ਸਿੰਘ ਤੇ ਜਮੇਂਦਾਰ ਲਾਲ ਸਿੰਘ ਫੱਟੜ ਹੋਏ ਹਨ, ਪਰ ਮੋਰਚੇ ਦੋਹਾਂ ਪਾਸਿਆਂ ਦੇ ਕਾਇਮ ਹਨ ਤੇ ਖ਼ੂਬ ਲੜਾਈ ਹੁੰਦੀ ਹੈ।

ਅੰਗਰੇਜ਼ੀ ਲਸ਼ਕਰ ਦਾ ਇਹ ਹਾਲ ਹੈ ਕਿ ਕਪਤਾਨ ਮੂਰ ਸਾਹਿਬ ਗੋਲੀ ਲੱਗਣ ਕਰ ਕੇ ਫੱਟੜ ਹੋ ਗਏ ਹਨ ਤੇ ਵੀਹ ਗੋਰੇ ਜ਼ਖ਼ਮੀ ਹੋਏ ਹਨ ਤੇ ਪਲਟਣ...ਵਿਚੋਂ ਦਸ ਬਾਰ੍ਹਾਂ ਜ਼ਖ਼ਮੀ ਹੋਏ ਹਨ ਤੇ ਇਸ ਪਲਟਣ ਦਾ ਜਮੇਂਦਾਰ ਵੀ ਜ਼ਖ਼ਮੀ ਹੋਇਆ ਹੈ। ਸ਼ੇਖ ਇਮਾਮ ਦੀਨ, ਕੋਰਟ ਲੈਂਡ ਸਾਹਿਬ ਤੇ ਜਵਾਹਰ ਮੱਲ ਦੱਤ ਤੇ ਡੇਰਿਆਂ ਦੇ ਬਹੁਤ ਆਦਮੀ ਮੋਏ ਹਨ, ਕਿਉਂ ਜੁ ਇਹਨਾਂ ਦੇ ਮੋਰਚੇ ਬਹੁਤ ਲਾਗੇ ਹਨ ਤੇ ਐਡਵਾਰਡ ਸਾਹਿਬ ਦੇ ਡੇਰੇ ਦੇ ਵੀ ਬਹੁਤ ਆਦਮੀ ਮੋਏ ਹਨ।

## (੪)

*[ਇਸ ਚਿੱਠੀ ਉੱਤੇ ਨਾ ਕੋਈ ਤਰੀਕ ਹੈ, ਤੇ ਨਾ ਹੀ ਲਿਖਣ ਵਾਲੇ ਦਾ ਕੁਝ ਪਤਾ ਚੱਲਦਾ ਹੈ। —ਕਰਮ ਸਿੰਘ ]*

ਪਤਾ ਲੱਗਾ ਹੈ ਕਿ ਦਵਾਬੇ ਦੀ ਕੰਢੀ ਵਿਚ ਊਨਾ ਸਾਹਿਬ ਦੀ ਗਿਰਦ-ਨਵਾਹੀ ਵਿਚ ਬਾਬਾ ਬਿਕਰਮ ਸਿੰਘ ਬੇਦੀ ਨੇ ਪੰਝੀ ਕੁ ਹਜ਼ਾਰ ਫੌਜ ਧਰਮ ਯੁੱਧ ਲਈ ਇਕੱਠੀ ਕੀਤੀ ਹੈ ਤੇ ਸ਼ੋਰ-ਸ਼ਰਾਬਾ ਪਾ ਦਿੱਤਾ ਹੈ, ਬਲਕਨ ਕੁਝ ਥਾਵਾਂ ਉਤੇ


www.sikhbookclub.com

ਕਬਜ਼ਾ ਵੀ ਕਰ ਲਿਆ ਹੈ ਅਤੇ ਸਰਦਾਰ ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਦੀ ਲਿਖਤ ਦਵਾਬੇ ਦੇ ਸਭ ਜਗੀਰਦਾਰਾਂ ਤੇ ਪਹਾੜੀ ਰਾਜਿਆਂ ਦੇ ਨਾਮ ਪੁੱਜੀ ਹੈ ਕਿ ਤੁਸਾਂ ਨੂੰ ਆਪਣੇ ਆਪਣੇ ਧਰਮ ਦੀ ਸੁਗੰਧ ਹੈ ਕਿ ਬਾਬਾ ਬਿਕਰਮ ਸਿੰਘ ਦੇ ਨਾਲ ਹੋ ਕੇ ਸਾਰੇ ਦਵਾਬੇ ਨੂੰ ਛੁੜਾ ਲਵੋ ਅਤੇ ਜਿਥੇ ਕੋਈ ਅੰਗਰੇਜ਼ ਮਾਲੂਮ ਹੋਵੇ, ਲੜਾਈ ਕਰ ਕੇ ਭਾਵੇਂ ਐਵੇਂ ਹੀ ਮਾਰ ਦੇਵੋ। ਸਰਕਾਰ ਖਾਲਸਾ ਜੀ ਵੱਲੋਂ ਪੁਰਾਣੀਆਂ ਜਗੀਰਾਂ ਮਿਲ ਜਾਣਗੀਆਂ। ਪਰ ਜੇ ਇਹ ਸਿੱਧ ਹੋ ਗਿਆ ਕਿ ਤੁਸੀਂ ਖਾਲਸਾ ਜੀ ਨਾਲ ਨਹੀਂ ਰਲੇ ਤੇ ਅੰਗਰੇਜ਼ਾਂ ਨਾਲ ਰਸਾਈ ਰੱਖਦੇ ਰਹੇ ਹੋ ਤਾਂ ਤੁਸਾਨੂੰ ਵੀ ਖਾਲਸਾ ਜੀ ਦੇ ਦੁਸ਼ਮਣ ਸਮਝਿਆ ਜਾਵੇਗਾ ਤੇ ਅੰਗਰੇਜ਼ਾਂ ਵਾਂਗ ਅਜਿਹੀ ਸਜ਼ਾ ਦਿੱਤੀ ਜਾਵੇਗੀ ਕਿ ਸਾਰੀ ਉਮਰ ਚੇਤੇ ਰੱਖੋਗੇ।

## (੫)

*[ਇਹ ਮੱਘਰ ਸੁਦੀ ੧੪, ਸੰਮਤ ੧੯੦੫ ਬਿਕ੍ਰਮੀ ਦੀ ਲਾਹੌਰ ਦਰਬਾਰ ਦੀ ਕਾਰਵਾਈ ਦੀ ਨਕਲ ਹੈ। —ਕਰਮ ਸਿੰਘ ]*

ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨਿਮਕ-ਹਰਾਮ ਦੇ ਡੇਰੇ ਦੀ ਖ਼ਬਰ ਹੈ ਕਿ ਉਹ ਆਪਣੀ ਕੁਝ ਫੌਜ ਲੈ ਕੇ ਹਜ਼ਾਰਿਓਂ ਪਿਸ਼ਾਵਰ ਪੁੱਜਾ ਤੇ ਪਿਸ਼ਾਵਰ ਦੀ ਫੌਜ ਨੂੰ ਸਣੇ ਤਈ ਤੋਪਾਂ ਦੇ ਪਿਸ਼ਾਵਰ ਜੇਹਲਮ ਵੱਲ ਤੋਰ ਦਿੱਤਾ ਤੇ ਸਰਦਾਰ ਨਿਮਕ-ਹਰਾਮ ਆਪ ਉਥੇ ਸੁਲਤਾਨ ਮੁਹੰਮਦ ਖਾਂ ਆਦਿ ਬਾਰਕਜ਼ਈ ਸਰਦਾਰਾਂ ਨਾਲ ਗੰਢ-ਤੁੱਪ ਕਰਦਾ ਰਿਹਾ ਤੇ ਸਰਦਾਰ ਪੀਰ ਮੁਹੰਮਦ ਖਾਂ ਨਾਲ ਇਸ ਭਾਵ ਦੀ ਲਿਖਤ ਕੀਤੀ ਕਿ ਪਿਸ਼ਾਵਰ ਦਾ ਮੁਲਕ ਅਟਕ ਤੀਕ ਸਰਦਾਰ ਸੁਲਤਾਨ ਮੁਹੰਮਦ ਖਾਂ ਪਾਸ ਰਹੇ ਤੇ ਇਸ ਮੁਲਕ ਬਦਲੇ ਇਹ ਤਿੰਨ ਹਜ਼ਾਰ ਫੌਜ ਸਦਾ ਸਰਕਾਰ ਖਾਲਸਾ ਜੀ ਦੀ ਨੌਕਰੀ ਵਿਚ ਰੱਖਿਆ ਕਰੇ ਤੇ ਹੁਣ ਵੀਹ ਹਜ਼ਾਰ ਫੌਜ ਮੇਰੀ ਮੱਦਦ ਲਈ ਦੇਵੇ ਤੇ ਮੇਜਰ ਜਾਰਜ ਲਾਰੰਸ ਸਾਹਿਬ ਬਹਾਦਰ ਸਣੇ ਆਪਣੀ ਮੇਮ ਦੇ ਤੇ ਦੂਜੇ ਦੋ ਤਿੰਨ ਅੰਗਰੇਜ਼ ਜੋ ਕੋਹਾਟ ਵਿਚ ਹਨ, ਉਨ੍ਹਾਂ ਦੀਆਂ ਬਾਹਵਾਂ ਮੈਨੂੰ ਦੇ ਦੇਵੇ। ਬਾਰਕਜ਼ਈ ਸਰਦਾਰਾਂ, ਅਰਥਾਤ ਪੀਰ ਮੁਹੰਮਦ ਖਾਂ, ਸਰਦਾਰ ਮੁਲਤਾਨ ਮੁਹੰਮਦ ਖਾਂ ਤੇ ਸਰਦਾਰ ਸੱਯਦ ਮੁਹੰਮਦ ਖਾਂ ਨੇ ਆਪੋ ਵਿਚ ਸਲਾਹ ਕੀਤੀ ਅਤੇ ਚਤਰ ਸਿੰਘ ਨੇ ਇਹਨਾਂ ਦੀ ਮਾਰਫਤ ਅਮੀਰ ਦੋਸਤ ਮੁਹੰਮਦ ਖਾਂ ਬਾਰਕਜ਼ਈ ਰਈਸ ਕਾਬਲ ਨੂੰ ਲਿਖਿਆ ਕਿ ਮੇਰੀ ਮਦਦ ਕਰੋ। ਕਿਲ੍ਹਾ ਅਟਕ ਅਜੇ ਤੀਕ ਅੱਗੇ ਵਾਂਗ ਕਾਇਮ ਹੈ।

ਰੈਜ਼ੀਡੈਂਟ ਲਾਹੌਰ ਦੇ ਅਸਿਸਟੈਂਟ ਨਿਕਲਸਨ ਸਾਹਿਬ ਬਹਾਦਰ ਦੇ ਡੇਰੇ ਦੀ ਖ਼ਬਰ ਹੈ ਕਿ ਬਖਸ਼ੀ ਜਵਾਹਰ ਮੱਲ ਤੇ ਸਰਦਾਰ ਲਾਲ ਸਿੰਘ ਮੁਰਾੜੀ ਵਾਲਾ ਆਦਿ ਸੱਤ ਹਜ਼ਾਰ ਫੌਜ ਸਣੇ ਝਨਾਓਂ ਇਸ ਪਾਰ ਰਾਮ ਨਗਰ ਪਾਸ ਉਤਰੇ ਹੋਏ ਸਨ ਤੇ

ਪਰਸੋਂ ਅੰਗਰੇਜ਼ੀ ਫੌਜ ਦੇ ਖੌਫ ਕਰਕੇ ਇਹ ਝਨਾਓਂ ਪਰਲੇ ਪਾਰ ਹੋ ਗਏ ਸਨ। ਕਲ੍ਹ ਫੇਰ ਇਹ ਆਪਣੀ ਫੌਜ ਸਣੇ ਰਾਮ ਨਗਰ ਦੇ ਪੱਤਣੋਂ ਝਨਾਓਂ ਇਸ ਪਾਰ ਆ ਗਏ ਅਤੇ ਜਰਨੈਲ ਸਾਹਿਬ ਬਹਾਦਰ ਦੀ ਫੌਜ ਰਾਮ ਨਗਰੋਂ ਤਿੰਨ ਕੋਹ ਅਕਾਲ ਗੜ੍ਹ ਪਾਸ ਸੁਬਹਾਰਨ ਪਿੰਡ ਉਤਰੀ ਹੋਈ ਹੈ।

ਸ਼ੇਰ ਸਿਘ ਨਿਮਕ-ਹਰਾਮ ਦਾ ਮੁਰਾਸਲਾ ਕਪਤਾਨ ਨਿਕਲਸਨ ਸਾਹਿਬ ਬਹਾਦਰ ਦੇ ਨਾਮ ਆਇਆ ਸੀ ਕਿ ਖਾਲਸਾ ਜੀ ਦਾ ਡੇਰਾ ਝਨਾਓਂ ਸੱਜੇ ਪਾਸੇ ਉਤਰਿਆ ਹੋਇਆ ਹੈ ਅਤੇ ਮੇਰੇ ਪਿਤਾ ਸ: ਚਤਰ ਸਿੰਘ ਦਾ ਲਿਖਿਆ ਵਾਰ ਵਾਰ ਮੇਰੇ ਪਾਸ ਆਉਂਦਾ ਹੈ ਕਿ ਮੇਰੇ ਆਉਣ ਤੀਕ ਅੰਗਰੇਜ਼ੀ ਫੌਜ ਨਾਲ ਲੜਾਈ ਨਹੀਂ ਕਰਨੀ, ਸੋ ਮੈਂ ਇਸੇ ਲਿਹਾਜ਼ ਕਰਕੇ ਆਪਣੇ ਪਿਤਾ ਦੇ ਆਉਣ ਦੀ ਉਡੀਕ ਕਰ ਰਿਹਾ ਹਾਂ। ਕਪਤਾਨ ਸਾਹਿਬ ਨੇ ਮੁਰਾਸਲਾ ਆਪਣੀ ਚਿੱਠੀ ਸਣੇ ਰੈਜ਼ੀਡੰਟ ਸਾਹਿਬ ਪਾਸ ਭੇਜ ਦਿੱਤਾ ਹੈ।

ਗਰਮੂਲੇ ਦੇ ਕਾਰਦਾਰ ਹਰਦਿਆਲ ਦੀ ਅਰਜ਼ੀ ਆਈ ਕਿ ਮਹਾਰਾਜਾ ਖੜਕ ਸਿੰਘ ਸਾਹਿਬ ਦੇ ਸਾਲੇ ਸਰਦਾਰ ਗੁਰਦਿੱਤ ਸਿੰਘ ਕਲਾਲ ਵਾਲੀਏ ਦੇ ਸਵਾਰ ਇਸ ਇਲਾਕੇ ਵਿਚ ਆ ਕੇ ਫਸਾਦ ਕਰ ਰਹੇ ਹਨ, ਇਹਨਾਂ ਜ਼ੱਫਰਵਾਲ ਦੇ ਇਲਾਕੇ ਦੇ ਕਿਲ੍ਹਾ ਜਸਾਲ ਉਤੇ ਹੱਲਾ ਕਰ ਦਿੱਤਾ, ਇਸ ਲੜਾਈ ਵਿਚ ਜੱਫਰਵਾਲ ਦੇ ਕਾਰਦਾਰ ਗੋਬਿੰਦ ਜਸ ਦਾ ਖੱਬਾ ਹੱਥ ਵੱਢਿਆ ਗਿਆ।

ਬੰਨੂ ਟਾਂਕ ਦੀਆਂ ਫੌਜਾਂ ਰਾਜਾ ਸ਼ੇਰ ਸਿੰਘ ਨਿਮਕ-ਹਰਾਮ ਨਾਲ ਆ ਮਿਲੀਆਂ ਹਨ, ਪਰ ਨਿਮਕ-ਹਰਾਮ ਆਪਣੇ ਪਿਤਾ ਸਰਦਾਰ ਚਤਰ ਸਿੰਘ ਦੇ ਆਉਣ ਦੀ ਉਡੀਕ ਕਰ ਰਿਹਾ ਹੈ।

ਦੀਵਾਨ ਮੂਲ ਰਾਜ ਨਿਮਕ-ਹਰਾਮ ਦੇ ਭਤੀਜੇ ਵਜ਼ੀਰ ਚੰਦ ਨੇ ਅਰਜ਼ ਕੀਤੀ ਕਿ ਕਪਤਾਨ ਨਿਕਲਸਨ ਸਾਹਿਬ ਨੇ ਅਕਾਲ ਗੜ੍ਹ ਦਾ ਪ੍ਰਬੰਧ ਕਰ ਕੇ ਦੀਵਾਨ ਮੂਲ ਰਾਜ ਦੇ ਛੋਟੇ ਭਰਾ ਕਰਮ ਨਰੈਣ ਦੇ ਘਰ ਤੇ ਤਬੇਲੇ ਦੀ ਜ਼ਬਤੀ ਕੀਤੀ ਹੈ ਤੇ ਕਰਮ ਨਰੈਣ ਦੇ ਤਬੇਲੇ ਵਿਚੋਂ ਬਹੁਤ ਸਾਰਾ ਮੇਰਾ ਅਸਬਾਬ ਵੀ ਜ਼ਬਤ ਕਰ ਲਿਆ ਹੈ। ਕਪਤਾਨ ਸਾਹਿਬ ਨੇ ਅਕਾਲ ਗੜ੍ਹ ਦੇ ਪੰਚਾਂ ਨੂੰ ਕੈਦ ਕਰ ਲਿਆ ਹੈ ਕਿ ਉਹ ਰਾਜਾ ਸ਼ੇਰ ਸਿੰਘ ਦੇ ਨਾਲ ਰਲੇ ਹੋਏ ਹਨ, ਪਰ ਪੰਚ ਅਸਲੋਂ ਬੇਕਸੂਰ ਹਨ।

## (੬)

*[ਇਹ 'ਅਖ਼ਬਾਰ ਤਾਜ਼ਾ' ਦੀਆਂ ਖ਼ਬਰਾਂ ਦਾ ਸੰਖੇਪ ਹੈ। ਇਸ ਅਖ਼ਬਾਰ ਵਿਚ ਹੈਦਰਾਬਾਦ, ਕਲਕੱਤਾ, ਬੰਬਈ, ਗਵਾਲੀਅਰ, ਜੈਪੁਰ ਆਦਿ ਦੀਆਂ ਖ਼ਬਰਾਂ ਵੀ ਸਨ, ਪਰ ਮੈਂ ਇਥੇ ਕੇਵਲ ਪੰਜਾਬ ਦੀਆਂ ਖ਼ਬਰਾਂ ਹੀ ਦੇਂਦਾ ਹਾਂ। ਇਸ ਵਿਚ ਜੋ ਤਰੀਕਾਂ ਦਿੱਤੀਆਂ ਹਨ, ਇਹ ਨਵੰਬਰ ਦੇ ਮਹੀਨੇ ਦੀਆਂ ਹਨ। - ਕਰਮ ਸਿੰਘ ]*

 www.sikhbookclub.com

ਸਰਦਾਰ ਚਤਰ ਸਿੰਘ ਅਟਾਰੀ ਵਾਲੇ ਨੇ ਪਿਸ਼ਾਵਰ ਦਾ ਕਿਲ੍ਹਾ ਸਰਦਾਰ ਸੁਲਤਾਨ ਮੁਹੰਮਦ ਖਾਂ ਕਾਬਲੀ ਨੂੰ ਦੇ ਦਿੱਤਾ ਹੈ ਅਤੇ ਗੁਲਾਬ ਸਿੰਘ ਪੋਹੂਵਿੰਡੀਏ ਤੇ ਜਰਨੈਲ ਅਲਾਹੀ ਬਖਸ਼ ਨੂੰ ਕੈਦ ਕਰ ਲਿਆ ਹੈ ਤੇ ਪਿਸ਼ਾਵਰ ਦਾ ਤੋਪਖਾਨਾ ਤੇ ਇਕ ਹਜ਼ਾਰ ਸਿੱਖਾਂ ਨੂੰ ਅਟਕ ਦੇ ਕਿਲ੍ਹੇ ਵਿਚ ਰੱਖ ਕੇ ਆਪ ਐਬਟ ਸਾਹਿਬ ਦੇ ਮੁਕਾਬਲੇ ਲਈ ਗਿਆ ਹੈ। ਇਸ ਨੇ ਕਾਬਲੋਂ ਸਰਦਾਰ ਦੋਸਤ ਮੁਹੰਮਦ ਖਾਂ ਤੇ ਉਸ ਦੇ ਪੁੱਤਰਾਂ ਨੂੰ ਸੱਦਿਆ ਸੀ। ਖ਼ਬਰ ਹੈ ਕਿ ਇਸ ਮਹੀਨੇ ਦੀ ੨੪ ਤਰੀਕ ਆ ਗਏ ਹੋਣਗੇ।

ਮੇਜਰ ਲਾਰੰਸ ਸਾਹਿਬ ਤੇ ਲਫਟੰਟ ਲੂਈ ਸਾਹਿਬ ਅਤੇ ਇਹਨਾਂ ਦੀਆਂ ਮੇਮਾਂ ਨੂੰ ਲਿਆਉਣ ਵਾਸਤੇ ਸਿੱਖ ਕੋਹਾਟ ਨੂੰ ਤੁਰ ਗਏ ਹਨ। ਖ਼ਿਆਲ ਹੈ ਕਿ ਪਿਸ਼ਾਵਰ ਲੈ ਆਏ ਹੋਣਗੇ ਅਤੇ ਸਰਦਾਰ ਸੁਲਤਾਨ ਮੁਹੰਮਦ ਖਾਂ ਨੇ ਅਹਿਦ ਕੀਤਾ ਹੈ ਕਿ ਸਾਹਿਬਾਂ ਨੂੰ ਦੁੱਖ ਨਾ ਦਿੱਤਾ ਜਾਵੇ, ਪਰ ਕੈਦ ਵਿਚ ਰੱਖੇ।

ਰਾਜਾ ਗੁਲਾਬ ਸਿੰਘ ਜੰਮੂ ਵਾਲੇ ਨੇ ਚਤਰ ਸਿੰਘ ਦੇ ਵਕੀਲ ਹੀਰਾ ਨੰਦ ਨੂੰ ਕੈਦ ਕਰ ਲਿਆ ਹੈ ਤੇ ਇਸ ਗੱਲ ਦੀ ਖਬਰ ਕਾਰੀ ਸਾਹਿਬ ਪਾਸ ਪੁਚਾ ਦਿੱਤੀ ਹੈ ਅਤੇ ਆਪਣੀਆਂ ਬਾਰਾਂ ਪਲਟਣਾਂ ਮਨੌਰੇ ਉਤਾਰ ਦਿੱਤੀਆਂ ਹਨ।

ਰਾਮ ਸਿੰਘ ਛਾਪੇ ਵਾਲਾ ਸੱਤ ਪਲਟਣਾਂ ਤੇ ਬਾਰਾਂ ਤੋਪਾਂ ਸਣੇ ਆ ਕੇ ਸ: ਸ਼ੇਰ ਸਿੰਘ ਨਾਲ ਮਿਲ ਗਿਆ ਹੈ ਅਤੇ ਦੋ ਪਲਟਣਾਂ ਤੇ ਤੋਪਾਂ ਦੀਵਾਨ ਮੂਲ ਰਾਜ ਵੱਲ ਘੱਲ ਦਿੱਤੀਆਂ ਹਨ। ਰਾਮ ਸਿੰਘ ਦੇ ਆਉਣ ਨਾਲ ਸਾਰੇ ਬੜੇ ਖੁਸ਼ ਹੋਏ ਹਨ ਤੇ ਤਕੜੇ ਹੋ ਗਏ ਹਨ।

ਸ: ਮੰਗਲ ਸਿੰਘ ਤੇ ਕਿਸ਼ਨ ਕੌਰ ਵੀ ਵਜ਼ੀਰਾਬਾਦ ਆ ਕੇ ਰਲ ਗਏ ਹਨ ਅਤੇ ਲਾਲ ਸਿੰਘ ਮੁਰਾੜੀਆ, ਅਰਜਨ ਸਿੰਘ ਤੇ ਜਵਾਹਰ ਸਿੰਘ ਵੀ ਆ ਰਲੇ ਹਨ। ਸ਼ੇਰ ਸਿੰਘ ਹਰ ਰੋਜ਼ ਜਲੰਧਰ ਤੇ ਗੁਲਾਬ ਸਿੰਘ ਦੀ ਫੌਜ ਨੂੰ ਵਰਗਲਾਉਂਦਾ ਹੈ, ਅਤੇ ਝਨਾਓਂ ਪਾਰਲੇ ਪਾਸੇ ਵੱਲ ਹਜ਼ਾਰਾਂ ਸਿੱਖ ਨਜ਼ਰ ਆਉਂਦੇ ਹਨ, ਜਿਨ੍ਹਾਂ ਦਾ ਕੋਈ ਹੱਦ ਹਿਸਾਬ ਹੀ ਨਹੀਂ। ਪਤਾ ਨਹੀਂ, ਮਾਲਕ ਦੀ ਕੀ ਮਰਜ਼ੀ ਹੈ !

੧੮ ਤਰੀਕ ਨੂੰ ਲਾਟ ਸਿੱਪਾਹ ਸਲਾਰ ਬਹਾਦਰ ਕੋਰਟਨ ਸਾਹਿਬ ਦੇ ਲਸ਼ਕਰ ਵਿਚ ਦਾਖ਼ਲ ਹੋਏ ਸਨ ਤੇ ਜਰਨੈਲ ਮਕਲੀਨ ਸਾਹਿਬ ਪੁੱਜ ਪਏ ਹਨ। ਤਿੰਨ ਕੰਪੂ ਬਣੇ ਹਨ ੩

੨੨ ਤਰੀਕ ਨੂੰ ਜਰਨੈਲ ਕੋਰਟਨ ਸਾਹਿਬ ਫੌਜ ਦਾ ਇਕ ਕੰਪੂ ਲੈ ਕੇ ਦੁਸ਼ਮਣ ਵੱਲ ਵਧੇ ਸਨ। ਪਹਿਲਾਂ ਤਾਂ ਦੁਸ਼ਮਣ ਵਧਿਆ, ਪਰ ਫੌਜ ਨੂੰ ਵੇਖ ਕੇ ਨੱਸ ਖਲੋਤਾ। ਅੰਗਰੇਜ਼ ਬਹਾਦਰ ਤੇ ਸਾਰੀ ਫੌਜ ਉਹਨਾਂ ਦੇ ਮਗਰ ਗਏ। ਓਸੇ ਵੇਲੇ ਸਾਰੇ

---

*੩ ਇਹ ਰਾਮ ਨਗਰ ਦੀ ਲੜਾਈ ਦਾ ਹਾਲ ਹੈ।*

ਅਫਸਰ ਜੋਸ਼ ਵਿਚ ਆਏ ਹੋਏ ਫੌਜ ਦੇ ਅੱਗੇ ਅੱਗੇ ਸਨ ਕਿ ਅਚਨਚੇਤ ਆਪਣੀ ਘਾਤ ਦੇ ਟਿੱਲਿਆਂ ਵਿਚੋਂ ਦੁਸ਼ਮਣ ਨਿਕਲ ਆਇਆ। ਉਹਨਾਂ ਪਹਿਲਾਂ ਬੰਦੂਕਾਂ ਸਰ ਕੀਤੀਆਂ। ਫੇਰ ਤਲਵਾਰ ਧੂਹ ਕੇ ਆ ਪਏ। ਸਰਕਾਰੀ ਤੋਪਾਂ ਜਿਲ੍ਹਣ ਵਿਚ ਫਸ ਗਈਆਂ, ਇਸ ਲਈ ਕੰਮ ਨਾ ਦੇ ਸਕੀਆਂ। ਭੰਗਾ ਸਿੰਘ ਤੇ ਜਰਨੈਲ ਸਾਹਿਬ ਤੇ ਮਲੋਕ ਸਾਹਿਬ ਦਾ ਸਿਰ ਵੱਢ ਲਿਆ ਤੇ ਜਰਨੈਲ ਕੋਸਲ ਸਾਹਿਬ ਨੂੰ ਭਾਰੀ ਜ਼ਖ਼ਮ ਲੱਗਾ ਤੇ ਕਪਤਾਨ ਹੋਮ ਸਾਹਿਬ ਅਤੇ ਨੌਂ ਦਸ ਹੋਰ ਕਪਤਾਨ ਤੇ ਦਸ ਲਫਟੈਨ ਤੇ ਚਾਰ ਮੇਜਰ ਤੇ ਬਹੁਤ ਸਾਰੇ ਸਾਹਿਬ ਮਾਰੇ ਗਏ ਤੇ ਫੱਟੜ ਹੋਏ। ਨੁਕਸਾਨ ਬਹੁਤ ਹੋਇਆ। ਅਫਸਰਾਂ ਦੇ ਮਾਰੇ ਜਾਣ ਕਰਕੇ ਸਾਰੀ ਫੌਜ ਉਦਾਸ ਤੇ ਬੇ-ਦਿਲ ਹੋ ਗਈ ਅਤੇ ਭਾਵੇਂ ਬਥੇਰੀ ਬਹਾਦਰੀ ਕੀਤੀ, ਪਰ ਕਿਸੇ ਅਰਥ ਨਾ ਆਈ। ਕਹਿੰਦੇ ਹਨ ਕਿ ਸਵਾਰ ਤੇ ਤਲੰਗੇ ਦੁਸ਼ਮਣ ਨਾਲ ਰਲ ਗਏ ਸਨ। ਇਸ ਲਈ ਉਹਨਾਂ ਨੇ ਸਿੱਖਾਂ ਦੀ ਫੌਜ ਨੂੰ ਨਾ ਹਟਾਇਆ ਤੇ ਨਾ ਬਹੁਤ ਨੁਕਸਾਨ ਕਰਵਾਇਆ। ਲਾਟ ਸਿੱਪਾਹਸਾਲਾਰ ਦਾ ਘੋੜਾ ਵੀ ਕਰੜਾ ਜ਼ਖ਼ਮੀ ਹੋ ਕੇ ਧਰਤੀ ਉਤੇ ਡਿੱਗ ਪਿਆ। ਲਚਾਰ ਫੌਜ ਨੇ ਫੇਰ ਮੁਕਾਬਲਾ ਕੀਤਾ। ਉਸ ਵੇਲੇ ਤੀਕ ਦੁਸ਼ਮਣ ਆਪਣਾ ਕੰਮ ਕਰ ਚੁਕਿਆ ਸੀ। ਸੁ ਉੱਡ ਗਿਆ ਤੇ ਬਹੁਤ ਸਾਰੀਆਂ ਤੋਪਾਂ ਤੇ ਅੱਸੀ ਕਰਾਚੀਆਂ ਮੇਖਜ਼ੀਨ ਦੀਆਂ ਲੈ ਗਿਆ ਤੇ ਅੰਗਰੇਜ਼ੀ ਫੌਜ ਕੰਪੂ ਨੂੰ ਮੁੜ ਪਈ।

ਕਹਿੰਦੇ ਹਨ ਕਿ ੨੩, ੨੪ ਤੇ ੨੫ ਨੂੰ ਵੀ ਮੁਕਾਬਲਾ ਹੋਇਆ ਤੇ ਦੋ ਤਿੰਨ ਅੰਗਰੇਜ਼ ਦੁਸ਼ਮਣਾਂ ਦੇ ਹੱਥ ਆ ਗਏ। ਵੇਖੀਏ ਅੱਗੇ ਕੀ ਹੁੰਦਾ ਹੈ !

ਅੱਜ ਸੁਣਿਆ ਹੈ ਕਿ ਸੁਲਤਾਨ ਮੁਹੰਮਦ ਖਾਂ ਨੇ ਦੋਹਾਂ ਸਾਹਿਬਾਂ ਨੂੰ ਚਤਰ ਸਿੰਘ ਦੇ ਹਵਾਲੇ ਕਰ ਦਿੱਤਾ ਹੈ। ਸ਼ਾਇਦ ਕਿ ਉਹ ਆਪਣੇ ਪੁੱਤਾਂ ਗੁਲਾਬ ਸਿੰਘ ਤੇ ਨਾਹਰ ਸਿੰਘ ਨਾਲ ਵਟਾਂਦਰਾ ਕਰ ਲਏਗਾ, ਜੋ ਲਾਹੌਰ ਕੈਦ ਹਨ। ੨੩ ਤਰੀਕ ਤੋਂ ਲੈ ਕੇ ੨੫ ਤਰੀਕ ਤੱਕ ਰੋਜ਼ ਲਾਟ ਸਾਹਿਬ ਦੇ ਲਸ਼ਕਰ ਨਾਲ ਲੜਾਈ ਹੁੰਦੀ ਹੈ। ਪਰ ਅਜੇ ਤੀਕ ਅੰਗਰੇਜ਼ਾਂ ਨੂੰ ਕੋਈ ਲਾਭ ਨਹੀਂ ਹੋਇਆ।

ਦੀਵਾਨ ਮੂਲ ਰਾਜ ਨੇ ਆਪਣੇ ਛੋਟੇ ਭਾਈ ਕਰਮ ਨਰੈਣ ਨੂੰ ਗੱਦੀ ਉੱਤੇ ਬਿਠਾ ਕੇ ਰਿਆਸਤ ਦਾ ਮਾਲਕ ਬਣਾ ਦਿੱਤਾ ਹੈ ਤੇ ਆਪ ਜਾਨ ਹਥੇਲੀ 'ਤੇ ਧਰ ਕੇ ਫੌਜ ਲਈ ਆਉਂਦਾ ਹੈ। ਇਸ ਨੇ ਹਜ਼ਾਰਾਂ ਕੰਧਾਰੀ ਪਠਾਣ ਨੇ ਬਲੋਚ ਨੌਕਰ ਰੱਖ ਲਏ ਹਨ ਤੇ ਰੋਜ਼ ਭਰਤੀ ਕਰੀ ਜਾਂਦਾ ਹੈ। ਇਸ ਦੀ ਤਾਕਤ ਦਿਨੋ ਦਿਨ ਵਧਦੀ ਜਾਂਦੀ ਹੈ ਤੇ ਕਿਲ੍ਹਾ ਸੁਲਤਾਨ ਦੇ ਖੂਨੀ ਬੁਰਜ ਉਤੇ ਅੱਸੀ ਤੋਪਾਂ ਚਾੜ੍ਹ ਦਿੱਤੀਆਂ ਹਨ ਤੇ ਆਪਣਾ ਨਵਾਂ ਸਿੱਕਾ ਤੋਰਿਆ ਹੈ। ਮੋਹਰ ਉਤੇ ਇਹ ਅੱਖਰ ਹਨ :-

ਸ੍ਰੀ ਅਕਾਲ ਸਹਾਇ, ਜ਼ਰਬ ਸੁਲਤਾਨ।

ਨਿਕਲਸਨ ਸਾਹਿਬ ਦੇ ਕੰਪੂ ਵਿਚੋਂ ਹਜ਼ਾਰਾਂ ਸਿੱਖ ਦੁਸ਼ਮਣ ਨਾਲ ਰਲ ਗਏ ਹਨ। ਮਲੂਮ ਹੋਇਆ ਹੈ ਕਿ ਸਰਦਾਰ ਦੋਸਤ ਮੁਹੰਮਦ ਖਾਂ ਪਿਸ਼ਾਵਰ ਅੱਪੜ ਪਿਆ

ਹੈ ਅਤੇ ਕੰਧਾਰ ਤੇ ਹਰਾਤ ਵੱਲੋਂ ਆਦਮੀ ਸੱਦੇ ਹਨ।

ਇਹ ਖ਼ਬਰ ਅੰਗਰੇਜ਼ਾਂ ਦੀ ਜ਼ਬਾਨੀ ਹੈ ਕਿ ਸ਼ਹਿਰ ਲੰਦਨ ਵਿਚ ਬੜੀ ਵਬਾ ਪੈ ਗਈ ਹੈ ਰੋਜ਼ ੬੬-੬੬ ਆਦਮੀ ਮਰਦੇ ਹਨ ਤੇ ਬੀਮਾਰ ਬਹੁਤ ਹਨ ਅਤੇ ਗਿਰਦ-ਨਿਵਾਹੀ ਵਿਚ ਵੀ ਵਬਾ ਪੈ ਗਈ ਹੈ।

## (੭)

*[ ਇਹ ਚਿੱਠੀ ਕਿਸੇ ਨੇ ਅੰਬਾਲੇ ਛਾਉਣੀ ਤੋਂ ਲਿਖੀ ਹੈ। ਤ੍ਰੀਕ ਤੇ ਲਿਖਣ ਵਾਲੇ ਦਾ ਕੋਈ ਪਤਾ ਨਹੀਂ ਲੱਗ ਸਕਿਆ। ਪਹਿਲਾਂ ਰਾਮ ਨਗਰ ਦੀ ਲੜਾਈ ਦਾ ਹਾਲ ਹੈ ਤੇ ਫੇਰ ਪਿਸ਼ਵਾਰ ਦੀਆਂ ਖ਼ਬਰਾਂ ਹਨ, ਪਰ ਭੁੱਲਾਂ ਬਹੁਤ ਹਨ।]*

ਛਾਉਣੀ ਅੰਬਾਲੇ ਦੇ ਰਸਾਲਾ ਬਾਰੀਘਾਟ ਦਾ ਬਾਬੂ ਦੱਸਦਾ ਹੈ ਕਿ ਕਿਲ੍ਹਾ ਦੀਦਾਰ ਸਿੰਘ ਵਾਲੇ ਤੋਂ ਇਕ ਜ਼ਰੂਰੀ ਅੰਗਰੇਜ਼ੀ ਚਿੱਠੀ ਆਈ ਹੈ, ਜਿਸ ਵਿਚ ਰਾਮ ਨਗਰ ਦੀ ਲੜਾਈ ਦਾ ਹਾਲ ਇਉਂ ਲਿਖਿਆ ਹੈ :-

ਅੰਗਰੇਜ਼ਾਂ ਦੀ ਮਨਸ਼ਾ ਮੁਤਾਬਿਕ ਸਿੱਖਾਂ ਦੀ ਫ਼ੌਜ ਤਿੰਨਾਂ ਦਿਨਾਂ ਵਿਚ ਝਨਾਂ ਲੰਘ ਕੇ ਇਸ ਪਾਰ ਆ ਗਈ। ੨੨ ਨਵੰਬਰ ਦੀ ਗੱਲ ਹੈ ਕਿ ਸਵੇਰੇ-ਸੁਵੱਖਤੇ ਹੀ ਸੱਤ ਵਜੇ ਸਿੱਖਾਂ ਦੀ ਫ਼ੌਜ ਵਿਚੋਂ ਪੰਜ ਸੌ ਸਵਾਰ ਅੱਗੇ ਵਧਿਆ। ਇਧਰੋਂ ਪੰਜ ਰਸਾਲੇ ਕਾਲਿਆਂ ਦੇ ਅਰਥਾਤ ਪੰਜ ਹਜ਼ਾਰ ਸਵਾਰ, ਸਿੱਖ ਸਵਾਰਾਂ ਦੇ ਮੁਕਾਬਲੇ ਲਈ ਅੱਗੇ ਵਧੇ। ਸਿੱਖ ਸਵਾਰਾਂ ਨੇ ਅੰਗਰੇਜ਼ੀ ਰਸਾਲਿਆਂ ਨੂੰ ਵੇਖਦਿਆਂ ਹੀ ਪਿੱਠ ਵਿਖਾ ਕੇ ਨੱਸਣ ਦੀ ਕੀਤੀ ਤੇ ਪੰਜੇ ਅੰਗਰੇਜ਼ੀ ਰਸਾਲੇ ਉਨ੍ਹਾਂ ਦੇ ਮਗਰ ਮਗਰ ਨੱਠੇ।

ਅੱਗੇ ਸਿੱਖਾਂ ਦੀ ਫ਼ੌਜ ਲੁਕ ਕੇ ਬੈਠੀ ਹੋਈ ਸੀ, ਜਦ ਅੰਗਰੇਜ਼ੀ ਰਸਾਲੇ ਉਨ੍ਹਾਂ ਦੇ ਬਰਾਬਰ ਆ ਗਏ ਤਾਂ ਉਹ ਇਕ ਵਾਰ ਹੱਲਾ ਕਰ ਕੇ ਇਨ੍ਹਾਂ ਵਿਚ ਰਲ ਗਏ ਤੇ ਤਲਵਾਰਾਂ ਧੂਹ ਕੇ ਕਟਾ-ਵੱਢ ਕਰਨ ਲੱਗ ਪਏ। ਦੋਹਾਂ ਪਾਸਿਆਂ ਤੋਂ ਬਹੁਤ ਜਵਾਨ ਮੋਏ। ਉਸ ਵੇਲੇ ਤੋਪਾਂ ਚੱਲਣ ਲੱਗ ਪਈਆਂ ਤੇ ਸਵੇਰ ਤੋਂ ਲੈ ਕੇ ਦੁਪਹਿਰ ਤੀਕ ਤੋਪਾਂ ਤੇ ਬੰਦੂਕਾਂ ਚਲਦੀਆਂ ਰਹੀਆਂ। ਇਸ ਵੇਲੇ ਲਗ-ਭਗ ਚਾਲੀ ਪੰਜਾਹ ਸਿੱਖ ਤਲਵਾਰਾਂ ਧੂਹੀ ਏਕਾ ਏਕ ਅੰਗਰੇਜ਼ੀ ਫ਼ੌਜ ਵਿਚ ਆ ਵੜੇ। ਅੰਗਰੇਜ਼ੀ ਫ਼ੌਜ ਨੇ ਵੀ ਪੈਰ ਗੱਡ ਕੇ ਖ਼ੂਬ ਲੜਾਈ ਕੀਤੀ ਤੇ ਦੋਹਾਂ ਪਾਸਿਆਂ ਦਿਆਂ ਸੂਰਮਿਆਂ ਨੇ ਚੰਗੀ ਰੱਖ ਵਖਾਈ।

ਅੰਗਰੇਜ਼ਾਂ ਵੱਲੋਂ ਲਗਭਗ ਬਾਰ੍ਹਾਂ ਹਜ਼ਾਰ ਆਦਮੀ ਮਾਰੇ ਗਏ ਤੇ ਤੀਹ ਜਰਨੈਲ ਕਰਨੈਲ, ਕਪਤਾਨ ਤੇ ਲਫ਼ਟੈਣ ਮਦਾਨ ਵਿਚ ਹੀ ਰਹੇ। ਗਿਲਵਟ ਸਾਹਿਬ ਨਾਮੇ ਇਕ ਜਰਨੈਲ, ਜੋ ਇਸ ਮੁਲਕ ਦੇ ਸਾਰੇ ਕੰਪੂਆਂ ਦਾ ਮਾਲਕ ਸੀ, ਉਹ ਵੀ ਮਾਰਿਆ ਗਿਆ। ਪਰ ਦੂਜੀ ਚਿੱਠੀ ਵਿਚ ਜੋ ੨੬ ਤਰੀਕ ਦੀ ਸ਼ਾਮ ਨੂੰ ਇਥੇ ਪੁੱਜੀ ਹੈ, ਉਸ ਵਿਚ ਲਿਖਿਆ ਸੀ ਕਿ ਜਰਨੈਲ ਗਵੇਟ ਸਾਹਿਬ ਮਰੇ ਹਨ, ਇਸ ਗੱਲੋਂ

ਅੰਗਰੇਜ਼ਾਂ ਨੇ ਬੜਾ ਗ਼ਮ ਕੀਤਾ ਹੈ।

ਏਸੇ ਤਰ੍ਹਾਂ ਸਿੱਖਾਂ ਦੀ ਫ਼ੌਜ ਵਿਚੋਂ ਵੀ ਬਹੁਤ ਆਦਮੀ ਮਰੇ ਤੇ ਫੱਟੜ ਹੋਏ ਹਨ, ਪਰ ਉਸ ਪਾਸੇ ਦੀ ਕੋਈ ਖ਼ਬਰ ਨਹੀਂ ਆਈ, ਇਸ ਲਈ ਠੀਕ ਪਤਾ ਨਹੀਂ ਲੱਗ ਸਕਿਆ। ਪਰ ਸੁਣੀ ਦਾ ਹੈ ਕਿ ਪਹਿਲਾਂ ਸਿੱਖਾਂ ਦੀ ਫ਼ੌਜ ਝਨਾਉਂ ਪਰਲੇ ਪਾਸੇ ਉਤਰੀ ਹੋਈ ਸੀ, ਤਿੰਨ ਦਿਨ ਆਪੋ ਵਿਚ ਖਹਿ ਮੁਖਹਿ ਰਹੀ। ਅੰਗਰੇਜ਼ ਕਹਿੰਦੇ ਸਨ ਕਿ ਤੁਸੀਂ ਦਰਿਆਓਂ ਇਸ ਪਾਸੇ ਵੱਲ ਆ ਕੇ ਲੜਾਈ ਕਰੋ ਤੇ ਸਿੱਖ ਕਹਿੰਦੇ ਸਨ ਕਿ ਤੁਸੀਂ ਦਰਿਆ ਟੱਪ ਕੇ ਸਾਡੀ ਵੱਲ ਆ ਕੇ ਲੜਾਈ ਕਰੋ। ਅੰਤ ਸਿੱਖਾਂ ਦੀ ਫੌਜ ਤਿੰਨਾਂ ਦਿਨਾਂ ਵਿਚ ਦਰਿਆਓਂ ਇਸ ਪਾਰ ਆ ਗਈ ਤੇ ਦਰਿਆ ਦੇ ਕੰਢੇ ਡੇਰੇ ਕਰ ਕੇ ਲੜਾਈ ਕੀਤੀ।

ਹੋਰ ਸੁਣਿਆ ਹੈ ਕਿ ਸਰਦਾਰ ਰਾਮ ਸਿੰਘ ਆਦਿ ਜੋ ਬੰਨੂੰ ਟਾਂਕ ਵੱਲ ਗਏ ਹੋਏ ਸਨ, ਸਣੇ ਬਾਰ੍ਹਾਂ ਤੋਪਾਂ ਤੇ ਪੰਦਰਾਂ ਹਜ਼ਾਰ ਫੌਜ ਦੇ, ਸਰਦਾਰ ਚਤਰ ਸਿੰਘ ਦੀ ਫ਼ੌਜ ਨਾਲ ਆ ਰਲੇ ਹਨ ਅਤੇ ਰਾਜਾ ਗੁਲਾਬ ਸਿੰਘ ਜੰਮੂ ਵਾਲੇ ਦੀਆਂ ਫ਼ੌਜਾਂ ਗੁਜਰਾਤ ਦੇ ਲਾਗੇ ਉਤਰੀਆਂ ਹੋਈਆਂ ਹਨ ਕਿ ਵੇਖਣ ਹਾਰ ਜਿੱਤ ਕਿਸ ਦੀ ਹੁੰਦੀ ਹੈ।

ਸੁਰਗਵਾਸੀ ਸਿੰਘ ਸਾਹਿਬ ਤੇ ਮਹਾਰਾਜਾ ਸ਼ੇਰ ਸਿੰਘ ਬੈਕੁੰਠਵਾਸੀ ਦੇ ਸਮੇਂ ਤੋਂ ਜਰਨੈਲ ਗੁਲਾਬ ਸਿੰਘ ਪੋਹੂਵਿੰਡੀਆ ਪੰਜੀ ਹਜ਼ਾਰ ਫ਼ੌਜ ਸਣੇ ਪਸ਼ੌਰ ਲੱਗਾ ਹੋਇਆ ਸੀ ਤੇ ਕੁਝ ਦਿਨਾਂ ਤੋਂ ਦੋ ਅੰਗਰੇਜ਼ ਵੀ ਉਸ ਦੇ ਨਾਲ ਲਾ ਦਿੱਤੇ ਗਏ ਸਨ ਤੇ ਉਹ ਅੰਗਰੇਜ਼ਾਂ ਨਾਲ ਰਲਿਆ ਹੋਇਆ ਤੇ ਉਨ੍ਹਾਂ ਦੀ ਸਲਾਹ ਨਾਲ ਚਲਦਾ ਸੀ। ਜਿਸ ਵੇਲੇ ਸਿੱਖਾਂ ਦੀ ਫੌਜ ਨੇ ਆ ਕੇ ਰਾਵੀ ਦੇ ਪੁਲ ਨੂੰ ਤੋੜਿਆ, ਜੋ ਅੰਗਰੇਜ਼ਾਂ ਨੇ ਬਣਾਇਆ ਸੀ। ਉਦੋਂ ਖ਼ਬਰ ਆਈ ਸੀ ਕਿ ਪਸ਼ੌਰ ਦੀ ਫ਼ੌਜ ਗੁਲਾਬ ਸਿੰਘ ਤੋਂ ਆਕੀ ਹੋ ਗਈ ਹੈ। ਚਤਰ ਸਿੰਘ ਦੀ ਮਰਜ਼ੀ ਸੀ ਕਿ ਪਸ਼ੌਰ ਤੇ ਖ਼ੈਰਾਬਾਦ ਦੇ ਕਿਲ੍ਹੇ ਦੁਰਾਨੀਆਂ ਨੂੰ ਦੇ ਕੇ ਦਰਿਆ ਅਟਕ ਨੂੰ ਹੱਦ ਬਣਾ ਦਿੱਤਾ ਜਾਵੇ ਤੇ ਦੁਰਾਨੀਆਂ ਪਾਸੋਂ ਫ਼ੌਜ ਲਈ ਜਾਵੇ, ਪਰ ਗੁਲਾਬ ਸਿੰਘ ਇਹ ਗੱਲ ਨਹੀਂ ਮੰਨਦਾ ਸੀ, ਬਲਕਣ ਅੰਗਰੇਜ਼ਾਂ ਦੀ ਸਲਾਹ ਅੰਦਰ ਚਲਦਾ ਸੀ। ਸਰਦਾਰ ਚਤਰ ਸਿੰਘ ਨੇ ਜਦ ਇਹ ਗੱਲ ਸੁਣੀ ਤਾਂ ਉਹ ਛੜੀ ਸਵਾਰ ਡਾਕੋ ਡਾਕ ਪਸ਼ੌਰ ਪੁੱਜਾ ਅਤੇ ਆਪਣੀ ਫ਼ੌਜ ਨੂੰ ਹੁਕਮ ਦੇ ਘੱਲਿਆ ਕਿ ਤੁਸਾਂ ਰਾਵੀ ਪਾਰ ਲੜਾਈ ਕਰਨੀ ਤੇ ਅੰਗਰੇਜ਼ੀ ਫੌਜ ਨੂੰ ਆਪਣੇ ਮਗਰ ਲਾ ਕੇ ਝਨਾਂ ਕੰਢੇ ਰਾਮ ਨਗਰ ਵਜ਼ੀਰਾਬਾਦ ਪਾਸ ਆ ਉਤਰਨਾ ਅਤੇ ਜਦ ਤੀਕ ਮੈਂ ਨਾ ਆ ਜਾਵਾਂ, ਤਦ ਤੀਕ ਲੜਾਈ ਨਾ ਕਰਨੀ। ਇਸ ਕਰਕੇ ਸਿੱਖਾਂ ਦੀ ਫ਼ੌਜ ਰਾਵੀਓਂ ਪਿੱਛੇ ਹਟ ਕੇ ਰਾਮ ਨਗਰ ਵਜ਼ੀਰਾਬਾਦ ਪਾਸ ਚਲੀ ਗਈ। ਅੰਗਰੇਜ਼ੀ ਫ਼ੌਜ ਵੀ ਮਗਰੋ ਮਗਰ ਗਈ ਅਤੇ ਕਿਲ੍ਹੇ ਦੀਦਾਰ ਸਿੰਘ ਪਾਸ ਜਾ ਉਤਰੀ।

 www.sikhbookclub.com

ਸ: ਚਤਰ ਸਿੰਘ ਨੇ ਪਸ਼ੌਰ ਅੱਪੜ ਕੇ ਦੋ ਦਿਨਾਂ ਤੀਕ ਗੁਲਾਬ ਸਿੰਘ ਨਾਲ ਸਫਾਈ ਦੀਆਂ ਗੱਲਾਂ ਕੀਤੀਆਂ ਤੇ ਉਸ ਦੀ ਸਾਰੀ ਫੌਜ ਨੂੰ ਨਾਲ ਰਲਾ ਕੇ ਤੀਜੇ ਦਿਨ ਕਚਹਿਰੀ ਕੀਤੀ ਤੇ ਕਚਹਿਰੀ ਵਿਚ ਗੁਲਾਬ ਸਿੰਘ ਤੇ ਉਸ ਦੇ ਦੋਵੇਂ ਅੰਗ੍ਰੇਜ਼ ਸਾਥੀਆਂ ਨੂੰ ਸੱਦ ਕੇ ਫੜ ਲਿਆ ਤੇ ਦੁਰਾਨੀਆਂ ਨੂੰ ਪਸ਼ੌਰ ਦਾ ਕਿਲ੍ਹਾ ਦੇ ਕੇ ਆਪਣੀ ਸਾਰੀ ਫੌਜ ਤੇ ਦੁਰਾਨੀਆਂ ਦੀ ਫੌਜ ਲੈ ਕੇ ਵਜ਼ੀਰਾਬਾਦ ਵੱਲ ਚੱਲ ਪਿਆ। ਆਪ ਤਾਂ ਡਾਕੇ ਡਾਕ ਅੱਗੇ ਆ ਗਿਆ, ਪਰ ਫੌਜ ਅਜੇ ਪਿੱਛੇ ਹੈ। ਇਸ ਤੋਂ ਮਗਰੋਂ ੨੨ ਨਵੰਬਰ ਦੀ ਲੜਾਈ ਹੋਈ। ਪਸ਼ੌਰ ਦੀ ਫੌਜ ਤੇ ਦੁਰਾਨੀਆਂ ਦੀ ਫੌਜ ਅਜੇ ਤੀਕ ਵਜ਼ੀਰਾਬਾਦ ਨਹੀਂ ਅੱਪੜੀ।

(੮)

*[ਇਹ ਕਿਸੇ ਦੀ ਲਾਹੌਰੋਂ ਚਿੱਠੀ ਲਿਖੀ ਹੋਈ ਹੈ। ਲਿਖਣ ਵਾਲੇ ਦਾ ਤੇ ਤਰੀਕ ਦਾ ਕੋਈ ਪਤਾ ਨਹੀਂ ਲੱਗ ਸਕਿਆ। ਇਸ ਚਿੱਠੀ ਵਿਚ ਵੀ ਬਹੁਤ ਭੁੱਲਾਂ ਹਨ। — ਕਰਮ ਸਿੰਘ ]*

## ਰਾਮ ਨਗਰ ਦੀ ਲੜਾਈ ਦਾ ਸਵਿਸਥਾਰ ਹਾਲ

ਬੁੱਧਵਾਰ ਮੱਘਰ ੯ ਪਰਵਿਸ਼ਟਾ ਨੂੰ ਰਾਜਾ ਸ਼ੇਰ ਸਿੰਘ ਦੀ ਸਲਾਹ ਤੋਂ ਬਿਨਾਂ ਹੀ ਸਿੰਘ ਛਾਪੇ ਨੇ ਹਿੱਕ ਦੇ ਜ਼ੋਰ 'ਤੇ ਤਕੱਬਰੀ ਨਾਲ ਅਠਾਰਾਂ ਵੱਡੀਆਂ ਤੋਪਾਂ ਆਪਣੇ ਡੇਰਿਓਂ ਕੱਢ ਕੇ ਝਨ੍ਹਾਂ ਦੇ ਕੰਢੇ ਲੈ ਆਂਦੀਆਂ ਤੇ ਇਕ ਟਿੱਬੇ ਉਤੇ ਲਾਈਨ ਬੰਨ੍ਹ ਕੇ ਜਮਾ ਦਿੱਤੀਆਂ। ਇਕ ਤੋਪ ਸੂਰਤ ਸਿੰਘ ਨੇ ਸੱਜੇ ਪਾਸੇ ਵੱਲ ਆ ਲਾਈ। ਉਥੋਂ ਸਾਹਿਬਾਂ ਦਾ ਡੇਰਾ ਰਾਮ ਨਗਰ ਵੱਲ ਉਤਰਿਆ ਹੋਇਆ ਸੀ।

ਸਿੱਖਾਂ ਨੇ ਨੌਂ ਤੋਪਾਂ ਨੂੰ ਅੱਗ ਦੇ ਦਿੱਤੀ ਤੇ ਸਰਕਾਰ ਦਾ ਨੁਕਸਾਨ ਸੂਰਤ ਸਿੰਘ ਦੀ ਤੋਪ ਨਾਲ ਬਹੁਤ ਹੋਇਆ। ਰਾਮ ਸਿੰਘ ਨੇ ਸਿੰਘਾਂ ਨੂੰ ਲੈ ਕੇ ਸਾਹਿਬਾਂ ਉਤੇ ਹੱਲਾ ਕੀਤਾ। ਸਿੰਘਾਂ ਤੇ ਨਜੀਬਾਂ ਵਿਚੋਂ ਅੱਠ ਕੁ ਸੌ ਆਦਮੀ ਅਫਸਰ ਦਫੇਦਾਰ ਤੇ ਡੇਰਿਆਂ ਦੇ ਸਰਕਰਦੇ ਮਰੇ ਤੇ ਫੱਟੜ ਹੋਏ। ਵੇਰਵਾ ਇਉਂ ਹੈ :-

ਹਰੀ ਸਿੰਘ ਨਲੂਏ ਦੇ ਪੁੱਤਰ ਅਰਜਨ ਸਿੰਘ ਦਾ ਮੋਢਾ ਤੋਪ ਦੇ ਗੋਲੇ ਨਾਲ ਉੱਡ ਗਿਆ। ਅਰਜਨ ਸਿੰਘ ਦਾ ਭਾਈ ਜਵਾਹਰ ਸਿੰਘ ਛਾਤੀ ਵਿਚ ਤੋਪ ਦਾ ਗੋਲਾ ਲੱਗਣ ਨਾਲ ਮਰ ਗਿਆ। ਮੁਸਲਮਾਨ ਨਜੀਬਾਂ ਦੀਆਂ ਪਲਟਣਾਂ ਦਾ ਜਰਨੈਲ ਬਿਸ਼ਨ ਸਿੰਘ ਤੋਪ ਦੇ ਗੋਲੇ ਨਾਲ ਮਰ ਗਿਆ। ਰਜਮੈਂਟ ਦੇ ਕਰਨੈਲ ਜੀਤ ਸਿੰਘ ਕਲਾਲ ਦੀ ਲੱਤ ਗੋਲੇ ਨਾਲ ਉੱਡ ਗਈ, ਗੁਲਾਬ ਸਿੰਘ ਕੁਪੱਤੇ ਦਾ ਪੁੱਤ ਸਿਰ ਵਿਚ ਗੋਲੀ ਲੱਗਣ ਕਰਕੇ ਫੱਟੜ ਹੋਇਆ। ਰਾਜਾ ਸ਼ੇਰ ਸਿੰਘ ਦਾ ਦੀਵਾਨ ਗਨਪਤ ਰਾਏ ਤੋਪ ਦਾ ਗੋਲਾ ਲੱਗਣ ਕਰਕੇ ਮਰ ਗਿਆ। ਭੂਪ ਸਿੰਘ ਮਲਵਈ

ਦਾ ਲੱਕ ਗੋਲਾ ਲੱਗਣ ਕਰਕੇ ਟੁੱਟ ਗਿਆ ਤੇ ਉਹ ਆ ਗਿਆ। ਰਾਮ ਚੰਦ ਪਸਰੂਰ ਵਾਲਾ ਬਾਂਹ ਉਤੇ ਗੋਲੀ ਲੱਗਣ ਕਰਕੇ ਫੱਟੜ ਹੋਇਆ। ਡੋਗਰਿਆਂ ਦੀ ਪਲਟਣ ਦੇ ਅਫਸਰ ਨਰੈਣ ਸਿੰਘ ਪੂਰਬੀਏ ਦੀ ਪਿੰਨੀ ਤੋਪ ਦੇ ਗੋਲੇ ਨਾਲ ਅੱਡ ਹੋ ਗਈ। ਮਤਾਬ ਸਿੰਘ ਮਜੀਠੀਏ ਦੀ ਪਲਟਣ ਦੇ ਕੁਮੇਦਾਨ ਜੋਧ ਸਿੰਘ ਦੀ ਕਮਰ ਉਤੇ ਗੋਲਾ ਲੱਗਾ ਤੇ ਕਮਰ ਦੋ ਟੋਟੇ ਹੋ ਗਈ ਅਤੇ ਉਹ ਮਰ ਗਿਆ। ਅਲਬੇਲ ਸਿੰਘ ਦੀ ਗਰਦਨ ਤੋਪ ਦੇ ਗੋਲੇ ਨਾਲ ਉੱਡ ਗਈ ਤੇ ਕੁਝ ਸਿੰਘ ਦਰਿਆ ਵਿਚ ਡੁੱਬ ਮੋਏ ਤੇ ਉਹਨਾਂ ਦੀਆਂ ਲੋਥਾਂ ਬਰੇਤੇ ਉਤੇ ਪਈਆਂ ਹਨ ਤੇ ਕੁਝ ਕੁ ਲੋਥਾਂ ਪਿਲਛੀ ਨਾਲ ਫੂਕ ਦਿੱਤੀਆਂ ਹਨ ਅਤੇ ਬਾਕੀਆਂ ਨੂੰ ਦਰਿਆ ਵਿਚ ਰੋੜ੍ਹ ਦਿੱਤਾ ਹੈ।

ਸਿੰਘਾਂ ਦੇ ਡੇਰੇ ਦੀ ਖ਼ਬਰ ਹੈ ਕਿ ਸਰਦਾਰ ਚਤਰ ਸਿੰਘ ਦੇ ਆਉਣ ਦੀ ਬੜੀ ਅਵਾਈ ਹੈ ਤੇ ਇਸ ਗੱਲੋਂ ਸਿੰਘ ਬੜੇ ਖੁਸ਼ ਹਨ। ੧੧ ਪਰਵਿਸ਼ਟੇ ਮੱਘਰ ਨੂੰ ਸਿੰਘਾਂ ਨੇ ਆਪਣੇ ਡੇਰੇ ਵਿਚ ਤੋਪਾਂ ਤੇ ਜੰਬੂਰਿਆਂ ਦੀ ਸ਼ਲਕ ਕਰਵਾਈ। ਭਾਈ ਵੀਰ ਸਿੰਘ ਦਾ ਚੇਲਾ ਮਹਾਰਾਜ ਸਿੰਘ ਸ਼ੇਰ ਸਿੰਘ ਪਾਸ ਅੱਪੜ ਪਿਆ ਹੈ ਅਤੇ ਸਿੰਘਾਂ ਦੀ ਸਲਾਹ ਇਉਂ ਹੈ ਕਿ ਜਦ ਸਰਦਾਰ ਚਤਰ ਸਿੰਘ ਇਥੇ ਆਵੇ ਤਾਂ ਪੰਜਾਹ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਕੀਤਾ ਜਾਵੇ ਤੇ ਪਿੱਛੋਂ ਲੜਾਈ ਕੀਤੀ ਜਾਵੇ।

ਸਰਦਾਰ ਲਾਲ ਸਿੰਘ ਮੁਰਾੜੀਏ ਨੇ ਆਪਣੇ ਕਸੂਰਾਂ ਦੀ ਮਾਫੀ ਲਈ ਸਾਹਿਬ ਪਾਸ ਅਰਜ਼ੀ ਘੱਲੀ। ਸ਼ੇਰ ਸਿੰਘ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਸ ਨੇ ਲਾਲ ਸਿੰਘ ਨੂੰ ਫੜ ਕੇ ਉਸ ਦੇ ਨੱਕ ਵਿਚ ਨਕੇਲ ਪਾਈ ਤੇ ਸਾਰੇ ਡੇਰੇ ਵਿਚ ਫਿਰਵਾ ਕੇ ਜੁੱਤੀਆਂ ਲਗਵਾਈਆਂ।

ਮਾਝੇ ਦੇ ਸਿੰਘਾਂ ਦਾ ਇਹ ਹਾਲ ਹੈ ਕਿ ਜੋ ਕੋਈ ਹੁਣ ਮਾਝੇ ਵਿਚ ਰਹਿ ਗਿਆ ਹੈ ਉਹ ਚਾਰ ਚਾਰ ਪੰਜ ਪੰਜ ਜਣੇ ਰਲ ਕੇ ਡਾਕੇ ਮਾਰਨ ਲੱਗ ਪਏ ਹਨ। ਕਲ੍ਹ ਰਾਤ ਉਹਨਾਂ ਨੇ ਗੁਦਾਮ ਤੇ ਕੁਝ ਊਠ ਸੜਕ ਉਤੋਂ ਲੁੱਟ ਲਏ ਹਨ।

ਮੈਂ ਸੁਲਤਾਨੀਆਂ ਤੋਂ ਤੁਰ ਕੇ ਕੋਟ ਭਾਈ ਤੇ ਰਾਏ ਵਿੰਡ ਦੇ ਰਾਹ ਜੰਗ ਪਿੰਡ ਅੱਪੜਿਆ ਸਾਂ। ਇਹ ਨਿਮਕ ਹਰਾਮਾਂ ਦਾ ਵੱਡਾ ਪਿੰਡ ਹੈ ਤੇ ਛੇ ਕੁ ਸੌ ਤੋਂ ਵਧੀਕ ਘਰ ਵੱਸਦੇ ਹਨ। ਮੈਂ ਸਾਰੇ ਮਾਝੇ ਵਿਚ ਫਿਰਿਆ ਹਾਂ, ਪਰ ਮੈਂ ਕਿਤੇ ਵੀ ਕੋਈ ਜਵਾਨ ਆਦਮੀ ਨਹੀਂ ਵੇਖਿਆ ਸਭ ਥਾਂ ਬੁੱਢੇ ਠੇਰੇ ਤੇ ਛੋਕਰੇ ਹੀ ਰਹਿ ਗਏ ਹਨ। ਗੱਭਰੂਆਂ ਵਿਚੋਂ ਇਕ ਵੀ ਕਿਸੇ ਪਿੰਡ ਨਹੀਂ ਰਿਹਾ, ਉਹ ਸਭ ਰਾਜਾ ਸ਼ੇਰ ਸਿੰਘ ਦੇ ਲਸ਼ਕਰ ਵਿਚ ਜਾ ਰਲੇ ਹਨ।

(੯)

*[ਇਹ ਚਿੱਠੀ ਵੀ ਲਾਹੌਰੋਂ ਹੀ ਕਿਸੇ ਦੀ ਲਿਖੀ ਹੋਈ ਹੈ। ਤਰੀਕ ਦਾ ਕੁਝ ਪਤਾ ਨਹੀਂ ਲੱਗ ਸਕਿਆ। ਇਹ ਚਿੱਠੀ ਲਾਹੌਰ ਦਰਬਾਰ ਦੀਆਂ ਖਬਰਾਂ ਦੇ ਆਧਾਰ ਉੱਤੇ ਲਿਖੀ ਜਾਪਦੀ ਹੈ ਤੇ ਹਾਲ ਸਹੀ ਸਹੀ ਹਨ। —ਕਰਮ ਸਿੰਘ ]*

੨੨ ਨਵੰਬਰ ਸੰਨ ੧੮੪੮ ਈ: ਨੂੰ ਤੀਜੇ ਪਹਿਰ ਰਾਮ ਨਗਰ ਸਿੰਘਾਂ ਦੀ ਫੌਜ ਉਤੇ ਹੱਲਾ ਹੋਇਆ ਤੇ ਸਿੰਘਾਂ ਵੱਲੋਂ ਨਜੀਬਾਂ ਦੀ ਪਲਟਣ ਨੇ ਮੁਕਾਬਲਾ ਕੀਤਾ ਅਤੇ ਸਿੰਘਾਂ ਦੇ ਸਵਾਰ ਭੁਲਾਵਾ ਦੇ ਕੇ ਸੱਜਿਓਂ ਖੱਬਿਓਂ ਅੰਗਰੇਜ਼ੀ ਫੌਜ ਉਤੇ ਆ ਪਏ। ਸਿੰਘਾਂ ਵੱਲੋਂ ਸਰਦਾਰ ਅਰਜਨ ਸਿੰਘ ਨਲੂਆ ਫੱਟੜ ਹੋਇਆ, ਤਿੰਨ ਸੌ ਸਿੰਘ ਮਾਰੇ ਗਏ ਅਤੇ ਬਥੇਰੇ ਫੱਟੜ ਹੋਏ। ਇਧਰੋਂ ਦੋ ਵੱਡੇ ਸਾਹਿਬ ਤੇ ਕੁਝ ਜਵਾਨ ਮਾਰੇ ਗਏ। ਅੰਗਰੇਜ਼ੀ ਲਸ਼ਕਰ ਦੀ ਇਕ ਤੋਪ ਸਿੰਘਾਂ ਦੇ ਹੱਥ ਲੱਗ ਗਈ ਤੇ ਇਕ ਤੋਪ ਤਖ਼ਤ ਟੁੱਟ ਜਾਣ ਕਰ ਕੇ ਰਣਭੂਮੀ ਵਿਚ ਰਹਿ ਗਈ।

ਚੂੰਕਿ ਦੋਹਾਂ ਧਿਰਾਂ ਦੇ ਮੋਰਚੇ ਲਾਗੇ ਸਨ ਤੇ ਸਿੰਘਾਂ ਦੀ ਤੋਪ ਦਾ ਗੋਲਾ ਅੰਗਰੇਜ਼ੀ ਲਸ਼ਕਰ ਵਿਚ ਪੈਂਦਾ ਸੀ, ਇਸ ਗੱਲੋਂ ਸਾਹਿਬਾਂ ਨੇ ਆਪਣੀ ਫੌਜ ਦਾ ਡੇਰਾ ਰਾਮ ਨਗਰੋਂ ਇਕ ਕੋਹ ਇਧਰ ਕਰਵਾ ਦਿੱਤਾ ਹੈ। ਹੁਣ ਦੋਹਾਂ ਧਿਰਾਂ ਦੇ ਡੇਰਿਆਂ ਵਿਚਕਾਰ ਡੇਢ ਕੋਹ ਦੀ ਵਿੱਥ ਹੈ ਤੇ ਸਿੰਘ ਫੇਰ ਲੜਾਈ ਕਰਨ ਦੀ ਨੀਯਤ ਰੱਖਦੇ ਹਨ।

ਸਿੰਘਾਂ ਦੀ ਫੌਜ ਵਿਚ ਚਾਲੀ ਹਜ਼ਾਰ ਸਵਾਰ ਪਿਆਦੇ ਤੇ ਅਠਾਰਾਂ ਤੋਪਾਂ ਹਨ। ਇਨ੍ਹਾਂ ਵਿਚੋਂ ਦਸ ਤੋਪਾਂ ਵੱਡੀਆਂ ਤੇ ਅੱਠ ਛੋਟੀਆਂ ਹਨ ਅਤੇ ਸਿੰਘਾਂ ਦੇ ਤੋਪਖਾਨੇ ਦਾ ਡੇਰਾ ਝਨਾਂ ਦੇ ਇਸ ਪਾਸੇ ਦੇ ਕੰਢੇ ਉਤੇ ਹੈ ਤੇ ਫੌਜ ਵੀ ਇਸੇ ਪਾਸੇ ਵੱਲ ਉੱਤਰੀ ਹੋਈ ਹੈ, ਪਰ ਰਾਜਾ ਸ਼ੇਰ ਸਿੰਘ ਦਾ ਡੇਰਾ ਝਨ੍ਹਾਂ ਦੇ ਪਰਲੇ ਪਾਸੇ ਵੱਲ ਹੈ ਅਤੇ ਆਉਣ ਜਾਣ ਲਈ ਪੁਲ ਬੱਧਾ ਹੋਇਆ ਹੈ। ਰਾਜਾ ਸ਼ੇਰ ਸਿੰਘ ਸਾਰਾ ਦਿਨ ਤਾਂ ਇਸ ਪਾਸੇ ਫੌਜ ਵਿਚ ਰਹਿੰਦਾ ਹੈ, ਰਾਤ ਨੂੰ ਪਾਰ ਆਪਣੇ ਡੇਰੇ ਵਿਚ ਚਲਿਆ ਜਾਂਦਾ ਹੈ।

ਸਾਹਿਬਾਂ ਨੇ ਰਾਮ ਨਗਰੋਂ ਪੰਜ ਕੋਹ ਵਜ਼ੀਰਾਬਾਦ ਵੱਲ ਝਨਾਂ ਉਤੇ ਪੁਲ ਬੰਨ੍ਹਣ ਦੀ ਬਿਧ ਕੀਤੀ ਸੀ। ਸਿੰਘਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ੨੪ ਤਰੀਕ ਨੂੰ ਤਿੰਨ ਸਾਹਿਬ ਲੋਕ ਇਕੱਲੇ ਹੀ ਪੁਲ ਦੀ ਥਾਂ ਵੇਖਣ ਗਏ ਸਨ ਕਿ ਅਚਾਨਕ ਸਿੰਘ ਸਵਾਰ ਆ ਪਏ। ਉਹਨਾਂ ਦੋ ਸਾਹਿਬਾਂ ਨੂੰ ਤਾਂ ਮਾਰ ਦਿੱਤਾ ਤੇ ਇਕ ਨੂੰ ਫੜ ਕੇ ਰਾਜਾ ਸ਼ੇਰ ਸਿੰਘ ਪਾਸ ਲੈ ਗਏ। ਰਾਜਾ ਸ਼ੇਰ ਸਿੰਘ ਨੇ ਇਕ ਰੇਸ਼ਮੀ ਖੇਸ ਉਸ ਸਾਹਿਬ ਨੂੰ ਦੇ ਕੇ ਉਸ ਨੂੰ ਅੰਗਰੇਜ਼ੀ ਡੇਰੇ ਵੱਲ ਘੱਲ ਦਿੱਤਾ ਅਤੇ ਆਪਣੇ ਸਵਾਰਾਂ ਨੂੰ ਤਕੀਦ ਕੀਤੀ ਕਿ ਅੱਗੇ ਨੂੰ ਅਜਿਹਾ ਕੰਮ ਨਾ ਕਰਨਾ। ਲੜਾਈ ਵਿਚ ਭਾਵੇਂ ਕੋਈ

ਮਾਰਿਆ ਜਾਵੇ, ਇਸ ਦਾ ਕੋਈ ਡਰ ਨਹੀਂ, ਪਰ ਬਿਨਾਂ ਲੜਾਈ ਕਿਸੇ ਨੂੰ ਛੇੜਨਾ ਨਹੀਂ ਚਾਹੀਦਾ।

ਢੋਲ ਸਿੰਘ ਪਾਸ ਪੰਜ ਛੇ ਹਜ਼ਾਰ ਸਵਾਰ ਤੇ ਤੋਪਾਂ ਹਨ ਤੇ ਉਹ ਥਾਂ ਥਾਂ ਫਿਰ ਕੇ ਸੜਕਾਂ ਉਤੇ ਡਾਕੇ ਮਾਰਦਾ ਫਿਰਦਾ ਹੈ ਤੇ ਕਿਸੇ ਥਾਂ ਬਹੁਤਾ ਚਿਰ ਨਹੀਂ ਖੜ੍ਹੋਂਦਾ। ਇਸ ਦੇ ਸਵਾਰਾਂ ਵਿਚੋਂ ਚਾਰ ਪੰਜ ਸੌ ਸਵਾਰ ਅੱਡ ਹੋ ਕੇ ਮਾਝੇ ਵਿਚ ਆ ਗਏ ਹਨ ਤੇ ਰੁੱਖਾਂ ਵਾਲੇ, ਮਾਨਵ ਤੇ ਥਮਣ ਗਿਰਦੇ ਫਿਰ ਕੇ ਸੜਕ ਉੱਤੇ ਲੁੱਟ-ਮਾਰ ਕਰਦੇ ਹਨ ਤੇ ਦੋ ਥਾਂ ਡੇਰਾ ਰੱਖਦੇ ਹਨ। ਕਦੇ ਤਾਂ ਖੁੱਤ ਪੁਰ ਮਾਂਗੇ ਤੇ ਕਦੇ ਜੰਬਰੀਂ। ਅੱਜ-ਕਲ੍ਹ ਜੰਬਰੀਂ ਉਤਰੇ ਹੋਏ ਹਨ ਤੇ ਸ਼ੇਰ ਸਿੰਘ ਵੱਲ ਜਾਣ ਦੀ ਨੀਤ ਕਰਦੇ ਹਨ। ਅੱਜ-ਭਲਕ ਓਧਰ ਚਲੇ ਜਾਣਗੇ। ਇਹਨਾਂ ਸਵਾਰਾਂ ਨੇ ਰੁੱਖਾਂ ਵਾਲੇ ਪਾਸੋਂ ਗੁਦਾਮ ਦੇ ਊਠ ਲੁੱਟ ਲਏ ਸਨ।

SIKHBOOKCLUB.COM

# ੪੬

## ਲਾਹੌਰ ਤੇ ਮੁਲਤਾਨ ਦਾ ਹਾਲ

### (੧)

*[ਇਹ ਚਿੱਠੀ ਕਿਸ ਨੇ ਤੇ ਕਦੋਂ ਲਿਖੀ, ਇਸ ਦਾ ਕੁਝ ਪਤਾ ਨਹੀਂ। ਮਾਲੂਮ ਹੁੰਦਾ ਹੈ ਕਿ ਇਹ ਚਿੱਠੀ ਅੰਬਾਲੇ ਤੋਂ ਜਲੰਧਰ ਨੂੰ ਲਿਖੀ ਗਈ ਹੈ। ਇਸ ਵਿਚ ਉਸ ਸਮੇਂ ਦੇ ਹਾਲਾਂ ਦਾ ਸੋਹਣਾ ਸੰਖੇਪ ਦਰਜ ਹੈ, ਪਰ ਕੁਝ ਕੁ ਹਵਾਲੇ ਵੀ ਹਨ।—ਕਰਮ ਸਿੰਘ ]*

ਭਾਦਰੋਂ ਸੁਦੀ ਇਕਾਦਸ਼ੀ ਤੇ ਦੁਆਦਸ਼ੀ ਸੰਮਤ ੧੯੦੫ ਬਿਕ੍ਰਮੀ ਨੂੰ ਸਵੇਰੇ ਸੰਝ ਤੇ ਸੰਝ ਤੋਂ ਸਵੇਰੇ ਤੀਕ ਵੱਡੀਆਂ ਛੋਟੀਆਂ ਤੋਪਾਂ ਤੇ ਬੰਦੂਕਾਂ ਲਗਾਤਾਰ ਚਲਦੀਆਂ ਰਹੀਆਂ ਤੇ ਦੋਵੇਂ ਦਿਨ ਕਿਸੇ ਵੇਲੇ ਵੀ ਬੰਦ ਨਾ ਹੋਈਆਂ। ਲੜਾਈ ਬੜੀ ਹੀ ਸਖਤ ਹੋਈ, ਗੋਲੇ ਤੇ ਗੋਲੀਆਂ ਦੀ ਆਵਾਜ਼ ਨਾਲ ਜ਼ਮੀਨ ਤੇ ਅਸਮਾਨ ਪਏ ਕੰਬਦੇ ਸਨ ਤੇ ਹਨੇਰੀ ਰਾਤ ਪਲੀਤਿਆਂ ਦੇ ਚਾਨਣ ਨਾਲ ਦਿਨ ਵਰਗੀ ਹੋ ਗਈ ਸੀ। ਭਾਵੇਂ ਐਡਵਰਡ ਸਾਹਿਬ ਤੇ ਜਰਨੈਲ ਸਾਹਿਬ ਨੇ ਬਥੇਰੇ ਟਿੱਲ ਲਾਏ ਕਿ ਦੋ ਚਾਰ ਕਦਮ ਅੱਗੇ ਵਧੀਏ, ਪਰ ਮੂਲ ਰਾਜ ਦੇ ਸੂਰਮਿਆਂ ਨੇ ਇਕ ਕਦਮ ਵੀ ਅੱਗੇ ਨਾ ਵਧਣ ਦਿੱਤੇ, ਸਗੋਂ ਪਿੱਛੇ ਨੂੰ ਧੱਕ ਦਿੱਤੇ ਅਤੇ ਹਜ਼ਾਰਾਂ ਗੋਰੇ ਤੇ ਹਿੰਦੁਸਤਾਨੀ ਮਾਰੇ ਗਏ। ਲੜਾਈ ਮੁਲਤਾਨੋਂ ਦਸ ਵੀਹ ਕੋਹ ਇਧਰ ਹੁੰਦੀ ਹੈ। ਅੰਗਰੇਜ਼ੀ ਨੌਕਰ ਦੱਸਦੇ ਹਨ ਕਿ ਸਾਡੀ ਫੌਜ ਦੇ ਮੋਰਚੇ ਮੁਲਤਾਨ ਦੇ ਕਿਲ੍ਹੇ ਦੀਆਂ ਕੰਧਾਂ ਤੀਕ ਅਪੜ ਪਏ ਹਨ ਅਤੇ ਸੰਝ ਸਵੇਰੇ ਕਿਲ੍ਹਾ ਸਰ ਹੋ ਜਾਊ, ਪਰ ਹੋਰਨਾਂ ਦੀਆਂ ਚਿੱਠੀਆਂ ਤੋਂ ਮਾਲੂਮ ਹੁੰਦਾ ਹੈ ਕਿ ਮੂਲ ਰਾਜ ਨੂੰ ਭਾਰੀ ਜਿੱਤ ਹੋਈ ਹੈ ਤੇ ਮੈਦਾਨ ਉਸ ਦੇ ਸੂਰਮਿਆਂ ਦੇ ਹੱਥ ਰਿਹਾ ਹੈ।

ਛਛ ਹਜ਼ਾਰੇ ਤੇ ਹਸਨ ਅਬਦਾਲ ਦੇ ਇਲਾਕੇ ਵਿਚ ਚਤਰ ਸਿੰਘ ਦਾ ਰੌਲਾ ਬਹੁਤ ਵਧ ਗਿਆ ਹੈ ਤੇ ਉਸ ਨੇ ਹਜ਼ਾਰਾਂ ਨਵੇਂ ਨੌਕਰ ਰੱਖ ਲਏ ਤੇ ਰੋਜ਼ ਭਰਤੀ ਕਰੀ ਜਾਂਦਾ ਹੈ। ਮਾਰਗਲੇ ਦਾ ਕਿਲ੍ਹਾ ਜੋ ਬੜਾ ਤਕੜਾ ਹੈ, ਚਤਰ ਸਿੰਘ ਦੇ ਕਬਜ਼ੇ ਵਿਚ ਹੈ ਤੇ ਉਸ ਨੇ ਕਿਹਾ ਹੋਇਆ ਹੈ ਕਿ ਜੋ ਕੋਈ ਅੰਗਰੇਜ਼ ਡਾਕ ਦੀ ਥੈਲੀ ਖੋਹ

 www.sikhbookclub.com

ਲਿਆਵੇਗਾ ਉਸ ਨੂੰ ਪੰਜਾਹ ਰੁਪਏ ਇਨਾਮ ਦੇ ਮਿਲਣਗੇ। ਸੁ ਓਧਰ ਦੇ ਪਿੰਡਾਂ ਦੇ ਆਦਮੀ ਇਸੇ ਕੰਮ ਉਤੇ ਲੱਗੇ ਰਹਿੰਦੇ ਹਨ ਤੇ ਜਿਥੇ ਅੰਗਰੇਜ਼ੀ ਡਾਕ ਦੀ ਥੈਲੀ ਜਾਂਦੀ ਵੇਖਦੇ ਹਨ, ਥੈਲੀ ਖੋਹ ਕੇ ਚਤਰ ਸਿੰਘ ਪਾਸ ਲੈ ਆਉਂਦੇ ਹਨ, ਤੇ ਪੰਜਾਹ ਰੁਪਏ ਲੈ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਪਸ਼ੌਰ ਤੇ ਅਟਕ ਦੀ ਡਾਕ ਬੰਦ ਕਰ ਦਿੱਤੀ ਹੈ।

ਰਾਜਾ ਗੁਲਾਬ ਸਿੰਘ ਤੇ ਚਤਰ ਸਿੰਘ ਦੀ ਸਲਾਹ ਇਕ ਹੈ ਤੇ ਦੋਵੇਂ ਰਲ ਕੇ ਕੰਮ ਕਰਦੇ ਹਨ ਅਤੇ ਗੁਲਾਬ ਸਿੰਘ ਦੀਆਂ ਫੌਜਾਂ ਚਤਰ ਸਿੰਘ ਨਾਲ ਰਲਦੀਆਂ ਜਾਂਦੀਆਂ ਹਨ ਅਤੇ ਜੋ ਕੁਝ ਰਾਜਾ ਗੁਲਾਬ ਸਿੰਘ ਅਖਵਾ ਘੱਲਦਾ ਹੈ, ਚਤਰ ਸਿੰਘ ਓਹੋ ਕੁਝ ਕਰਦਾ ਹੈ। ਓਧਰ ਚਤਰ ਸਿੰਘ ਦੇ ਪੁੱਤਰ ਨੇ ਵੀ ਫਸਾਦ ਚੁਕਿਆ ਹੋਇਆ ਹੈ ਤੇ ਦੋ ਚਾਰ ਥਾਵਾਂ ਉਤੇ ਕਬਜ਼ਾ ਕਰ ਲਿਆ ਹੈ ਤੇ ਰੋਜ਼ ਨਵੀਂ ਫੌਜ ਭਰਤੀ ਕਰੀ ਜਾਂਦਾ ਹੈ।

ਚਤਰ ਸਿੰਘ ਨੇ ਲਾਹੌਰ ਦਰਬਾਰ ਨੂੰ ਲਿਖਿਆ ਹੈ, ਕਿ ਜੇਕਰ ਰਾਜਾ ਦੀਨਾ ਨਾਥ ਆ ਕੇ ਮੇਰੀ ਬਾਂਹ ਫੜੇ, ਤੇ ਮੇਰੀ ਤਸੱਲੀ ਕਰਾ ਦੇਵੇ, ਤਾਂ ਮੈਂ ਉਸੇ ਵੇਲੇ ਹਾਜ਼ਰ ਹੋ ਜਾਵਾਂਗਾ। ਰਾਜਾ ਦੀਨਾ ਨਾਥ ਰੁਹਤਾਸ ਦੇ ਕਿਲ੍ਹੇ ਵਿਚ ਜਾ ਉਤਰਿਆ ਹੈ ਤੇ ਆਪਣਾ ਆਦਮੀ ਚਤਰ ਸਿੰਘ ਵੱਲ ਘੱਲਿਆ ਹੈ, ਕਿ ਜੇਕਰ ਉਹ ਸਿੱਧਾ ਹੁੰਦਾ ਨਜ਼ਰ ਆਵੇ, ਤਾਂ ਮੈਂ ਉਸ ਪਾਸ ਚਲਿਆ ਜਾਵਾਂਗਾ, ਨਹੀਂ ਤਾਂ ਇਥੋਂ ਹੀ ਪਿੱਛੇ ਮੁੜ ਜਾਵਾਂਗਾ। ਪਰ ਚਤਰ ਸਿੰਘ ਬੁੱਢਾ ਤੇ ਬੜਾ ਰਿੰਦ ਹੈ, ਉਹ ਰਾਜਾ ਗੁਲਾਬ ਸਿੰਘ ਦੇ ਆਖੇ ਲਿਖੇ ਉਤੇ ਅਮਲ ਕਰਦਾ ਹੈ ਤੇ ਉਸ ਨਾਲ ਰਲਿਆ ਹੋਇਆ ਹੈ, ਇਸ ਲਈ ਅੰਗਰੇਜ਼ਾਂ ਨੇ ਵੀ ਦਿਲ ਵਿਚ ਸਮਝ ਲਿਆ ਹੈ ਕਿ ਇਹ ਸਾਰਾ ਫਸਾਦ ਚਤਰ ਸਿੰਘ ਦਾ ਨਹੀਂ, ਇਹ ਸਭ ਕੁਝ ਰਾਜਾ ਗੁਲਾਬ ਸਿੰਘ ਦਾ ਹੈ ਤੇ ਉਹੋ ਹੀ ਇਸ ਦੀ ਜੜ੍ਹ ਹੈ।

ਰਾਜਾ ਧਿਆਨ ਸਿੰਘ ਦੇ ਪੁੱਤਾਂ ਦੇ ਨੌਕਰ ਸ਼ਿਆਮਾ ਵਜ਼ੀਰ ਨੇ ਜ਼ਿਲ੍ਹਾ ਨੂਰ ਪੁਰ, ਹਰੀ ਪੁਰ ਤੇ ਪਠਾਨਕੋਟ ਅਤੇ ਕੋਟ ਲਾਹੜ ਵਿਚ ਜੋ ਜਵਾਲਾਮੁਖੀ ਪਾਸ ਹੈ, ਦੋ ਚਾਰ ਕਿਲ੍ਹੇ ਮੱਲ ਲਏ ਹਨ। ਇਹ ਇਲਾਕਾ ਮੁੱਢ ਤੋਂ ਰਾਜਾ ਧਿਆਨ ਸਿੰਘ ਪਾਸ ਸੀ ਅਤੇ ਅੱਜ-ਕਲ੍ਹ ਉਥੇ ਅੰਗਰੇਜ਼ੀ ਥਾਣੇ ਹਨ। ਸੁ ਕਾਂਗੜੇ ਤੋਂ ਜਾਨ ਲਾਰੰਸ ਸਾਹਿਬ ਤੇ ਹੁਸ਼ਿਆਰਪੁਰ ਦੀ ਛਾਉਣੀ ਤੋਂ ਅੰਗਰੇਜ਼ੀ ਫੌਜਾਂ ਵਜ਼ੀਰ ਸ਼ਿਆਮਾ ਦੇ ਬੰਦੋਬਸਤ ਲਈ ਗਈਆਂ ਸਨ, ਪਰ ਇਨ੍ਹਾਂ ਦੀ ਕੁਝ ਪੇਸ਼ ਨਹੀਂ ਗਈ, ਸਗੋਂ ਪਿੱਛੇ ਹਟ ਗਈਆਂ ਹਨ, ਤੇ ਹਾਰ ਖਾਧੀ ਹੈ ਅਤੇ ਸੁਣੀਂਦਾ ਹੈ ਕਿ ਰਾਜਾ ਗੁਲਾਬ ਸਿੰਘ ਨੇ ਪਹਾੜ ਦੀਆਂ ਬਾਈਧਾਰਾਂ ਨੂੰ ਖਾਲੀ ਕਰਾਉਣ ਲਈ ਆਪਣੀਆਂ ਫੌਜਾਂ ਓਧਰ ਘੱਲੀਆਂ ਹਨ, ਇਹ ਬਾਈਧਾਰਾਂ ਪਹਿਲਾਂ ਲਾਹੌਰ ਦਰਬਾਰ ਦੇ ਅਹਿਲਕਾਰ

ਨਿਹਾਲ ਸਿੰਘ ਮਜੀਠੀਏ ਦੇ ਤਹਿਤ ਸਨ। ਸੁ ਮੈਕਸਨ ਸਾਹਿਬ ਨੇ ਬਨਾਰਸ ਤੋਂ ਬਿਲਾਸਪੁਰੀਏ ਰਾਜੇ ਨੂੰ ਖਤ ਲਿਖਿਆ ਹੈ, ਕਿ ਰਾਜਾ ਜੰਮੂ ਵਾਲਾ ਤੁਹਾਡਾ ਰਿਸ਼ਤੇਦਾਰ ਹੈ, ਅਜਿਹਾ ਨਾ ਹੋਵੇ ਕਿ ਉਸ ਦਾ ਕੋਈ ਆਦਮੀ ਜਾਂ ਫੌਜ ਤੁਹਾਡੇ ਮੁਲਕ ਥਾਣੀਂ ਇਧਰ ਆਵੇ; ਜੇਕਰ ਕੋਈ ਅਜਿਹੀ ਗੱਲ ਹੋਈ, ਤਾਂ ਤੁਹਾਨੂੰ ਕਰੜੀ ਸਜ਼ਾ ਦਿੱਤੀ ਜਾਵੇਗੀ। ਹੋਰ ਪਹਾੜ ਦੇ ਸਾਰੇ ਘਾਟਿਆਂ ਉਤੇ ਚੌਕੀ ਪਹਿਰਾ ਲਾ ਦਿੱਤਾ ਹੈ, ਤੇ ਬਹੁਤ ਖ਼ਬਰਦਾਰੀ ਕੀਤੀ ਜਾਂਦੀ ਹੈ, ਕਿ ਕਿਤੇ ਉਤੋਂ ਉਤੋਂ ਦੀ ਹੀ ਗੁਲਾਬ ਸਿੰਘ ਦੀ ਫੌਜ ਸ਼ਿਮਲੇ ਵੱਲ ਨਾ ਆ ਜਾਵੇ। ਅੰਗਰੇਜ਼ਾਂ ਨੂੰ ਰਾਜਾ ਗੁਲਾਬ ਸਿੰਘ ਦੀ ਦੁਸ਼ਮਣੀ ਚੰਗੀ ਤਰ੍ਹਾਂ ਜ਼ਾਹਰ ਹੋ ਗਈ ਹੈ।

ਅਤੇ ਦੋ ਦਿਨ ਤੋਂ ਅੰਬਾਲੇ ਸ਼ਹਿਰ ਵਿਚ ਇਹ ਗੱਲ ਬਹੁਤ ਉੱਡੀ ਹੋਈ ਹੈ, ਰੱਬ ਜਾਣੇ ਸੱਚ ਹੈ ਕਿ ਝੂਠ ਕਿ ਕਾਰੀ ਸਾਹਿਬ ਨੇ ਪੰਜ ਚਾਰ ਸੌ ਅੰਗਰੇਜ਼ੀ ਫੌਜ ਨਾਲ ਲਾਹੌਰ ਸ਼ਹਿਰ ਦਾ ਬੰਦੋਬਸਤ ਕਰ ਲਿਆ ਸੀ ਤੇ ਆਪਣਾ ਡੇਰਾ ਅਨਾਰਕਲੀ ਦੇ ਬਾਗ ਵਿਚ ਕਰ ਲਿਆ ਸੀ। ਫੇਰ ਮਹਾਰਾਜਾ ਦਲੀਪ ਸਿੰਘ ਨੂੰ ਕਿਸੇ ਬਹਾਨੇ ਨਾਲ ਆਪਣੀ ਫੌਜ ਵਿਚ ਸੱਦ ਕੇ ਲਾਹੌਰੋਂ ਬਾਹਰ ਮੀਆਂ ਮੀਰ ਵਿਚ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ ਸੀ ਅਤੇ ਲਾਹੌਰ ਦੇ ਕਿਲ੍ਹੇ ਵਿਚ ਰਣਜੋਧ ਸਿੰਘ ਨੂੰ ਬੇੜੀ ਪਾ ਦਿੱਤੀ ਸੀ ਤੇ ਤੇਜਾ ਸਿੰਘ ਨੂੰ ਨਜ਼ਰਬੰਦ ਕਰ ਦਿੱਤਾ ਸੀ। ਤੇਜਾ ਸਿੰਘ ਉਤੇ ਇਕ ਗੋਰੇ ਦਾ ਪਹਿਰਾ ਸੀ। ਅੱਧੀ ਰਾਤ ਵੇਲੇ ਕਾਬੂ ਪਾ ਕੇ ਤੇਜਾ ਸਿੰਘ ਨੇ ਉਸ ਗੋਰੇ ਨੂੰ ਮਾਰ ਦਿੱਤਾ, ਤੇ ਦੋਹਾਂ ਪਾਸਿਆਂ ਤੋਂ ਪੰਜ ਛੇ ਸਿਪਾਹੀ ਵੀ ਮਾਰੇ ਗਏ। ਅੱਠ ਦਸ ਦਿਨਾਂ ਤੋਂ ਜੰਮੂ ਵਾਲੇ ਰਾਜੇ ਦੀਆਂ ਫੌਜਾਂ ਤੇ ਚਤਰ ਸਿੰਘ ਦੇ ਹਮਰਾਹੀ ਸਿੱਖ ਸ਼ਾਹਦਰੇ ਉਤਰੇ ਹੋਏ ਸਨ। ਤੇਜਾ ਸਿੰਘ ਨੇ ਉਨ੍ਹਾਂ ਨੂੰ ਸੱਦ ਕੇ ਕਿਲ੍ਹੇ ਅੰਦਰ ਵਾੜ ਲਿਆ, ਤੇ ਲਾਹੌਰ ਦੇ ਕਿਲ੍ਹੇ ਦਾ ਬੰਦੋਬਸਤ ਕਰ ਕੇ ਸ਼ਹਿਰ ਦੇ ਦਰਵਾਜ਼ਿਆਂ ਦਾ ਵੀ ਬੰਦੋਬਸਤ ਕਰ ਲਿਆ। ਫੇਰ ਮਹਾਰਾਜਾ ਸਾਹਿਬ ਦਲੀਪ ਸਿੰਘ ਨੂੰ ਲਿਆਉਣ ਲਈ ਉਸੇ ਵੇਲੇ ਅੰਗਰੇਜ਼ੀ ਫੌਜ ਵੱਲ ਗਏ, ਤੇ ਉਸ ਪਾਸੋਂ ਮਹਾਰਾਜਾ ਸਾਹਿਬ ਨੂੰ ਖੋਹ ਕੇ ਕੰਵਰ ਨੌਂ-ਨਿਹਾਲ ਸਿੰਘ ਦੀ ਹਵੇਲੀ ਵਿਚ ਜੋ ਸ਼ਹਿਰ ਵਿਚ ਹੈ, ਆਪ ਨੂੰ ਉਤਾਰ ਦਿੱਤਾ ਅਤੇ ਕਾਰੀ ਸਾਹਿਬ ਨੂੰ ਭੀ ਕਾਬੂ ਕਰ ਕੇ ਜੰਮੂ ਨੂੰ ਘੱਲ ਦਿੱਤਾ ਹੈ।

ਹੋਰ ਮੁਲਤਾਨ ਦੀ ਖ਼ਬਰ੩ ਇਹ ਹੈ ਕਿ ਲਾਹੌਰ ਦਰਬਾਰ ਦੀ ਫੌਜ ਜੋ ਰਾਜਾ ਸ਼ੇਰ ਸਿੰਘ ਦੇ ਤਹਿਤ ਹੈ ਤੇ ਪਹਿਲੇ ਦਿਨ ਤੋਂ ਐਡਵਰਡ ਸਾਹਿਬ ਤੇ ਜਰਨੈਲ ਸਾਹਿਬ ਦੇ ਨਾਲ ਮੁਲਤਾਨ ਦੀ ਮੁਹਿੰਮ ਉਤੇ ਗਈ ਹੋਈ ਹੈ, ਹੁਣ ਉਹ ਅੰਗਰੇਜ਼ੀ ਲਸ਼ਕਰ ਦੇ ਨਾਲ ਨਹੀਂ ਉਤਰਦੀ ਸਗੋਂ ਅੱਡ ਉਤਰਦੀ ਹੈ ਤੇ ਉਸ ਫੌਜ ਵਿਚੋਂ ਹਰ

*੩ ਇਹ ਖ਼ਬਰ ਚਿੱਠੀ ਖ਼ਤਮ ਕਰ ਕੇ ਚਿੱਠੀ ਦੇ ਹਾਸ਼ੀਏ ਉੱਤੇ ਲਿਖੀ ਹੋਈ ਹੈ, ਜਿਸ ਤੋਂ ਮਾਲੂਮ ਹੁੰਦਾ ਹੈ ਕਿ ਚਿੱਠੀ ਲਿਖ ਚੁੱਕਣ ਤੋਂ ਮਗਰੋਂ ਇਹ ਤਾਜ਼ੀ ਖ਼ਬਰ ਆਈ ਹੈ।*

 www.sikhbookclub.com

ਰੋਜ਼ ਦਸ ਦਸ ਵੀਹ ਵੀਹ ਪਿਆਦੇ ਮੁਲਤਾਨ ਦੇ ਕਿਲ੍ਹੇ ਅੰਦਰ ਚਲੇ ਜਾਂਦੇ ਹਨ। ਰਾਜਾ ਸ਼ੇਰ ਸਿੰਘ ਨੂੰ ਸਾਹਿਬਾਂ ਨੇ ਮੋਰਚਾ ਬਣਾਉਣ ਲਈ ਕਿਹਾ ਸੀ। ਪਹਿਲਾਂ ਉਸ ਨੇ ਟਾਲਾ ਵਾਲਾ ਕੀਤਾ। ਫੇਰ ਕਹਿਆ, ਕਿ ਮੇਰੇ ਪਾਸ ਮੋਰਚਾ ਬਣਾਉਣ ਦਾ ਸਾਮਾਨ ਨਹੀਂ, ਜੇਕਰ ਸਾਹਿਬ ਆਪਣੇ ਬੇਲਦਾਰਾਂ ਪਾਸੋਂ ਮੋਰਚਾ ਬਣਵਾ ਦੇਣ, ਤਾਂ ਮੈਂ ਉਸ ਮੋਰਚੇ ਵਿਚ ਆਪਣੀ ਫੌਜ ਕਾਇਮ ਕਰ ਦੇਵਾਂਗਾ। ਪਰ ਅਜੇ ਤੀਕ ਮੋਰਚਾ ਨਹੀਂ ਬਣਿਆ ਅਤੇ ਰਾਜਾ ਸ਼ੇਰ ਸਿੰਘ ਦਿਲ ਦੇ ਕੇ ਲੜਾਈ ਨਹੀਂ ਕਰਦਾ ਅਤੇ ਸਾਹਿਬਾਂ ਨੂੰ ਵੀ ਸਿੱਖਾਂ ਦੀ ਫੌਜ ਦੀ ਸ਼ਰਾਰਤ ਮਲੂਮ ਹੋ ਗਈ ਹੈ। ਉਹ ਇਸ ਫੌਜ ਦਾ ਇਤਬਾਰ ਨਹੀਂ ਕਰਦੇ, ਤੇ ਇਹ ਅੰਗਰੇਜ਼ੀ ਫੌਜ ਤੋਂ ਅੱਡਰੇ ਉਤਰਦੇ ਹਨ।

## (੨)

*[ ਇਹ ਰੁੱਕਾ ਕਿਸੇ ਮੁਨਸ਼ੀ ਰੁਸਤਮ ਅਲੀ ਦਾ ਲਿਖਿਆ ਹੋਇਆ ਹੈ, ਜੋ ਰੈਜ਼ੀਡੰਟ ਲਾਹੌਰ ਦੇ ਦਫ਼ਤਰ ਨੌਕਰ ਹੈ। ਤਰੀਕ ਇਸ ਉਤੇ ਕੋਈ ਨਹੀਂ ਤੇ ਇਉਂ ਜਾਪਦਾ ਹੈ ਕਿ ਕਿਸੇ ਆਪਣੇ ਲਾਹੌਰ ਦੇ ਮਿੱਤਰ ਵੱਲ ਹੀ ਲਿਖਿਆ ਹੋਇਆ ਹੈ।]*

ਸਰਦਾਰ ਚਤਰ ਸਿੰਘ ਤੇ ਦੀਵਾਨ ਮੂਲ ਰਾਜ ਆਦਿ ਫਸਾਦੀਆਂ ਨੇ ਹੁਣ ਝਨਾਓਂ ਦੇ ਇਕ ਪਾਸੇ ਦੇ ਇਲਾਕੇ ਉਤੇ ਵੀ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਹੈ, ਤੇ ਸਰਕਾਰੀ ਥਾਣੇ ਉਠਾ ਕੇ ਆਪਣੇ ਥਾਣੇ ਬਿਠਾ ਦਿੱਤੇ ਹਨ। ਕਲ੍ਹ ਮੇਰੇ ਭਾਈ ਸੱਯਦ ਅਕਬਰ ਅਲੀ ਦਾ, ਸੂਰਜ ਕੁੰਡ ਤੋਂ ੧੫ ਅਕਤੂਬਰ ਦਾ ਲਿਖਿਆ ਖਤ ਆਇਆ ਸੀ ਕਿ ਇਥੇ ਬੰਬਈ ਦੀ ਫੌਜ ਦੀ ਬਹੁਤ ਉਡੀਕ ਹੈ, ਬੰਗਾਲ ਵੱਲੋਂ ਫੌਜ ਆਉਣ ਦੀ ਆਸ ਨਹੀਂ, ਪਤਾ ਨਹੀਂ ਰੱਬ ਕਦ ਸਾਡੇ ਕੰਮ ਰਾਸ ਕਰਦਾ ਹੈ ! ਅਜੇ ਛੇਵਾਂ ਦਿਨ ਹੈ ਕਿ ਰਾਜਾ ਸ਼ੇਰ ਸਿੰਘ ਸਣੇ ਆਪਣੀ ਸੱਤ ਅੱਠ ਹਜ਼ਾਰ ਫੌਜ, ਦਸ ਤੋਪਾਂ ਤੇ ਦੋ ਗੁਬਾਰਿਆਂ ਦੇ ਵੈਰੀ ਨਾਲ ਜਾ ਰਲਿਆ ਹੈ ਤੇ ਇਸ ਦਾ ਪਿਤਾ ਹਜ਼ਾਰੇ ਵਿਚ ਬਾਗੀ ਹੋਇਆ ਹੋਇਆ ਹੈ ਅਤੇ ਬੰਨੂੰ ਟਾਂਕ ਵੱਲ ਮਹਾਰਾਜਾ ਸਾਹਿਬ ਬਹਾਦਰ ਦੀਆਂ ਜੋ ਚਾਰ ਪਲਟਣਾਂ ਸਨ, ਉਹਨਾਂ ਨੇ ਆਪਣੇ ਅਫਸਰ ਕਰਨੈਲ ਜਾਨ ਹੋਮ ਸਾਹਿਬ ਨੂੰ, ਜੋ ਤੀਹ ਸਾਲਾਂ ਤੋਂ ਸਰਕਾਰ ਲਾਹੌਰ ਦਾ ਨੌਕਰ ਸੀ, ਮਾਰ ਦਿੱਤਾ ਹੈ, ਤੇ ਬਾਗੀ ਹੋ ਕੇ ਇਲਾਕੇ ਨੂੰ ਲੁੱਟਣ ਲੱਗ ਪਈਆਂ ਹਨ।

ਖ਼ਬਰ ਹੈ ਕਿ ਕਮਾਂਡਰ-ਇਨ-ਚੀਫ ਸਾਹਿਬ ਬਹਾਦਰ ਪਹਾੜੋਂ ਉਤਰ ਆਏ ਹਨ ਅਤੇ ਗਵਰਨਰ ਸਾਹਿਬ ਬਹਾਦਰ ਕਲਕੱਤੇ ਤੋਂ ਅਗਨ ਬੋਟ ਵਿਚ ਸਵਾਰ ਹੋ ਕੇ ਤੁਰ ਪਏ ਹਨ, ਛੇਤੀ ਹੀ ਫੀਰੋਜ਼ਪੁਰ ਅੱਪੜ ਪੈਣਗੇ ਤੇ ਜਰਵਾਣੀ ਫੌਜ ਫਸਾਦੀਆਂ ਦੇ ਬੰਦੋਬਸਤ ਲਈ ਮਾਮੂਰ ਕਰ ਦੇਣਗੇ ਤੇ ਕਲ੍ਹ ਦੇ ਦਰਬਾਰ ਦਾ ਹਾਲ ਆਪ ਨੂੰ ਮਲੂਮ ਹੀ ਹੈ ਕਿ ਊਠਾਂ, ਬੈਲਾਂ, ਗੱਡਿਆਂ, ਕਹਾਰਾਂ ਤੇ ਗੁਦਾਮ ਦੇ ਇਕੱਠਾ ਕਰਨ ਲਈ ਸਭ ਪਾਸੀਂ ਪਰਵਾਨੇ ਲਿਖੇ ਗਏ ਹਨ।

# ਮੁਲਤਾਨ ਦੀ ਇਕ ਲੜਾਈ ਦਾ ਹਾਲ

*[ਇਹ ਚਿੱਠੀ ਕਿਸੇ ਨੇ ਫ਼ੀਰੋਜ਼ਪੁਰੋਂ ਲਿਖੀ ਜਾਪਦੀ ਹੈ। ਲਿਖਣ ਵਾਲੇ ਦੇ ਨਾਮ ਤੇ ਲਿਖਣ ਦੀ ਤਰੀਕ ਦਾ ਕੁਝ ਪਤਾ ਨਹੀਂ ਲੱਗਦਾ। ਵਿਚ ਵਿਚ ਅਫਵਾਹਾਂ ਵੀ ਹਨ। ਹੇਠਾਂ ਸਾਰ ਦਿੱਤਾ ਜਾਂਦਾ ਹੈ।]*

ਫ਼ੀਰੋਜ਼ਪੁਰ ਵਿਚ ਮੁਲਤਾਨ ਤੇ ਹਜ਼ਾਰੇ ਬਾਬਤ ਕੋਈ ਕੁਝ ਕਹਿੰਦਾ ਹੈ, ਕੋਈ ਕੁਝ। ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਜਦ ਦਾ ਆਪਣੀ ਬਾਰ੍ਹਾਂ ਹਜ਼ਾਰ ਫ਼ੌਜ, ਬਾਰਾਂ ਤੋਪਾਂ, ਅੱਸੀ ਜੰਬੂਰਿਆਂ ਤੇ ਦੋ ਗੁਬਾਰਿਆਂ ਨੂੰ ਲੈ ਕੇ ਦੀਵਾਨ ਮੂਲ ਰਾਜ ਨਾਲ ਰਲ ਗਿਆ ਹੈ, ਤਦ ਤੋਂ ਅੰਗਰੇਜ਼ ਬਹੁਤ ਫਿਕਰ ਕਰਦੇ ਹਨ।

੧੩ ਸਤੰਬਰ ਨੂੰ ਜੋ ਲੜਾਈ ਹੋਈ ਸੀ, ਉਸ ਵਿਚ ਸਾਹਿਬਾਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ ਸਨ, ਬਲਕਣ ਅਗਲਿਆਂ ਨੇ ਇਨ੍ਹਾਂ ਦਾ ਬਹੁਤ ਸਾਰਾ ਅਸਬਾਬ ਤੇ ਛੇ ਤੋਪਾਂ ਵੀ ਖੋਹ ਲਈਆਂ ਸਨ ਅਤੇ ਬਹੁਤ ਸਾਰਾ ਅਸਬਾਬ ਤੇ ਗੁਦਾਮ ਜੋ ਐਡਵਰਡ ਸਾਹਿਬ ਲੈ ਜਾ ਨਹੀਂ ਸਕਦਾ ਸੀ, ਉਸ ਨੂੰ ਉਸ ਨੇ ਆਪੇ ਹੀ ਫੂਕ ਦਿੱਤਾ ਸੀ। ਅੰਗਰੇਜ਼ੀ ਫ਼ੌਜ ਲੜਾਈ ਦੀ ਝਾਲ ਨਾ ਝੱਲ ਕੇ ਪਿੱਛੇ ਹਟ ਗਈ ਤੇ ਦੀਵਾਨ ਮੂਲ ਰਾਜ ਦੀ ਫੌਜ ਇਨ੍ਹਾਂ ਦੇ ਪਿੱਛੇ ਪੈ ਗਈ, ਸੁ ਅੰਗਰੇਜ਼ੀ ਫੌਜ ਟੋਲੀਆਂ ਬੰਨ੍ਹ ਕੇ ਲੜਦੀ ਤੇ ਪਿੱਛੇ ਹਟਦੀ ਆਈ ਅਤੇ ਮੁਲਤਾਨੋਂ ਬਹਾਵਲਪੁਰ ਵੱਲ ਪੰਜ ਕੋਹ ਦੀ ਵਿੱਥ ਉਤੇ ਸੂਰਜ ਕੁੰਡ ਆ ਖੜੋਤੀ, ਅਜੇ ਤੀਕ ਉਥੇ ਹੀ ਹੈ।

ਦੀਵਾਨ ਮੂਲ ਰਾਜ ਨੇ ਰਾਜਾ ਸ਼ੇਰ ਸਿੰਘ ਨੂੰ ਕਿਲ੍ਹੇ ਅੰਦਰ ਉਤਰਨ ਨਹੀਂ ਦਿੱਤਾ, ਕਿਲ੍ਹਿਓਂ ਬਾਹਰ ਉਤਾਰਿਆ ਹੋਇਆ ਹੈ, ਪਰ ਦੀਵਾਨ ਰਾਜਾ ਸ਼ੇਰ ਸਿੰਘ ਦੀ ਖ਼ਾਤਰਦਾਰੀ ਬਹੁਤ ਕਰਦਾ ਹੈ ਤੇ ਲੜਾਈ ਵਿਚ ਸਲਾਹ-ਮਸ਼ਵਰਾ ਲੈ ਲੈਂਦਾ ਹੈ।

ਰੈਜ਼ੀਡੰਟ ਸਾਹਿਬ ਨੇ ਮਹਾਰਾਜਾ ਦਲੀਪ ਸਿੰਘ ਬਹਾਦਰ ਨੂੰ ਕਿਲ੍ਹੇ ਵਿਚੋਂ ਕੱਢ ਕੇ ਕਿਸੇ ਹੋਰਸ ਹਵੇਲੀ ਵਿਚ ਉਤਾਰ ਦਿੱਤਾ ਹੈ, ਤੇ ਸਿੰਘਾਂ ਦੀ ਫੌਜ ਦੇ ਡਰ ਤੋਂ ਕਿਲ੍ਹੇ ਲਾਹੌਰ ਵਿਚ ਅੰਰਗੇਜ਼ੀ ਫੌਜ ਵਾੜ ਦਿੱਤੀ ਹੈ ਅਤੇ ਅੰਮ੍ਰਿਤਸਰ ਦੇ ਕਿਲ੍ਹੇ ਦਾ ਪ੍ਰਬੰਧ ਵੀ ਅੰਗਰੇਜ਼ੀ ਫੌਜ ਨਾਲ ਕਰ ਲਿਆ ਹੈ। ਤਿੰਨ ਕੰਪਨੀਆਂ ਅੰਦਰ ਉਤਾਰ ਦਿੱਤੀਆਂ ਹਨ ਅਤੇ ਅਟਾਰੀ ਵਾਲੇ ਸਰਦਾਰ ਤੇ ਹੋਰ ਸਰਦਾਰ ਜੋ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ, ਲਗਭਗ ੩੬ ਸਰਦਾਰਾਂ ਨੂੰ ਕੈਦ ਕਰ ਦਿੱਤਾ ਹੈ, ਅਤੇ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੀਆਂ ਹਵੇਲੀਆਂ ਢਾਹੁਣ ਦਾ ਹੁਕਮ ਦੇ ਦਿੱਤਾ ਹੈ, ਨਿਸਚਾ ਹੈ ਕਿ ਢਾਹ ਦਿੱਤੀਆਂ ਹੋਣਗੀਆਂ।

ਰਾਜਾ ਦੀਨਾ ਨਾਥ ਨੂੰ ਸਰਦਾਰ ਚਤਰ ਸਿੰਘ ਦੇ ਲਿਆਉਣ ਲਈ ਘੱਲਿਆ ਸੀ, ਪਰ ਸਰਦਾਰ ਨੇ ਹਾਜ਼ਰ ਹੋਣੋਂ ਸਾਫ ਜਵਾਬ ਦੇ ਦਿੱਤਾ। ਸੁ ਰਾਜਾ ਦੀਨਾ ਨਾਥ

 www.sikhbookclub.com

ਨਿਰਾਸ ਹੋ ਕੇ ਲਾਹੌਰ ਮੁੜ ਆਇਆ ਹੈ। ਰੈਜ਼ੀਡੰਟ ਸਾਹਿਬ ਨੇ ਲਾਹੌਰ ਦੀ ਸ਼ਾਹੀ ਫੌਜ ਜੋ ਮੁਲਤਾਨ ਸੀ, ਮੁਲਤਾਨੋਂ ਸੱਦ ਲਈ ਹੈ, ਕਿ ਉਸ ਉਤੇ ਮੂਲ ਰਾਜ ਨਾਲ ਰਲ ਜਾਣ ਦਾ ਸ਼ੁਬ੍ਹਾ ਸੀ। ਸਾਹਿਬ ਨੂੰ ਏਸ ਫੌਜ ਉਤੇ ਰਤਾ ਵੀ ਇਤਬਾਰ ਨਹੀਂ।

ਅੱਸੂ ਵਦੀ ਤਰੌਦਸ਼ੀ ਨੂੰ ਲਾਹੌਰ ਦੇ ਬੰਦੋਬਸਤ ਲਈ ਸਵਾਰਾਂ ਦੇ ਦੋ ਰਸਾਲੇ ਤੇ ਤਿੰਨ ਕੰਪਨੀਆਂ ਫ਼ੀਰੋਜ਼ਪੁਰ ਲਾਹੌਰ ਨੂੰ ਗਈਆਂ ਹਨ, ਤੇ ਅੰਗਰੇਜ਼ੀ ਫੌਜ ਦੇ ਲੰਘਣ ਲਈ ਸਤਲੁਜ ਉਤੇ ਬੇੜੀਆਂ ਦਾ ਪੁਲ ਤਿਆਰ ਹੋ ਗਿਆ ਹੈ, ਅਤੇ ਅਫਵਾਹ ਹੈ ਕਿ ੨੮ ਸਤੰਬਰ ਨੂੰ ਤਿੰਨ ਪਲਟਣਾਂ ਲਾਲ ਕੁੜਤੀ, ਕਸੌਲੀ ਆਦਿ ਵੱਲੋਂ ਕੱਠੀਆਂ ਹੋਈਆਂ ਹਨ, ਤੇ ਦੋ ਰਸਾਲੇ ਸਵਾਰਾਂ ਦੇ ਫੀਰੋਜ਼ਪੁਰੋਂ ਲਾਹੌਰ ਨੂੰ ਜਾਣਗੇ।

ਹੋਰ ਸੁਣਿਆ ਹੈ ਕਿ ਕਪਤਾਨ ਐਡਵਰਡ ਸਾਹਿਬ ਦੀ ਅੰਗਰੇਜ਼ੀ ਫੌਜ ਜੋ ਮੁਲਤਾਨੋਂ ਪੰਜ ਛੇ ਕੋਹ ਦੀ ਵਿੱਥ ਉਤੇ ਬਹਾਵਲਪੁਰ ਦੇ ਖਾਸੇ ਉਤਰੀ ਹੋਈ ਹੈ, ਉਸ ਨੂੰ ਹੁਕਮ ਹੈ, ਕਿ ਲੜਾਈ ਮੂਲੋਂ ਨਹੀਂ ਕਰਨੀ; ਜਦ ਹੋਰ ਅੰਗਰੇਜ਼ੀ ਫੌਜ ਆ ਜਾਏਗੀ, ਤਦੋਂ ਲੜਾਈ ਕੀਤੀ ਜਾਵੇਗੀ। ਇਸ ਵੇਲੇ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਇਸ ਪਰਕਾਰ ਵੇਰਵਾ ਹੈ:- ਅੰਗਰੇਜ਼ੀ ਫੌਜ ੨੪ ਹਜ਼ਾਰ, ਜਿਸ ਵਿਚੋਂ ਅੱਧੀ ਫੌਜ ਬਹਾਵਲਪੁਰ ਦੀ ਹੈ। ਦੀਵਾਨ ਮੂਲ ਰਾਜ ਦੀ ਫੌਜ ੧੮ ਹਜ਼ਾਰ। ਰਾਜਾ ਸ਼ੇਰ ਸਿੰਘ ਦੀ ਫੌਜ ੧੨ ਹਜ਼ਾਰ ਹੈ।

ਦਿੱਲੀ ਵਾਲੇ ਸਾਹਿਬ ਦੇ ਨਾਮ ਹੁਕਮ ਹੈ, ਕਿ ਲਾਮ ਲਾ ਦੇਵੇ ਤੇ ਨਵੀਂ ਫੌਜ ਭਰਤੀ ਕਰੇ। ਸੁ ਕਹਿੰਦੇ ਹਨ ਕਿ ਅਕਤੂਬਰ ਅਕਤੂਬਰ ਵਿਚ ਪੰਦਰਾਂ ਹਜ਼ਾਰ ਸਿਪਾਹੀ ਤੇ ਸੱਤ ਹਜ਼ਾਰ ਸਵਾਰ ਨਵੇਂ ਭਰਤੀ ਹੋ ਕੇ ਫੀਰੋਜ਼ਪੁਰ ਅੱਪੜ ਪੈਣਗੇ, ਤੇ ਇਥੋਂ ਲਾਮ ਲਾ ਕੇ ਮੁਲਤਾਨ ਤੇ ਛੱਛ ਹਜ਼ਾਰੇ ਵੱਲ ਜਾਣਗੇ।

ਕਹਿੰਦੇ ਹਨ, ਕਿ ਸਰਦਾਰ ਚਤਰ ਸਿੰਘ ਨੇ ਵਜ਼ੀਰਾਬਾਦ ਦੇ ਜ਼ਿਲ੍ਹੇ ਦਾ ਬੰਦੋਬਸਤ ਕਰ ਲਿਆ ਹੈ, ਤੇ ਰੈਜ਼ੀਡੰਟ ਸਾਹਿਬ ਨੂੰ ਅਖਵਾ ਘੱਲਿਆ ਹੈ, ਕਿ ਲਾਹੌਰ ਨੂੰ ਖਾਲੀ ਕਰ ਦੇਵੋ, ਨਹੀਂ ਤਾਂ ਫੌਜ ਖਾਲਸਾ ਜੀ ਦੀ ਆਉਂਦੀ ਹੈ, ਲੜਾਈ ਲਈ ਤਿਆਰ ਹੋ ਜਾਵੋ।

ਮਾਝੇ ਦੇ ਚਾਰ ਹਜ਼ਾਰ ਆਦਮੀ ਮੁਲਤਾਨ ਤੋਂ ਚਤਰ ਸਿੰਘ ਵੱਲ ਜਾਣ ਲਈ ਪਿੰਡਾਂ ਤੋਂ ਤੁਰੇ ਸਨ, ਇਹ ਸੁਣ ਕੇ ਰੈਜ਼ੀਡੰਟ ਸਾਹਿਬ ਨੇ ਓਧਰ ਜਾਣੋਂ ਮਨ੍ਹੇ ਕੀਤਾ, ਪਰ ਉਹ ਨਾ ਟਲੇ ਤੇ ਚਲੇ ਹੀ ਗਏ; ਇਸ ਤੋਂ ਮਲੂਮ ਹੁੰਦਾ ਹੈ ਕਿ ਮਾਝੇ ਵਿਚ ਫਸਾਦ ਹੈ।

ਸਾਹਿਬਾਂ ਨੇ ਫੀਰੋਜ਼ਪੁਰ ਸ਼ਹਿਰ ਤੇ ਛਾਉਣੀ ਵਿਚ ਡੌਂਡੀ ਪਿਟਵਾ ਦਿੱਤੀ ਹੈ ਕਿ ਜੋ ਕੋਈ ਮੁਲਤਾਨ, ਲਾਹੌਰ ਜਾਂ ਹਜ਼ਾਰੇ ਦੀਆਂ ਖਬਰਾਂ, ਸ਼ਾਹੂਕਾਰਾਂ ਦੀਆਂ ਚਿੱਠੀਆਂ ਵਿਚ ਲਿਖੂ ਜਾਂ ਜਿਸ ਦਾ ਕੋਈ ਖਤ ਫੜਿਆ ਜਾਊ, ਉਸ ਨੂੰ ਪੂਰੀ ਪੂਰੀ

ਸਜ਼ਾ ਦਿੱਤੀ ਜਾਉ।

ਸਿਆਣੇ ਆਦਮੀ ਆਖਦੇ ਹਨ ਕਿ ਦੀਵਾਨ ਮੂਲ ਰਾਜ ਦੀ ਬਹਾਦਰੀ ਤੇ ਦਲੇਰੀ ਉਤੇ ਆਫਰੀਨ ਹੈ, ਜੋ ਕੁਝ ਇਸ ਨੇ ਕਰ ਵਿਖਾਇਆ ਹੈ, ਇਤਨੀ ਇਸ ਪਾਸੋਂ ਆਸ ਨਹੀਂ ਸੀ। ਅੱਗੋ ਨੂੰ ਵੀ ਲੜਾਈ ਕਰਨ ਲਈ ਤਿਆਰ ਹੈ। ਦੀਵਾਨ ਮੂਲ ਰਾਜ ਤੁੱਲੇ ਉਤੇ ਚੜ੍ਹਿਆ ਸੀ, ਸੁ ਇਸ ਸਮੇਂ ਇਸ ਨੇ ਲੱਖ ਕੁ ਰੁਪਏ ਦਾ ਤੁੱਲਾ ਦਾਨ ਕੀਤਾ ਹੈ; ਹੋਰ ਬਹੁਤ ਸਾਰੇ ਬ੍ਰਾਹਮਣਾਂ ਦੀ ਬਰਨੀ ਬਿਠਾਈ ਹੋਈ ਹੈ ਤੇ ਉਹਨਾਂ ਨੂੰ ਬਹੁਤ ਰੁਪਏ ਦਿੱਤੇ ਹਨ। ਮਾਲੂਮ ਹੁੰਦਾ ਹੈ ਕਿ ਦੀਵਾਨ ਮੂਲ ਰਾਜ ਦੇ ਹੌਸਲੇ ਵਧੇ ਹੋਏ ਹਨ।

੧੩ ਤਰੀਕ ਦੀ ਲੜਾਈ ਦਾ ਵੇਰਵਾ ਇਉਂ ਹੈ ਕਿ ਕਿਲ੍ਹਾ ਮੁਲਤਾਨ ਤੋਂ ਬਾਹਰ ਇਕ ਜਗ੍ਹਾ ਹੈ, ਜਿਸ ਨੂੰ ਧਰਮਸਾਲਾ ਅਰਥਾਤ 'ਨਿਆਰਾ ਗੁਰੂ' ਆਖਦੇ ਹਨ; ਉਥੇ ਦੀਵਾਨ ਮੂਲ ਰਾਜ ਦੇ ਹਜ਼ਾਰ ਕੁ ਜਵਾਨ ਰਹਿੰਦੇ ਸਨ। ਐਡਵਰਡ ਸਾਹਿਬ ਨੇ ਇਸ ਧਰਮਸਾਲਾ ਨੂੰ ਲੈਣ ਲਈ ਪਹਿਲਾਂ ਬਹਾਵਲਪੁਰ ਦੀ ਫੌਜ ਨੂੰ ਘੱਲਿਆ। ਪਰ ਇਹਨਾਂ ਪਾਸੋਂ ਮਕਾਨ ਸਰ ਨਾ ਹੋਇਆ। ਫੇਰ ਸ਼ੇਖ ਅਸਾਮ ਦੀਨ ਤੇ ਅਤਰ ਸਿੰਘ ਕਾਲਿਆਂ ਵਾਲੇ ਆਦਿ ਦੀ ਲਾਹੌਰੀ ਸੈਨਾ ਨੂੰ ਘੱਲਿਆ, ਪਰ ਇਹ ਵੀ ਸਰ ਨਾ ਕਰ ਸਕੇ। ਫਿਰ ਐਡਵਰਡ ਸਾਹਿਬ ਆਪ ਅੰਗਰੇਜ਼ੀ ਸੈਨਾ ਲੈ ਕੇ ਗਿਆ ਤੇ ਉਸ ਉਤੇ ਕਬਜ਼ਾ ਕਰ ਲਿਆ।

ਜਦ ਦੀਵਾਨ ਮੂਲ ਰਾਜ ਨੂੰ ਖ਼ਬਰ ਹੋਈ ਕਿ ਧਰਮਸਾਲਾ ਉਤੇ ਅੰਗਰੇਜ਼ੀ ਕਬਜ਼ਾ ਹੋ ਗਿਆ ਹੈ ਤਾਂ ਉਹ ਤਲਵਾਰ ਧੂਹ ਕੇ ਤੇ ਸੈਨਾ ਲੈ ਕੇ ਆਪ ਆਇਆ ਅਤੇ ਧਰਮਸਾਲਾ ਉਤੇ ਹੱਲਾ ਕੀਤਾ ਅਤੇ ਅੰਤ ਨੂੰ ਧਰਮਸਾਲਾ ਵਿਚੋਂ ਅੰਗਰੇਜ਼ੀ ਫੌਜ ਨੂੰ ਕੱਢ ਦਿੱਤਾ। ਇਸ ਲੜਾਈ ਵਿਚ ਬਹੁਤ ਸਾਰੇ ਸਾਹਿਬ ਤੇ ਗੋਰੇ ਮਾਰੇ ਗਏ ਅਤੇ ਲੇਕ ਸਾਹਿਬ ਤੇ ਮੇਜਰ ਨੇਪੀਅਰ ਸਾਹਿਬ ਵੀ ਜ਼ਖਮੀ ਹੋਏ ਅਤੇ ਜੋ ਅੰਗਰੇਜ਼ੀ ਅਸਬਾਬ ਤੇ ਤੋਪਾਂ ਉਥੇ ਸਨ, ਉਹਨਾਂ ਉਤੇ ਮੂਲ ਰਾਜ ਦਾ ਕਬਜ਼ਾ ਹੋ ਗਿਆ। ਕਹਿੰਦੇ ਹਨ ਕਿ ਹੁਣ ਦੀਵਾਨ ਮੂਲ ਰਾਜ ਤੇ ਰਾਜਾ ਸ਼ੇਰ ਸਿੰਘ ਰਲ ਕੇ ਅੰਗਰੇਜ਼ੀ ਫੌਜ ਨਾਲ ਲੜਾਈ ਕਰਨਗੇ। ਵੇਖੀਏ ਅੱਗੇ ਕੀ ਹੁੰਦਾ ਹੈ !

 www.sikhbookclub.com